PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
8th - 15th August 2024 • Issue No. 3042
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

## ਦਲ ਬਾਬਾ ਬਿਧੀ ਚੰਦ ਜੀ ਦੇ ਮੁੱਖ ਸੇਵਾਦਾਰ ਬਾਬਾ ਅਵਤਾਰ ਸਿੰਘ ਜੀ ਬਿਧੀ ਚੰਦ ਜਥੇ ਸਮੇਤ ਸਿੱਖ ਅਜਾਇਬਘਰ ਡਰਬੀ ਵਿਖੇ ਵਿਸ਼ੇਸ਼ ਤੌਰ ਤੇ ਪਹੁੰਚੇ

# ਸ਼ਹੀਦੀ ਯਾਦਗਾਰ ਅਤੇ ਸਿੱਖ ਅਜਾਇਬਘਰ ਵਿੱਚ ਲਗਾਈ ਗਈ ਸ਼ਹੀਦੀ ਪ੍ਰਦਰਸ਼ਨੀ ਦੇ ਕੀਤੇ ਦਰਸ਼ਨ







# ਵਿਦੇਸ਼ੀਆਂ ਦੇ ਮਾਮਲੇ ਨੂੰ ਲੈ ਕੇ ਇੰਗਲੈਂਡ ਦੇ ਕਈ ਹਿੱਸਿਆਂ 'ਚ ਭੜਕੇ ਦੰਗੇ



ਯੂ ਕੇ ਵਿੱਚ ਸਾਊਥਪੋਰਟ ਵਿੱਚ ਛੋਟੇ ਬੱਚਿਆਂ ਦੇ ਕਤਲ ਪਿੱਛੋਂ ਨਸਲੀ ਗੋਰਿਆਂ ਵਿੱਚ ਵਿਦੇਸ਼ੀ ਲੋਕਾਂ ਵਿਰੁੱਧ ਰੋਸ ਭੜਕਿਆ–

* ਬਹੁਤ ਸਾਰੇ ਸ਼ਹਿਰਾਂ ਵਿੱਚ ਨਸਲਵਾਦੀ ਗੋਰਿਆਂ ਨੇ ਲਾਈਆਂ ਅੱਗਾਂ
* ਪੁਲਿਸ ਵੱਲੋਂ ਲੋਕਾਂ ਨੂੰ ਸਾਵਧਾਨ ਰਹਿਣ ਲਈ ਚੇਤਾਵਨੀ
* ਜੇ ਤੁਸੀਂ ਕਿਤੇ ਖ਼ਤਰਾ ਮਹਿਸੂਸ ਕਰਦੇ ਹੋ ਤਾਂ ਨੇੜੇ ਦੀ ਪੁਲਿਸ ਨਾਲ ਸੰਪਰਕ ਕਰੋ ;

# ਇੰਗਲੈਂਡ ਕਬੱਡੀ ਫ਼ੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਕਬੱਡੀ ਪ੍ਰਮੋਟਰ ਹਰਭਜਨ ਸਿੰਘ ਭਜੀ ਨਹੀਂ ਰਹੇ



ਸ: ਹਰਭਜਨ ਸਿੰਘ ਪੱਡਾ ਭਜੀ ਖੀਰਾਂਵਾਲੀ ਉੱਘੇ ਕਬੱਡੀ ਖਿਡਾਰੀ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਹੈ। ਪੰਜਾਬ ਟਾਈਮਜ਼ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਉਹਨਾਂ ਦੇ ਸਦੀਵੀ ਵਿਛੋੜੇ ਤੇ ਪੱਡਾ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਹ ਇੱਕ ਤਕੜੇ ਕਬੱਡੀ ਖਿਡਾਰੀ ਸਨ। ਉਹਨਾਂ ਨਾਲ ਲੰਮੇ ਸਮੇਂ ਤੋਂ ਮੇਲ ਮਿਲਾਪ ਸੀ। ਸ: ਪੁਰੇਵਾਲ ਦੇ ਮੁਤਾਬਕ 1984 ਦੇ ਹਮਲੇ ਤੋਂ ਬਾਅਦ ਸਰਕਾਰ ਪੱਖੀ ਇੱਕ ਗਰੁੱਪ ਵੱਲੋਂ ਪੰਥ ਵਿਰੋਧੀ ਕੀਤੇ ਜਾ ਰਹੇ ਪ੍ਰੋਗਰਾਮ ਦੌਰਾਨ ਲੋਹੇ ਦੀ ਬਾਰ ਨਾਲ ਪੰਥ ਵਿਰੋਧੀਆਂ ਦੀ ਚੰਗੀ ਸੇਵਾ ਕੀਤੀ ਸੀ। ਭਾਵੇਂ ਉਸ ਵਕਤ ਉਹਨਾਂ ਦੇ ਕੇਸ ਨਹੀਂ ਸਨ ਰੱਖੇ ਪਰ ਗੁਰਬਾਣੀ ਤੇ ਸਿੱਖੀ ਨਾਲ ਬਹੁਤ ਪਿਆਰ ਸੀ। ਉਹਨਾਂ ਨੂੰ ਸੈਜਲੀ ਸਟ੍ਰੀਟ ਵੁਲਵਰਹੈਂਪਟਨ ਵਿਖੇ ਗੁਰੂ ਘਰ ਵਿੱਚ ਬੜੇ ਪਿਆਰ ਨਾਲ ਗੁਰਬਾਣੀ ਸਰਵਣ ਕਰਦਿਆਂ ਅਤੇ ਸਾਰੀ ਰਾਤ ਬਰਤਨਾਂ ਦੀ ਸੇਵਾ ਕਰਦਿਆਂ ਵੀ ਦੇਖਿਆ ਸੀ। ਅਰਦਾਸ ਕਰਦੇ ਹਾਂ ਕਿ ਗੁਰੂ ਮਹਾਰਾਜ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ਣ।

# ਦੇਸੀ ਮੇਲਾ ਯੂ ਕੇ ਦੌਰਾਨ ਭੰਗੜਾ ਕਲਾਕਾਰਾਂ ਨੇ ਲਾਈਆਂ ਰੌਣਕਾਂ



## ਇੰਗਲੈਂਡ ਕਬੱਡੀ ਸੀਜ਼ਨ 2024 ਦਾ ਆਖਰੀ ਟੂਰਨਾਮੈਂਟ, ਡਰਬੀ ਸ਼ਹੀਦੀ ਕਬੱਡੀ ਕੱਪ ਲੈਸਟਰ/ਡਰਬੀ/ਸਲੋਹ ਨੇ ਜਿੱਤਿਆ ਅਤੇ ਕਵੈਂਟਰੀ/ਬ੍ਰਮਿੰਘਮ ਉੱਪ ਜੇਤੂ ਰਹੀ – ਵਿੱਛੜੇ ਕਬੱਡੀ ਖਿਡਾਰੀ ਤੇ ਪ੍ਰਮੋਟਰ ਸਾਬਕਾ ਹਰਭਜਨ ਸਿੰਘ ਭਜੀ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ







ਤਸਵੀਰਾਂ: ਮਨਪ੍ਰੀਤ ਸਿੰਘ ਬੱਧਨੀ ਕਲਾਂ – ਰਿਪੋਰਟ ਅੰਦਰ ਦੇਖੋ ਅਤੇ ਹੋਰ ਤਸਵੀਰਾਂ ਆਖਰੀ ਪੰਨੇ 'ਤੇ

# ਸਾਊਥਾਲ ਵਿੱਚ “ਯੂ ਕੇ ਦੇਸੀ ਮੇਲਾ 2024” ਮੌਕੇ ਦਰਸ਼ਕਾਂ ਦਾ ਹੜ੍ਹ

## ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕਾਂ ਨੇ ਲਾਈਆਂ ਖੂਬ ਰੌਣਕਾਂ



**ਜ਼ਾਰੀ ਕਰਤਾ – ਯੂ ਕੇ ਦੇਸੀ ਮੇਲਾ**

# ਬੰਗਲਾਦੇਸ਼ ਵਿਖੇ ਮੁਹੰਮਦ ਯੂਨਸ ਅੰਤਰਿਮ ਸਰਕਾਰ ਦੇ ਮੁਖੀ ਸ਼ੇਖ ਹਸੀਨਾ ਭਾਰਤ ਭੱਜੀ, ਹਿੰਦੂਆਂ ਖਿਲਾਫ ਹਿੰਸਾ ਜਾਰੀ

**ਖਾਸ ਖਬਰ** ✪ ਵਿਦਿਆਰਥੀਆਂ ਦੇ ਰਾਖਵੇਂਕਰਨ ਵਿਰੁੱਧ ਵਿੱਢੇ ਅੰਦੋਲਨ ਨੇ ਹਿੰਸਕ ਰੂਪ ਧਾਰਿਆ ✪ ਪਿਛਲੇ ਤਿੰਨ ਹਫ਼ਤਿਆਂ ਦੌਰਾਨ ਹੋਈ ਵਿਆਪਕ ਹਿੰਸਾ ਵਿਚ 500 ਤੋਂ ਵਧ ਲੋਕਾਂ ਦੀ ਹੋਈ ਮੌਤ ✪ ਵਿਦਿਆਰਥੀ ਆਗੂਆਂ ਵੱਲੋਂ ਨੋਬੇਲ ਪੁਰਸਕਾਰ ਜੇਤੂ ਯੂਨਸ ਨੂੰ ਅੰਤਰਿਮ ਸਰਕਾਰ ਦੀ ਅਗਵਾਈ ਕਰਨ ਦੀ ਅਪੀਲ

ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫ਼ੇ ਤੇ ਦੇਸ਼ ਛੱਡ ਕੇ ਭੱਜਣ ਤੋਂ ਇਕ ਦਿਨ ਮਗਰੋਂ ਬੰਗਲਾਦੇਸ਼ ਦੇ ਰਾਸ਼ਟਰਪਤੀ ਮੁਹੰਮਦ ਸ਼ਹਾਬੁਦੀਨ ਨੇ ਸੰਸਦ ਭੰਗ ਕਰ ਦਿੱਤੀ ਹੈ। ਇਸ ਦੌਰਾਨ ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨਸ (84) ਨੂੰ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦਾ ਮੁਖੀ ਥਾਪ ਦਿੱਤਾ ਗਿਆ ਹੈ। ਉਨ੍ਹਾਂ ਨੂੰ ਪ੍ਰਧਾਨ ਮੰਤਰੀ ਅਹੁਦੇ ਦੀਆਂ ਤਾਕਤਾਂ ਹਾਸਲ ਹੋਣਗੀਆਂ। ਰਾਸ਼ਟਰਪਤੀ ਨੇ ਤਿੰਨਾਂ ਸੈਨਾਵਾਂ ਦੇ ਮੁਖੀਆਂ, ਸਿਆਸੀ ਪਾਰਟੀਆਂ ਦੇ ਆਗੂਆਂ, ਸਿਵਲ ਸੁਸਾਇਟੀ ਦੇ ਨੁਮਾਇੰਦਿਆਂ ਤੇ ਐਂਟੀ-ਡਿਸਕ੍ਰਿਮੀਨੇਸ਼ਨ ਸਟੂਡੈਂਟ ਮੂਵਮੈਂਟ ਦੇ ਨੇਤਾਵਾਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਹੀ ਯੂਨਸ ਨੂੰ ਅੰਤਰਿਮ ਸਰਕਾਰ ਦਾ ਮੁਖੀ ਨਿਯੁਕਤ ਕਰਨ ਦਾ ਫੈਸਲਾ ਲਿਆ।



ਯਾਦ ਰਹੇ ਕਿ ਬੀਤੇ ਦਿਨੀਂ ਸਰਕਾਰ ਖ਼ਿਲਾਫ਼ ਵੱਡੇ ਪੱਧਰ 'ਤੇ ਹੋ ਰਹੇ ਰੋਸ ਪ੍ਰਦਰਸ਼ਨਾਂ ਨੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਅਹੁਦਾ ਛੱਡਣ ਲਈ ਮਜਬੂਰ ਕਰ ਦਿੱਤਾ ਹੈ। ਪਿਛਲੇ ਤਿੰਨ ਹਫ਼ਤਿਆਂ ਦੌਰਾਨ ਹੋਈ ਵਿਆਪਕ ਹਿੰਸਾ 'ਚ 500 ਤੋਂ ਉਪਰ ਲੋਕਾਂ ਦੀ ਮੌਤ ਮਗਰੋਂ ਫੈਲੇ ਰੋਹ ਦੌਰਾਨ ਪ੍ਰਧਾਨ ਮੰਤਰੀ ਨੂੰ ਦੇਸ਼ ਛੱਡ ਕੇ ਭਾਰਤ ਦੌੜਨਾ ਪਿਆ ਸੀ। ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ (ਐੱਨਐੱਸਏ) ਅਜੀਤ ਡੋਵਾਲ ਨੇ ਸ਼ੇਖ ਹਸੀਨਾ ਦਾ ਭਾਰਤ ਪੁਜਣ ਉਪਰ ਸਵਾਗਤ ਕੀਤਾ ਸੀ।

ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਸਰਬ ਪਾਰਟੀ ਮੀਟਿੰਗ ਵਿਚ ਦਸਿਆ ਕਿ ਭਾਰਤ ਨੇ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ ਅਤੇ ਭਵਿੱਖ ਦੀ ਰਣਨੀਤੀ ਤੈਅ ਕਰਨ ਲਈ ਉਨ੍ਹਾਂ ਨੂੰ ਸਮਾਂ ਦਿੱਤਾ ਹੈ।

ਬੰਗਲਾਦੇਸ਼ ਵਿਚ ਫੌਜ ਨੂੰ ਵੀ ਇਹ ਹਾਲਾਤ ਸੰਭਾਲਣੇ ਔਖੇ ਹੋਏ ਪਏ ਹਨ। ਇਸ ਨਾਟਕੀ ਘਟਨਾਕ੍ਰਮ ਨੇ ਦੇਸ਼ ਨੂੰ ਗਹਿਰੀ ਅਰਾਜਕਤਾ ਤੇ ਅਨਿਸ਼ਚਿਤਤਾ ਵੱਲ ਧੱਕ ਦਿੱਤਾ ਹੈ। ਬੰਗਲਾ ਦੇਸ ਵਿਚ ਹਿੰਦੂ ਭਾਈਚਾਰਾ ਹਿੰਸਕ ਗਰੋਹਾਂ ਦਾਨਿਸ਼ਾਨਾ ਹਨ। ਚਸ਼ਮਦੀਦਾਂ ਅਨੁਸਾਰ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵਿਚ ਬੇਕਾਬੂ ਭੀੜ ਨੇ ਇਕ ਭਾਰਤੀ ਸੱਭਿਆਚਾਰਕ ਕੇਂਦਰ ਦੀ ਭੰਨ-ਤੋੜ ਕੀਤੀ ਤੇ ਦੇਸ਼ ਭਰ 'ਚ 4 ਹਿੰਦੂ ਮੰਦਰਾਂ ਨੂੰ 'ਮਾਮੂਲੀ' ਨੁਕਸਾਨ ਪਹੁੰਚਾਇਆ। ਇਸ ਤਣਾਅਪੂਰਨ ਸਥਿਤੀ ਦੇ ਮੱਦੇਨਜ਼ਰ ਹਿੰਦੂ ਭਾਈਚਾਰੇ ਦੇ ਲੋਕ ਡਰੇ ਹੋਏ ਹਨ। ਚਸ਼ਮਦੀਦਾਂ ਅਨੁਸਾਰ ਬੇਕਾਬੂ ਭੀੜ ਨੇ ਧਾਨਮੰਡੀ ਖੇਤਰ 'ਚ ਸਥਿਤ ਇੰਦਰਾ ਗਾਂਧੀ ਸੱਭਿਆਚਾਰਕ ਕੇਂਦਰ ਨੂੰ ਨੁਕਸਾਨ ਪਹੁੰਚਾਇਆ। ਢਾਕਾ ਦੇ ਧਾਨਮੰਡੀ ਇਲਾਕੇ 'ਚ ਸਥਿਤ ਇੰਦਰਾ ਗਾਂਧੀ ਕਲਚਰਲ ਸੈਂਟਰ (ਆਈ.ਜੀ.ਸੀ.ਸੀ.) ਤੇ ਬੰਗਬੰਧੂ ਮੈਮੋਰੀਅਲ ਮਿਊਜ਼ੀਅਮ ਨੂੰ ਬੇਕਾਬੂ ਭੀੜ ਨੇ ਨੁਕਸਾਨ ਪਹੁੰਚਾਇਆ ਹੈ।

ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਕਿਹਾ ਕਿ ਬੰਗਲਾਦੇਸ਼ ਵਿਚ ਮੰਦਰਾਂ, ਹਿੰਦੂਆਂ ਦੇ ਘਰਾਂ ਅਤੇ ਸੰਸਥਾਨਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ 'ਚ ਲੋਕ ਸੜਕਾਂ 'ਤੇ ਹਨ, ਪਰ ਸਥਿਤੀ ਇੰਨੀ ਖ਼ਰਾਬ ਨਹੀਂ ਹੈ ਕਿ ਹਿੰਸਾ ਪ੍ਰਭਾਵਿਤ ਦੇਸ਼ 'ਚ 12 ਤੋਂ 13 ਹਜ਼ਾਰ ਭਾਰਤੀਆਂ ਨੂੰ ਕੱਢਣ ਦੀ ਲੋੜ ਪਵੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਥੇ 20 ਹਜ਼ਾਰ ਭਾਰਤੀ ਨਾਗਰਿਕ ਹਨ। ਇਨ੍ਹਾਂ ਵਿਚੋਂ ਤਕਰੀਬਨ 8 ਹਜ਼ਾਰ ਭਾਰਤੀ ਵਾਪਸ ਆ ਗਏ। ਸਰਕਾਰ ਬੰਗਲਾਦੇਸ਼ ਵਿਚ ਪੈਦਾ ਹੋਏ ਹਾਲਾਤਾਂ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ।

ਕਾਂਗਰਸੀ ਨੇਤਾ ਸ਼ਸ਼ੀ ਥਰੂਰ ਨੇ ਬੰਗਲਾਦੇਸ਼ ਦੇ ਨਾਲ ਖੜ੍ਹੇ ਹੋਣ ਪ੍ਰਤੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਉਮੀਦ ਹੈ ਕਿ ਉਥੇ ਇਕ-ਦੋ ਦਿਨ ਵਿਚ ਹਾਲਾਤ ਸਥਿਰ ਹੋ ਸਕਦੇ ਹਨ, ਪਰ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਨਿਸਚਿਤ ਤੌਰ 'ਤੇ ਸਾਡੇ ਦੇਸ਼ ਵਿਚ ਸ਼ਰਨਾਰਥੀ ਆਉਣ ਦਾ ਖ਼ਤਰਾ ਹੈ।

ਜ਼ਿਕਰਯੋਗ ਹੈ ਕਿ ਇਹ ਸਭ ਆਮ ਚੋਣਾਂ ਤੋਂ ਮਹਿਜ਼ ਸੱਤ ਮਹੀਨਿਆਂ ਬਾਅਦ ਵਾਪਰ ਰਿਹਾ ਹੈ ਹਾਲਾਂਕਿ ਚੋਣਾਂ ਵੀ ਵਿਵਾਦਾਂ ਵਿਚ ਹੀ ਘਿਰੀਆਂ ਰਹੀਆਂ ਸਨ ਜਿਨ੍ਹਾਂ ਦਾ ਬੰਗਲਾਦੇਸ਼ ਦੀ ਨੈਸ਼ਨਲਿਸਟ ਪਾਰਟੀ ਅਤੇ ਹੋਰਾਂ ਰਾਜਨੀਤਕ ਧਿਰਾਂ ਨੇ ਬਾਈਕਾਟ ਕੀਤਾ ਸੀ। ਹਸੀਨਾ ਲਗਾਤਾਰ ਚੌਥੀ ਵਾਰ ਸੱਤਾ ਵਿਚ ਆਈ ਸੀ ਪਰ ਚੋਣਾਂ ਵਿਚ ਹੇਰ-ਫੇਰ ਤੇ ਧੱਕੇਸ਼ਾਹੀ ਦੇ ਦੋਸ਼ਾਂ ਨੇ ਉਸ ਦੀ ਜਿੱਤ 'ਤੇ ਕਈ ਸਵਾਲ ਖੜ੍ਹੇ ਕਰ ਦਿੱਤੇ ਸਨ। ਆਪਣੇ ਤੇ ਆਪਣੀ ਸਰਕਾਰ ਲਈ ਅਤਿ ਲੋੜੀਂਦਾ ਸਮਰਥਨ ਜੁਟਾਉਣ ਖ਼ਾਤਿਰ ਉਸ ਨੇ ਹਾਲ ਦੇ ਮਹੀਨਿਆਂ ਦੌਰਾਨ ਭਾਰਤ ਤੇ ਚੀਨ ਦਾ ਦੌਰਾ ਵੀ ਕੀਤਾ ਸੀ ਪਰ ਪਿੱਛੇ ਜਿਹੇ ਬੰਗਲਾਦੇਸ਼ ਵਿਚ ਹਾਲਾਤ ਵਿਗੜਦੇ ਰਹੇ।

ਹਸੀਨਾ ਸਰਕਾਰ ਵਿਦਿਆਰਥੀਆਂ ਦੇ ਰਾਖਵੇਂਕਰਨ ਵਿਰੁੱਧ ਵਿੱਢੇ ਅੰਦੋਲਨ ਨਾਲ ਨਜਿੱਠਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ। ਸਰਕਾਰ ਵੱਲੋਂ ਇਹ ਰਾਖਵਾਂਕਰਨ ਬੰਗਲਾਦੇਸ਼ ਦੀ ਆਜ਼ਾਦੀ ਲਈ ਜੰਗ (1971) ਲੜਨ ਵਾਲੇ ਸੁਤੰਤਰਤਾ ਸੈਨਾਨੀਆਂ ਦੇ ਰਿਸ਼ਤੇਦਾਰਾਂ ਨੂੰ ਦਿੱਤਾ ਗਿਆ ਸੀ। ਇਹ 30 ਪ੍ਰਤੀਸ਼ਤ ਰਾਖਵਾਂਕਰਨ ਸਰਕਾਰੀ ਨੌਕਰੀਆਂ ਵਿੱਚ ਲਾਗੂ ਹੋਣਾ ਸੀ ਪਰ ਹਿੰਸਾ ਦੀ ਲਹਿਰ ਪੂਰੇ ਦੇਸ਼ ਵਿੱਚ ਫੈਲ ਗਈ ਤੇ ਸੁਰੱਖਿਆ ਕਰਮੀਆਂ ਨੇ ਲਗਾਤਾਰ ਵਧ ਰਹੀ ਗੜਬੜੀ ਨਾਲ ਨਜਿੱਠਣ ਲਈ ਹਰ ਤਰ੍ਹਾਂ ਦੀ ਤਾਕਤ ਵਰਤੀ।

ਬਾਕੀ ਹਿਸਾ ਸਫ਼ਾ 4 ਤੇ ਪੜ੍ਹੋ

## ਭਾਰਤ-ਬੰਗਲਾਦੇਸ਼ ਵਪਾਰ ਬੰਦ

ਬੰਗਲਾਦੇਸ਼ 'ਚ ਪੈਦਾ ਹੋਏ ਹਾਲਾਤ ਤੋਂ ਬਾਅਦ ਭਾਰਤ-ਬੰਗਲਾਦੇਸ਼ ਵਪਾਰ ਨੂੰ 'ਰੋਕ' ਦਿੱਤਾ ਗਿਆ ਹੈ। ਪੱਛਮੀ ਬੰਗਾਲ ਐਕਸਪੋਰਟਰਜ਼ ਕੋਆਰਡੀਨੇਸ਼ਨ ਕਮੇਟੀ ਦੇ ਸਕੱਤਰ ਉੱਜਲ ਸਾਹਾ ਨੇ ਦੱਸਿਆ ਕਿ ਉਨ੍ਹਾਂ ਦੀਆਂ ਜ਼ਮੀਨੀ ਬੰਦਰਗਾਹਾਂ 'ਤੇ ਬੰਗਲਾਦੇਸ਼ੀ ਕਸਟਮਜ਼ ਤੋਂ ਮਨਜ਼ੂਰੀ ਨਾ ਮਿਲਣ ਕਾਰਨ ਸਭ ਬੰਦਰਗਾਹਾਂ 'ਤੇ ਨਿਰਯਾਤ ਤੇ ਆਯਾਤ ਦੀਆਂ ਗਤੀਵਿਧੀਆਂ ਠੱਪ ਹੋ ਗਈਆਂ ਹਨ।

## ਬੰਗਲਾਦੇਸ਼ ਦੀ ਇਹ ਦੂਜੀ ਅਜ਼ਾਦੀ ਹੈ...ਅਮਰੀਕਾ, ਪਾਕਿਸਤਾਨ ਅਤੇ ਬ੍ਰਿਟੇਨ ਫੌਜ ਦੀ ਕਰ ਰਹੇ ਨੇ ਤਾਰੀਫ

ਬੰਗਲਾਦੇਸ਼ ਦੀ ਮੁੱਖ ਵਿਰੋਧੀ ਪਾਰਟੀ ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਕਾਰਜਕਾਰੀ ਚੇਅਰਮੈਨ ਤਾਰਿਕ ਰਹਿਮਾਨ, ਜੋ ਕਿ ਬ੍ਰਿਟੇਨ ਵਿੱਚ ਜਲਾਵਤਨੀ ਵਿੱਚ ਰਹਿ ਰਹੇ ਹਨ, ਨੇ ਐਕਸ 'ਤੇ ਲਿਖਿਆ, 'ਹਸੀਨਾ ਦਾ ਅਸਤੀਫਾ ਲੋਕਾਂ ਦੀ ਸ਼ਕਤੀ ਨੂੰ ਦਰਸਾਉਂਦਾ ਹੈ।' ਉਨ੍ਹਾਂ ਨੇ ਅਪੀਲ ਕੀਤੀ, 'ਆਓ ਅਸੀਂ ਸਾਰੇ ਮਿਲ ਕੇ ਬੰਗਲਾਦੇਸ਼ ਨੂੰ ਇੱਕ ਜਮਹੂਰੀ ਅਤੇ ਵਿਕਸਤ ਰਾਸ਼ਟਰ ਦੇ ਰੂਪ ਵਿਚ ਪੁਨਰ ਨਿਰਮਾਣ ਕਰੀਏ, ਜਿੱਥੇ ਸਾਰੇ ਲੋਕਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਦੀ ਰੱਖਿਆ ਕੀਤੀ ਜਾਵੇ।

### ਬਰਤਾਨੀਆ ਨੇ ਕੀ ਕਿਹਾ ?

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੇ ਬੁਲਾਰੇ ਨੇ ਦੱਸਿਆ ਕਿ ਲੋਕਤੰਤਰ ਨੂੰ ਬਹਾਲ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਬੰਗਲਾਦੇਸ਼ ਵਿਚ ਲੋਕਾਂ ਦੀ ਸ਼ਾਂਤੀ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ। ਸਾਰੇ ਸ਼ਾਂਤੀਪੂਰਨ ਪ੍ਰਦਰਸ਼ਨਕਾਰੀਆਂ ਨੂੰ ਰਿਹਾਅ ਕਰਨਾ ਚਾਹੀਦਾ ਹੈ।


ਯੂਕੇ ਦੇ ਵ੍ਹਾਈਟਚੈਪਲ ਵਿੱਚ ਬੰਗਲਾਦੇਸ਼ੀਆਂ ਦੀ ਇੱਕ ਵੱਡੀ ਆਬਾਦੀ ਰਹਿੰਦੀ ਹੈ। ਇੱਥੇ ਬਹੁਤ ਸਾਰੇ ਲੋਕ ਤਖਤਾ ਪਲਟ ਤੋਂ ਖੁਸ਼ ਹਨ ਅਤੇ ਜਸ਼ਨ ਮਨਾਉਣ ਲਈ ਸੜਕਾਂ 'ਤੇ ਆ ਗਏ ਹਨ। ਉਨ੍ਹਾਂ ਹੱਥਾਂ ਵਿੱਚ ਆਪਣੇ ਦੇਸ਼ ਦਾ ਝੰਡਾ ਫੜ ਕੇ 'ਬੰਗਲਾਦੇਸ਼-ਬੰਗਲਾਦੇਸ਼' ਦੇ ਨਾਅਰੇ ਲਾਏ। ਅਲ ਜਜ਼ੀਰਾ ਦੀ ਰਿਪੋਰਟ ਮੁਤਾਬਕ 50 ਸਾਲਾ ਅਬੂ ਸਾਈਮ ਨੇ ਕਿਹਾ ਕਿ ਬੰਗਲਾਦੇਸ਼ ਲਈ ਇਹ ਦੂਜੀ ਆਜ਼ਾਦੀ ਹੈ। ਉਨ੍ਹਾਂ ਕਿਹਾ, 'ਸਾਨੂੰ ਪਹਿਲੀ ਵਾਰ 1971 'ਚ ਆਜ਼ਾਦੀ ਮਿਲੀ, ਪਰ ਤਾਨਾਸ਼ਾਹ ਸ਼ੇਖ ਹਸੀਨਾ ਦੇਸ਼ 'ਤੇ ਜ਼ਬਰਦਸਤੀ ਰਾਜ ਕਰ ਰਹੀ ਸੀ। ਉਨ੍ਹਾਂ ਨੇ ਸਾਡੇ ਤੋਂ ਸਾਡਾ ਹੱਕ ਖੋਹ ਲਿਆ। ਉਹ ਹਜ਼ਾਰਾਂ ਬੱਚਿਆਂ ਨੂੰ ਮਾਰ ਚੁੱਕੀ ਹੈ।

ਜਰਮਨੀ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਦੇਸ਼ ਵਿਚ ਅਸ਼ਾਂਤੀ ਦੇ ਦੌਰਾਨ ਇਹ ਜ਼ਰੂਰੀ ਹੈ ਕਿ ਬੰਗਲਾਦੇਸ਼ ਆਪਣੇ ਲੋਕਤੰਤਰੀ ਮਾਰਗ 'ਤੇ ਅੱਗੇ ਵਧੇ। ਯੂਰਪੀਅਨ ਯੂਨੀਅਨ ਨੇ ਬੰਗਲਾਦੇਸ਼ ਵਿੱਚ ਲੋਕਤੰਤਰੀ ਸ਼ਾਸਨ ਵਿੱਚ ਇੱਕ ਵਿਵਸਥਿਤ ਅਤੇ ਸ਼ਾਂਤੀਪੂਰਨ ਤਬਦੀਲੀ ਦੀ ਮੰਗ ਕੀਤੀ ਹੈ। ਅਮਰੀਕਾ ਨੇ ਇਸ ਪੂਰੇ ਮਾਮਲੇ ਵਿਚ ਬੰਗਲਾਦੇਸ਼ ਫੌਜ ਦੇ ਸੰਜਮ ਦੀ ਤਾਰੀਫ ਕੀਤੀ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਉਹ ਅੰਤਰਿਮ ਸਰਕਾਰ ਦੇ ਗਠਨ ਦੇ ਐਲਾਨ ਦਾ ਸਵਾਗਤ ਕਰਦੇ ਹਨ। ਵ੍ਹਾਈਟ ਹਾਊਸ ਨੇ ਬੰਗਲਾਦੇਸ਼ ਵਿੱਚ ਜਮਹੂਰੀ ਅਧਿਕਾਰਾਂ ਦਾ ਸਨਮਾਨ ਕਰਨ ਲਈ ਕਿਹਾ।

ਪਰ ਭਾਰਤ ਨੇ ਅਜੇ ਤੱਕ ਬੰਗਲਾਦੇਸ਼ ਨੂੰ ਲੈ ਕੇ ਕੋਈ ਬਿਆਨ ਨਹੀਂ ਦਿੱਤਾ ਹੈ। ਪਾਕਿਸਤਾਨ ਵੱਲੋਂ ਵੀ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਆਈ ਹੈ। ਪਰ ਸੋਸ਼ਲ ਮੀਡੀਆ 'ਤੇ ਲੋਕਾਂ 'ਚ ਖੁਸ਼ੀ ਦੇਖਣ ਨੂੰ ਮਿਲ ਰਹੀ ਹੈ। ਐਕਸ 'ਤੇ ਪਾਕਿਸਤਾਨੀਆਂ ਦੀਆਂ ਪੋਸਟਾਂ ਦੇਖ ਕੇ ਇੰਝ ਲੱਗਦਾ ਹੈ ਜਿਵੇਂ ਬੰਗਲਾਦੇਸ਼ ਮੁੜ ਪੂਰਬੀ ਪਾਕਿਸਤਾਨ ਬਣ ਗਿਆ ਹੋਵੇ। ਸ਼੍ਰੀਲੰਕਾ ਦੇ ਵਿਦੇਸ਼ ਮੰਤਰੀ ਅਲੀ ਸਾਬੀ ਨੇ ਟਵਿੱਟਰ 'ਤੇ ਇਕ ਬਿਆਨ 'ਚ ਕਿਹਾ, 'ਅਸੀਂ ਬੰਗਲਾਦੇਸ਼ੀ ਰਾਸ਼ਟਰ ਦੀ ਲਚਕਤਾ ਅਤੇ ਏਕਤਾ 'ਚ ਵਿਸ਼ਵਾਸ ਰੱਖਦੇ ਹਾਂ ਅਤੇ ਜਲਦੀ ਹੀ ਸ਼ਾਂਤੀ ਅਤੇ ਸਥਿਰਤਾ ਦੀ ਉਮੀਦ ਕਰਦੇ ਹਾਂ।' ਰੂਸੀ ਵਿਦੇਸ਼ ਮੰਤਰਾਲੇ ਨੇ ਕਿਹਾ, 'ਮਾਸਕੋ ਆਪਣੇ ਦੋਸਤ ਦੇਸ਼ ਵਿਚ ਸੰਵਿਧਾਨਕ ਤਰੀਕੇ ਨਾਲ ਅੰਦਰੂਨੀ ਸਿਆਸੀ ਪ੍ਰਕਿਰਿਆਵਾਂ ਦੀ ਛੇਤੀ ਵਾਪਸੀ ਦੀ ਉਮੀਦ ਕਰਦਾ ਹੈ।

# ਹਾਈ ਕੋਰਟ ਦਾ ਫੈਸਲਾ ਕੇਜਰੀਵਾਲ ਦੀ ਗ੍ਰਿਫ਼ਤਾਰੀ ਗੈਰ ਕਾਨੂੰਨੀ ਨਹੀਂ

## ✪ ਹਾਈ ਕੋਰਟ ਦੇ ਇਸ ਹੁਕਮ ਖ਼ਿਲਾਫ਼ ਜਾ ਸਕਦੇ ਨੇ ਕੇਜਰੀਵਾਲ ਸੁਪਰੀਮ ਕੋਰਟ



ਨਵੀਂ ਦਿੱਲੀ-ਸ਼ਰਾਬ ਘੁਟਾਲਾ ਮਾਮਲੇ 'ਚ ਗ੍ਰਿਫ਼ਤਾਰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਹਾਈ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਦਿੱਲੀ ਹਾਈ ਕੋਰਟ ਨੇ ਸ਼ਰਾਬ ਘੁਟਾਲਾ ਮਾਮਲੇ ਵਿਚ ਸੀ.ਬੀ.ਆਈ. ਵਲੋਂ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਿਆ ਹੈ। ਇਸ ਫ਼ੈਸਲੇ ਨਾਲ ਕੇਜਰੀਵਾਲ ਦੀ ਜੇਲ੍ਹ ਤੋਂ ਬਾਹਰ ਆਉਣ ਦੀਆਂ ਸੰਭਾਵਨਾਵਾਂ ਨੂੰ ਵੀ ਝਟਕਾ ਲੱਗਾ ਹੈ।

ਜਸਟਿਸ ਨੀਨਾ ਬੰਸਲ ਕ੍ਰਿਸ਼ਨਾ ਦੇ ਬੈਂਚ ਨੇ ਕਿਹਾ ਕਿ ਕੇਜਰੀਵਾਲ ਦੀ ਗ੍ਰਿਫ਼ਤਾਰੀ ਗੈਰ-ਕਾਨੂੰਨੀ ਨਹੀਂ ਹੈ ਅਤੇ ਇਹ ਨਹੀਂ ਕਿਹਾ ਕਿ ਜਾ ਸਕਦਾ ਕਿ ਸੀ.ਬੀ.ਆਈ. ਨੇ ਉਨ੍ਹਾਂ ਨੂੰ ਬਗੈਰ ਕਿਸੇ ਕਾਰਨ ਦੇ ਗ੍ਰਿਫ਼ਤਾਰ ਕੀਤਾ ਹੈ।

ਕੇਜਰੀਵਾਲ ਨੂੰ ਸੀ.ਬੀ.ਆਈ. ਨੇ 26 ਜੂਨ ਨੂੰ ਈ.ਡੀ. ਦੀ ਹਿਰਾਸਤ ਵਿਚ ਰਹਿੰਦੇ ਹੋਏ ਗ੍ਰਿਫ਼ਤਾਰ ਕੀਤਾ ਸੀ। ਦਰਅਸਲ ਸੀ. ਬੀ. ਆਈ. ਗ੍ਰਿਫ਼ਤਾਰੀ ਨੂੰ ਚੁਣੌਤੀ ਦਿੰਦੇ ਹੋਏ ਕੇਜਰੀਵਾਲ ਵਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ ਨੂੰ ਅਦਾਲਤ ਨੇ ਖ਼ਾਰਜ ਕਰ ਦਿੱਤਾ ਹੈ। ਹਾਲਾਂਕਿ ਅਦਾਲਤ ਨੇ ਉਨ੍ਹਾਂ ਨੂੰ ਜ਼ਮਾਨਤ ਪਟੀਸ਼ਨ ਦਾਇਰ ਕਰਨ ਦੇ ਲਈ ਟ੍ਰਾਇਲ ਕੋਰਟ ਵਿਚ ਜਾਣ ਦੀ ਛੋਟ ਦਿੱਤੀ ਹੈ। ਹਾਈ ਕੋਰਟ ਨੇ ਪਟੀਸ਼ਨ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਅਰਵਿੰਦ ਕੇਜਰੀਵਾਲ ਨੂੰ ਸੀ.ਬੀ.ਆਈ. ਨੇ ਬਿਨਾਂ ਕਿਸੇ ਉਚਿਤ ਕਾਰਨ ਤੋਂ ਗ੍ਰਿਫ਼ਤਾਰ ਕੀਤਾ ਸੀ। ਅਦਾਲਤ ਵਲੋਂ ਇਹ ਵੀ ਕਿਹਾ ਗਿਆ ਕਿ ਅਰਵਿੰਦ ਕੇਜਰੀਵਾਲ ਰਾਹਤ ਲਈ ਹੇਠਲੀ ਅਦਾਲਤ ਵਿਚ ਜਾ ਸਕਦੇ ਹਨ।

ਮੰਨਿਆ ਜਾ ਰਿਹਾ ਹੈ ਕਿ ਦਿੱਲੀ ਹਾਈ ਕੋਰਟ ਦੇ ਇਸ ਹੁਕਮ ਖ਼ਿਲਾਫ਼ ਅਰਵਿੰਦ ਕੇਜਰੀਵਾਲ ਸੁਪਰੀਮ ਕੋਰਟ ਜਾ ਸਕਦੇ ਹਨ? ਕਿਉਂਕਿ ਸ਼ਰਾਬ ਘੁਟਾਲੇ ਨਾਲ ਹੀ ਸੰਬੰਧਿਤ ਈ.ਡੀ. ਮਾਮਲੇ ਵਿਚ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਅੰਤਰਿਮ ਜ਼ਮਾਨਤ ਮਿਲੀ ਚੁੱਕੀ ਹੈ।

# ਸ਼੍ਰੋਮਣੀ ਕਮੇਟੀ ਦੇ ਸੇਵਾਦਾਰ ਸੁਖਬੀਰ ਸਿੰਘ ਨੇ ਆਪਣੇ ਪੁੱਤਰਾਂ ਨਾਲ ਮਿਲ ਕੇ ਕੀਤਾ ਸੀ ਦਰਬਾਰਾ ਸਿੰਘ ਦਾ ਕਤਲ

## ✪ ਘਟਨਾ ਮਗਰੋਂ ਮੁਲਜ਼ਮ ਫਰਾਰ





ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਸ਼ਾਖਾ ਵਿੱਚ ਸੇਵਾਦਾਰ ਸੁਖਬੀਰ ਸਿੰਘ ਨੇ ਇਕੱਲੇ ਨਹੀਂ ਬਲਕਿ ਆਪਣੇ ਦੋ ਪੁੱਤਰਾਂ ਅਰਸ਼ ਅਤੇ ਸਾਜਨ ਨਾਲ ਮਿਲ ਕੇ ਲੇਖਾ ਸ਼ਾਖਾ ਦੇ ਜੂਨੀਅਰ ਕਲਰਕ ਦਰਬਾਰਾ ਸਿੰਘ ਦਾ ਕਤਲ ਕਰ ਦਿੱਤਾ ਸੀ। ਇੱਕ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਤਿੰਨਾਂ ਨੇ ਬੀਤੇ ਸ਼ਨੀਵਾਰ ਦੁਪਹਿਰ ਕਰੀਬ ਡੇਢ ਵਜੇ ਦਰਬਾਰਾ 'ਤੇ ਉਸ ਸਮੇਂ ਕਿਰਪਾਨਾਂ ਨਾਲ ਹਮਲਾ ਕਰ ਦਿੱਤਾ ਜਦੋਂ ਉਹ ਆਪਣੇ ਦਫਤਰ 'ਚ ਬੈਠ ਕੇ ਖਾਣਾ ਖਾ ਰਿਹਾ ਸੀ।

ਇਹ ਗੱਲ ਮ੍ਰਿਤਕ ਦਰਬਾਰਾ ਸਿੰਘ ਦੀ ਪਤਨੀ ਖੈਰਾਬਾਦ ਅਜਨਾਲਾ ਰੋਡ ਦੀ ਰਹਿਣ ਵਾਲੀ ਬਲਵਿੰਦਰ ਕੌਰ ਨੇ ਬੀਤੇ ਸ਼ਨੀਵਾਰ ਦੇਰ ਰਾਤ ਈ ਡਵੀਜ਼ਨ ਥਾਣੇ ਵਿਚ ਸੁਖਬੀਰ ਅਤੇ ਉਸ ਦੇ ਦੋ ਪੁੱਤਰਾਂ ਖਿਲਾਫ ਦਰਜ ਕੀਤੇ ਗਏ ਮਾਮਲੇ ਵਿਚ ਕਹੀ।

ਬਲਵਿੰਦਰ ਕੌਰ ਨੇ ਖੁਲਾਸਾ ਕੀਤਾ ਹੈ ਕਿ ਕੁਝ ਦਿਨ ਪਹਿਲਾਂ ਸੁਖਬੀਰ ਦੀ ਧੀ ਇੱਕ ਅਣਪਛਾਤੇ ਲੜਕੇ ਨਾਲ ਘਰੋਂ ਭੱਜ ਗਈ ਸੀ, ਸੁਖਬੀਰ ਅਤੇ ਉਸ ਦੇ ਪੁੱਤਰਾਂ ਨੂੰ ਸ਼ੱਕ ਸੀ ਕਿ ਲੜਕੀ ਘਰੋਂ ਫਰਾਰ ਹੋ ਗਈ ਹੈ ਫਰਾਰ ਹੋਣ ਪਿੱਛੇ ਦਰਬਾਰਾ ਸਿੰਘ ਦਾ ਹੱਥ ਸੀ, ਇਸੇ ਸ਼ੱਕ ਤੇ ਦੁਸ਼ਮਣੀ ਦੇ ਚੱਲਦਿਆਂ ਸੁਖਬੀਰ ਨੇ ਸੋਚੀ ਸਮਝੀ ਸਾਜ਼ਿਸ਼ ਤਹਿਤ ਸ਼੍ਰੋਮਣੀ ਕਮੇਟੀ ਹੈੱਡਕੁਆਰਟਰ ਸਥਿਤ ਅਕਾਊਂਟਸ ਬ੍ਰਾਂਚ ਵਿਚ ਮੌਜੂਦ ਦਰਬਾਰਾ ਦਾ ਕਿਰਪਾਨ ਨਾਲ ਕਈ ਵਾਰ ਕਰ ਕੇ ਕਤਲ ਕਰ ਦਿੱਤਾ।

ਘਟਨਾ ਦੇ ਬਾਅਦ ਤੋਂ ਸੁਖਬੀਰ ਅਤੇ ਉਸ ਦੇ ਦੋ ਪੁੱਤਰ ਫਰਾਰ ਹਨ। ਥਾਣਾ ਸਦਰ ਦੇ ਇੰਚਾਰਜ ਹਰਸੰਦੀਪ ਸਿੰਘ ਨੇ ਦੱਸਿਆ ਕਿ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ।

# ਭਾਰਤੀ ਚੋਣ ਕਮਿਸ਼ਨ ਨੇ ਛੋਟੇਪੁਰ ਸਮੇਤ 6 ਉਮੀਦਵਾਰ ਅਯੋਗ ਐਲਾਨ

## ✪ ਅਗਲੇ 3 ਸਾਲ ਤਕ ਚੋਣ ਲੜਨ ਉਪਰ ਲਗੀ ਪਾਬੰਦੀ

ਚੰਡੀਗੜ੍ਹ-ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਹੁਕਮਾਂ ਰਾਹੀਂ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 6 ਉਮੀਦਵਾਰਾਂ ਨੂੰ ਅਯੋਗ ਐਲਾਨਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਇਨ੍ਹਾਂ ਉਮੀਦਵਾਰਾਂ ਨੇ ਲੋਕ ਪ੍ਰਤੀਨਿਧੀ ਐਕਟ, 1951 ਦੇ ਸੈਕਸ਼ਨ 78 ਅਨੁਸਾਰ ਨਿਸ਼ਚਿਤ ਸਮਾਂ ਸੀਮਾ ਅੰਦਰ ਆਪਣੇ ਚੋਣ ਖਰਚੇ ਦਾ ਵੇਰਵਾ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਇਆ ਜਿਸ ਕਰਕੇ ਅਗਲੇ 3 ਸਾਲ ਤੱਕ ਇਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਨ ਦੇ ਅਯੋਗ ਕਰਾਰ ਦਿੱਤਾ ਗਿਆ ਹੈ। ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਹ ਸਾਰੇ 6 ਉਮੀਦਵਾਰ ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਹਨ। 15 ਜੁਲਾਈ 2024 ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਕੀਤੇ ਹੁਕਮਾਂ ਰਾਹੀਂ ਬਟਾਲਾ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਸੁੱਚਾ ਸਿੰਘ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਕਾਦੀਆਂ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਪ੍ਰੇਮ ਸਿੰਘ ਅਤੇ ਹਰਦੀਪ ਸਿੰਘ ਨੂੰ ਵੀ ਅਯੋਗ ਐਲਾਨਿਆਂ ਗਿਆ ਹੈ।

ਸਿਬਿਨ ਸੀ ਨੇ ਅੱਗੇ ਦੱਸਿਆ ਕਿ ਗੁਰਦਾਸਪੁਰ ਵਿਧਾਨ ਸਭਾ ਸੀਟ ਤੋਂ ਉਮੀਦਵਾਰ ਸੰਨੀ, ਕਰਨਦੀਪ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਦੇ ਅਯੋਗ ਐਲਾਨਿਆ ਹੈ।

### 3 ਸਫੇ ਦੀ ਬਾਕੀ

ਸੁਪਰੀਮ ਕੋਰਟ ਨੇ ਹਾਲਾਂਕਿ ਰਾਖਵਾਂਕਰਨ ਘਟਾ ਕੇ ਮਗਰੋਂ 5 ਪ੍ਰਤੀਸ਼ਤ ਕਰ ਦਿੱਤਾ ਪਰ ਸਰਕਾਰ ਵੱਲੋਂ ਗ੍ਰਿਫ਼ਤਾਰ ਵਿਦਿਆਰਥੀ ਆਗੂਆਂ ਨੂੰ ਛੱਡਣ ਵਿਚ ਕੀਤੀ ਜਾ ਰਹੀ ਨਾਂਹ-ਨੁੱਕਰ ਨੇ ਮੁਜ਼ਾਹਰਾਕਾਰੀਆਂ ਨੂੰ ਹੋਰ ਭੜਕਾ ਦਿੱਤਾ। ਲੋਕਾਂ ਦੀ ਭੀੜ ਨੇ ਸ਼ੇਖ ਹਸੀਨਾ ਦੇ ਪਿਤਾ 'ਬੰਗਬੰਧੂ' ਸ਼ੇਖ ਮੁਜੀਬੁਰ ਰਹਿਮਾਨ ਦੇ ਬੁੱਤ ਦੀ ਵੀ ਤੋੜ-ਭੰਨ ਕੀਤੀ ਹੈ ਜਿਨ੍ਹਾਂ ਦੇਸ਼ ਦੇ ਆਜ਼ਾਦੀ ਅੰਦੋਲਨ ਦੀ ਅਗਵਾਈ ਕੀਤੀ ਸੀ ਤੇ ਰਾਸ਼ਟਰਪਤੀ ਵੀ ਰਹੇ। ਇਸ ਅੰਦੋਲਨ ਵਿਚ ਵਿਰੋਧੀ ਪਾਰਟੀਆਂ ਨੇ ਵੀ ਆਪਣਾ ਪੂਰਾ ਹਿੱਸਾ ਪਾਇਆ। ਜਾਣਕਾਰੀ ਅਨੁਸਾਰ 76 ਸਾਲਾ ਹਸੀਨਾ ਬਰਤਾਨੀਆ ਵਿੱਚ ਸ਼ਰਨ ਮੰਗ ਕਰ ਰਹੀ ਹੈ। ਹਸੀਨਾ ਦੀ ਭੈਣ ਰੇਹਾਨਾ ਬਰਤਾਨੀਆ ਦੀ ਨਾਗਰਿਕ ਹੈ, ਵੀ ਉਨ੍ਹਾਂ ਦੇ ਨਾਲ ਹੈ। ਸੂਤਰਾਂ ਮੁਤਾਬਕ ਹਸੀਨਾ ਨੂੰ ਸਿਆਸੀ ਸ਼ਰਨ ਦਿੱਤੇ ਜਾਣ ਸਬੰਧੀ ਬਰਤਾਨੀਆ ਨੇ ਅਜੇ ਪੁਸ਼ਟੀ ਨਹੀਂ ਕੀਤੀ ਹੈ। ਇਸੇ ਦੌਰਾਨ ਸ਼ੇਖ ਹਸੀਨਾ ਦੇ ਪੁੱਤਰ ਸਾਜੀਬ ਵਾਜ਼ੇਦ ਜੁਆਏ ਨੇ ਪੁਲੀਸ, ਬਾਰਡਰ ਗਾਰਡ ਬੰਗਲਾਦੇਸ਼ ਅਤੇ ਫੌਜ ਨੂੰ ਸੰਵਿਧਾਨ ਨੂੰ ਬਰਕਰਾਰ ਰੱਖਣ ਤੇ ਕਿਸੇ ਵੀ ਬਿਨਾ ਚੁਣੀ ਸਰਕਾਰ ਨੂੰ ਸੱਤਾ ਸੰਭਾਲਣ ਤੋਂ ਰੋਕਣ ਲਈ ਕਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਅਜਿਹਾ ਕਰਨ ਨਾਲ ਬੰਗਲਾਦੇਸ਼ ਦੀ 15 ਸਾਲਾਂ ਦੀ ਤਰੱਕੀ ਖਤਰੇ ਵਿੱਚ ਪੈ ਸਕਦੀ ਹੈ ਅਤੇ ਇਹ ਸਥਿਤੀ ਸੰਭਾਵੀ ਤੌਰ 'ਤੇ ਦੇਸ਼ ਨੂੰ ਪਾਕਿਸਤਾਨ ਦੀ ਤਰ੍ਹਾਂ ਉਸ ਰਸਤੇ 'ਤੇ ਲੈ ਕੇ ਜਾ ਸਕਦੀ ਹੈ, ਜੋ ਕਿ ਦੇਸ਼ ਦੇ ਭਵਿੱਖ ਲਈ ਤਬਾਹਕੁਨ ਸਾਬਿਤ ਹੋਵੇਗੀ।

# ਕ੍ਰੋਨੀ ਪੂੰਜੀਵਾਦੀ ਤੇ ਫਾਸ਼ੀਵਾਦ ਕਾਰਣ ਹੁਸੀਨਾ ਤੇ ਮੋਦੀ ਭੈਣ ਭਰਾ

ਬੰਗਲਾਦੇਸ਼ ਵਿੱਚ ਹਸੀਨਾ ਵਾਜੇਦ ਦਾ ਵਿਕਾਸ ਕ੍ਰੋਨੀ ਪੂੰਜੀਵਾਦ ਦੇ ਉਸੇ ਮਾਡਲ ਉੱਤੇ ਹੈ, ਜਿਵੇਂ ਭਾਰਤ ਵਿੱਚ ਹੈ। ਇਸੇ ਲਈ ਬੰਗਲਾਦੇਸ਼ ਵਿੱਚ ਆਰਥਿਕ ਅਸਮਾਨਤਾਵਾਂ ਵਿੱਚ ਵੀ ਗਰੀਬ ਬਨਾਮ ਅਮੀਰਾਂ ਵਿੱਚ ਰਿਕਾਰਡ ਤੋੜ ਪਾੜਾ ਹੈ। ਭਾਰਤੀ ਪੱਖ ਤੋਂ, ਬੰਗਲਾਦੇਸ਼ ਵਿੱਚ ਮੋਦੀ ਸਰਕਾਰ ਦੀ ਮਜ਼ਬੂਤੀ ਕਾਰਨ, ਅਡਾਨੀ ਸਮੂਹ ਨੇ ਵੀ ਹਸੀਨਾ ਸਰਕਾਰ ਨਾਲ ਵੱਡੇ ਵਪਾਰਕ ਸੌਦੇ ਕੀਤੇ ਹਨ। ਇਸ ਲਈ, ਇਹ ਸੁਣਨ ਨੂੰ ਸਮਝਣ ਯੋਗ ਹੈ ਕਿ ਅੰਦੋਲਨਕਾਰੀਆਂ ਨੇ ਆਪਣਾ ਗੁੱਸਾ ਭਾਰਤੀ ਝੰਡੇ 'ਤੇ ਕੱਢਿਆ ਹੈ।

ਭਾਰਤ ਵਿੱਚ ਨੌਜਵਾਨਾਂ ਦੀ ਬੇਚੈਨੀ ਲੁਕੀ ਨਹੀਂ ਹੈ। ਜੇਕਰ ਲੱਖਾਂ ਨੌਜਵਾਨ ਅਗਨੀਵੀਰ ਯੋਜਨਾ, ਨੀਟ ਪ੍ਰੀਖਿਆ ਅਤੇ ਛੋਟੀਆਂ ਅਤੇ ਮਾਮੂਲੀ ਨੌਕਰੀਆਂ ਵੱਲ ਝੁਕ ਰਹੇ ਹਨ, ਤਾਂ ਸਾਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਹੋਵੇਗਾ ਕਿ ਭਾਰਤ ਦੇ ਨੌਜਵਾਨ ਆਬਾਦੀ ਕਿਵੇਂ ਨਿਰਾਸ਼ ਤੇ ਗੰਭੀਰ ਸੰਕਟ ਵਿਚ ਹੈ। ਮੋਦੀ ਸਰਕਾਰ ਦੇ ਸ਼ਾਸਨ ਵਿੱਚ, ਭਾਰਤ ਨੂੰ ਲੋਕਤੰਤਰ ਦੇ ਮਾਮਲੇ ਵਿੱਚ ਵੀ ਵਿਸ਼ਵਵਿਆਪੀ ਬਦਨਾਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਕਿ ਹਸੀਨਾ ਸਰਕਾਰ ਦਾ ਮਾਮਲਾ ਸੀ।ਇਹ ਸੰਭਵ ਨਹੀਂ ਹੈ ਕਿ ਯੂਰਪ ਦਾ ਕੋਈ ਸੱਭਿਅਕ ਦੇਸ਼ ਸ਼ੇਖ ਹਸੀਨਾ ਨੂੰ ਪਨਾਹ ਦੇਵੇਗਾ। ਭਾਰਤ ਨੂੰ ਖੁਦ ਉਨ੍ਹਾਂ ਨੂੰ ਪਨਾਹ ਦੇਣੀ ਪਵੇਗੀ। ਅਤੇ ਇਸ ਦਾ ਅਸਰ ਬੰਗਲਾਦੇਸ਼ ਦੇ ਲੋਕਾਂ 'ਤੇ ਪਵੇਗਾ। ਬੰਗਲਾਦੇਸ਼ ਵਿੱਚ ਹਿੰਦੂ ਅਬਾਦੀ ਦਾ ਜੀਵਨ ਹੋਰ ਔਖਾ ਹੋ ਜਾਵੇਗਾ। ਬੇਰੁਜ਼ਗਾਰੀ ਅਤੇ ਆਰਥਿਕ ਸਮੱਸਿਆਵਾਂ ਨੇ ਸਾਰੇ ਮੁਲਕਾਂ ਵਿੱਚ ਨੌਜਵਾਨਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਹਰ ਦੇਸ਼ ਦੇ ਆਰਥਿਕ ਕੁਸ਼ਾਸਨ, ਆਰਥਿਕ ਅਸਮਾਨਤਾ ਦੇ ਜ਼ਿੰਮੇਵਾਰ ਉਸ ਦੇ ਆਪਣੇ ਅਡਾਨੀ-ਅੰਬਾਨੀ ਹਨ। ਸਾਰੇ ਦੇਸ਼ਾਂ ਵਿੱਚ ਕ੍ਰੋਨੀ ਪੂੰਜੀਵਾਦ ਅਤੇ ਭ੍ਰਿਸ਼ਟਾਚਾਰ ਹੈ। ਸਾਰੇ ਦੇਸ਼ ਜਲਵਾਯੂ ਪਰਿਵਰਤਨ ਅਤੇ ਆਫ਼ਤਾਂ ਨਾਲ ਜੂਝ ਰਹੇ ਹਨ।

ਬੰਗਲਾਦੇਸ਼ ਤੋਂ ਪਹਿਲਾਂ ਸ੍ਰੀਲੰਕਾ ਵਿੱਚ ਸਿਆਸੀ ਅਰਾਜਕਤਾ ਸੀ। ਉੱਥੋਂ ਦੇ ਰਾਸ਼ਟਰਪਤੀ ਨੇ ਵੀ ਭੱਜ ਕੇ ਕਿਸੇ ਹੋਰ ਦੇਸ਼ ਵਿੱਚ ਸ਼ਰਨ ਲਈ ਸੀ। ਉਸ ਲਹਿਰ ਦੇ ਆਗੂ ਵੀ ਨੌਜਵਾਨ ਸਨ। ਇਸੇ ਤਰ੍ਹਾਂ ਨੇਪਾਲ ਅਸਥਿਰਤਾ ਦੇ ਚੱਕਰਵਿਊ ਵਿੱਚ ਫਸਿਆ ਹੋਇਆ ਹੈ ਤਾਂ ਇਸ ਦਾ ਜ਼ਮੀਨੀ ਕਾਰਨ ਬੇਰੁਜ਼ਗਾਰੀ ਤੇ ਲੋਕਾਂ ਦੀ ਬੇਚੈਨੀ ਹੈ। ਇਸ ਲਈ ਭਾਰਤ ਦੀ 140 ਕਰੋੜ ਦੀ ਅਬਾਦੀ ਦੇ ਉਨ੍ਹਾਂ 90 ਕਰੋੜ ਨੌਜਵਾਨਾਂ ਬਾਰੇ ਸੋਚਣਾ ਜ਼ਰੂਰੀ ਹੈ ਜੋ ਨੌਕਰੀਆਂ ਨੂੰ ਤਰਸ ਰਹੇ ਹਨ

# ਸੁਖਬੀਰ ਸਿੰਘ ਬਾਦਲ ਦੇ ਸਪਸ਼ਟੀਕਰਨ ਤੋਂ ਸਾਰੇ ਸਿੱਖ ਸੰਤੁਸ਼ਟ ਨਹੀਂ, ਸਿੰਘ ਸਾਹਿਬਾਨ ਉਪਰ ਨਜ਼ਰਾਂ ਲੱਗੀਆਂ

**✪ ਜਥੇਦਾਰ ਅਕਾਲ ਤਖਤ ਸੁਖਬੀਰ ਬਾਦਲ ਕੋਲੋਂ ਸਪੱਸ਼ਟ ਪੁਛਣ ਜਾਣੇ ਤੇ ਅਨਜਾਣੇ 'ਚ ਕਿਹੜੀਆਂ ਭੁਲਾਂ ਕੀਤੀਆਂ ? ✪ ਪੰਥ ਵਿਰੁਧ ਕਿਹੜੀਆਂ ਭੁਲਾਂ ਤੇ ਅਪਰਾਧ ਜਾਣ ਬੁਝਕੇ ਕੀਤੇ ? ✪ ਅਕਾਲ ਤਖਤ ਤੇ ਪੰਥ ਨੂੰ ਗੁਮਰਾਹ ਕਰਨ ਵਾਲੇ ਦੋਸ਼ੀਆਂ ਦਾ ਜਥੇਦਾਰ ਪਰਦਾਫਾਸ਼ ਕਰਨ ✪ ਬਾਗੀ ਅਕਾਲੀਆਂ ਦਾ ਸੈਮੀਨਾਰ ਪ੍ਰਭਾਵ ਨਾ ਛਡ ਸਕਿਆ**



## ਸਾਬਕਾ ਪੁਲਿਸ ਅਫਸਰ ਖਟੜਾ ਕਾਰਣ ਬਾਦਲ ਦਲ ਉਪਰ ਸੰਕਟ ਮੰਡਰਾਇਆ

**✪ ਸੌਦਾ ਸਾਧ ਦੀਆਂ ਵੋਟਾਂ ਕਾਰਣ ਸੁਖਬੀਰ ਬਾਦਲ ਨੇ ਗੁਰੂ ਗ੍ਰੰਥ ਸਾਹਿਬ ਦੀ ਆਸਥਾ ਨੂੰ ਛਿਕੇ ਟੰਗਿਆ-ਖੱਟੜਾ ✪ ਚੀਮਾ ਤੇ ਵਲਟੋਹਾ ਖੱਟੜਾ ਤੋਂ ਔਖੇ**

ਬੇਅਦਬੀ ਮਾਮਲੇ ਵਿੱਚ ਵਿਸ਼ੇਸ਼ ਜਾਂਚ ਟੀਮ ਦੇ ਸਾਬਕਾ ਪੁਲੀਸ ਮੁਖੀ ਰਣਬੀਰ ਸਿੰਘ ਖੱਟੜਾ ਨੇ ਸੁਖਬੀਰ ਸਿੰਘ ਬਾਦਲ ਸਣੇ ਕਈ ਅਕਾਲੀ ਆਗੂਆਂ ਨੂੰ ਨਿਸ਼ਾਨੇ 'ਤੇ ਲਿਆ ਹੈ। ਉਨ੍ਹਾਂ ਕਿਹਾ, "ਸੁਖਬੀਰ ਸਿੰਘ ਬਾਦਲ ਨੇ ਡੇਰਾ ਸੱਚਾ ਸੌਦਾ ਸਿਰਸਾ ਦੀਆਂ ਵੋਟਾਂ ਲੈਣ ਲਈ ਗੁਰੂ ਗ੍ਰੰਥ ਸਾਹਿਬ ਦੀ ਆਸਥਾ ਨੂੰ ਛਿੱਕੇ ਟੰਗਿਆ ਸੀ, ਅਸੀਂ ਪ੍ਰੇਮੀਆਂ ਦੀਆਂ ਵੋਟਾਂ ਲੈਣ ਲਈ ਤਿਆਰ ਨਹੀਂ ਸੀ, ਜਿਸ ਕਾਰਨ ਅਸੀਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਵਾਪਸ ਕੀਤੀ ਤੇ ਪਾਰਟੀ ਛੱਡ ਦਿੱਤੀ।"



ਉਨ੍ਹਾਂ ਸਪੱਸ਼ਟ ਕਿਹਾ ਕਿ ਬੁਰਜ ਜਵਾਹਰ ਸਿੰਘ ਵਾਲਾ ਜਾਂ ਫਿਰ ਬਰਗਾੜੀ ਵਿੱਚ ਬੇਅਦਬੀ ਬਾਰੇ ਤੱਥ ਗੁਰਦੇਵ ਪ੍ਰੇਮੀ ਦੇ ਸਕਦਾ ਸੀ ਪਰ ਉਹ ਮਾਰ ਦਿੱਤਾ ਗਿਆ, ਜਿਸ ਤੋਂ ਬਾਅਦ ਡੇਰਾ ਪ੍ਰੇਮੀਆਂ ਬਾਰੇ ਪੱਕੇ ਸਬੂਤ ਮਿਲਣੇ ਮੁਸ਼ਕਲ ਹੋ ਗਏ ਹਨ। ਸੁਖਬੀਰ ਬਾਦਲ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਹਾ ਸੀ, "ਜੇ ਸਾਡੀ ਸਰਕਾਰ ਬਣੀ ਤਾਂ ਉਹ ਬੇਅਦਬੀ ਦੀ ਜਾਂਚ ਦੁਬਾਰਾ ਕਰਾਉਣਗੇ। ਖੱਟੜਾ ਨੇ ਕਿਹਾ ਕਿ ਪ੍ਰਦੀਪ ਕਲੇਰ ਦੇ ਬਿਆਨਾਂ ਤੋਂ ਸੁਖਬੀਰ ਸਣੇ ਸਾਰੇ ਹੀ ਮੰਨ ਗਏ ਸਨ ਕਿ ਡੇਰਾ ਪ੍ਰੇਮੀ ਹੀ ਬੇਅਦਬੀ ਦੇ ਦੋਸ਼ੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ, "ਅਸੀਂ ਖੱਟੜਾ ਵੱਲੋਂ ਲਗਾਏ ਦੋਸ਼ਾਂ ਬਾਰੇ ਹੁਣ ਕੁਝ ਨਹੀਂ ਕਹਿਣਾ ਚਾਹੁੰਦੇ।"

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਦੋਸ਼ ਲਾਉਂਦਿਆਂ ਕਿਹਾ, "ਸਾਬਕਾ ਐੱਸਐੱਸਪੀ ਰਣਬੀਰ ਸਿੰਘ ਖੱਟੜਾ ਦੇ ਹੱਥ ਸਿੱਖ ਨੌਜਵਾਨਾਂ ਦੇ ਖ਼ੂਨ ਨਾਲ ਰੰਗੇ ਹਨ ਅਤੇ ਅਕਾਲੀ ਦਲ 'ਤੇ ਹਮਲਾ ਕਰਨ ਲਈ ਹੁਣ ਪ੍ਰਦੀਪ ਕਲੇਰ ਤੋਂ ਬਾਅਦ 'ਆਪ' ਸਰਕਾਰ ਨੇ ਰਣਬੀਰ ਸਿੰਘ ਖੱਟੜਾ ਦੀ ਡਿਊਟੀ ਲਗਾਈ ਹੈ। ਰਣਬੀਰ ਸਿੰਘ ਖੱਟੜਾ ਜਦੋਂ ਬਟਾਲਾ, ਮਜੀਠਾ ਤੇ ਤਰਨ ਤਾਰਨ ਆਦਿ ਸਰਹੱਦੀ ਜ਼ਿਲ੍ਹਿਆਂ ਵਿੱਚ ਬਤੌਰ ਐੱਸਐੱਸਪੀ ਤਾਇਨਾਤ ਸਨ ਤਾਂ ਉਸ ਵੇਲੇ ਉਨ੍ਹਾਂ ਨਾ ਸਿਰਫ ਸਿੱਖ ਨੌਜਵਾਨਾਂ 'ਤੇ ਅੰਨ੍ਹਾ ਤਸ਼ੱਦਦ ਢਾਹਿਆ ਤੇ ਅਣਗਿਣਤ ਝੂਠੇ ਪੁਲੀਸ ਮੁਕਾਬਲੇ ਕੀਤੇ।

## ਪੰਥਕ ਹਲਚਲ

ਪ੍ਰੋ ਬਲਵਿੰਦਰ ਪਾਲ ਸਿੰਘ
9815700916



ਅਕਾਲ ਤਖਤ ਦੇ ਜਥੇਦਾਰ ਵਲੋਂ ਸਿਖ ਪੰਥ ਦੀ ਮੰਗ ਉਪਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸ੍ਰੀ ਅਕਾਲ ਤਖ਼ਤ ਨੂੰ ਸੌਂਪੀ ਮੁਆਫ਼ੀਨਾਮੇ ਦੀ ਚਿੱਠੀ ਜਨਤਕ ਕਰ ਦਿਤੀ ਹੈ। ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁਆਫ਼ੀਨਾਮੇ ਵਿੱਚ ਲਿਖਿਆ ਹੈ ਕਿ ਦਾਸ ਕੋਲੋਂ ਚੇਤ- ਅਚੇਤ ਵਿੱਚ ਹੋਈਆਂ ਸਾਰੀਆਂ ਭੁੱਲਾਂ -ਚੁੱਕਾਂ ਲਈ ਖਿਮਾ ਦਾ ਜਾਚਕ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਮਤਿ ਪ੍ਰੰਪਰਾਵਾਂ ਅਨੁਸਾਰ ਜਾਰੀ ਕੀਤੇ ਹਰ ਹੁਕਮ ਨੂੰ ਦਾਸ ਅਤੇ ਮੇਰੇ ਸਾਥੀ ਬਿਨਾਂ ਸ਼ਰਤ ਖਿੜੇ ਮੱਥੇ ਪ੍ਰਵਾਨ ਕਰਨਗੇ। ਕੀ ਸੁਖਬੀਰ ਬਾਦਲ ਅਕਾਲ ਤਖਤ ਸਾਹਿਬ ਦਸਣਗੇ ਕਿ ਕਿਹੜੀਆਂ ਜਾਣੇ ਅਨਜਾਣੇ ਵਿਚ ਭੁਲਾਂ ਹੋਈਆਂ, ਕਿਹੜੀਆਂ ਜਾਣ ਬੁਝਕੇ ਕੀਤੀਆਂ ? ਇਹ ਵੇਰਵਾ ਸਿੰਘ ਸਾਹਿਬਾਨਾਂ ਨੂੰ ਸੁਖਬੀਰ ਸਿੰਘ ਬਾਦਲ ਕੋਲੋਂ ਪ੍ਰਾਪਤ ਕਰਕੇ ਗੁਰੂ ਪੰਥ ਦੀ ਕਚਹਿਰੀ ਵਿਚ ਰਖਣਾ ਚਾਹੀਦਾ ਹੈ।

# ਸੁਖਬੀਰ ਨੂੰ ਦੱਸਣਾ ਚਾਹੀਦਾ ਸੀ ਕਿ ਸੌਦਾ ਸਾਧ ਸੰਬੰਧੀ ਪੋਸ਼ਾਕ ਦਾ ਕੇਸ ਕਿਉਂ ਵਾਪਸ ਕਰਵਾਇਆ ? ਕੀ ਇਹ ਜਾਨੇ ਅਨਜਾਣੇ ਵਿਚ ਭੁਲ ਸੀ ?

# ਕੀ ਸੌਦਾ ਸਾਧ ਨਾਲ ਵੋਟਾਂ ਦੀ ਸੌਦੇਬਾਜ਼ੀ ਜਾਣੇ ਅਨਜਾਣੇ ਵਿਚ ਭੁਲ ਸੀ ?

# ਸਭ ਤੋਂ ਬੱਜਰ ਗੁਨਾਹ ਜੋ ਅਕਾਲੀ ਸਰਕਾਰ ਵੇਲੇ ਹੋਇਆ ਉਹ ਸੀ ਸੌਦਾ ਸਾਧ ਨੂੰ ਮੁਆਫ਼ੀ। ਇਹ ਜਾਣਦੇ ਹੋਏ ਵੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਵਾਲੇ ਸੌਦਾ ਸਾਧ ਖਿਲਾਫ਼ ਸਿੱਖ ਪੰਥ ਦੀ ਵੱਡੇ ਪੱਧਰ 'ਤੇ ਨਰਾਜ਼ਗੀ ਹੈ, ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਦਾ ਸਿਧਾਂਤ ਭੰਗ ਕਰਦਿਆਂ ਸੌਦਾ ਸਾਧ ਨੂੰ ਬਿਨਾਂ ਮੰਗਿਆਂ ਹੀ ਓਸ ਵਕਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਮੁਆਫ਼ੀ ਦੁਆ ਦਿੱਤੀ ਸੀ। ਇਸ ਮੁਆਫ਼ੀ ਨੂੰ ਸਹੀ ਸਾਬਤ ਕਰਨ ਲਈ ਅਖ਼ਬਾਰਾਂ ਵਿਚ ਫੁੱਲ ਪੇਜ ਦੇ ਲੱਖਾਂ ਰੁਪਏ ਦੇ ਇਸ਼ਤਿਹਾਰ ਵੀ ਛਪਵਾਏ ਗਏ।ਕੀ ਡੇਰੇ ਨੂੰ ਮੁਆਫ਼ੀ ਦਿਵਾਉਣ ਦੇ ਲਈ ਅਕਾਲ ਤਖਤ ਦੇ ਜਥੇਦਾਰ ਗੁਰਬਚਨ ਸਿੰਘ ਉਪਰ ਦਬਾਅ ਪਾਉਣਾ ਜਾਣੇ ਅਨਜਾਣੇ ਵਿਚ ਭੁਲ ਸੀ ?

#ਬਾਦਲ ਸਰਕਾਰ ਵਲੋਂ ਕੋਟਕਪੂਰਾ, ਬਹਿਬਲ ਕਲਾਂ ਗੋਲੀ ਕਾਂਡ ਤੋਂ ਬਾਅਦ ਜਵਾਬ ਇਹ ਦਿੱਤਾ ਗਿਆ ਕਿ ਗੋਲੀ ਚਲਾਉਣ ਵਾਲੀ ਪੁਲਿਸ ਅਣਪਛਾਤੀ ਸੀ। ਕੀ ਇਹ ਜਾਣੇ ਅਨਜਾਣੇ ਵਿਚ ਭੁਲ ਸੀ ?

#ਪੰਜਾਬ ਸੰਤਾਪ ਦੌਰ ਦੌਰਾਨ ਬੇਕਸੂਰ ਸਿੱਖ ਨੌਜਵਾਨਾਂ ਦਾ ਘਾਣ ਕਰਨ ਵਾਲੇ ਪੁਲਿਸ ਅ.ਫਸਰ ਸੁਮੇਧ ਸੈਣੀ ਨੂੰ ਅਕਾਲੀ ਸਰਕਾਰ ਵੇਲੇ ਪੰਜਾਬ ਦਾ ਡੀ.ਜੀ.ਪੀ. ਲਗਾਇਆ ਗਿਆ,ਕੀ ਇਹ ਜਾਣੇ ਅਨਜਾਣੇ ਵਿਚ ਭੁਲ ਸੀ ?

# ਕੀ ਅਕਾਲੀ ਦਲ ਬਾਦਲ ਵਿੱਚ ਇਜ਼ਹਾਰ ਆਲਮ ਵਰਗੇ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਅਹੁਦੇਦਾਰੀਆ ਨਹੀ ਦਿਤੀਆਂ ਸਰਕਾਰੀ ਕੁਰਸੀਆ ਉਪਰ ਨਹੀਂ ਨਿਵਾਜਿਆ ? ਕੀ ਇਹ ਜਾਨੇ ਅਨਜਾਣੇ ਵਿਚ ਭੁਲ ਸੀ ? ਇਹ ਸਾਰੇ ਵੱਡੇ ਅਪਰਾਧ ਹਨ ਜੋ ਹੁਣ ਤਕ ਛੁਪਾਏ ਜਾ ਰਹੇ ਹਨ।

ਸੁਖਬੀਰ ਬਾਦਲ ਤੇ ਉਨ੍ਹਾਂ ਦਾ ਧੜਾ ਬਾਗੀ ਅਕਾਲੀਆਂ ਸਿਰ ਭਾਂਡਾ ਭੰਨ ਰਿਹਾ ਹੈ ? ਜਦਕਿ ਦੋਸ਼ੀ ਸੀਨੀਅਰ ਬਾਗੀ ਅਕਾਲੀ ਆਗੂਆਂ ਨੇ ਅਕਾਲ ਤਖਤ ਸਾਹਮਣੇ ਇਹ ਦੋਸ਼ ਸਿਧੇ ਤੌਰ ਉਪਰ ਸਵੀਕਾਰ ਕੀਤੇ ਹਨ ਕਿ ਸਾਡੇ ਕੋਲੋਂ ਇਹ .ਗਲਤੀਆਂ ਹੋਈਆਂ ਹਨ, ਸਾਨੂੰ ਸਮੇਂ ਸਿਰ ਬੋਲਣਾ ਚਾਹੀਦਾ ਸੀ, ਰੋਕਣਾ ਚਾਹੀਦਾ ਸੀ, ਪਰ ਰੋਕ ਨਹੀਂ ਸਕੇ। ਜਦਕਿ ਸੁਖਬੀਰ ਸਿੰਘ ਬਾਦਲ ਨੇ ਬਿਨਾਂ ਘਟਨਾਵਾਂ ਦਾ ਜ਼ਿਕਰ ਕਰਦੇ ਹੋਏ ਕਹਿ ਰਹੇ ਹਨ ਕਿ ਅਸੀਂ ਚੇਤ-ਅਚੇਤ ਹੋਈਆਂ ਭੁੱਲਾਂ ਦੀ ਮੁਆਫ਼ੀ ਮੰਗਦੇ ਹਾਂ।

ਬਾਕੀ ਹਿਸਾ ਸਫ਼ਾ 6 ਤੇ ਪੜ੍ਹੋ

## ਕੀ ਸਿਖ ਕੌਮ ਦੋਸ਼ੀ ਲੀਡਰਸ਼ਿਪ ਨੂੰ ਮਾਫ ਕਰੇਗੀ ?

ਪੰਥਕ ਹਲਕਿਆਂ ਅਨੁਸਾਰ ਬਾਦਲ ਧੜਾ ਬਾਗੀ ਅਕਾਲੀਆਂ ਨਾਲੋਂ ਜ਼ਿਆਦਾ ਸਿਖ ਪੰਥ ਦਾ ਵਡਾ ਦੋਸ਼ੀ ਹੈ। ਜੋ ਬਾਦਲ ਪਰਿਵਾਰ ਨੇ ਅਕਾਲੀ ਦਲ, ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਨੂੰ ਢਾਹ ਲਗਾਉਣ ਲਈ ਅਪਰਾਧ ਕੀਤੇ ਹਨ, ਉਹ ਸਿਖ ਪੰਥ ਨੇ ਕਦੇ ਮਾਫ ਨਹੀਂ ਕਰਨੇ। ਸਰਦਾਰ ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਨੂੰ ਸਿਖ ਸਿਧਾਂਤ ਅਨੁਸਾਰ ਪਹਿਰੇਦਾਰੀ ਕਰਨੀ ਪੈਣੀ ਹੈ।ਫੈਸਲਾ ਉਨ੍ਹਾਂ ਦੇ ਹਥ ਵਿਚ ਹੈ ਕਿ ਉਨ੍ਹਾਂ ਨੇ ਬਾਦਲ ਪਰਿਵਾਰ ਦੇ ਦੋਸ਼ਾਂ ਨੂੰ ਗਿਆਨੀ ਗੁਰਬਚਨ ਸਿੰਘ ਵਾਂਗ ਢਕਣਾ ਹੈ ਜਾਂ ਉਨੀਵੀ ਸਦੀ ਦੇ ਅਕਾਲ ਤਖਤ ਦੇ ਜਥੇਦਾਰ ਬਾਬਾ ਅਕਾਲੀ ਫੂਲਾ ਸਿੰਘ ਵਾਂਗ ਸਿਖ ਪੰਥ ਦੀ ਸ਼ਾਨ ਤੇ ਅਕਸ ਵਿਚ ਇਤਿਹਾਸਕ ਵਾਧਾ ਕਰਨਾ ਹੈ ,ਜਿਹਨਾਂ ਨੂੰ ਕਿਸੇ ਸਤਾ ਦਾ ਭੈਅ ਨਹੀਂ ਸੀ ?

ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਵੱਲੋਂ ਬਾਦਲ ਪਰਿਵਾਰ ਤੇ ਧੜੇ ਦੀ ਇੱਕ-ਇੱਕ ਗੁਨਾਹ ਦਾ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ ਕਿ ਇਹਨਾਂ ਦੋਸ਼ਾਂ ਵਿਚ ਕਿਹੜੀ ਜਾਣੇ ਅਨਜਾਣੇ ਵਿਚ ਗਲਤੀ ਹੋਈ ਤੇ ਕਿਹੜੀ ਜਾਣ ਬੁਝਕੇ ਪੰਥ ਵਿਰੋਧੀ ਗਲਤੀ ਕੀਤੀ ?

ਜੇ ਕਿਸੇ ਵੀ ਦੋਸ਼ ਦਾ ਜ਼ਿਕਰ ਨਹੀਂ ਹੋਵੇਗਾ ਤਾਂ ਸੰਗਤ ਦੇ ਸਾਹਮਣੇ ਸਾਰਾ ਸੱਚ ਕਿਵੇਂ ਸਾਹਮਣੇ ਆਵੇਗਾ ? ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਰੱਬੀ ਸੱਚ ਪ੍ਰਗਟ ਹੋਣਾ ਚਾਹੀਦਾ ਹੈ। ਇਹ ਗੁਰੂ ਦਾ ਤਖਤ ਹੈ ? ਗੁਰੂ ਤੋਂ ਬਾਅਦ ਤਖਤ ਦਾ ਮਾਲਕ ਬਾਦਲ ਪਰਿਵਾਰ ਨਹੀਂ ਗੁਰੂ ਪੰਥ ਹੈ। ਜਥੇਦਾਰ ਅਕਾਲ ਤਖਤ ਨੇ ਗੁਰੂ ਸਿਧਾਂਤ ਦੀ ਪਹਿਰੇਦਾਰੀ ਕਰਨੀ ਹੈ। ਸੁਖਬੀਰ ਬਾਦਲ ਦੀ ਚਿਠੀ ਤੋਂ ਖਾਲਸਾ ਪੰਥ ਸੰਤੁਸ਼ਟ ਨਹੀਂ।ਇਹ ਆਪਣੇ ਦੋਸ਼ ਤੇ ਅਪਰਾਧ ਲੁਕਾਉਣ ਦੀ ਕਾਰਵਾਈ ਹੈ। ਇਨ੍ਹਾਂ ਦੋਸ਼ੀਆਂ ਨੂੰ ਸਿਖ ਪੰਥ ਕਦੇ ਮਾਫ ਨਹੀਂ ਕਰ ਸਕਦਾ।

ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਨੇ ਕਿਹਾ ਕਿ ਸੁਖਬੀਰ ਦੀ ਚਿਠੀ ਦੋਸ਼ਾਂ ਬਾਰੇ ਸਪਸ਼ਟ ਨਹੀਂ। ਉਨ੍ਹਾਂ ਨੂੰ ਅਕਾਲ ਤਖਤ ਸਾਹਮਣੇ ਸਚ ਰਖਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਕੀ ਗੁਨਾਹ ਤੇ ਭੁਲਾਂ ਕੀਤੀਆਂ। ਗੁਰੂ ਗ੍ਰੰਥ ਤੇ ਗੁਰੂ ਪੰਥ ਅਗੇ ਸਪਸ਼ਟ ਹੋਕੇ ਹੀ ਗੁਨਾਹ ਬਖਸ਼ਾਏ ਜਾ ਸਕਦੇ ਹਨ। ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਅਕਾਲੀ ਸੰਕਟ ਹਲ ਕਰਨ ਲਈ ਗਿਆਰਾਂ ਮੈਂਬਰੀ ਪੰਥਕ ਫੇਸ ਫੇਸ ਵਾਲੀ ਕਮੇਟੀ ਬਣਾਉਣੀ ਚਾਹੀਦੀ ਹੈ ਜੋ ਅਕਾਲੀ ਦਲ ਦਾ ਅਕਸ ਬਹਾਲ ਕਰੇ ਤੇ ਨਵੀਂ ਲੀਡਰਸ਼ਿਪ ਦੀ ਚੋਣ ਕਰੇ।ਦਾਗੀ ਲੀਡਰਸ਼ਿਪ ਨਾਲ ਅਕਾਲੀ ਦਲ ਨਹੀਂ ਬਚ ਸਕਦਾ।

## 5 ਸਫੇ ਦੀ ਬਾਕੀ
## ਸੁਖਬੀਰ ਬਾਦਲ ਦੇ ਸਪੱਸ਼ਟੀਕਰਨ ਬਾਰੇ ਢੀਂਡਸਾ ਦੀ ਰਾਇ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਨੇਤਾ ਅਤੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਚਿੱਠੀ ਜਗ ਜ਼ਾਹਰ ਹੋਣ 'ਤੇ ਉਸ ਵਿਚੋਂ ਕੁਝ ਨਵਾਂ ਨਹੀਂ ਨਿਕਲਿਆ ਅਤੇ ਇਹ ਚਿੱਠੀ ਅਜੇ ਵੀ ਮੁਆਫੀ ਮੰਗਣ ਦੇ ਮਾਮਲੇ ਵਿਚ ਗੋਲਮੋਲ ਹੈ।

ਢੀਂਡਸਾ ਨੇ ਕਿਹਾ ਕਿ ਹੁਣ ਸਮੁੱਚੇ ਸਿੱਖ ਕੌਮ ਦੀਆਂ ਨਜ਼ਰਾਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਅਤੇ ਬਾਕੀ ਸਿੰਘ ਸਾਹਿਬਾਨਾਂ 'ਤੇ ਟਿਕੀਆਂ ਹੋਈਆਂ ਹਨ ਕਿ ਉਹ ਅਕਾਲੀ ਦਲ ਦੀ ਸਰਕਾਰ ਮੌਕੇ ਬਰਗਾੜੀ ਕਾਂਡ, ਬਹਿਬਲ ਕਾਂਡ, ਡੀ.ਜੀ.ਪੀ. ਸੈਣੀ, ਆਲਮ ਵਿਧਾਇਕ ਮਾਮਲਾ, ਡੇਰਾ ਸਾਧ ਨੂੰ ਮੁਆਫੀ ਸਮੇਤ ਹੋਰ ਵਾਪਰੀਆਂ ਘਟਨਾਵਾਂ ਵਿਚ ਕਿਸ ਤਰ੍ਹਾਂ ਦਾ ਫੈਸਲਾ ਸੁਣਾਉਂਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰ੍ਹਾਂ ਦੇ ਅਕਾਲੀ ਦਲ ਦੇ ਹਾਲਾਤ ਸੁਖਬੀਰ ਸਿੰਘ ਬਾਦਲ ਨੇ ਕਰ ਦਿੱਤੇ ਹਨ, ਹੁਣ ਅਕਾਲੀ ਦਲ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਅਤੇ ਭਰੋਸਾ ਬਣਾਉਣ ਵਿਚ ਲੰਬਾ ਸਮਾਂ ਲੱਗੇਗਾ।

### ਬਾਗ਼ੀਆਂ 'ਤੋਂ ਔਖੇ ਡਾਕਟਰ ਚੀਮਾ

ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਦਲਜੀਤ ਸਿੰਘ ਚੀਮਾ ਨੇ ਬਾਗ਼ੀਆਂ ਨੂੰ ਨਿਸ਼ਾਨੇ ਉੱਤੇ ਲੈਂਦਿਆਂ ਕਿਹਾ ਕਿ ਬਾਗੀ ਅਕਾਲੀਆਂ ਨੂੰ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਵੀ ਭਰੋਸਾ ਨਹੀਂ ਹੈ, ਕਿਉਂਕਿ ਜਦੋਂ ਸਪੱਸ਼ਟੀਕਰਨ ਦਿੱਤਾ ਗਿਆ ਤਾਂ ਉਨ੍ਹਾਂ ਵੱਲੋਂ ਪ੍ਰਚਾਰ ਕੀਤਾ ਗਿਆ ਕਿ ਇਸ ਨੂੰ ਜਥੇਦਾਰ ਸਾਹਿਬ ਜਨਤਕ ਕਰਨ। ਚੀਮਾ ਨੇ ਕਿਹਾ ਕਿ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਭਰੋਸਾ ਹੀ ਨਹੀਂ ਤਾਂ ਫਿਰ ਉਥੇ ਕੀ ਕਰਨ ਗਏ ਸੀ?

# ਬਾਗੀ ਅਕਾਲੀ ਲੀਡਰਸ਼ਿਪ ਦੀ ਕਾਨਫਰੰਸ ਕੋਈ ਪ੍ਰਭਾਵ ਨਾ ਛਡ ਸਕੀ






ਚੰਡੀਗੜ੍ਹ-'ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ' ਵਲੋਂ ਸ਼ੁਰੂ ਕੀਤੇ ਸੈਮੀਨਾਰਾਂ ਦੀ ਲੜੀ ਤਹਿਤ ਇੱਥੇ ਚੰਡੀਗੜ੍ਹ ਚੰਡੀਗੜ੍ਹ ਦੇ ਸੈਕਟਰ-30 ਸਥਿਤ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ 'ਸਿੱਖ ਪੰਥ ਅੱਗੇ ਚੁਣੌਤੀਆਂ ਤੇ ਸਿੱਖ ਸੰਸਥਾਵਾਂ ਦੀ ਭੂਮਿਕਾ' ਵਿਸ਼ੇ 'ਤੇ ਪਹਿਲਾ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ ਜੋ ਸਿਖ ਪੰਥ ਉਪਰ ਕੋਈ ਪ੍ਰਭਾਵ ਨਹੀਂ ਜਮਾ ਸਕਿਆ।ਬਾਗੀ ਅਕਾਲੀ ਧੜਾ ਸਿਖ ਪੰਥ ਦੇ ਇਸ ਸੰਕਟ ਬਾਰੇ ਆਪਣੀ ਧਾਰਨਾ ਸਪਸ਼ਟ ਕਰਨ ਤੋਂ ਅਸਫਲ ਰਿਹਾ। ਮੀਡੀਆ ਵਿਚ ਉਸਦਾ ਪ੍ਰਭਾਵ ਨਹੀਂ ਬਣ ਸਕਿਆ। ਇਸ ਸੈਮੀਨਾਰ ਵਿਚ ਇਖ ਪੰਥ ਦੇ ਵਡੇ ਸਿਖ ਚਿੰਤਕ ਤੇ ਪੰਥਕ ਹਸਤੀਆਂ ਵੀ ਸ਼ਾਮਲ ਨਹੀਂ ਹੋਈਆਂ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਸਾਬਕਾ ਮੁਖੀ ਤੇ ਉੱਘੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਮੌਜੂਦਾ ਦੌਰ ਅੰਦਰ ਲੀਡਰ ਵਿਹੂਣੀ ਹੋਈ ਕੌਮ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਣ ਦੀ ਲੋੜ ਹੈ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਸਾਬਕਾ ਉੱਪ ਕੁਲਪਤੀ ਤੇ ਸਿੱਖ ਬੁੱਧੀਜੀਵੀ ਡਾ. ਗੁਰਮੋਹਨ ਸਿੰਘ ਵਾਲੀਆ ਨੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਸੰਸਥਾਵਾਂ ਵਿਚ ਆ ਰਹੀ ਗਿਰਾਵਟ 'ਤੇ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਅਕਾਲੀ ਦਲ ਦੇ ਇਤਿਹਾਸ ਸਬੰਧੀ ਸੰਖੇਪ ਵਿਚ ਜਾਣਕਾਰੀ ਦਿੱਤੀ। ਸਟੇਜ ਦੀ ਕਾਰਵਾਈ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਨਿਭਾਈ। ਇਸ ਮੌਕੇ ਬੀਬੀ ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਚਰਨਜੀਤ ਸਿੰਘ ਬਰਾੜ, ਗਗਨਜੀਤ ਸਿੰਘ ਬਰਨਾਲਾ, ਸੁੱਚਾ ਸਿੰਘ ਛੋਟੇਪੁਰ, ਜਸਟਿਸ ਨਿਰਮਲ ਸਿੰਘ, ਸਰਵਨ ਸਿੰਘ ਫਿਲੌਰ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਪਰਮਜੀਤ ਕੌਰ ਗੁਲਸ਼ਨ, ਸਤਵਿੰਦਰ ਕੌਰ ਧਾਲੀਵਾਲ, ਹਰਿੰਦਰਪਾਲ ਸਿੰਘ ਟੌਹੜਾ, ਬੀਬੀ ਹਰਜੀਤ ਕੌਰ ਤਲਵੰਡੀ ਆਦਿ ਹਾਜ਼ਰ ਸਨ।

ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ

# ਬੇਅਦਬੀ ਮਾਮਲੇ 'ਚ ਭਗਵੰਤ ਮਾਨ ਦੇ ਹੱਥ ਲੱਗੇ ਨਵੇਂ ਸਬੂਤ !

### ✪ ਆਉਣ ਵਾਲੇ ਦਿਨ੍ਹਾਂ 'ਚ ਸੁਖਬੀਰ ਬਾਦਲ ਲਈ ਖੜੀ ਕਰਨਗੇ ਨਵੀਂ ਮੁਸੀਬਤ



ਬੇਅਦਬੀ ਅਤੇ ਗੋਲੀਕਾਂਡ ਮਾਮਲਿਆਂ ਨੂੰ ਲੈ ਕੇ ਸੀਐਮ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਕੇਸ ਵਿੱਚ ਮੁਲਜ਼ਮਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਸਾਡੇ ਹੱਥ ਕੁੱਝ ਵੱਡੇ ਸਬੂਤ ਲੱਗੇ ਹਨ ਜਿਸ ਨੇ ਸਾਨੂੰ ਹੈਰਾਨ ਕਰ ਦਿੱਤਾ ਹੈ। ਜਦੋਂ ਤੁਹਾਨੂੰ ਇਹਨਾਂ ਸਬੂਤਾਂ ਬਾਰੇ ਪਤਾ ਲੱਗੇਗਾ ਤਾਂ ਤੁਸੀਂ ਵੀ ਹੈਰਾਨ ਹੋ ਜਾਵੋਗੇ। ਅਸੀਂ ਇਸ ਕੇਸ 'ਤੇ ਕੰਮ ਕਰ ਰਹੇ ਹਾਂ। ਆਉਣ ਵਾਲੇ ਥੋੜ੍ਹੇ ਦਿਨਾਂ ਵਿਚ ਸਭ ਸਾਫ਼ ਹੋ ਜਾਵੇਗਾ। ਅਸੀਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਬੇਅਦਬੀ ਦੇ ਮੁਲਜ਼ਮਾਂ ਨੂੰ ਸਜ਼ਾ ਦੇਵਾਂਗਾ ਤੇ ਇਸ ਨੂੰ ਜਲਦੀ ਪੂਰਾ ਕਰਾਂਗੇ। ਮੁੱਖ ਮੰਤਰੀ ਨੇ ਸੁਖਬੀਰ ਬਾਦਲ ਦੇ ਮੁਆਫੀਨਾਮੇ ਤੇ ਕਿਹਾ ਕਿ ਮੁਆਫੀ ਭੁੱਲਾਂ ਦੀ ਹੁੰਦੀ ਹੈ ਗੁਨਾਹਾਂ ਦੀ ਨਹੀਂ, ਗੁਨਾਹਾਂ ਦੀ ਤਾਂ ਸਿਰਫ ਸਜ਼ਾ ਹੁੰਦੀ ਹੈ। ਮਾਨ ਨੇ ਕਿਹਾ ਕਿ ਜਾਣ-ਬੁੱਝ ਕੇ ਕੀਤਾ ਹੋਇਆ ਗੁਨਾਹ ਹੁੰਦਾ ਹੈ। ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਮਾਨ ਕਿਹਾ ਕਿ ਸਾਡੇ ਕੋਲ ਨਵੇਂ ਸਬੂਤ ਹੱਥ ਲੱਗੇ ਨੇ ਤੁਸੀਂ ਸੋਚ ਵੀ ਨਹੀ ਸਕਦੇ । ਮਾਨ ਨੇ ਕਿਹਾ ਕਿ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਕੇਸ ਵਿੱਚ ਮੁਲਜ਼ਮਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਮਾਨ ਨੇ ਕਿਹਾ ਕਿ ਦੋਸ਼ੀਆਂ ਨੇ ਤਾਂ ਉਸ ਵੇਲੇ ਆਪ ਹੀ ਇਸ ਮਾਮਲੇ ਦੀ ਜਾਂਚ ਕੀਤੀ। ਮੁਖ ਮੰਤਰੀ ਦੇ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਇਸ ਮਸਲੇ ਉਪਰ ਸੁਖਬੀਰ ਲਈ ਨਵੀਂ ਮੁਸੀਬਤ ਖੜੀ ਕਰਨਗੇ।


# ਗੁਰਦੁਆਰੇ ਮੱਥਾ ਟੇਕਣ ਗਈ ਬੀਬੀ ਦਾ ਹੋਇਆ ਕਤਲ



ਲੁਧਿਆਣਾ-ਲੁਧਿਆਣਾ ਦੇ ਗਿੱਲ ਰੋਡ ਸਥਿਤ ਰੇਲਵੇ ਲਾਈਨ ਦੇ ਕੋਲ ਖੇਤਾਂ ਵਿੱਚ ਇਕ ਔਰਤ ਦੀ ਲਾਸ਼ ਮਿਲੀ ਹੈ। ਔਰਤ ਦਾ ਗਲ ਵੱਢ ਕੇ ਕਤਲ ਕੀਤਾ ਗਿਆ ਹੈ। ਲੋਕਾਂ ਨੇ ਲਾਸ਼ ਨੂੰ ਵੇਖ ਕੇ ਸ਼ੋਰ ਮਚਾਇਆ ਅਤੇ ਪੁਲਿਸ ਨੂੰ ਇਤਲਾਹ ਕੀਤੀ।

ਮ੍ਰਿਤਕ ਔਰਤ ਮੰਡੀਆਂ ਕਲਾਂ ਇਲਾਕੇ ਦੀ ਰਹਿਣ ਵਾਲੀ ਹੈ ਅਤੇ ਉਸ ਦਾ ਨਾਂ ਸੰਦੀਪ ਕੌਰ ਦੱਸਿਆ ਜਾ ਰਿਹਾ ਹੈ, ਉਮਰ 35 ਸਾਲ ਹੈ। ਔਰਤ ਦੀ ਪਛਾਣ ਕਰਕੇ ਪੁਲਿਸ ਨੇ ਉਸ ਦੇ ਪਰਿਵਾਰ ਨਾਲ ਸੰਪਰਕ ਕੀਤਾ। ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਪੁਲਿਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਮ੍ਰਿਤਕਾ ਮੰਡੀਆਂ ਦੇ ਇਲਾਕੇ ਦੀ ਰਹਿਣ ਵਾਲੀ ਸੀ। ਮ੍ਰਿਤਕਾ ਦੇ ਪਿਤਾ ਸ਼ਮਸ਼ੇਰ ਸਿੰਘ ਦੇ ਮੁਤਾਬਿਕ ਉਨ੍ਹਾਂ ਦੀ ਧੀ ਤਲਾਕਸ਼ੁਦਾ ਸੀ, ਜਿਸ ਦੀ 14 ਸਾਲ ਦੀ ਧੀ ਸੀ। ਉਹ ਹਰ ਹਫ਼ਤੇ ਮਾਡਲ ਟਾਊਨ ਸਥਿਤ ਗੁਰਦੁਆਰਾ ਸਾਹਿਬ ਵਿੱਚ ਜਾਂਦੀ ਸੀ। ਐਤਵਾਰ ਨੂੰ ਵੀ 10 ਵਜੇ ਉਹ ਆਪਣੇ ਐਕਟਿਵਾ 'ਤੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਈ ਸੀ। ਜਿੱਥੋਂ ਉਹ ਵਾਪਸ ਨਹੀਂ ਪਰਤੀ ਅਤੇ ਮਾਂ ਨੇ ਤਕਰੀਬਨ 2 ਵਜੇ ਫੋਨ ਕੀਤਾ, ਫੋਨ ਬੰਦ ਆਉਣ ਦੀ ਵਜ੍ਹਾ ਕਰਕੇ ਮ੍ਰਿਤਕਾ ਦੀ ਮਾਂ ਨੇ ਪਿਤਾ ਨੂੰ ਇਤਲਾਹ ਕੀਤਾ। ਰਾਤ ਦੌਰਾਨ ਥਾਣਾ ਸਦਰ ਦੀ ਪੁਲਿਸ ਔਰਤ ਦੇ ਘਰ ਪਹੁੰਚੀ, ਜਿਨ੍ਹਾਂ ਨੇ ਉਨ੍ਹਾਂ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ। ਜਿਸ ਦੇ ਬਾਅਦ ਪਿਤਾ ਦੇ ਬਿਆਨਾਂ ਦੇ ਅਧਾਰ 'ਤੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕੀਤਾ ਹੈ।

# ਮੋਗਾ ਦੇ ਪਿੰਡ ਵਿਚ ਨੌਜਵਾਨ ਗੁਰਵਿੰਦਰ ਸਿੰਘ ਪੈਟਰੋਲ ਪਾਕੇ ਜ਼ਿੰਦਾ ਸਾੜਿਆ !



ਮੋਗਾ-ਇੱਥੇ ਹੈਵਾਨੀਅਤ ਵਾਲੀ ਖ਼ਬਰ ਸਾਹਮਣੇ ਆਈ ਹੈ। ਪਿੰਡ ਸਮਾਧ ਭਾਈ ਦੇ ਰਹਿਣ ਵਾਲੇ 19 ਸਾਲ ਦੇ ਨੌਜਵਾਨ ਗੁਰਵਿੰਦਰ ਸਿੰਘ 'ਤੇ ਪੈਟਰੋਲ ਪਾਕੇ ਪਿੰਡ ਦੇ ਲੋਕਾਂ ਨੇ ਅੱਗ ਲੱਗਾ ਦਿੱਤੀ, ਜਿਸ ਵਿੱਚ ਗੁਰਵਿੰਦਰ ਸਿੰਘ ਗੰਭੀਰ ਰੂਪ ਵਿੱਚ ਜਖ਼ਮੀ ਹੋਇਆ ਹੈ। ਜਖਮੀ ਗੁਰਵਿੰਦਰ ਸਿੰਘ ਦੀ ਮਾਂ ਕੁਲਵਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਡੇਅਰੀ ਵਿੱਚ ਦੁੱਧ ਲੈਣ ਗਿਆ ਸੀ। ਪਿੰਡ ਦੇ ਰਹਿਣ ਵਾਲੇ ਲਾਡੀ ਅਤੇ ਉਸ ਦੇ ਸਾਥੀ ਨੇ ਮੇਰੇ ਪੁੱਤਰ 'ਤੇ ਪੈਟਰੋਲ ਪਾਕੇ ਉਸ ਨੂੰ ਅੱਗ ਲਗਾ ਦਿੱਤੀ। ਜਿਸ ਨਾਲ ਗੰਭੀਰ ਤੌਰ 'ਤੇ ਉਹ ਜ਼ਖਮੀ ਹੋ ਗਿਆ। ਗੁਰਵਿੰਦਰ ਨੂੰ ਬਾਘਾ ਪੁਰਾਣਾ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਜਿੱਥੇ ਉਸ ਦੀ ਹਾਲਤ ਨਾਜ਼ੁਕ ਦੱਸ ਦੇ ਹੋਏ ਫਰੀਦਕੋਟ ਮੈਡੀਕਲ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ। ਜਿੱਥੇ ਉਸ ਦਾ ਇਲਾਜ ਕੀਤਾ ਜਾ ਰਿਹਾ ਹੈ, ਪੀੜਤ ਦੀ ਮਾਂ ਨੇ ਪੁਲਿਸ ਤੋਂ ਇਨਸਾਫ ਦੀ ਮੰਗ ਕੀਤੀ ਹੈ। ਜਾਂਚ ਅਧਿਕਾਰੀ ਨੇ ਕਿਹਾ ਕਿ ਅਸੀਂ ਗੁਰਵਿੰਦਰ ਦੀ ਮਾਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਅੱਗੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# 'ਆਪ' ਸਰਕਾਰ ਬਚਾ ਰਹੀ ਏ ਸੌਦਾ ਸਾਧ ਨੂੰ : ਸੁਖਰਾਜ ਸਿੰਘ ਨਿਆਮੀਵਾਲਾ

## ○ ਕਿਹਾ ਕਿ ਬਰਗਾੜੀ ਬੇਅਦਬੀ ਤੇ ਬਹਿਬਲ ਕੋਟਕਪੂਰਾ ਗੋਲੀਕਾਂਡ ਦੇ ਕੇਸਾਂ ਵਿਚ ਦੋਸ਼ੀਆਂ ਦੀ ਸ਼ਰੇਆਮ ਕਰ ਰਹੀ ਮੱਦਦ

ਜਲੰਧਰ-ਪ੍ਰੈਸ ਕਲੱਬ ਜਲੰਧਰ ਵਿਖੇ ਬਹਿਬਲ ਕਲਾਂ ਗੋਲੀਕਾਂਡ ਦੇ ਸ਼ਹੀਦ ਭਾਈ ਕ੍ਰਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਤੇ ਸਪੁੱਤਰ ਭਾਈ ਸੁਖਰਾਜ ਸਿੰਘ ਨਿਆਮੀਵਾਲਾ ਅਤੇ ਅਲਾਇੰਸ ਆਫ ਸਿੱਖ ਆਰਗੇਨਾਈਜੇਸ਼ਨਜ਼ ਦੇ ਸਿਆਸੀ ਵਿੰਗ ਦੇ ਕੋਆਰਡੀਨੇਟਰ ਸੁਖਦੇਵ ਸਿੰਘ ਫਗਵਾੜਾ ਵਲੋਂ ਸਾਂਝੀ ਪ੍ਰੈਸ ਵਾਰਤਾ ਕਰਦਿਆ ਮੌਜੂਦਾ ਭਗਵੰਤ ਮਾਨ ਸਰਕਾਰ ਤੇ ਬਰਗਾੜੀ ਬੇਅਦਬੀ ਅਤੇ ਬਹਿਬਲ ਕਲਾ ਗੋਲੀਕਾਂਡ ਦੇ ਦੋਸ਼ੀਆ ਦੀ ਸ਼ਰੇਆਮ ਮਦਦ ਕਰਨ ਦੇ ਤੱਥਾਂ ਤੇ ਸਬੂਤਾਂ ਤੇ ਅਧਾਰਿਤ ਦੇਸ਼ ਲਾਏ ਭਾਈ ਸੁਖਰਾਜ ਸਿੰਘ ਬਹਿਬਲ ਕਲਾਂ ਨੇ ਮੁੱਖ ਮੰਤਰੀ ਨੂੰ ਪੁੱਛਿਆ 24 ਘੰਟਿਆਂ ਵਿੱਚ ਇਨਸਾਫ਼ ਦੇਣ ਦਾ ਝੂਠਾ ਵਾਅਦਾ ਕਰਕੇ ਸਰਕਾਰ ਬਣਾਉਣ ਤੇ ਬਾਅਦ ਅੱਜ 24 ਮਹੀਨਿਆਂ ਤੇ ਵੀ ਵੱਧ ਸਮਾਂ ਬੀਤਣ ਤੋਂ ਬਾਅਦ ਵੀ ਆਪਣਾ ਇੱਕ ਵੀ ਵਾਅਦਾ ਪੂਰਾ ਨਹੀਂ ਕਰ ਪਾ ਰਹੀ। ਇਸ ਸਰਕਾਰ ਨੇ ਇਨਸਾਫ ਤਾ ਕੀ ਦੇਣਾ ਉਲਟਾ ਬਰਗਾੜੀ ਤੇ ਬਹਿਬਲ ਕਲਾਂ ਗੋਲੀਕਾਂਡ ਦੇ ਦੋਸ਼ੀਆ ਤੇ ਵਿਸ਼ੇਸ਼ ਤੌਰ ਤੇ ਡੇਰਾ ਮੁਖੀ ਤੇ ਮੁੱਖ ਦੋਸ਼ੀ ਗੁਰਮੀਤ ਰਾਮ ਰਹੀਮ ਤੋਂ ਹਰ ਸੰਭਵ ਮਦਦ ਮੁੱਖ ਮੰਤਰੀ ਵਲੋਂ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਜੋ ਕਿ ਗ੍ਰਹਿ ਮੰਤਰੀ ਵੀ ਹਨ ਵਲੋਂ ਪਿਛਲੇ ਦੋ ਸਾਲਾਂ ਤੋਂ ਅੱਜ ਤੱਕ ਵੀ ਰਾਮ ਰਹੀਮ ਖਿਲਾਫ 295 ਏ ਤਹਿਤ ਮੁਕਦਮਾ ਚਲਾਉਣ ਦੀ ਇਜਾਜ਼ਤ ਨਹੀਂ ਦਿਤੀ ਗਈ।

ਭਗਵੰਤ ਮਾਨ ਸਰਕਾਰ ਦੀ ਮਿਹਰਬਾਨੀ ਅਤੇ ਅਸਿੱਧੀ ਮਦਦ ਕਾਰਨ ਹਾਈ ਕੋਰਟ ਵੱਲੋਂ ਗੁਰਮੀਤ ਰਾਮ ਰਹੀਮ ਦੇ ਖਿਲਾਫ ਟ੍ਰਾਇਲ ਚਲਾਉਣ ਤੇ ਬਰਗਾੜੀ ਨਾਲ ਸੰਬੰਧਿਤ ਤਿੰਨੋ ਕੇਸਾਂ ਵਿੱਚ ਰੋਕ ਲੱਗ ਚੁੱਕੀ ਹੈ ਜਿਸਦੇ ਖਿਲਾਫ ਅੱਜ ਤਕ ਪੰਜਾਬ ਸਰਕਾਰ ਨੇ ਕੋਈ ਅਪੀਲ ਨਹੀਂ ਕੀਤੀ। ਇਹ ਤਿੰਨੋ ਕੇਸ ਕਰਮਵਾਰ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੋਰੀ ਕਰਨ, ਪੋਸਟਰ ਲਾ ਕੇ ਬੇਅਦਬੀ ਕਰਨ ਦੀ ਧਮਕੀ ਦੇਣ, ਅਤੇ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਬੇਅਦਬੀ ਕਰਨ ਨਾਲ ਸੰਬੰਧਿਤ ਹਨ।

ਪੰਜਾਬ ਸਰਕਾਰ ਦੇ ਵੱਲੋ ਕੀਤੀ ਮਾੜੀ ਪੈਰਵਾਈ ਅਤੇ ਅਸਿੱਧੀ ਮਦਦ ਦੇ ਚਲਦਿਆ ਬਰਗਾੜੀ ਤੇ ਬਹਿਬਲ ਕਲਾ ਨਾਲ ਸੰਬੰਧਿਤ ਸਾਰੇ ਕੇਸ ਹਾਈ ਕੋਰਟ ਵੱਲੋਂ ਕੁੱਝ ਪਿਛਲੇ ਸਾਲ ਅਤੇ ਇੱਕ ਕੇਸ ਲੰਘੀਆ ਲੋਕ ਸਭਾ ਚੋਣਾਂ ਤੇ ਇਕ ਦਿਨ ਪਹਿਲਾਂ ਚੰਡੀਗੜ੍ਹ ਅਦਾਲਤ ਵਿੱਚ ਤਬਦੀਲ ਕੀਤੇ ਜਾ ਚੁੱਕੇ ਹਨ ਅਤੇ ਰਹਿੰਦੇ ਕੋਟਕਪੂਰਾ ਗੋਲੀਕਾਂਡ ਨਾਲ ਸਬੰਧਿਤ ਕੇਸ ਵੀ ਚੰਡੀਗੜ੍ਹ ਤਬਦੀਲ ਹੋਣ ਦੀ ਪੂਰੀ ਸੰਭਾਵਨਾ ਹੈ, ਇਸ ਖਿਲਾਫ ਵੀ ਕੋਈ ਵੀ ਅਪੀਲ ਉਪਰਲੀ ਅਦਾਲਤ ਵਿੱਚ ਪੰਜਾਬ ਸਰਕਾਰ ਨੇ ਨਹੀਂ ਕੀਤੀ। ਹਾਈ ਕੋਰਟ ਦੇ ਇਹਨਾਂ ਫੈਸਲਿਆਂ ਖਿਲਾਫ ਪੰਜਾਬ ਸਰਕਾਰ ਵੱਲੋਂ ਡਬਲ ਬੈਂਚ ਜਾ ਸੁਪਰੀਮ ਕੋਰਟ ਵਿੱਚ ਅਪੀਲ ਵੀ ਨਾ ਕਰਨਾ ਮਹਿਜ ਅਣਗਹਿਲੀ ਨਹੀਂ ਬਲਕਿ ਪੰਜਾਬ ਸਰਕਾਰ ਵਲੋਂ ਗਿਣੀ ਮਿਥੀ ਸਾਜਿਸ਼ ਤਹਿਤ ਰਾਜਨੀਤਕ ਫਾਇਦੇ ਲਈ ਦੋਸ਼ੀਆਂ ਦੀ ਅਤੇ ਖਾਸ ਕਰ ਰਾਮ ਰਹੀਮ ਦੀ ਕੀਤੀ ਜਾ ਰਹੀ ਮਦਦ ਹੈ। ਜਦਕਿ ਆਪਣੇ ਸਿਆਸੀ ਵਿਰੋਧੀਆਂ ਨੂੰ ਟੰਗਣ ਲਈ ਮਹਿੰਗੇ ਤੇ ਮਹਿੰਗੇ ਵਕੀਲ ਕਰਕੇ ਪੰਜਾਬ ਸਰਕਾਰ ਬਾਰ ਬਾਰ ਸੁਪਰੀਮ ਕੋਰਟ ਵੱਲ ਬੇਲੋੜਾ ਰੁਖ ਕਰਦੀ ਰਹਿੰਦੀ ਹੈ ਭਾਈ ਸੁਖਰਾਜ ਸਿੰਘ ਨੇ ਕਿਹਾ ਕਿ ਜਿਵੇਂ ਅੱਜ ਦੀ ਸਰਕਾਰ ਬੇਅਦਬੀ



ਦੇ ਮੁੱਖ ਧਾਰਾ ਦੇ ਦੋਸ਼ੀ ਪ੍ਰਦੀਪ ਕਲੇਰ ਨੂੰ ਸਰਕਾਰ ਹੀਰੋ ਬਣਾਉਣ ਵਿੱਚ ਲੱਗੀ ਹੈ ਤੇ ਸਿੱਖਾਂ ਦਾ ਧਿਆਨ ਭੜਕਾਉਣ ਤੇ ਆਪਣੇ ਗੁਨਾਹਾਂ ਨੂੰ ਛਪਾਉਣ ਦਾ ਕੰਮ ਕਰ ਰਹੀ ਹੈ।

ਪ੍ਰਦੀਪ ਕਲੇਰ ਦੇ ਬਿਆਨ ਦੇ ਅਧਾਰ ਤੇ ਹੋਰ ਲੋਕਾਂ ਤੇ ਕਾਰਵਾਈ ਤਾਂ ਕੀ ਕਰਨੀ ਸੀ ਇਹ ਤਾਂ ਉਸਨੂੰ ਹੀਰੋ ਬਣਾ ਰਹੇ ਨੇ ਸਾਰਾ ਆਪਣਾ ਜੋਰ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਬਚਾਉਣ ਵਿੱਚ ਲੱਗਾ ਰਹੀ ਹੈ।

ਜੇ ਪੰਜਾਬ ਸਰਕਾਰ ਹਾਈ ਕੋਰਟ ਦੇ ਇਹਨਾ ਫੈਸਲਿਆਂ ਖਿਲਾਫ ਅਪੀਲ ਨਹੀਂ ਕਰਦੀ ਤੇ ਉਹ ਸਿੱਖ ਪੰਥ ਦੇ ਸਹਿਯੋਗ ਨਾਲ ਇਹ ਅਪੀਲ ਉਪਰਲੀ ਅਦਾਲਤ ਵਿੱਚ ਕਰਨਗੇ। ਅਲਾਇੰਸ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਕੋਆਰਡੀਨੇਟਰ ਸੁਖਦੇਵ ਸਿੰਘ ਫਗਵਾੜਾ ਨੇ ਕਿਹਾ ਕਿ ਮੌਜੂਦਾ ਭਗਵੰਤ ਸਰਕਾਰ ਦੀ ਕਾਰਗੁਜ਼ਾਰੀ ਤੇ ਸਿਆਸਤ ਬਰਗਾੜੀ, ਬਹਿਬਲ ਕਲਾ ਤੇ ਕੋਟਕਪੂਰਾ ਗੋਲੀਕਾਂਡ ਅਤੇ ਮੌੜ ਬੰਬ ਧਮਾਕੇ ਦੇ ਕੇਸਾਂ ਵਿੱਚ ਇੰਨ ਬਿੰਨ ਬਾਦਲ-ਭਾਜਪਾ ਸਰਕਾਰ ਵਰਗੀ ਹੈ। ਭਗਵੰਤ ਮਾਨ ਸਿੱਖਾਂ ਨੂੰ ਇਨਸਾਫ਼ ਦੇਣ ਝੂਠੇ ਵਾਅਦੇ ਕਰਨ ਅਤੇ ਸਿੱਖਾਂ ਦੀਆ ਜਾਇਜ਼ ਮੰਗਾਂ ਨੂੰ ਨਜ਼ਰਅੰਦਾਜ਼ ਕਰਨ ਦੇ ਮਾਮਲੇ ਵਿੱਚ ਬਿਲਕੁਲ ਬਾਦਲਾਂ ਅਤੇ ਭਾਜਪਾ ਦੇ ਨਕਸ਼ੇ ਕਦਮ ਤੇ ਚੱਲ ਰਹੇ ਹਨ। ਜਿਸ ਤਰਾਂ ਬਾਦਲ-ਭਾਜਪਾ ਸਰਕਾਰ ਨੇ 2007 ਦੇ ਗੁਰੂ ਗੋਬਿੰਦ ਸਿੰਘ ਜੀ ਅਤੇ ਅੰਮ੍ਰਿਤ ਸੰਚਾਰ ਵਰਗਾ ਸਵਾਂਗ ਰਚਾਣ ਦੇ ਕੇਸ ਵਿੱਚ ਡੇਰਾ ਮੁਖੀ ਦੀ 2014 ਤੱਕ ਪੂਰੀ ਤਰਾ ਮਦਦ ਕੀਤੀ ਅਤੇ ਹਰ ਚੋਣ ਵਿੱਚ ਰਾਮ ਰਹੀਮ ਤੇ ਮਦਦ ਲਈ ਜਿਸ ਦੇ ਨਤੀਜੇ ਵਜੋਂ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਬੇਅਦਬੀ ਹੋਈ।

ਬਿਲਕੁਲ ਓਸੇ ਰਾਹ ਤੇ ਚਲਦਿਆਂ ਅੱਜ ਭਗਵੰਤ ਮਾਨ ਤੇ ਪੂਰੀ ਆਪ ਸਰਕਾਰ ਰਾਮ ਰਹੀਮ ਅਤੇ ਦੋਸ਼ੀ ਪੁਲਿਸ ਅਧਿਕਾਰੀਆ ਦੀ ਰਾਜਨੀਤਕ ਫਾਇਦੇ ਲਈ ਸਿੱਧੀ ਅਸਿੱਧੀ ਹਰ ਤਰਾ ਦੀ ਮਦਦ ਕਰ ਰਹੀ ਹੈ। ਅਸੀਂ ਮੁੱਖ ਮੰਤਰੀ ਤੇ ਪੁਛਨਾ ਚਾਹੁੰਦੇ ਹਾਂ ਕਿ ਬਾਦਲਾਂ ਅਤੇ ਭਾਜਪਾ ਦੇ ਵਿਰੋਧ ਵਿੱਚੋਂ ਬਦਲਾਅ ਦੇ ਨਾਅਰੇ ਨਾਲ ਉਪਜੀ ਸਿਆਸਤ ਅੱਜ ਬਾਦਲ-ਭਾਜਪਾ ਸਰਕਾਰ ਦੀ ਸਿਆਸਤ ਤੇ ਬਦਤਰ ਕਿਓਂ ਹੋ ਰਹੀ ਹੈ ਅਤੇ ਜੇ ਬਾਦਲਾਂ ਅਤੇ ਭਾਜਪਾਈਆਂ ਵਰਗੀ ਸਿਆਸਤ ਹੀ ਕਰਨੀ ਹੈ ਫਿਰ ਤੁਹਾਡਾ ਸਿਆਸੀ ਅੰਜਾਮ ਉਹਨਾਂ ਨਾਲੋਂ ਵੱਖਰਾ ਕਿਵੇਂ ਹੋਵੇਗਾ।

ਸੁਖਦੇਵ ਸਿੰਘ ਫਗਵਾੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾ ਕਿ ਉਨ੍ਹਾਂ ਨੂੰ ਸਮੇਂ ਸਿਰ ਪੰਜਾਬ ਦੇ ਲੋਕਾਂ ਦੀ ਸਿਆਸੀ ਨਬਜ਼ ਸਮਝਣ ਦੀ ਲੋੜ ਹੈ, ਪੰਜਾਬ ਦੇ ਲੋਕ ਇਹਨਾਂ ਮਸਲਿਆਂ ਤੇ ਡਰਾਮੇਬਾਜ਼ੀ ਨਹੀਂ ਇਨਸਾਫ ਚਾਹੁੰਦੇ ਹਨ ਤੇ ਤੁਹਾਡੀ ਦੋਸ਼ੀਆਂ ਨਾਲ ਮਿਲਭੁਗਤ ਤੇ ਮਾੜੀ ਕਾਰਗੁਜ਼ਾਰੀ ਦਾ ਜਵਾਬ ਪੰਜਾਬ ਦੇ ਲੋਕਾ ਅਤੇ ਖ਼ਾਸ ਕਰ ਖਡੂਰ ਸਾਹਿਬ ਤੇ ਫਰੀਦਕੋਟ ਦੇ ਲੋਕਾਂ ਨੇ ਲੰਘੀਆਂ ਲੋਕ ਸਭਾ ਚੋਣਾਂ ਵਿੱਚ ਦੇ ਦਿੱਤਾ ਹੈ। ਇਸ ਮੌਕੇ ਤਜਿੰਦਰ ਸਿੰਘ ਪੰਨੂ ਸ਼੍ਰੋਮਣੀ ਅਕਾਲੀ ਦਲ 1920, ਹਰਪ੍ਰੀਤ ਸਿੰਘ ਸੋਢੀ, ਸਰਬਜੀਤ ਸਿੰਘ, ਸੰਦੀਪ ਸਿੰਘ,ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

## -ਮਾਮਲਾ 6 ਹਜ਼ਾਰ ਕਰੋੜ ਡਰੱਗ ਦਾ-

# 10 ਸਾਲ ਦੀ ਸਜ਼ਾ ਤੋਂ ਬਾਅਦ ਦੋਸ਼ੀ ਭੋਲਾ ਦੀ ਕਰੋੜਾਂ ਦੀ ਜਾਇਦਾਦ ਜ਼ਬਤ !

ਚੰਡੀਗੜ੍ਹ-ਪੰਜਾਬ ਵਿੱਚ ਈਡੀ ਦੀ ਵਿਸ਼ੇਸ਼ ਅਦਾਲਤ ਨੇ 6 ਹਜ਼ਾਰ ਕਰੋੜ ਦੇ ਡਰੱਗ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਬਰਖਾਸਤ ਡੀਐਸਪੀ ਜਗਦੀਸ਼ ਭੋਲਾ ਸਮੇਤ 17 ਨੂੰ ਸਜ਼ਾ ਸੁਣਾਈ ਗਈ ਸੀ ਹੁਣ ਜਾਇਦਾਦ ਜ਼ਬਤ ਕਰਨ ਦੇ ਵੀ ਆਦੇਸ਼ ਜਾਰੀ ਕਰ ਦਿੱਤੇ ਗਏ ਹਨ। ਜਿੰਨਾਂ ਮੁਲਜ਼ਮਾਂ ਨੂੰ ਸਜ਼ਾ ਮਿਲੀ ਸੀ ਉਸ ਵਿੱਚ ਭੋਲੇ ਦੀ ਪਤਨੀ ਅਤੇ ਸਹੁਰਾ ਵੀ ਸੀ।

ਉਧਰ ਇਸ ਮਾਮਲੇ ਵਿੱਚ ਸਾਰੇ ਦੋਸ਼ੀਆਂ ਦੀਆਂ 12.37 ਕਰੋੜ ਦੀ ਜਾਇਦਾਦ ਜ਼ਬਤ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਇਹ ਜਾਇਦਾਦ ਈਡੀ ਨੇ ਸਾਲ 2014, 2015 ਅਤੇ 2018 ਵਿੱਚ ਜ਼ਬਤ ਕੀਤੀ ਸੀ। ਇਸ ਮਾਮਲੇ ਵਿੱਚ ਕੁੱਲ 95 ਕਰੋੜ ਰੁਪਏ ਅਟੈਚ ਕੀਤੇ ਗਏ ਹਨ।

ਅਦਾਲਤ ਨੇ ਜਗਦੀਸ਼ ਭੋਲਾ, ਮਨਪ੍ਰੀਤ, ਸੁਖਰਾਜ, ਸੁਖਜੀਤ ਸੁਖਾ, ਮਨਿੰਦਰ, ਦਵਿੰਦਰ ਸਿੰਘ ਹੈਪੀ, ਅਵਤਾਰ ਨੂੰ 10-10 ਸਾਲ ਦੀ



ਸਜ਼ਾ ਸੁਣਾਈ ਗਈ ਹੈ। ਜਦਕਿ ਜਗਦੀਸ਼ ਭੋਲਾ ਦੀ ਪਤਨੀ ਗੁਰਪ੍ਰੀਤ ਕੌਰ, ਅਵਤਾਰ ਸਿੰਘ ਦੀ ਪਤਨੀ ਸੰਦੀਪ ਕੌਰ, ਜਗਮਿੰਦਰ ਕੌਰ ਔਲਖ, ਗੁਰਮੀਤ ਕੌਰ, ਆਰਾਮਜੀਤ ਸਿੰਘ ਅਤੇ ਭੋਲਾ ਦੇ ਸਹੁਰੇ ਨੂੰ 3-3 ਸਾਲ ਦੀ ਸਜ਼ਾ ਸੁਣਾਈ ਗਈ ਹੈ। 6 ਹਜ਼ਾਰ ਕਰੋੜ ਡਰੱਗ ਦਾ ਮਾਮਲਾ 2013 ਵਿੱਚ ਸਾਹਮਣੇ ਆਇਆ ਸੀ। ਜਦੋਂ ਪੰਜਾਬ ਪੁਲਿਸ ਨੇ ਅਰਜੁਨ ਅਵਾਰਡੀ ਪਹਿਲਵਾਨ ਰੁਸਤਮ-ਏ-ਹਿੰਦ ਜਗਦੀਸ਼ ਭੋਲਾ ਨੂੰ ਗ੍ਰਿਫਤਾਰ ਕੀਤਾ ਸੀ। ਇਹ ਡਰੱਗ ਰੈਕੇਟ ਪੰਜਾਬ ਤੋਂ ਲੈਕੇ ਵਿਦੇਸ਼ ਤੱਕ ਚੱਲ ਰਿਹਾ ਹੈ।

# ਸ਼੍ਰੋਮਣੀ ਅਕਾਲੀ ਦਲ ਨੇ 23 ਮੈਂਬਰੀ ਕੋਰ ਕਮੇਟੀ ਬਣਾਈ

## ○ ਸੁਖਬੀਰ ਦੀ ਅਗਵਾਈ ਵਿਚ ਹੋਈ ਬੈਠਕ 'ਚ ਲਗਾਈ ਗਈ ਮੈਂਬਰਾਂ ਦੇ ਨਾਵਾਂ 'ਤੇ ਮੋਹਰ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ 23 ਜੁਲਾਈ ਨੂੰ ਕੋਰ ਕਮੇਟੀ ਭੰਗ ਕਰਨ ਤੋਂ ਬਾਅਦ ਬੀਤੇ ਐਤਵਾਰ ਨੂੰ 23 ਮੈਂਬਰੀ ਨਵੀਂ ਕੋਰ ਕਮੇਟੀ ਦਾ ਗਠਨ ਕਰ ਦਿੱਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਵਿਚ ਕਮੇਟੀ ਦੀ ਹੋਈ ਬੈਠਕ 'ਚ ਇਸ 'ਤੇ ਮੋਹਰ ਲੱਗਣ ਤੋਂ ਬਾਅਦ ਪਾਰਟੀ ਦੇ ਸੀਨੀਅਰ ਨੇਤਾ ਡਾ. ਦਲਜੀਤ ਸਿੰਘ ਚੀਮ ਨੇ ਇਸ ਦੀ ਜਾਣਕਾਰੀ ਇੰਟਰਨੈੱਟ ਮੀਡੀਆ ਐਕਸ 'ਤੇ ਪੋਸਟ ਪਾ ਕੇ ਦਿੱਤੀ। ਕੋਰ ਕਮੇਟੀ 'ਚ ਜਿਨ੍ਹਾਂ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂਵਿੱਚ ਸਭ ਤੋਂ ਪਹਿਲਾ ਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਹੈ। ਉਨ੍ਹਾਂ ਤੋਂ ਇਲਾਵਾ ਮੈਂਬਰਾਂ 'ਚ ਬਲਵਿੰਦਰ ਸਿੰਘ ਭੂੰਦੜ, ਨਰੇਸ਼ ਗੁਜਰਾਲ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ ਇੰਦਰ ਸਿੰਘ ਗਰੇਵਾਲ, ਡਾ. ਦਲਜੀਤ ਸਿੰਘ ਚੀਮਾ, ਜਨਮੇਜ਼ਾ ਸਿੰਘ ਸੇਖੋਂ, ਅਨਿਲ ਜੋਸ਼ੀ, ਸ਼ਰਨਜੀਤ ਸਿੰਘ ਢਿੱਲੋਂ, ਬਿਕਰਮ ਸਿੰਘ ਮਜੀਠੀਆ, ਹੀਰਾ ਸਿੰਘ ਗਾਬੜੀਆ, ਪਰਮਜੀਤ ਸਿੰਘ ਸਰਨਾ, ਮਨਜੀਤ ਸਿੰਘ ਜੀਕੇ, ਇਕਬਾਲ ਸਿੰਘ ਝੂੰਦਾ, ਪ੍ਰੋ. ਵਿਰਸਾ ਸਿੰਘ ਵਲਟੋਹਾ, ਗੁਰਬਚਨ ਸਿੰਘ ਬੱਬੇਹਾਲੀ, ਡਾ. ਸੁਖਵਿੰਦਰ ਸੁੱਖੀ, ਲਖਬੀਰ ਸਿੰਘ ਲੋਧੀਨੰਗਲ, ਐੱਨਕੇ ਸ਼ਰਮਾ, ਮਨਤਾਰ ਸਿੰਘ ਬਰਾੜ, ਹਰਮੀਤ ਸਿੰਘ ਸੰਧੂ, ਸੋਹਨ ਸਿੰਘ ਠੰਢਲ ਤੇ ਬਲਦੇਵ ਸਿੰਘ ਖਹਿਰਾ ਦੇ ਨਾਂ ਸ਼ਾਮਿਲ ਹਨ।

**ਵਿਚਾਰ :–** ਸ਼ਹਿਰ ਬਦਲਣ ਦੇ ਨਾਲ, ਚੁਗਲੀ ਦੀ ਆਦਤ ਨਹੀਂ ਬਦਲ ਜਾਂਦੀ–ਜਨਮੇਜਾ ਸਿੰਘ ਜੌਹਲ



ਰਜਿੰਦਰ ਸਿੰਘ ਪੁਰੇਵਾਲ

# ਸੁਖਬੀਰ ਸਿੰਘ ਬਾਦਲ ਦੇ ਮਾਫ਼ੀਨਾਮੇ ਬਾਰੇ ਸਿੰਘ ਸਾਹਿਬਾਨ ਪੰਥਕ ਭਾਵਨਾਵਾਂ ਅਨੁਸਾਰ ਫੈਸਲਾ ਲੈਣ

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 30 ਅਗਸਤ ਨੂੰ ਹੋਣੀ ਹੈ। ਇਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਮਾਫ਼ੀਨਾਮੇ ਅਤੇ ਕੁਝ ਅਤਿ ਜ਼ਰੂਰੀ ਪੰਥਕ ਕਾਰਜਾਂ ਸਬੰਧੀ ਵਿਚਾਰ-ਵਟਾਂਦਰਾ ਹੋਵੇਗਾ। ਬਹੁਗਿਣਤੀ ਪੰਥਕ ਧੜਿਆਂ ਦੀ ਰਾਇ ਹੈ ਕਿ ਅਕਾਲ ਤਖਤ ਸਾਹਿਬ ਇਸ ਬਾਰੇ ਪੰਥਕ ਇਛਾ ਗੁਰੂ ਸਿਧਾਂਤ ਅਨੁਸਾਰ ਫੈਸਲਾ ਕਰਨ। ਮਸਲਾ ਤਾਂ ਸਿਆਸਤ ਅਤੇ ਸਿਆਸੀ ਜਥੇਬੰਦਕ ਢਾਂਚੇ ਨੂੰ ਦਰੁਸਤ ਕਰਨ ਦਾ ਸੀ ਪਰ ਇਹ ਸਭ ਕੁਝ ਨੂੰ ਧਾਰਮਿਕ ਉਕਾਈਆਂ ਦੀ ਚਾਦਰ ਵਿੱਚ ਲਪੇਟਣ ਦੇ ਦਾਅ ਵਜੋਂ ਅਕਾਲੀ ਲੀਡਰਸ਼ਿਪ ਅਕਾਲ ਤਖਤ ਸਾਹਿਬ ’ਤੇ ਚਲੀ ਗਈ। ਇਸ ਮੌਕਾਪ੍ਰਸਤੀ ਵਾਲੇ ਕਦਮ ਨਾਲ ਪਿਛਲੀਆਂ ਖੁਨਾਮੀਆਂ ਦੇ ਕੱਚੇ ਚਿੱਠੇ ਫਿਰ ਤਾਜ਼ੇ ਹੋਣੇ ਸ਼ੁਰੂ ਹੋ ਗਏ ਹਨ। ਦੋਸ਼ੀ ਦੋਵੇਂ ਧਿਰਾਂ ਹਨ। ਦਿੱਤੀਆਂ ਜਾਣ ਵਾਲੀਆਂ ਸਫਾਈਆਂ ਦੀ ਚੀਰ ਫਾੜ ਵਿੱਚੋਂ ਸਿਖ ਪੰਥ ਇਨ੍ਹਾਂ ਦੇ ਦੰਭ ਨਿਤਾਰੇਗਾ ਅਤੇ ਹੋਰ ਸਵਾਲ ਖੜ੍ਹੇ ਹੋਣਗੇ। ਮਸਲਾ ਹੱਲ ਨਹੀਂ ਹੋਵੇਗਾ।

ਬਾਗੀ ਅਕਾਲੀ ਧੜਾ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਹੁਣ ਲਈ ਅਕਾਲ ਤਖਤ ’ਤੇ ਸ਼ਿਕਾਇਤ ਲਗਾ ਚੁਕਾ ਹੈ ਅਤੇ ਸੁਖਬੀਰ ਬਾਦਲ ਆਪਣੇ ਧੜੇ ਨਾਲ ਅਕਾਲ ਤਖਤ ਸਾਹਿਬ ਪੇਸ਼ ਹੋਕੇ ਆਪਣਾ ਸਪਸ਼ਟੀਕਰਨ ਦੇ ਚੁਕਾ ਹੈ। ਦੋਹਾਂ ਧੜਿਆਂ ਦੀ ਲੀਡਰਸ਼ਿਪ ਹੀ ਚਤੁਰਾਈ ਨਾਲ ਅਕਾਲ ਤਖਤ ਦੀ ਵਰਤੋਂ ਨਾਲ ਨਾਤ੍ਹੇ ਧੋਤੇ ਬਣਨ ਦੀ ਕੋਸ਼ਿਸ਼ ਕਰ ਰਹੀ ਹੈ। ਸਿਖ ਪੰਥ ਦੀ ਨਜ਼ਰ ਵਿੱਚ ਅਕਾਲ ਤਖਤ ’ਤੇ ਭੁੱਲਾਂ ਬਖਸ਼ਾਉਣ ਲਈ ਜਾਣ ਵਾਲੇ ਇਨ੍ਹਾਂ ਦੋਨੋਂ ਧੜਿਆਂ ਦੀ ਖਸਲਤ, “ਨਾਵਣ ਚਲੇ ਤੀਰਥੀ, ਮਨ ਖੋਟੇ ਤਨਿ ਚੋਰ।” ਤੋਂ ਵੱਧ ਨਹੀਂ ਹੈ।

ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿੱਪ, ਜੋ ਸੱਤਾ ਜਾਣ ਕਾਰਨ ਨਿਰਾਸ਼ ਹੈ ਅਤੇ ਮੁੜ ਸੱਤਾ ਪਰਾਪਤੀ ਲਈ ਡਰਾਮੇ ਕਰ ਰਹੀ ਹੈ। ਇਸੇ ਕਰਕੇ ਅਕਾਲ ਤਖਤ ਨੂੰ ਮੁੜ ਆਪਣੇ ਸਿਆਸੀ ਝਮੇਲੇ ਦਾ ਅਖਾੜਾ ਬਣਾ ਲਿਆ ਹੈ। ਇਸ ਕਾਰਣ ਅਕਾਲ ਤਖਤ ਸਾਹਿਬ ਦਾ ਅਕਸ ਡੇਰੇ ਨੂੰ ਮੁਆਫ਼ੀ ਵਾਂਗ ਫਿਰ ਦਾਅ ਉਪਰ ਨਾ ਲੱਗੇ । ਸਿੰਘ ਸਾਹਿਬ ਵੱਲੋਂ ਧਾਰਮਿਕ ਸਜ਼ਾ ਤਾਂ ਲੱਗ ਜਾਏਗੀ ਪਰ ਸਿਆਸੀ ਅਤੇ ਕਾਨੂੰਨੀ ਉਕਾਈਆਂ ਦਾ ਸਿੰਘ ਸਾਹਿਬ ਕੀ ਕਰਨਗੇ ਜਿਸਦੇ ਅਕਾਲੀ ਧੜੇ ਜ਼ਿੰਮੇਵਾਰ ਹਨ? ਖਦਸ਼ਾ ਹੈ ਕਿ ਇਸ ਸਿਆਸੀ ਡਰਾਮੇ ਤੇ ਅਕਾਲੀ ਲੀਡਰਸ਼ਿਪ ਦੀਆਂ ‘ਚਤੁਰਾਈਆਂ’ ਕਾਰਨ ਅਕਾਲ ਤਖਤ ਦੀ ਸੰਸਥਾ ਨੂੰ ਵਿਵਾਦਾਂ ਵਿੱਚ ਨਾ ਪਾਇਆ ਜਾਵੇ .

ਇਹ ਮਸਲਾ ਹਲ ਕਰਨਾ ਜਾਂ ਤਨਖਾਹ ਲਗਾਕੇ ਨਿਪਟਾਉਣਾ ਸੌਖਾ ਨਹੀਂ ਹੋਵੇਗਾ। ਇਸ ਸਬੰਧ ਵਿਚ ਚੋਣਵੀਆਂ ਪੰਥਕ ਸੰਸਥਾਵਾਂ ਤੇ ਬੁਧੀਜੀਵੀਆਂ ਦਾ 200-250 ਕਰੀਬ ਇਕਠ ਸਦਕੇ ਰਾਇ ਲੈਣੀ ਚਾਹੀਦੀ ਹੈ ਕਿ ਫੈਸਲਾ ਕਿਹੋ ਜਿਹਾ ਹੋਵੇ ਜੋ ਸਿਖ ਪੰਥ ਨੂੰ ਮਨਜੂਰ ਹੋਵੇ ਤੇ ਅਕਾਲ ਤਖਤ ਸਾਹਿਬ ਦਾ ਅਕਸ ਇਤਿਹਾਸ ਵਿਚ ਚਮਕਦਾ ਰਹੇ।

ਸਾਡੀ ਰਾਇ ਹੈ ਕਿ ਜੇ ਸਪਸ਼ਟੀਕਰਨ ਦੇਣ ਵਾਲਾ ਆਪਣੇ ਦੋਸ਼ ਸਪਸ਼ਟ ਤੌਰ ਉਪਰ ਮੰਨਦਾ ਹੈ ਤਾਂ ਮੁਆਫੀ ਲਈ ਅਗਲੀ ਕਾਰਵਾਈ ਕੀਤੀ ਜਾਏ, ਨਹੀਂ ਤਾਂ ਫੈਸਲਾ ਸਿਖ ਪੰਥ ਦੇ ਨੁਮਾਇੰਦਾ ਇਕਠ ’ਤੇ ਛੱਡ ਦਿੱਤਾ ਜਾਏ। ਹੁਣ ਰਵਾਇਤੀ ਅਕਾਲੀ ਦਲ ਅਤੇ ਅਕਾਲ ਤਖਤ ਦੀ ਆਜ਼ਾਦ ਹਸਤੀ ਦੀ ਮੁੜ ਬਹਾਲੀ ਦੀ ਲੋੜ ਹੈ। ਜੇ ਅਕਾਲ ਤਖਤ ਦਾ ਜਥੇਦਾਰ ਮਿਸਾਲੀ ਹੌਸਲੇ ਨਾਲ ਇਤਿਹਾਸਕ ਫੈਸਲਾ ਕਰਨ ਦੀ ਜੁਰਅਤ ਦਿਖਾਉਣ ਤਾਂ ਅਜਿਹਾ ਸੰਭਵ ਹੈ। ਇਹ ਸਭ ਕੁਝ ਜਥੇਦਾਰ ਦੀ ਦੂਰਦਰਸ਼ਤਾ, ਹੌਸਲੇ, ਕੁਰਬਾਨੀ ਦੇ ਜਜ਼ਬੇ ਅਤੇ ਤਿਆਗ ਦੀ ਭਾਵਨਾ ’ਤੇ ਨਿਰਭਰ ਕਰਦਾ ਹੈ। ਇਸ ਨਾਲ ਹੀ ਸਿਖ ਪੰਥ ਨੂੰ ਨਵੀਂ ਲੀਡਰਸ਼ਿਪ ਤੇ ਅਗਵਾਈ ਮਿਲ ਸਕਦੀ ਹੈ।

ਭਾਰਤ ਦੀਆਂ ਏਜੰਸੀਆਂ, ਭਾਰਤੀ ਜਨਤਾ ਪਾਰਟੀ, ਕਾਂਗਰਸ ਤੇ ਆਪ ਸਾਰੀਆਂ ਪਾਰਟੀਆਂ ਹੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਚਾਹੁੰਦੀਆਂ ਹਨ । ਸਾਨੂੰ ਅਕਾਲੀ ਦਲ ਨੂੰ ਸਹਿਯੋਗ ਦੇ ਕੇ ਚੰਗੇ ਅਕਸ ਵਾਲੇ ਪੰਥਕ ਆਗੂਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ । ਅਕਾਲੀ ਦਲ ਖੇਤਰੀ ਪਾਰਟੀ ਹੋਣ ਕਰਕੇ ਪੰਜਾਬੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕਦੀ ਹੈ ।

-ਰਜਿੰਦਰ ਸਿੰਘ ਪੁਰੇਵਾਲ

### ਮਾਮਲਾ ਹਰਿਆਣਾ ਗੁਰਦੁਆਰਾ ਐਕਟ 2014 ਵਿਚ ਸੋਧ ਦਾ

## ਸੈਣੀ ਸਰਕਾਰ ਨੇ ਦਿੱਤੀ ਮਨਜ਼ੂਰੀ, ਓਰਡੀਨੈਂਸ ਲਿਆਵੇਗੀ



ਅੰਬਾਲਾ-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ ਕੈਬਨਿਟ ਦੀ ਮੀਟਿੰਗ ਵਿਚ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਐਕਟ, 2014 ਵਿਚ ਸੋਧ ਕਰਨ ਲਈ ਹਰਿਆਣਾ ਸਿੱਖ ਗੁਰਦੁਆਰਾ (ਪ੍ਰਬੰਧਨ) ਸੋਧ ਆਰਡੀਨੈਂਸ 2024 ਨੂੰ ਮੰਜ਼ੂਰੀ ਦਿੱਤੀ ਗਈ। ਬੈਠਕ ਅਨੁਸਾਰ ਪ੍ਰਸਤਾਵਿਤ ਡ੍ਰਾਫਟ ਆਰਡੀਨੈਂਸ ਅਨੁਸਾਰ, ਹੁਣ ਹਰਿਆਣਾ ਸਿੱਖ ਗੁਰਦੁਆਰਾ ਨਿਆਂਇਕ ਆਯੋਗ ਦਾ ਚੇਅਰਮੈਨ ਹਾਈ ਕੋਰਟ ਦਾ ਜੱਜ ਹੋਵੇਗਾ। ਜੇਕਰ ਹਾਈ ਕੋਰਟ ਦਾ ਜੱਜ ਨਿਯੁਕਤ ਨਹੀਂ ਕੀਤਾ ਜਾਂਦਾ ਹੈ, ਤਾਂ ਜਿਲ੍ਹਾ ਜੱਜ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ।

**NEWS & VIEWS**

# MINIMUM AGENDA FOR BRITISH SIKH MPs



Gurmukh Singh
OBE

British Sikhs celebrated the election of over 10 Sikh background Members of Parliament in the 2024 General Election. Of these four are turban wearing identity Sikhs. That is a good start in politics for next generation Sikhs in the UK.

Hopefully, a breakthrough will also be achieved in the mainstream media and national level journalism in due course. Otherwise, British Sikhs are doing well in most fields. They are a role-model hardworking community making a net contribution to the UK economy and *provide an interesting example of successful integration whilst maintaining a very visible and distinctive religious identity.* (ref: *The Sikh Manifesto 2015*)

All Parliamentarians should give highest priority to national issues. We have made Britain our home because, overall, British society is a fair and just society which attempts to provide a level playing field for all communities.

Anglo-Sikh relations go back to the early 18th century. Later, Sikhs made massive sacrifices in the two World Wars and have been reliable allies of Western nations in defending the free world. Thus, Sikh MPs have a strong Anglo-Sikh relations foundation to be proud of and build upon.

As MPs, they should cater for the needs of all their constituents. In addition, as Sikhs, they are also expected to have a good understanding of Sikh issues. Some of these are listed in the *Sikh Manifesto 2024*. Their very presence and visibility in the Parliament is a significant step towards acceptance of Sikh identity as part of British plural society and way of life. They will be expected to represent Sikh issues effectively in the Parliament as well as in public. That requires understanding of those issues. They should research and also develop the necessary presentational skills.

Some ongoing topics and priorities include: systematic collection and use of data on Sikhs by the government and public bodies to ensure a level playing field; promoting a better understanding of Sikh identity and Sikh way of life to counter hate crimes targeting Sikhs partly due to mistaken identity; improved education about Sikh history and safeguarding Sikh historical artefacts in the UK.

Other Sikh issues can be looked at under Sikh legal rights in UK. Sikhs are a distinct global people linked to their origin in the Indian subcontinent. Most Sikhs live in the Indian part of Panjab and have family ties with British Sikhs. Issues such as treatment of Sikhs in India (and other countries) are of legitimate British Sikh concern through the Parliament. Sikh MPs are expected to take up these issues as and when they arise. Some obvious current examples are the lingering case of Jagtar Singh Johal, a British citizen, and release of Sikh prisoners held in Indian jails for years without trial; international recognition of the 1984 Sikh Genocide and UN-led inquiry; independent public inquiry into the actions of the UK Government and its motivations for anti-Sikh measures in the 1980s; and, application of self-determination to the Sikhs as a historical and legal right of a people, regardless of whether or not they support the case for Sikh homeland within India or as an independent nation. (*The Sikh Manifesto 2024* for further reading.).

Public focus will be on the performance Sikh MPs. British Sikhs will expect Sikh (together with other) MPs to take up such legitimate Sikh issues in the Parliament *above* international trade considerations. They need to win the trust of Sikhs at grassroots level as well as their non-Sikh constituents. We wish them well.

**Gurmukh Singh OBE,** Ret'd Principal Civil Servant (UK) sewauk2005@yahoo.co.uk

# 'ਆਪ' ਸਰਕਾਰ ਨੇ ਫਿਰ ਚੁੱਕਿਆ 700 ਕਰੋੜ ਰੁਪਏ ਦਾ ਕਰਜ਼ਾ

**ਕਵਰ ਸਟੋਰੀ**

## ✪ ਢਾਈ ਸਾਲ ਦੀ ਸਰਕਾਰ ਤੇ 11 ਸਾਲਾਂ ਲਈ ਚੁੱਕਿਆ ਕਰਜ਼ਾ ✪ ਕੇਂਦਰ ਸਰਕਾਰ ਦੇ ਆਰਥਿਕ ਪੈਕੇਜ ਤੇ ਪੰਜਾਬ ਦੇ ਸਰਹੱਦੀ ਬਾਰਡਰ ਖੁਲੇ ਬਿਨਾਂ ਪੰਜਾਬ ਦਾ ਆਰਥਿਕ ਸੁਧਾਰ ਅਸੰਭਵ



ਪੰਜਾਬ ਸਰਕਾਰ ਨੇ ਅਗਸਤ ਮਹੀਨਾ ਚੜ੍ਹਦੇ ਹੀ 700 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕ ਲਿਆ ਹੈ ਅਤੇ ਇਸ ਦੀ ਵਾਪਸੀ 31 ਜੁਲਾਈ 2035 ਤੱਕ ਕਰਨੀ ਤੈਅ ਕੀਤੀ ਗਈ ਹੈ। ਸਰਕਾਰ ਕੋਲ ਮਹਿਜ਼ ਢਾਈ ਸਾਲ ਦੇ ਕਰੀਬ ਸਮਾਂ ਬਾਕੀ ਹੈ ਪਰ ਸਰਕਾਰ ਨੇ ਇਹ ਕਰਜ਼ਾ 11 ਸਾਲਾਂ ਲਈ ਚੁੱਕ ਲਿਆ ਹੈ। ਇਸ ਤੋਂ ਪਹਿਲਾਂ 'ਆਪ' ਦੀ ਸਰਕਾਰ ਨੇ 1 ਅਪ੍ਰੈਲ ਤੋਂ 25 ਜੂਨ ਤੱਕ 12000 ਕਰੋੜ ਦਾ ਕਰਜ਼ਾ ਚੁੱਕਿਆ ਸੀ। ਆਰ. ਬੀ. ਆਈ. ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ 2 ਅਪ੍ਰੈਲ ਨੂੰ 3000 ਕਰੋੜ, 8 ਅਪ੍ਰੈਲ ਨੂੰ 1000 ਕਰੋੜ, 23 ਅਪ੍ਰੈਲ ਨੂੰ 500 ਕਰੋੜ, 30 ਅਪ੍ਰੈਲ ਨੂੰ 1500 ਕਰੋੜ, 7 ਮਈ ਨੂੰ 500 ਕਰੋੜ, 14 ਮਈ ਨੂੰ 1000 ਕਰੋੜ, 28 ਮਈ ਨੂੰ 2000 ਕਰੋੜ, 4 ਜੂਨ ਨੂੰ 1000 ਕਰੋੜ, 11 ਜੂਨ ਨੂੰ 500 ਕਰੋੜ, 18 ਜੂਨ ਨੂੰ 500 ਕਰੋੜ ਅਤੇ 25 ਜੂਨ ਨੂੰ ਫਿਰ 500 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਸੀ।

ਇਸ ਸੰਬੰਧੀ ਵੇਰਵਾ ਸਰਕਾਰ ਵਲੋਂ ਆਰ. ਬੀ. ਆਈ. ਨੂੰ ਕਰਜ਼ਾ ਚੁੱਕਣ ਤੋਂ ਪਹਿਲਾਂ ਲਿਖਤੀ ਤੌਰ 'ਤੇ ਭੇਜਿਆ ਗਿਆ ਸੀ ਕਿ ਅਪ੍ਰੈਲ ਤੋਂ ਜੂਨ ਤੱਕ ਸਰਕਾਰ ਇਸ ਮਿਆਦ ਵਿਚ ਇੰਨਾ ਕਰਜ਼ਾ ਚੁੱਕੇਗੀ। ਦੱਸਣਯੋਗ ਹੈ ਕਿ ਲੰਘੇ ਸਾਲ 29 ਦਸੰਬਰ 2023 ਨੂੰ ਪੰਜਾਬ ਸਰਕਾਰ ਨੇ ਆਰ. ਬੀ. ਆਈ. ਨੂੰ ਲਿਖ ਕੇ ਦੇ ਦਿੱਤਾ ਸੀ ਕਿ ਸਰਕਾਰ ਵਲੋਂ ਜਨਵਰੀ, ਫਰਵਰੀ ਅਤੇ ਮਾਰਚ ਮਹੀਨੇ ਕਿੰਨਾ ਕਰਜ਼ਾ ਚੁੱਕਿਆ ਜਾਵੇਗਾ, ਜਿਸ ਤਹਿਤ ਸਰਕਾਰ ਵਲੋਂ ਜਨਵਰੀ ਅਤੇ ਫਰਵਰੀ ਮਹੀਨੇ ਵਿਚ 3899 ਕਰੋੜ ਰੁਪਏ ਕਰਜ਼ਾ ਚੁੱਕਿਆ ਅਤੇ ਫਿਰ ਮਾਰਚ ਵਿਚ 3800 ਕਰੋੜ ਰੁਪਏ ਦਾ ਹੋਰ ਕਰਜ਼ਾ ਚੁੱਕ ਲਿਆ। ਇਹ ਕਰਜ਼ਾ ਪੰਜਾਬ ਸਰਕਾਰ ਵਲੋਂ ਆਰ.ਬੀ.ਆਈ. ਤੋਂ ਰਿਣ ਪੱਤਰਾਂ ਦੀ ਨਿਲਾਮੀ ਦੁਆਰਾ ਚੁੱਕਿਆ ਜਾ ਰਿਹਾ ਹੈ ।

ਯਾਦ ਰਹੇ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਪੰਜਾਬ ਦੇ ਕਰਜ਼ੇ ਦੀ ਕਾਫ਼ੀ ਚਰਚਾ ਹੋਈ ਸੀ ਕਿਉਂਕਿ ਉਸ ਵੇਲੇ ਸੂਬਾ ਤਿੰਨ ਲੱਖ ਕਰੋੜ ਰੁਪਏ ਕਰਜ਼ੇ ਦੇ ਅੰਕੜੇ ਵੱਲ ਵੱਧ ਰਿਹਾ ਸੀ। ਹੁਣ ਸੂਬਾ ਸਾਢੇ ਤਿੰਨ ਲੱਖ ਕਰੋੜ ਰੁਪਏ ਦੇ ਕਰਜ਼ੇ ਤਕ ਪਹੁੰਚ ਗਿਆ ਹੈ। ਆਰਥਿਕ ਮਾਹਿਰ ਆਖਦੇ ਹਨ ਕਿ ਜੇਕਰ ਕਰਜ਼ਾ ਲੈਣ ਦੀ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਅਗਲੇ ਤਿੰਨ ਸਾਲਾਂ ਵਿੱਚ ਪੰਜਾਬ ਹੋਰ 1.07 ਲੱਖ ਕਰੋੜ ਦਾ ਕਰਜ਼ਈ ਹੋ ਜਾਵੇਗਾ। ਆਰਥਿਕ ਮਾਮਲਿਆਂ ਦੇ ਮਾਹਿਰ ਰਣਜੀਤ ਸਿੰਘ ਘੁੰਮਣ ਕਹਿੰਦੇ ਹਨ ਕਿ ਸੂਬੇ ਦਾ ਕਰਜ਼ਾ ਚਿੰਤਾ ਦਾ ਵਿਸ਼ਾ ਤਾਂ ਹੈ ਪਰ ਵੱਡੀ ਚਿੰਤਾ ਦੀ ਗੱਲ ਹੈ ਕਿ ਸੂਬਾ ਕਰਜ਼ਾ ਲੈ ਕੇ ਕਰਜ਼ਾ ਚੁਕਾ ਰਿਹਾ ਹੈ। ਇਸ ਦਾ ਮਤਲਬ ਹੈ ਕਿ ਜਿਹੜੀਆਂ ਚੀਜ਼ਾਂ ਜਾਂ ਸੇਵਾਵਾਂ 'ਤੇ ਪੈਸਾ ਖ਼ਰਚ ਹੋਣਾ ਚਾਹੀਦਾ 1ਹੈ, ਜਿਵੇਂ ਕਿ ਸਿਹਤ, ਸਿੱਖਿਆ ਜਾਂ ਉਦਯੋਗ, ਉਹ ਨਹੀਂ ਹੋ ਰਿਹਾ ਤੇ ਸੂਬਾ ਸਿਰਫ਼ ਪਿਛੜ ਹੀ ਰਿਹਾ ਹੈ। ਅੰਕੜੇ ਦੱਸਦੇ ਹਨ ਕਿ ਕੇਵਲ ਕਰਜ਼ਾ ਹੀ ਨਹੀਂ ਵੱਧ ਰਿਹਾ ਸਗੋਂ ਜਿਸ ਗਤੀ ਨਾਲ ਕਰਜ਼ਾ ਵਧ ਰਿਹਾ ਹੈ ਉਹ ਵੀ ਚਿੰਤਾਜਨਕ ਹੈ। ਸੂਬਾ ਜੀਐੱਸਡੀਪੀ ਵਿੱਚ ਵਾਧੇ ਤੇ ਪ੍ਰਤੀ ਵਿਅਕਤੀ ਆਮਦਨ ਦੋਵਾਂ ਪੱਖੋਂ ਪਿਛੜ ਗਿਆ ਹੈ।

ਰਣਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਇਸ ਦਰ ਨਾਲ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਰਾਸ਼ਟਰੀ ਔਸਤ ਤੋਂ ਹੇਠਾਂ ਖਿਸਕ ਜਾਵੇ।

**ਬਾਕੀ ਹਿਸਾ ਸਫ਼ਾ 44 ਤੇ ਪੜ੍ਹੋ**

## ਵਿਰੋਧੀ ਪਾਰਟੀਆਂ ਵਲੋਂ ਆਪ ਸਰਕਾਰ ਦੀ ਆਲੋਚਨਾ

ਇਸ ਸੰਬੰਧੀ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਵੱਡੇ-ਵੱਡੇ ਝੂਠ ਬੋਲ ਕੇ ਸੱਤਾ ਵਿਚ ਆਈ 'ਆਪ' ਦੀ ਹੁਣ ਤੱਕ ਕੋਈ ਪ੍ਰਾਪਤੀ ਨਹੀਂ, ਪਰ ਸੱਤਾ ਤੋਂ ਜਦੋਂ ਪੰਜਾਬ ਦੇ ਲੋਕ ਇਨ੍ਹਾਂ ਨੂੰ ਬਾਹਰ ਕਰ ਦੇਣਗੇ ਤਾਂ ਇਨ੍ਹਾਂ ਦੀ ਇਕ ਹੀ ਪ੍ਰਾਪਤੀ ਹੋਵੇਗੀ ਕਿ ਇਸ ਪਾਰਟੀ ਨੇ ਸੂਬੇ ਨੂੰ ਕਰਜ਼ੇ ਵਿਚ ਡੁਬੋ ਦਿੱਤਾ ਹੈ।

ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਜਿਸ ਤਰ੍ਹਾਂ ਇਹ ਸਰਕਾਰ ਲਗਾਤਾਰ ਕਰਜ਼ੇ ਚੁੱਕ ਰਹੀ ਹੈ ਪੰਜਾਬ ਵਿਚ ਵਿੱਤੀ ਐਮਰਜੈਂਸੀ ਲੱਗਣ ਦੀ ਸੰਭਾਵਨਾ ਹੈ, ਜਿਸ ਦਾ ਅਸਰ ਪੂਰੇ ਸੂਬੇ ਉਤੇ ਪਵੇਗਾ।

ਵਿਰੋਧੀ ਧਿਰ ਦੇ ਆਗੂ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੈਂ 'ਆਪ' ਸਰਕਾਰ ਨੇ ਇਕ ਵਾਰ ਫਿਰ 31 ਜੁਲਾਈ 2035 ਤੱਕ 7.34% ਦੀ ਵਿਆਜ ਦਰ 'ਤੇ ਪੰਜਾਬ ਦੇ ਕਰਜ਼ੇ ਦੇ ਬੋਝ ਵਿਚ 700 ਕਰੋੜ ਰੁਪਏ ਦਾ ਵਾਧਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਿਰ ਇਸ ਵਿੱਤੀ ਸਾਲ ਦੇ ਅੰਤ ਤੱਕ 3.74 ਲੱਖ ਕਰੋੜ ਰੁਪਏ ਦਾ ਬਕਾਇਆ ਕਰਜ਼ਾ ਹੋ ਜਾਵੇਗਾ।

ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਦੱਬੇ ਸੂਬੇ ਵਿੱਚ 70 ਹਜ਼ਾਰ ਕਰੋੜ ਦਾ ਵਾਧਾ ਕਰ ਚੁੱਕੀ ਹੈ ਅਤੇ ਲਗਾਤਾਰ ਹੋਰ ਕਰਜ਼ੇ ਚੁੱਕ ਰਹੀ ਹੈ। ਉਨ੍ਹਾਂ ਸਰਕਾਰ ਨੂੰ ਸਵਾਲ ਕਰਦਿਆਂ ਪੁੱਛਿਆ ਕਿ ਇਸ ਸਰਕਾਰ ਦੇ ਬਦਲਾਅ ਕਿੱਥੇ ਹੈ।

## ਕੀ ਹੱਲ ਹੈ ਪੰਜਾਬ ਦੀ ਆਰਥਿਕਤਾ ਦਾ

ਪੰਜਾਬ ਦੀ ਆਰਥਿਕ ਵਿਕਾਸ ਦੇ ਚਾਲਕ (ਖੇਤੀਬਾੜੀ, ਛੋਟੇ ਪੱਧਰ ਦੇ ਉਦਯੋਗ ਅਤੇ ਵਪਾਰਕ ਗਤੀਵਿਧੀਆਂ) ਬਹੁਤ ਕਮਜ਼ੋਰ ਹੋ ਗਏ ਹਨ।

ਰਣਜੀਤ ਸਿੰਘ ਘੁੰਮਣ ਕਹਿੰਦੇ ਹਨ, "ਇਸ ਸਥਿਤੀ ਵਿੱਚ, ਇਹ ਸੈਕਟਰ ਉਦੋਂ ਤੱਕ 'ਵਿਕਾਸ ਦਾ ਇੰਜਣ' ਨਹੀਂ ਬਣ ਸਕਦਾ ਜਦੋਂ ਤੱਕ ਕੁਝ ਬੁਨਿਆਦੀ ਸੁਧਾਰਾਂ ਜਿਵੇਂ ਕਿ ਫਸਲੀ ਵਿਭਿੰਨਤਾ, ਪਸ਼ੂ ਧਨ ਸੁਧਾਰ, ਬਾਗ਼ਬਾਨੀ, ਮੱਛੀ ਪਾਲਣ ਆਦਿ ਵਰਗੇ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ।"ਪੰਜਾਬ ਦਾ ਜਿਆਦਾਤਰ ਉਦਯੋਗ ਖੇਤੀ ਜਰੂਰਤਾਂ,ਫ਼ਸਲਾਂ ਦੀ ਪ੍ਰੋਸੈਸਿੰਗ ਅਤੇ ਲੋਕਾਂ ਦੀਆਂ ਜ਼ਰੂਰਤਾਂ ਨਾਲ ਸੰਬੰਧਿਤ ਚੀਜ਼ਾਂ ਬਣਾਉਣ ਵਿੱਚ ਲੱਗਿਆ ਹੈ। ਅਜਿਹੇ ਹਾਲਾਤਾਂ ਵਿੱਚ ਲੋੜ ਹੈ ਕਿ ਪੰਜਾਬ ਵਿੱਚ ਵੱਡੇ ਇੰਡਸਟਰੀ ਯੂਨਿਟ ਲਗਾਏ ਜਾਣ ਤਾਂ ਜੋ ਆਧੁਨਿਕ ਮਸ਼ੀਨਰੀ, ਖੇਤੀਬਾੜੀ ਨਾਲ ਸੰਬੰਧਿਤ ਇੰਡਸਟਰੀ, ਆਈਟੀ ਅਤੇ ਇੰਜੀਨੀਅਰਿੰਗ ਵਰਗੀਆਂ ਜ਼ਰੂਰਤਾਂ ਨੂੰ ਪੂਰਾ ਕਰਨ।

ਰਣਜੀਤ ਸਿੰਘ ਘੁੰਮਣ ਦਾ ਮੰਨਣਾ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਸਰਹੱਦੀ ਵਪਾਰ ਨੂੰ ਮੁੜ ਖੋਲ੍ਹਣ ਨਾਲ ਪੰਜਾਬ ਦੀ ਆਰਥਿਕਤਾ ਸੁਧਰ ਸਕਦੀ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਸੇਵਾਵਾਂ ਦੇ ਖੇਤਰ ਵਿੱਚ ਆਮਦਨੀ ਅਤੇ ਰੁਜ਼ਗਾਰ ਪੈਦਾ ਕਰਨ ਲਈ ਇੱਕ ਮੋਹਰੀ ਖੇਤਰ ਬਣਨ ਦੀ ਸਮਰੱਥਾ ਹੈ।

ਸੇਵਾ ਖੇਤਰ ਦੇ ਅੰਦਰ, ਹਰੇਕ ਉਪ-ਸੈਕਟਰ ਜਿਵੇਂ ਕਿ ਹੋਟਲ ਅਤੇ ਰੈਸਟੋਰੈਂਟ, ਸੈਰ ਸਪਾਟਾ, ਟਰਾਂਸਪੋਰਟ ਆਦਿ ਦੇ ਵਧਣ ਦੀ ਸਮਰੱਥਾ ਹੈ।

ਅਰਥ ਸ਼ਾਸਤਰੀ ਕੇਸਰ ਸਿੰਘ ਭੰਗੂ ਦਾ ਮੰਨਣਾ ਹੈ ਕਿ ਆਪ ਸਰਕਾਰ ਨੂੰ ਟੈਕਸਾਂ ਦੀ ਚੋਰੀ ਰੋਕ ਕੇ ਅਤੇ ਹੋਰ ਸਾਧਨ ਲਗਾ ਕੇ ਆਪਣੇ ਟੈਕਸਾਂ ਤੋਂ ਮਾਲੀਆ ਵਧਾਵੇ। ਨਾਲ ਹੀ ਗੈਰ-ਕਰਾਂ ਤੋਂ ਮਾਲੀਆ ਵੀ ਵਧਾਉਣਾ ਚਾਹੀਦਾ ਹੈ। ਸੂਬੇ ਵਿਚ ਪੂੰਜੀ ਖ਼ਰਚ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਜੋ ਪੂੰਜੀ ਨਿਵੇਸ਼ ਵਧ ਸਕੇ। ਇਸ ਨਾਲ ਸੂਬੇ ਵਿਚ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਆਮਦਨ ਵੀ ਵਧੇਗੀ। ਭਵਿੱਖ ਵਿਚ ਲਏ ਜਾਣ ਵਾਲੇ ਕਰਜ਼ਾ ਉਪਜਾਊ ਧੰਦਿਆਂ ਵਿਚ ਲਗਾ ਕੇ ਸੂਬੇ ਦੀ ਆਮਦਨ ਅਤੇ ਰੁਜ਼ਗਾਰ ਵਧਾਉਣਾ ਚਾਹੀਦਾ ਹੈ; ਨਾਲ ਹੀ ਲਿਆ ਕਰਜ਼ਾ ਵਿਆਜ ਸਮੇਤ ਸਮੇਂ ਸਿਰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਪਿਛਲਾ ਖੜ੍ਹਾ ਕਰਜ਼ਾ ਵੀ ਹੌਲੀ ਹੌਲੀ ਵਾਪਸ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੂੰ ਸੂਬੇ ਵੱਲੋਂ ਖੁਰਾਕ ਸੁਰੱਖਿਆ ਮੁਹੱਈਆ ਕਰਵਾਉਣ ਵਿਚ ਪਾਏ ਯੋਗਦਾਨ ਦੇ ਇਵਜ ਵਿਚ, ਸੂਬਾ ਸਰਹੱਦੀ ਖੇਤਰ ਹੋਣ ਕਾਰਨ ਝੱਲੀਆਂ ਜਾ ਰਹੀਆਂ ਮੁਸ਼ਕਿਲਾਂ ਖ਼ਾਸਕਰ ਨਿਵੇਸ਼ ਦੀ ਘਾਟ ਅਤੇ ਜੀਐੱਸਟੀ ਤੋਂ ਮਾਲੀਏ ਦੀ ਘਾਟ ਪੂਰੀ ਕਰਨ ਲਈ ਪੂੰਜੀ ਨਿਵੇਸ਼ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਤੇ ਵੱਡੇ ਆਰਥਿਕ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ।

ਖੇਤੀ ਪ੍ਰਧਾਨ ਦੇਸ਼ ਹੋਣ ਕਰ ਕੇ ਪੰਜਾਬ ਦੀ ਆਰਥਿਕ ਨੀਤੀ ਵਿਚ ਖੇਤੀ ਮੁੱਖ ਨੀਤੀ ਬਣਨੀ ਚਾਹੀਦੀ ਹੈ ਜਿਸ ਲਈ ਢੁਕਵੀਂ ਨੀਤੀ ਨੂੰ ਅਮਲ ਵਿਚ ਲਿਆਉਣਾ ਚਾਹੀਦਾ ਹੈ। ਕਣਕ ਅਤੇ ਝੋਨੇ ਤੋਂ ਇਲਾਵਾ ਉਹ ਵਸਤੂਆਂ ਜਿਨ੍ਹਾਂ ਦੀ ਦੇਸ਼ ਅਤੇ ਵਿਦੇਸ਼ ਵਿਚ ਵੱਡੀ ਮੰਗ ਹੈ (ਜਿਵੇਂ ਦਾਲਾਂ ਹਰ ਸਾਲ ਹਜ਼ਾਰਾਂ ਕਰੋੜ ਰੁਪਏ ਦੀਆਂ ਦਰਾਮਦ ਕੀਤੀਆਂ ਜਾਂਦੀਆਂ ਹਨ), ਦੀ ਪੈਦਾਵਾਰ ਤੇ ਜ਼ੋਰ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਤੇਲਾਂ ਦੇ ਬੀਜਾਂ ਦੀ ਵੱਡੀ ਮੰਡੀ ਦੇਸ਼ ਅਤੇ ਵਿਦੇਸ਼ ਵਿਚ ਹੈ ਪਰ ਇਹ ਫ਼ਸਲਾਂ ਯਕੀਨੀ ਮੰਡੀਕਰਨ ਦੀ ਅਣਹੋਂਦ ਕਰ ਕੇ ਬੀਜੀਆਂ ਨਹੀਂ ਜਾਂਦੀਆਂ, ਜਦੋਂਕਿ ਕਣਕ ਅਤੇ ਝੋਨੇ ਦੀਆਂ ਫ਼ਸਲਾਂ ਅਧੀਨ ਵਧਦਾ ਹੋਇਆ ਖੇਤਰ ਪਾਣੀ ਦੀ ਥੁੜ੍ਹ ਅਤੇ ਹੋਰ ਸਮੱਸਿਆਵਾਂ ਦੇ ਬਾਵਜੂਦ ਨਹੀਂ ਘਟ ਰਿਹਾ। ਖੇਤੀ ਆਰਥਿਕਤਾ ਤੇ ਆਧਾਰਿਤ ਉਹ ਖੇਤੀ ਆਧਾਰਿਤ ਉਦਯੋਗ ਜਿਨ੍ਹਾਂ ਦੀ ਵੱਡੀ ਸਮਰੱਥਾ ਹੈ, ਉਸ ਸਬੰਧੀ ਬਹੁਤ ਨਿਗੂਣੀ ਪ੍ਰਾਪਤੀ ਹੋਈ ਹੈ। ਸਿਵਾਏ ਖੰਡ ਮਿੱਲਾਂ ਤੋਂ ਹੋਰ ਕਿਸੇ ਵੀ ਖੇਤੀ ਆਧਾਰਿਤ ਉਦਯੋਗ ਨੂੰ ਉਤਸ਼ਾਹਿਤ ਨਹੀਂ ਕੀਤਾ ਗਿਆ। ਪ੍ਰਾਈਵੇਟ ਉੱਦਮੀਆਂ ਨੇ ਇਸ ਵਿਚ ਦਿਲਚਸਪੀ ਨਹੀਂ ਦਿਖਾਈ ਕਿਉਂ ਜੋ ਸਭ ਤੋਂ ਵੱਡੀ ਰੁਕਾਵਟ ਕੱਚੇ ਮਾਲ ਦੀ ਅਨਿਸ਼ਚਿਤਤਾ ਰਹੀ ਹੈ। ਆਰਥਿਕਤਾ ਵਿਚ ਉਭਾਰ ਆਉਣ ਤੋਂ ਬਗੈਰ ਨਾ ਕਰਜ਼ਾ ਘਟ ਸਕਦਾ ਹੈ ਅਤੇ ਨਾ ਪ੍ਰਤੀ ਵਿਅਕਤੀ ਆਮਦਨ ਜਾਂ ਰੁਜ਼ਗਾਰ ਵਧ ਸਕਦਾ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਰੌਲੀ ਦਾ ਮਾਮਲਾ ਯੂ ਕੇ ਦੇ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਨੂੰ ਇਸ ਮਾਮਲੇ ਵਿੱਚ

# ਸਾਡਾ ਸਮਰਥਨ ਕਰਨ ਦੀ ਅਪੀਲ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

2011 ਵਿੱਚ, ਸ੍ਰੀ ਗੁਰੂ ਸਿੰਘ ਸਭਾ, ਕਰੌਲੀ ਦੀ ਸੰਗਤ ਨੇ ਇਹ ਫੈਸਲਾ ਕੀਤਾ ਕਿ ਉਨ੍ਹਾਂ ਨੂੰ ਨਵੇਂ ਸਥਾਨ ਦੀ ਲੋੜ ਹੈ ਕਿਉਂਕਿ ਸਪੈਂਸਰ ਰੋਡ ਵਿਖੇ ਮੌਜੂਦਾ ਸਥਾਨ ਦਾ ਆਕਾਰ ਬਹੁਤ ਘੱਟ ਸੀ। ਜਿਵੇਂ ਸੰਗਤ ਵੱਧ ਰਹੀ ਸੀ ਸਥਾਨ ਦੀ ਜਗ੍ਹਾ ਵੀ ਘੱਟ ਸੀ।

ਸਮੂਹ ਸੰਗਤ ਨੇ ਇੱਕ ਨਵਾਂ ਯੋਗ ਸਥਾਨ ਚੁਣਿਆ ਜੋ ਕਿ ਆਈਫੀਲਡ ਗ੍ਰੀਨ, ਕਰੌਲੀ ਵਿੱਚ ਸਥਿਤ ਹੈ ਜੋ ਕਿ ਖੁੱਲ੍ਹਾ ਤੇ ਰਮਣੀਕ ਹੈ ਅਤੇ 91% ਮੈਂਬਰਾਂ ਨੇ ਇਸ ਨੂੰ ਖਰੀਦਣ ਅਤੇ ਗੁਰਦੁਆਰੇ ਨੂੰ ਉਥੇ ਲਿਜਾਣ ਲਈ ਸਹਿਮਤੀ ਦਿੱਤੀ ਕਿਉਂਕਿ ਇਸ ਸਥਾਨ ਵਿੱਚ ਕਾਫੀ ਗੱਡੀਆਂ ਲਈ ਪਾਰਕਿੰਗ ਦੀ ਸਹੂਲਤ ਸੀ ਅਤੇ ਇਮਾਰਤ ਨੂੰ ਵਧਾਉਣ ਲਈ ਕਾਫੀ ਹੋਰ ਜਗ੍ਹਾ ਸੀ।

ਨਵਾਂ ਸਥਾਨ ਖਰੀਦਣ ਅਤੇ ਇਮਾਰਤ ਦੀ ਤਿਆਰੀ ਤੋਂ ਬਾਅਦ ਕੁਝ ਮੈਂਬਰਾਂ ਨੇ ਤਬਦੀ.ਲੀ ਦਾ ਵਿਰੋਧ ਕੀਤਾ ਅਤੇ ਨਵੇਂ ਗੁਰਦੁਆਰੇ ਦੇ ਖਿਲਾਫ ਅਦਾਲਤੀ ਕਾਰਵਾਈ ਕੀਤੀ। 2021 ਵਿੱਚ ਉਹ ਮੁਕੱਦਮਾ ਹਾਰ ਗਏ। ਮੁਕੱਦਮਾ ਹਾਰਨ ਦੇ ਬਾਵਜੂਦ ਵੀ ਕੁਝ ਕੁ ਵਿਅਕਤੀ ਪੁਰਾਣੀ ਇਮਾਰਤ 'ਤੇ ਕਾਬਜ਼ ਰਹੇ ਅਤੇ 7 ਜੁਲਾਈ 2024 ਤੱਕ ਗੁਰਦੁਆਰੇ ਨੂੰ ਗੈਰ ਕਨੂੰਨੀ ਤੌਰ 'ਤੇ ਚਲਾਉਂਦੇ ਰਹੇ। 8 ਜੁਲਾਈ ਨੂੰ ਅਦਾਲਤ ਦੇ ਹੁਕਮ ਨੂੰ ਇਨਕਾਰ ਕਰਦਿਆਂ, ਉਹਨਾਂ ਨੇ ਕਰੌਲੀ ਤੋਂ ਬਾਹਰ ਦੇ ਨਿਹੰਗ ਸਿੰਘਾਂ ਦੇ ਇੱਕ ਗਰੁੱਪ ਨੂੰ ਪੁਰਾਣੇ ਸਥਾਨ ’ਤੇ ਕਬਜ਼ਾ ਕਰਨ ਲਈ ਸੱਦਾ ਦਿੱਤਾ, ਅਤੇ 9 ਜੁਲਾਈ 2024 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੁੜ ਖਾਲੀ ਸਥਾਨ (ਸਪੈਂਸਰ ਰੋਡ ਵਿਖੇ) ਵਾਪਸ ਲਿਆਂਦਾ ਗਿਆ ਅਤੇ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਵਜੋਂ ਵਰਤਿਆ।

ਅਦਾਲਤ ਨੇ ਇਨ੍ਹਾਂ ਕੁਝ ਕੁ ਵਿਅਕਤੀਆਂ ਨੂੰ ਕੁਝ ਮਾਮਲਿਆਂ ਬਾਰੇ ਝੂਠ ਬੋਲਣ ਅਤੇ ਅਦਾਲਤ ਨੂੰ ਧੋਖਾ ਦੇਣ ਦਾ ਦੋਸ਼ੀ ਪਾਇਆ ਹੈ। ਉਹਨਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਪੱਤਰ ਪ੍ਰਾਪਤ ਕਰਕੇ ਯੂ ਕੇ ਦੀ ਸਮੂਹ ਸੰਗਤ ਨੂੰ ਧੋਖਾ ਦੇਣ ਦੀ ਕੋਸ਼ਿਸ਼ ਵੀ ਕੀਤੀ ਜੋ ਗਲਤ ਅਤੇ ਗੁੰਮਰਾਹ ਕਰਨ ਵਾਲੀ ਜਾਣਕਾਰੀ 'ਤੇ ਆਧਾਰਿਤ ਸੀ। ਹੁਣ, ਨਿਹੰਗ ਸਿੰਘ ਕਬਜ਼ੇਦਾਰਾਂ ਨੇ ਆਪਣਾ ਸਵੈ-ਕਲਪਿਤ ਹੁਕਮਨਾਮਾ ਜਾਰੀ ਕੀਤਾ ਹੈ, ਜੋ ਆਪਣੇ ਆਪ ਨੂੰ ਪੰਜਵਾਂ ਤਖਤ ਦੱਸਦੇ ਹਨ ਅਤੇ ਪੁਰਾਣੇ ਸਥਾਨ ਦੇ ਕਬਜ਼ੇ ਦੀ ਘੋਸ਼ਣਾ ਕਰਦੇ ਹਨ ਜੋ ਕਿ ਸ੍ਰੀ ਗੁਰੂ ਸਿੰਘ ਸਭਾ ਕਰੌਲੀ ਰਜਿਟਰਡ ਚੈਰਟੀ (1063786) ਦੇ ਨਾਮ ਹੈ।

ਕੁਝ ਕੁ ਵਿਅਕਤੀ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਕਿ ਕਰੌਲੀ ਦੀ ਸੰਗਤ ਨੇ ਪੁਰਾਣੇ ਅਤੇ ਨਵੇਂ ਦੋਵੇਂ ਸਥਾਨਾਂ ਦੀ ਖਰੀਦ ਕੀਤੀ ਹੈ ਅਤੇ ਗੁਰਦੁਆਰਾ ਚੈਰਿਟੀ ਦੇ ਰਾਹੀਂ, ਉਹਨਾਂ ਦੇ ਸਥਾਨ ਦੇ ਕਾਨੂੰਨੀ ਮਾਲਕ ਹਨ। ਗੁਰਦੁਆਰੇ ਨੇ ਪੁਰਾਣੇ ਸਥਾਨ ਨੂੰ ਖਾਲੀ ਕਰਵਾਉਣ ਲਈ ਹਾਈ ਕੋਰਟ ਤੋਂ ਆਰਡਰ ਪ੍ਰਾਪਤ ਕੀਤਾ ਹੈ, ਜਿਸ ਨੂੰ ਅਦਾਲਤ ਨੇ ਹੁਣ ਉੱਚ ਅਦਾਲਤੀ ਬੇਲਿਫਸ ਦੀ ਮਦਦ ਨਾਲ ਖਾਲੀ ਕਰਨ ਦਾ ਹੁਕਮ ਦਿੱਤਾ ਹੈ।

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤ੍ਰਤਾ ਸਭ ਤੋਂ ਵੱਧ ਮਹੱਤਵਪੂਰਨ ਹੈ।

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਸੂਲਾਂ ਅਨੁਸਾਰ ਸਾਨੂੰ ਆਪਣੇ ਮਸਲਿਆਂ ’ਤੇ ਗੌਰ ਅਤੇ ਸੋਚ ਵਿਚਾਰ ਦੇ ਨਾਲ ਰਾਜਨੀਤਿਕ ਢਾਂਚਿਆਂ ਨਾਲ ਮੁੜ ਮਿਲਣਾ ਚਾਹੀਦਾ ਹੈ ਅਤੇ ਕਾਨੂੰਨ ਦੇ ਅਨੁਸਾਰ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਕਿ ਸਾਰੀ ਸੰਗਤ ਦਾ ਇਕੱਠ ਬਣਿਆ ਰਹੇ। ਕਾਨੂੰਨ ਦੇ ਖਿਲਾਫ ਪੰਥਕ ਸਥਾਨ ਲੈਣਾ ਸਿਰਫ ਸੰਪੂਰਨ ਯੂ ਕੇ ਦੀ ਸੰਗਤ ਅਤੇ ਵਿਸ਼ਵ ਸਿੱਖ ਭਾਈਚਾਰੇ ਨੂੰ ਉਸ ਰਾਹ ਤੇ ਲੈ ਜਾਵੇਗਾ ਕਿ ਜਿਥੇ ਸਾਡੇ ਭਾਈਚਾਰੇ ਨੂੰ ਕਾਨੂੰਨ ਨਾ ਮੰਨਣ ਵਾਲੇ ਕਿਹਾ ਜਾਵੇਗਾ। ਇਹ ਉਹ ਆਜ਼ਾਦੀਆਂ ਖ਼ਤਮ ਕਰਨ ਦੇ ਖ਼ਤਰੇ ਵਿੱਚ ਪਾ ਦਿੰਦਾ ਹੈ ਜੋ ਅਸੀਂ ਸਖ਼ਤ ਮਿਹਨਤ ਨਾਲ ਪ੍ਰਾਪਤ ਕੀਤੀਆਂ ਹਨ।

ਸਾਨੂੰ ਇਹ ਚਿੰਤਾ ਹੈ ਕਿ ਨਿਹੰਗ ਸਿੰਘ ਗੈਰ ਕਨੂੰਨੀ ਤੌਰ ਤੇ ਆਪਣੇ ਜਵਾਨਾਂ ਨੂੰ ਅਗਲੀ ਲਾਈਨ ਦੇ ਰੂਪ ਵਿੱਚ ਵਰਤ ਰਹੇ ਹਨ। ਜਿਨ੍ਹਾਂ ਵਿੱਚ ਜਵਾਨੀ ਦਾ ਜੋਸ਼ ਹੈ ਅਤੇ ਉਹਨਾਂ ਦੇ ਬਜ਼ੁਰਗਾਂ ਦਾ ਗਿਆਨ ਅਤੇ ਤਜ਼ਰਬਾ ਘੱਟ ਹੈ। ਉਹ ਪੁਰਾਣੇ ਸਥਾਨ 'ਤੇ ਕਾਬਜ਼ ਹਨ ਅਤੇ ਉੱਚ ਅਦਾਲਤੀ ਬੇਲਿਫਸ ਅਤੇ ਪੁਲਿਸ ਦੇ ਨਾਲ ਸਿੱਧੇ ਸੰਘਰਸ਼ ਵਿੱਚ ਆਉਣਗੇ ਜੋ ਕਿ ਇਹ ਸਭ ਸਿੱਖ ਭਾਈਚਾਰੇ ਲਈ ਠਕਿ ਨਹੀਂ ਹੈ। ਗੁੰਮਰਾਹ ਕਰਨ ਵਾਲੀਆਂ ਕਾਰਵਾਈਆਂ ਦੇ ਕਾਰਨ ਯੂ ਕੇ ਦੇ ਸਿੱਖ ਭਾਈਚਾਰੇ ਦੀ ਛਵੀ ਵਿਗਾੜਨਗੇ।

### ਇਹ ਸਭ ਯੂ ਕੇ ਕਾਨੂੰਨ ਅਤੇ ਯੂ ਕੇ ਚੈਰੀਟੀ ਕਾਨੂੰਨ ਦੇ ਖਿਲਾਫ਼ ਹੈ।

ਸਪੈਂਸਰ ਰੋਡ ਪੁਰਾਣਾ ਸਥਾਨ ਫ਼ਿਲਹਾਲ ਨਿਹੰਗ ਸਿੰਘਾਂ ਦੇ ਗਰੁੱਪ ਦੁਆਰਾ ਕਬਜ਼ੇ ਵਿੱਚ ਹੈ, ਜਿਨ੍ਹਾਂ ਨੇ 2 ਜੁਲਾਈ 2024 ਦੇ ਕਬਜ਼ੇ ਦੇ ਹੁਕਮ ਨੂੰ ਅਮਲ ਕਰਵਾਉਣ ਲਈ ਆਉਣ ਵਾਲਿਆਂ ਦੇ ਖਿਲਾਫ ਹਿੰਸਾ ਦੀ ਧਮਕੀ ਦਿੱਤੀ ਹੈ, ਜਿਸ ਵਿੱਚ ਪੁਲਿਸ ਅਤੇ ਉੱਚ ਅਦਾਲਤੀ ਬੇਲਿਫ ਵੀ ਸ਼ਾਮਲ ਹਨ। ਪੁਲਿਸ ਨੇ ਉਨ੍ਹਾਂ ਨੂੰ ਸੰਭਾਵੀ ਟਕਰਾਅ ਤੋਂ ਬਚਣ ਲਈ ਛੱਡਣ ਦੀ ਬੇਨਤੀ ਕੀਤੀ, ਪਰ ਕਬਜ਼ੇਦਾਰਾਂ ਨੇ ਇਨਕਾਰ ਕਰ ਦਿੱਤਾ ਹੈ।

ਯੂ ਕੇ ਸਿੱਖ ਭਾਈਚਾਰੇ ਅਤੇ ਵਿਆਪਕ ਸਮਾਜ ਦੀ ਚੰਗੀ ਛਾਪ ਬਰਕਰਾਰ ਰੱਖਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਸਾਡੀ ਕ੍ਰਿਪਾਨ ਅਤੇ ਹੋਰ ਸ਼ਸਤਰ ਪਹਿਨਣ ਦੀ ਅਜ਼ਾਦੀ ਕਾਇਮ ਰਹਿ ਸਕੇ, ਅਸੀਂ ਨਿਹੰਗ ਸਿੰਘਾਂ ਨੂੰ ਕਬਜ਼ੇ ਵਿੱਚ ਪੁਰਾਣੇ ਸਥਾਨ ਨੂੰ ਖਾਲੀ ਕਰਨ ਦੀ ਬੇਨਤੀ ਕਰਦੇ ਹਾਂ ਤਾਂ ਕਿ ਕਬਜ਼ਾ ਕਾਨੂੰਨੀ ਮਾਲਕਾਂ ਨੂੰ ਸਹੀ ਤੌਰ 'ਤੇ ਵਾਪਸ ਕੀਤਾ ਜਾ ਸਕੇ।

ਮੁਕੱਦਮੇਬਾਜ਼ੀ ਲੰਬੇ ਸਮੇਂ ਤੋਂ ਚੱਲ ਰਹੀ ਹੈ ਅਤੇ ਇਸ ਦੌਰਾਨ, ਅਸੀਂ ਸਾਰੇ ਰਾਹਾਂ ਦੀ ਪੜਚੋਲ ਕੀਤੀ ਹੈ ਜਿਸ ਵਿੱਚ ਅਨੇਕ ਸਧਾਰਨ ਯਤਨ, ਗੱਲਬਾਤਾਂ ਅਤੇ ਸਪੈਂਸਰ ਰੋਡ ਨੂੰ ਘਟੇ ਰੇਟ 'ਤੇ ਖਰੀਦਣ ਦੇ ਆਫ਼ਰ ਸ਼ਾਮਲ ਸਨ, ਜੋ ਕਿ ਸਪੈਂਸਰ ਰੋਡ 'ਤੇ ਕਬਜ਼ਾ ਕਰਨ ਵਾਲਿਆਂ ਨੇ ਨਹੀਂ ਸਵੀਕਾਰ ਕੀਤੇ ਹਨ।

ਸਾਰੀ ਸੰਗਤ, ਮੈਂਬਰ, ਜਿਨ੍ਹਾਂ ਵਿੱਚ ਸਪੈਂਸਰ ਰੋਡ ਵਿੱਚ ਜਾਣ ਵਾਲੇ ਵੀ ਸ਼ਾਮਲ ਹਨ, ਹਮੇਸ਼ਾਂ ਸਭ ਦਾ ਆਈਫੀਲਡ ਗਰੀਨ ਗੁਰਦੁਆਰੇ ਵਿੱਚ ਸਵਾਗਤ ਕੀਤਾ ਜਾਂਦਾ ਹੈ ਅਤੇ ਅੱਗੇ ਵੀ ਸਵਾਗਤ ਕਰਦੇ ਰਹਾਂਗੇ। ਇਸ ਸਾਰੇ ਬੇਨਤੀ ਪੱਤਰ ਵਿਚ ਅਗਰ ਕੋਈ ਭੁੱਲ ਹੋਵੇ ਤਾਂ ਸਾਨੂੰ ਦੱਸੋ ਤਾਂ ਕਿ ਇਸ ਮਸਲੇ ਦਾ ਕੋਈ ਹੱਲ ਨਿੱਕਲੇ।

**ਅਸੀਂ ਸਾਰੇ ਯੂ ਕੇ ਦੇ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਨੂੰ ਇਸ ਮਾਮਲੇ ਵਿੱਚ ਸਾਡਾ ਸਮਰਥਨ ਕਰਨ ਦੀ ਅਪੀਲ ਕਰਦੇ ਹਾਂ।**

## ਜਾਰੀ ਕਰਤਾ: ਪ੍ਰਬੰਧਕ ਕਮੇਟੀ: ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਕਰੌਲੀ

**SIRI GURU SINGH SABHA IFIELD GREEN CRAWLEY RH11 0NU**

*FOR MORE INFORMATION:* J.K. JOHAL - Tel: 01293 530163

Email: info@crawleygurdwara.org.uk

# 2023 ਡਰਬੀ ਟੂਰਨਾਮੈਂਟ ਹਿੰਸਕ ਝਗੜੇ 'ਚ 7 ਦੋਸ਼ੀ ਕਰਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਸਾਲ ਡਰਬੀ ਟੂਰਨਾਮੈਂਟ ਮੌਕੇ ਹੋਏ ਹਿੰਸਕ ਝਗੜੇ 'ਚ ਦੋਸ਼ੀ ਪਾਏ ਗਏ 7 ਲੋਕਾਂ ਦੀਆਂ ਤਸਵੀਰਾਂ ਜਾਰੀ ਕਰਦੇ ਹੋਏ ਪੁਲਿਸ ਨੇ ਦੱਸਿਆ ਕਿ 5 ਲੋਕਾਂ ਨੇ ਆਪਣੇ ਦੋਸ਼ ਪਹਿਲਾਂ ਹੀ ਕਬੂਲ ਲਏ ਸਨ, ਜਦ ਕਿ ਦੋ ਹੋਰਾਂ ਨੂੰ ਅਦਾਲਤ ਨੇ ਹੁਣ ਦੋਸ਼ੀ ਕਰਾਰ ਦਿੱਤਾ ਹੈ। ਅਲਵੈਸਟਨ ਵਿੱਚ ਇੱਕ ਕਬੱਡੀ ਟੂਰਨਾਮੈਂਟ ਵਿੱਚ ਦੋ ਸਮੂਹਾਂ ਵਿਚਕਾਰ ਹਿੰਸਾ ਹੋਣ ਕਾਰਨ ਕਈ ਲੋਕ ਜ਼ਖ਼ਮੀ ਹੋ ਗਏ ਸਨ।**




ਗੋਲੀ ਚੱਲਣ ਅਤੇ ਲੋਕਾਂ ਦੇ ਹਥਿਆਰਾਂ ਨਾਲ ਲੜਨ ਦੀਆਂ ਰਿਪੋਰਟਾਂ ਤੋਂ ਬਾਅਦ ਐਤਵਾਰ 20 ਅਗਸਤ 2023 ਨੂੰ ਸ਼ਾਮ 4 ਕੁ ਵਜੇ ਐਲਵਾਸਟਨ ਲੇਨ ਤੇ ਪੁਲਿਸ ਨੂੰ ਬੁਲਾਇਆ ਗਿਆ ਸੀ। ਇਹ ਲੜਾਈ ਪਹਿਲਾਂ ਬਣਾਈ ਇੱਕ ਯੋਜਨਾਬੱਧ ਸੀ, ਜਿਸ ਬਾਰੇ ਬਰਨਸਵਿਕ ਸਟ੍ਰੀਟ ਡਰਬੀ ਵਿੱਚ ਇੱਕ ਸਮੂਹ ਨੇ ਮੀਟਿੰਗ ਕੀਤੀ ਸੀ। ਦੋਸ਼ੀ ਪਾਇਆ ਗਿਆ ਪਰਮਿੰਦਰ ਸਿੰਘ ਉਸ ਮੀਟਿੰਗ ਵਿੱਚ ਸ਼ਾਮਲ ਸੀ, ਪਰ ਘਟਨਾਂ ਸਥਾਨ ਤੇ ਉਸ ਦਾ ਚਿਹਰਾ ਢਕਿਆ ਹੋਇਆ ਸੀ, ਪੁਲਿਸ ਨੇ ਘਟਨਾ ਸਥਾਨ ਤੋਂ ਉਸ ਦਾ ਇੱਕ ਮੋਢੇ ਵਾਲਾ ਬੈਗ ਲੱਭਿਆ ਜਿਸ ਵਿੱਚ ਇੱਕ ਲੋਡਡ ਅਰਧ-ਆਟੋਮੈਟਿਕ ਪਿਸਤੌਲ ਸੀ। ਪਿਸਤੌਲ ਅਤੇ ਬੈਗ ਦੋਵਾਂ 'ਤੇ ਉਸ ਦਾ ਡੀ ਐਨ ਏ ਮਿ-ਲਆ ਹੈ। ਘਟਨਾ ਦੌਰਾਨ ਉਸ ਨੂੰ ਗਲੇ ਵਿੱਚ ਗੋਲੀ ਲੱਗੀ ਸੀ। ਵੈਸਟ ਮਿਡਲੈਂਡਜ਼ ਦੇ 25 ਸਾਲਾ ਨੌਜਵਾਨ ਨੂੰ ਹਿੰਸਕ ਗੀਤ ਵਿਧੀਆਂ ਅਤੇ ਹਥਿਆਰ ਰੱਖਣ ਦਾ ਦੋਸ਼ੀ ਠਹਿਰਾਇਆ ਗਿਆ ਹੈ।

ਦੂਜੇ ਗਰੁੱਪ ਦੇ 24 ਸਾਲਾ ਮਲਕੀਤ ਸਿੰਘ ਵਾਸੀ ਕੋਰਟ ਰੋਡ, ਵੁਲਵਰਹੈਂਪਟਨ ਨੂੰ ਹਿੰਸਕ ਗਤੀਵਿਧੀਆਂ ਦਾ ਦੋਸ਼ੀ ਠਹਿਰਾਇਆ ਗਿਆ ਹੈ। ਜਦ ਕਿ ਇਸ ਘਟਨਾਂ ਵਿੱਚ ਸ਼ਾਮਿਲ ਪੰਜ ਹੋਰ ਵਿਅਕਤੀ ਕਰਮਜੀਤ ਸਿੰਘ (36) ਵਾਸੀ ਸ਼ੇਕਸਪੀਅਰ ਸਟ੍ਰੀਟ ਡਰਬੀ, ਬਲਜੀਤ ਸਿੰਘ (33) ਵਾਸੀ ਲਾਫਰੇਡ ਐਵੇਨਿਊ ਵੁਲਵਰਹੈਂਪਟਨ, ਹਰਦੇਵ ਉੱਪਲ (34) ਵਾਸੀ ਸਾਈਕਾਮੋਰ ਰੋਡ ਟਿਪਟਨ, ਜਗਜੀਤ ਸਿੰਘ (31) ਵਾਸੀ ਬੋਲਟਨ ਰੋਡ ਵੁਲਵਰਹੈਂਪਟਨ, ਦੁਧਨਾਥ ਤ੍ਰਿਪਾਠੀ (30) ਮਨੋਰ ਐਵੇਨਿਊ ਹੰਸਲੋ ਨੂੰ ਤੇਜ਼ਧਾਰ ਹਥਿਆਰ ਰੱਖਣ, ਹਿੰਸਾ ਭੜਕਾਉਣ ਅਤੇ ਸਰੀਰਕ ਨੁਕਸਾਨ ਪਹੁੰਚਾਉਣ ਆਦਿ ਮਾਮਲਿਆਂ 'ਚ ਦੋਸ਼ੀ ਕਰਾਰ ਦਿੱਤਾ ਹੈ। ਸਾਰੇ ਸੱਤ ਆਦਮੀਆਂ ਨੂੰ ਬਾਅਦ ਵਿੱਚ ਡਰਬੀ ਕਰਾਊਨ ਕੋਰਟ ਵਿੱਚ ਸਜ਼ਾ ਸੁਣਾਈ ਜਾਵੇਗੀ।

ਜਾਂਚ ਅਧਿਕਾਰੀ ਇੰਸਪੈਕਟਰ ਮੈਟ ਕਰੂਮ ਨੇ ਕਿਹਾ ਕਿ ਕਿਹਾ ਕਿ ਇਹ ਖੇਡ ਸਮਾਗਮ ਵਿੱਚ ਸ਼ਾਮਿਲ ਹੋਣ ਵਾਲੇ ਲੋਕਾਂ ਲਈ ਸੋਹਣਾ ਦਿਨ ਹੋਣਾਂ ਸੀ, ਜੋ ਵੱਡੀ ਹਿੰਸਾ ਵਿੱਚ ਬਦਲ ਗਿਆ। ਇਸ ਤੋਂ ਬਾਅਦ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਦੇ ਨਾਲ-ਨਾਲ ਖੇਡ ਦੇਖਣ ਆਏ ਦਰਸ਼ਕਾਂ 'ਤੇ ਬਹੁਤ ਪ੍ਰਭਾਵ ਪਿਆ। ਜਾਸੂਸ ਕਾਂਸਟੇਬਲ ਸਟੀਵੀ ਬਾਰਕਰ ਨੇ ਕਿਹਾ ਕਿ ਦੇਸ਼ ਭਰ ਦੇ ਸੈਂਕੜੇ ਅਫਸਰਾਂ ਨੇ ਇਸ ਜਾਂਚ ਵਿੱਚ ਸਹਾਇਤਾ ਕੀਤੀ ਹੈ।

## ਕੈਲੀਫੋਰਨੀਆ ਦੇ ਵਾਲਮਾਰਟ ਸਟੋਰ ਵਿਚ ਤਿੱਖੇ ਹਥਿਆਰ ਨਾਲ ਔਰਤ ਦੀ ਹੱਤਿਆ, ਸ਼ੱਕੀ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਦੱਖਣੀ ਕੈਲੀਫੋਰਨੀਆ ਦੇ ਇਕ ਵਾਲਮਾਰਟ ਸਟੋਰ ਵਿਚ ਇਕ ਔਰਤ ਦੀ ਤਿੱਖੇ ਹਥਿਆਰ ਨਾਲ ਹੱਤਿਆ ਕਰ ਦੇਣ ਦੀ ਖਬਰ ਹੈ। ਰਿਵਰਸਾਈਡ ਕਾਊਂਟੀ ਸ਼ੈਰਿਫ ਦੇ ਦਫਤਰ ਅਨਸਾਰ ਔਰਤ ਉਪਰ ਹਮਲਾ ਕਰਨ ਦੀ ਘਟਨਾ ਸਵੇਰੇ 7 ਵਜੇ ਦੇ ਕਰੀਬ ਵਾਪਰੀ। ਔਰਤ ਉਪਰ ਖਤਰਨਾਕ ਹਥਿਆਰ ਨਾਲ ਹਮਲਾ ਹੋਣ ਬਾਰੇ ਸੂਚਨਾ ਮਿਲਣ 'ਤੇ ਲੇਕ ਐਲਸਿਨੋਰ ਸ਼ਹਿਰ ਵਿੱਚ ਸਥਿੱਤ ਵਾਲਮਾਰਟ ਸਟੋਰ ਵਿਚ ਪੁਲਿਸ ਅਫਸਰ ਮੌਕੇ 'ਤੇ ਪੁੱਜੇ। ਪੁਲਿਸ ਅਫਸਰਾਂ ਨੇ ਔਰਤ ਨੂੰ ਡਾਕਟਰੀ ਸਹਾਇਤਾ ਦਿੱਤੀ ਪਰੰਤੂ ਉਹ ਮੌਕੇ ਉਪਰ ਹੀ ਦਮ ਤੋੜ ਗਈ। ਸ਼ੈਰਿਫ ਦਫਤਰ ਅਨੁਸਾਰ ਸ਼ੱਕੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਹੈ । ਸ਼ੈਰਿਫ ਦਫਤਰ ਨੇ ਘਟਨਾ ਸਬੰਧੀ ਹੋਰ ਜਾਣਕਾਰੀ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਜਾਂਚ ਤੋਂ ਬਾਅਦ ਹੀ ਹੋਰ ਵੇਰਵਾ ਮਿਲ ਸਕੇਗਾ।

## ਅਮਰੀਕਾ ਦੇ ਮੋਨਟਾਨਾ ਰਾਜ ਵਿਚ ਪਹਾੜੀ ਤੋਂ ਨਦੀ ਵਿਚ ਡਿੱਗੇ ਭਾਰਤੀ ਨੌਜਵਾਨ ਦੀ ਲਾਸ਼ ਬਰਾਮਦ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪਿਛਲੇ ਮਹੀਨੇ ਦੇ ਸ਼ੁਰੂ ਵਿਚ ਅਮਰੀਕਾ ਦੇ ਮੋਨ-ਟਾਨਾ ਰਾਜ ਵਿਚ ਗਲੇਸ਼ੀਅਰ ਨੈਸ਼ਨਲ ਪਾਰਕ ਵਿਖੇ ਆਪਣੇ ਦੋਸਤਾਂ ਨਾਲ ਮੌਜ ਮਸਤੀ ਕਰਨ ਗਏ 26 ਸਾਲਾ ਭਾਰਤੀ ਸਿਧਾਂਤ ਵਿਠਲ ਪਾਟਿਲ ਦੀ ਲਾਸ਼ ਬਰਾਮਦ ਕਰ ਲਈ ਗਈ ਹੈ।



ਸਿਧਾਂਤ ਵਿਠਲ ਪਾਟਿਲ

ਕੈਲੀਫੋਰਨੀਆ ਵਾਸੀ ਪਾਟਿਲ ਆਪਣੇ 7 ਦੋਸਤਾਂ ਨਾਲ ਪਾਰਕ ਵਿਚ ਲੰਬੀ ਸੈਰ 'ਤੇ ਗਿਆ ਸੀ। ਉਹ ਇਕ ਪਹਾੜੀ ਉਪਰ ਖੜਾ ਸੀ ਕਿ ਅਚਾਨਕ ਡਾਵਾਂਡੋਲ ਹੋ ਕੇ ਡੂੰਘੀ ਖੱਡ ਨੁਮਾ ਨਦੀ ਵਿਚ ਜਾ ਡਿੱਗਾ। ਪਾਟਿਲ ਦੇ ਦੋਸਤਾਂ ਤੇ ਮੌਕੇ 'ਤੇ ਮੌਜੂਦ ਹੋਰ ਲੋਕਾਂ ਨੇ ਉਸ ਨੂੰ ਡਿੱਗਦਿਆਂ ਵੇਖਿਆ ਸੀ। ਉਨਾਂ ਨੇ ਹੇਠਾਂ ਜਾ ਕੇ ਪਾਣੀ ਵਿਚ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੇ। ਗਲੇਸ਼ੀਅਰ ਨੈਸ਼ਨਲ ਪਾਰਕ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਡੂੰਘੇ ਪਾਣੀ ਕਾਰਨ ਪਾਟਿਲ ਦੀ ਲਾਸ਼ ਲੱਭਣ ਵਿਚ ਮੁਸ਼ਕਿਲ ਆ ਰਹੀ ਸੀ। ਪਰੰਤੂ ਅੰਤ ਵਿਚ ਉਨਾਂ ਦੀਆਂ ਕੋਸ਼ਿਸ਼ਾਂ ਸਫਲ ਹੋਈਆਂ ਹਨ । ਪਾਟਿਲ ਦੇ ਚਾਚਾ ਪ੍ਰਤੇਸ਼ ਚੌਧਰੀ ਨੇ ਕਿਹਾ ਹੈ ਕਿ ਯੂ ਐਸ ਰੇਂਜਰ ਅਧਿਕਾਰੀਆਂ ਨੇ ਉਨਾਂ ਨੂੰ ਵਿਠਲ ਦੀ ਲਾਸ਼ ਬਰਾਮਦ ਹੋਣ ਬਾਰੇ ਦਸਿਆ ਹੈ। ਉਨਾਂ ਨੇ ਰੇਂਜਰਾਂ ਦਾ ਧੰਨਵਾਦ ਕੀਤਾ ਹੈ। ਨੈਸ਼ਨਲ ਪਾਰਕ ਦੇ ਅਧਿਕਾਰੀਆਂ ਨੇ ਪਾਟਿਲ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਪਾਟਿਲ ਦੀ ਲਾਸ਼ ਬਰਾਮਦ ਹੋਣ ਨਾਲ ਉਨਾਂ ਨੂੰ ਕੁਝ ਹੌਸਲਾ ਮਿਲੇਗਾ।

## ਮੈਰੀਲੈਂਡ ਵਿਚ ਬੱਚਿਆਂ ਦੇ ਖੇਡਣ ਵਾਲਾ ਉਛਾਲ ਘਰ ਹਵਾ ਵਿਚ ਉੱਡਿਆ- ਡਿੱਗਣ ਕਾਰਨ ਇਕ ਬੱਚੇ ਦੀ ਮੌਤ ਤੇ ਇਕ ਹੋਰ ਜ਼ਖਮੀ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਇਕ ਦੁੱਖਦਾਈ ਘਟਨਾ ਵਾਪਰਨ ਦੀ ਖਬਰ ਹੈ ਜਿਸ ਵਿਚ ਇਕ ਬੱਚੇ ਦੀ ਮੌਤ ਹੋ ਗਈ ਤੇ ਇਕ ਹੋਰ ਜ਼ਖਮੀ ਹੋ ਗਿਆ। ਚਾਰਲਸ ਕਾਊਂਟੀ ਦੇ ਅਧਿਕਾਰੀਆਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਘਟਨਾ ਵਾਲਡੋਰਫ ਵਿਚ ਰੀਜੈਂਸੀ ਫਰਨੀਚਰ ਸਟੇਡੀਅਮ ਵਿਚ ਉਸ ਸਮੇ ਵਾਪਰੀ ਜਦੋਂ ਸਟੇਡੀਅਮ ਵਿਚ ਸਾਊਦਰਨ ਮੈਰੀਲੈਂਡ ਬਲਿਊ ਕਰੈਬਸ ਬੇਸਬਾਲ ਟੀਮ ਖੇਡ ਰਹੀ ਸੀ।**

ਸਟੇਡੀਅਮ ਦੇ ਬਾਹਰ ਇਕ ਉਛਾਲ ਘਰ ਵਿਚ ਕੁਝ ਬੱਚੇ ਮੌਜੂਦ ਸਨ ਕਿ ਹਵਾ ਦਾ ਇਕ ਝੋਕਾ ਉਛਾਲ ਘਰ ਨੂੰ 15 ਤੋਂ 20 ਫੁੱਟ ਤੱਕ ਉਡਾ ਕੇ ਲੈ ਗਿਆ। ਬੱਚੇ ਉਛਾਲ ਘਰ ਵਿਚੋਂ ਉਛਲ ਕੇ ਜਮੀਨ ਉਪਰ ਆ ਡਿੱਗੇ। ਮੌਕੇ 'ਤੇ ਮੌਜੂਦ ਡਾਕਟਰੀ ਅਮਲੇ ਨੇ ਬੱਚਿਆਂ ਨੂੰ ਮੁੱਢਲੀ ਸਹਾਇਤਾ ਦਿੱਤੀ। ਇਕ 5 ਸਾਲ ਦੇ ਬੱਚੇ ਨੂੰ ਤੁਰੰਤ ਸਥਾਨਕ ਹਸਪਤਾਲ ਵਿਚ ਲਿਜਾਇਆ ਗਿਆ ਜਿਥੇ ਉਹ ਜ਼ਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਇਕ ਹੋਰ ਬੱਚਾ ਹਸਪਤਾਲ ਵਿਚ ਦਾਖਲ ਹੈ ਜਿਸ ਦੀ ਹਾਲਤ ਸਥਿੱਰ ਹੈ। ਇਸ ਘਟਨਾ ਕਾਰਨ ਖੇਡਿਆ ਜਾਣ ਵਾਲਾ ਮੈਚ ਰੱਦ ਕਰ ਦਿੱਤਾ ਗਿਆ। ਸਾਊਦਰਨ ਮੈਰੀਲੈਂਡ ਬਲਿਊ ਕਰੈਬਸ ਨੇ ਮੈਚ ਰੱਦ ਕਰਨ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਇਸ ਦੁੱਖ ਦੀ ਘੜੀ ਵਿਚ ਉਹ ਬੱਚਿਆਂ ਦੇ ਪਰਿਵਾਰਾਂ ਨਾਲ ਖੜੇ ਹਨ ਤੇ ਉਨਾਂ ਦੇ ਦੁੱਖ ਵਿਚ ਸ਼ਾਮਿਲ ਹਨ। ਚਾਰਲਸ ਕਾਊਂਟੀ ਦੇ ਸਰਕਾਰੀ ਕਮਿਸ਼ਨ ਦੇ ਪ੍ਰਧਾਨ ਰੀਬੇਨ ਬੀ ਕੋਲਿਨਸ ਨੇ ਵੀ ਇਕ ਬਿਆਨ ਵਿਚ ਸਬੰਧਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਮੌਕੇ 'ਤੇ ਮੱਦਦ ਲਈ ਪੁੱਜੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ।

ਕੈਪਸ਼ਨ ਇਕ ਉਛਾਲ ਘਰ ਦਾ ਦ੍ਰਿਸ਼

# ਸਾਊਥਾਲ ਵਿੱਚ ਯੂ ਕੇ ਦੇਸੀ ਮੇਲਾ 2024 ਮੌਕੇ ਦਰਸ਼ਕਾਂ ਦਾ ਆਇਆ ਹੜ੍ਹ

## ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕਾਂ ਨੇ ਲਾਈਆਂ ਖੂਬ ਰੌਣਕਾਂ



ਯੂ ਕੇ ਦੇਸੀ ਮੇਲੇ ਤੇ ਲੋਕਾਂ ਦਾ ਮਨੋਰੰਜਣ ਕਰਦੇ ਗਾਇਕ ਕਲਾਕਾਰ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਵਿੱਚ ਯੂ ਕੇ ਦੇਸੀ ਮੇਲਾ 2024 ਕਰਵਾਇਆ ਗਿਆ। ਜਿਸ ਵਿੱਚ ਹਜ਼ਾਰਾਂ ਦਰਸ਼ਕਾਂ ਨੇ ਮੇਲੇ ਦਾ ਅਨੰਦ ਮਾਣਿਆਂ। ਇਸ ਮੌਕੇ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਹਿੰਮਤ ਸਿੰਘ ਸੋਹੀ, ਸਾਬਕਾ ਐਮ ਪੀ ਵਰਿੰਦਰ ਸ਼ਰਮਾਂ ਉਚੇਚੇ ਤੌਰ ਤੇ ਸ਼ਾਮਿਲ ਹੋਏ।**

ਚਮਕੌਰ ਘੁੰਮਣ, ਜਸ ਚੀਮਾਂ, ਜਸਪਾਲ ਪਰਮਾਰ, ਨਵਦੀਪ ਸੰਧੂ, ਗੈਰੀ ਜਟਵਾਰ, ਕੇਵਲ ਨੰਨੂੰ, ਪ੍ਰਮਿੰਦਰ ਗਰੇਵਾਲ, ਭੁਪਿੰਦਰ ਸੋਹੀ, ਬਲਜੀਤ ਬੱਲੀ ਅਤੇ ਸਾਥੀਆਂ ਦੇ ਸਾਂਝੇ ਉਦਮ ਨਾਲ ਕਰਵਾਏ ਗਏ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਸਮਰਪਿਤ ਇਸ ਮੇਲੇ ਵਿੱਚ ਨਛੱਤਰ ਗਿੱਲ, ਬਲਕਾਰ ਅਣਖੀਲਾ ਅਤੇ ਮਨਜਿੰਦਰ ਗੁਲਸ਼ਨ, ਅਮਰ ਅਰਸ਼ੀ ਅਤੇ ਨਰਿੰਦਰਜੋਤ, ਅੰਗਰੇਜ਼ ਅਲੀ, ਬਲਦੇਵ ਐਂਜਲਾ ਬੁਲਟ, ਇੰਦਰਜੀਤ ਲੰਡਨ, ਅਮਰਿੰਦਰ ਬੌਬੀ, ਸਲਾਮਤ ਅਲੀ ਆਦਿ ਸਮੇਤ ਵੱਖ ਵੱਖ ਕਲਾਕਾਰਾਂ ਨੇ ਪੰਜਾਬੀ ਗੀਤ ਸੰਗੀਤ ਨਾਲ ਖੁਬ ਰੌਣਕਾਂ ਲਾਈਆਂ। ਅਸਲੀ ਬਹਾਰਾਂ ਪੰਜਾਬ ਦੀਆਂ ਗਿੱਧਾ ਭੰਗੜਾ ਗਰੁੱਪ ਨੇ ਪੰਜਾਬੀ ਲੋਕ ਨਾਚਾਂ ਨਾਲ ਧਰਤੀ ਹਿਲਾਈ।

ਸਟੇਜ ਦੀ ਕਾਰਵਾਈ ਸੁੱਖੀ ਬਾਠ, ਨਵੀ ਕੌਰ ਤੇ ਬਿੱਟੂ ਖੰਗੂੜਾ ਨੇ ਨਿਭਾਈ। ਮੇਲੇ ਦੀ ਕਾਮਯਾਬੀ ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਅਤੇ ਕਾਰੋਬਾਰੀਆਂ ਨੇ ਭਰਪੂਰ ਸਮਰਥਨ ਦਿੱਤਾ। ਜਿਸ ਦਾ ਪ੍ਰਬੰਧਕ ਕਮੇਟੀ ਨੇ ਵਾਰ ਵਾਰ ਧੰਨਵਾਦ ਕੀਤਾ। ਇਸ ਮੌਕੇ ਸੁਰਜੀਤ ਘੁੰਮਣ, ਮਨਜੀਤ ਭੰਵਰਾ, ਬਿੰਦੀ ਸੋਹੀ, ਭੁਪਿੰਦਰ ਸੰਧੂ, ਰਸ਼ਪਾਲ ਸੰਘਾ, ਜਸਕਰਨ ਸਿੰਘ ਜੌਹਲ, ਕੰਗ, ਡਾ: ਜਸਵਿੰਦਰ ਸਿੰਘ ਜੌਹਲ, ਗੁਰਮਿੰਦਰ ਸਹੋਤਾ, ਕੰਮਾ ਔਜਲਾ, ਗੁਰਮੀਤ ਰੰਧਾਵਾ, ਲਵਲੀ ਰੰਧਾਵਾ, ਅਮਰੀਕ ਲੱਡੂ, ਕੁਲਵੰਤ ਚੱਠਾ, ਪਾਲਾ ਬਾਜਵਾ, ਬਲਦੇਵ, ਅਵਤਾਰ ਸਿੰਘ ਚੌਹਾਨ, ਬਿਕਰਮਜੀਤ ਸਿੰਘ, ਗੁਲਸ਼ਨ ਢੀਂਗਰਾ, ਬਖਸ਼ੀਸ਼, ਯੋਧਾ ਬੱਲ, ਸੋਨੂੰ ਥਿੰਦ, ਪ੍ਰਮਜੀਤ ਸੰਧਾਵਾਲੀਆ, ਤੇਜੀ ਫੋਟੋਗ੍ਰਾਫਰ, ਹਰਜੀਤ ਸੰਘਾ ਆਦਿ ਹਾਜ਼ਰ ਸਨ। ਇਸ ਮੌਕੇ ਵੰਨ ਸਵੰਨੇ ਖਾਣਿਆਂ ਅਤੇ ਹੋਰ ਕਈ ਤਰ੍ਹਾਂ ਦੇ ਸਟਾਲ ਲਗਾਏ ਹੋਏ ਸਨ। ਭੁਪਿੰਦਰ ਸਿੰਘ ਸੋਹੀ ਨੇ ਦੱਸਿਆ ਕਿ ਇਸ ਮੌਕੇ ਸੁਰੱਖਿਆ ਦੇ ਵਧੀਆ ਪ੍ਰਬੰਧ ਕੀਤੇ ਗਏ ਸਨ। ਸਾਊਥਾਲ ਅਤੇ ਆਸ ਪਾਸ ਦੇ ਇਲਾਕਿਆਂ ਤੋਂ ਹੀ ਨਹੀਂ ਬਲਕਿ ਮਿਡਲੈਂਡ, ਕੈਂਟ ਆਦਿ ਸ਼ਹਿਰਾਂ ਤੋਂ ਵੀ ਵੱਡੀ ਗਿਣਤੀ ਵਿੱਚ ਪੰਜਾਬੀ ਪ੍ਰੀਵਾਰਾਂ ਸਮੇਤ ਪਹੁੰਚੇ ਅਤੇ ਮੇਲੇ ਦਾ ਅਨੰਦ ਮਾਣਿਆ।

ਪ੍ਰਬੰਧਕ ਕਮੇਟੀ ਨੇ ਕਿਹਾ ਕਿ ਮੇਲੇ ਨੂੰ ਕਾਮਯਾਬ ਕਰਨ ਲਈ ਵੱਡੀ ਗਿਣਤੀ ਵਿੱਚ ਪੰਜਾਬੀ ਸੱਭਿਆਚਾਰ ਨੂੰ ਪਿਆਰ ਕਰਨ ਵਾਲਿਆਂ ਨੇ ਸਹਿਯੋਗ ਦਿੱਤਾ। ਅਖੀਰ ਵਿੱਚ ਅਗਲੇ ਵਰ੍ਹੇ ਮੁੜ ਮਿਲਣ ਦਾ ਵਾਅਦਾ ਕਰਦਿਆਂ ਸਮੂਹ ਦਰਸ਼ਕਾਂ ਅਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।

### -ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ-

# ਖੱਟੜਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸੀ. ਬੀ. ਆਈ. ਕਲੋਜ਼ਰ ਰਿਪੋਰਟ ਦੇ ਪੱਖ ਵਿੱਚ ਭੁਗਤੀ

### ✪ ਸ਼੍ਰੋਮਣੀ ਕਮੇਟੀ ਵੱਲੋਂ ਖੱਟੜਾ ਨੂੰ ਕਾਨੂੰਨੀ ਕਾਰਵਾਈ ਦੀ ਚਿਤਾਵਨੀ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਆਈਜੀ ਰਣਬੀਰ ਸਿੰਘ ਖੱਟੜਾ ਨੂੰ ਕਰੜੇ ਹੱਥੀਂ ਲਿਆ ਹੈ ਅਤੇ ਉਸ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਗੁਮਰਾਹਕੁਨ ਤੇ ਤੱਥਹੀਣ ਬਿਆਨਬਾਜ਼ੀ ਕਰਾਰ ਦਿੱਤਾ ਹੈ। ਸਿੱਖ ਸੰਸਥਾ ਨੇ ਉਸ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸੰਗਤਾਂ ਨੂੰ ਗੁਮਰਾਹ ਕਰਨ ਤੋਂ ਗੁਰੇਜ਼ ਕਰੇ ਨਹੀਂ ਤਾਂ ਸ਼੍ਰੋਮਣੀ ਕਮੇਟੀ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰੇਗੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੋਸ਼ ਲਾਇਆ ਕਿ ਸਾਬਕਾ ਆਈਜੀ ਸਿੱਖ ਸੰਸਥਾ ਵਿਰੁੱਧ ਬੇਬਨਿਆਦ ਦੋਸ਼ ਲਾ ਰਹੇ ਹਨ ਅਤੇ ਇਹ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਨੇ ਬੇਅਦਬੀ ਮਾਮਲੇ ਵਿੱਚ ਸੀਬੀਆਈ ਕਲੋਜ਼ਰ ਰਿਪੋਰਟ ਦੇ ਪੱਖ ਵਿੱਚ ਹਲਫ਼ੀਆ ਬਿਆਨ ਦਿੱਤਾ ਸੀ।

ਉਨ੍ਹਾਂ ਕਿਹਾ ਕਿ 2015 ਵਿੱਚ ਫਰੀਦਕੋਟ ਜ਼ਿਲ੍ਹੇ ਦੇ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਸਬੰਧੀ ਕੇਸਾਂ ਵਿੱਚ ਕੇਂਦਰੀ ਜਾਂਚ ਏਜੰਸੀ ਵੱਲੋਂ 2019 ਵਿੱਚ ਅਦਾਲਤ 'ਚ ਕਲੋਜ਼ਰ ਰਿਪੋਰਟ ਦਰਜ ਕੀਤੀ ਗਈ ਸੀ, ਜਿਸ ਦਾ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕਰਦਿਆਂ, ਇਸ ਨੂੰ ਰੱਦ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ ਸੀ, ਜੋ ਕਿ ਨਿਰੰਤਰ ਜਾਰੀ ਹੈ ਦੂਸਰੇ ਪਾਸੇ ਖਟੜਾ ਨੇ ਕਿਹਾ ਕਿ ਉਹ ਆਪਣੇ ਬਿਆਨ ਉਪਰ ਕਾਇਮ ਹਨ। ਅਦਾਲਤ ਵਿਚ ਇਹ ਸਬੂਤ ਮੌਜੂਦ ਹਨ।

### ਹਰਸਿਮਰਤ ਕੌਰ ਬਾਦਲ ਵਲੋਂ ਕੇਂਦਰ ਨੂੰ ਅਪੀਲ

# ਬਠਿੰਡਾ ਦੇ ਹਵਾਈ ਅੱਡੇ ਨੂੰ ਕੌਮਾਂਤਰੀ ਹਵਾਈ ਅੱਡਾ ਬਣਾਇਆ ਜਾਵੇ



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਬਠਿੰਡਾ ਦੇ ਐਮ ਪੀ ਹਰਸਿਮਰਤ ਕੌਰ ਬਾਦਲ ਨੇਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮਮੋਹਨ ਨਾਇਡੂ ਨੂੰ ਅਪੀਲ ਕੀਤੀ ਕਿ ਬਠਿੰਡਾ ਹਵਾਈ ਅੱਡੇ ਨੂੰ ਕੌਮਾਂਤਰੀ ਹਵਾਈ ਅੱਡੇ ਵਿਚ ਬਦਲਿਆ ਜਾਵੇ ਅਤੇ ਬਠਿੰਡਾ ਤੋਂ ਕੈਨੇਡਾ ਲਈ ਕੌਮਾਂਤਰੀ ਫਲਾਈਟਾਂ ਸ਼ੁਰੂ ਕੀਤੀਆਂ ਜਾਣ ਤਾਂ ਜੋ ਇਥੋਂ ਜਾਣ ਵਾਲੇ ਕੌਮਾਂਤਰੀ ਵਿਦਿਆਰਥੀ ਅਤੇ ਦੋਵਾਂ ਥਾਵਾਂ ਵਿਚਾਲੇ ਸਫਰ ਕਰਨ ਵਾਲੇ ਪਰਿਵਾਰਾਂ ਨੂੰ ਇਸਦਾ ਲਾਹਾ ਮਿਲ ਸਕੇ।

ਬਠਿੰਡਾ ਦੇ ਐਮ ਪੀ ਨੇ ਨੇ ਦਿੱਲੀ-ਬਠਿੰਡਾ ਅਲਾਇੰਸ ਏਅਰ ਫਲਾਈਟ ਬੋਇੰਡ ਜਹਾਜ਼ ਦੀ ਵਰਤੋਂ ਕਰਦਿਆਂ ਰੋਜ਼ਾਨਾ ਕਰਨ ਦੀ ਮੰਗ ਕੀਤੀ ਤੇ ਨਾਲ ਹੀ ਉਡਾਣ ਸਕੀਮ ਤਹਿਤ ਖੇਤਰੀ ਕਨੈਕਟੀਵਿਟੀ ਨੂੰ ਉਤਸ਼ਾਹਿਤ ਕਰਨ ਦੀ ਵੀ ਮੰਗ ਕੀਤੀ। ਉਹਨਾਂ ਨੇ ਸਿੱਖਾਂ ਦੇ ਦੋ ਪਵਿੱਤਰ ਤਖਤਾਂ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਅਤੇ ਤਖਤ ਸ੍ਰੀ ਪਟਨਾ ਸਾਹਿਬ ਵਿਚਾਲੇ ਫਲਾਈਟਾਂ ਦੀ ਵੀ ਮੰਗ ਕੀਤੀ।

ਵੇਰਵੇ ਸਾਂਝੇ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਬਠਿੰਡਾ ਅਜਿਹੀ ਥਾਂ ਹੈ ਜੋ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਅੱਠ ਜ਼ਿਲ੍ਹਿਆਂ ਦੇ ਨਾਲ ਲੱਗਦਾ ਹੈ ਜਿਸਦੇ ਇਕ ਪਾਸੇ ਹਰਿਆਣਾ ਵਿਚ ਸਿਰਸਾ ਤੋਂ ਲੈ ਕੇ ਰਾਜਸਥਾਨ ਵਿਚ ਸ੍ਰੀ ਗੰਗਾਨਗਰ ਪੈਂਦਾ ਹੈ ਜਦੋਂ ਕਿ ਪੰਜਾਬ ਦੇ ਸੰਗਰੂਰ, ਮਾਨਸਾ, ਫਿਰੋਜ਼ਪੁਰ ਤੇ ਫਰੀਦਕੋਟ ਜ਼ਿਲ੍ਹੇ ਵੀ ਇਸਦੇ ਨਾਲ ਲੱਗਵੇਂ ਹਨ। ਉਹਨਾਂ ਕਿਹਾ ਕਿ ਬਠਿੰਡਾ ਦੀ ਅਹਿਮੀਅਤ ਇਸਦੀ ਭੂਗੌਲਿਕ ਸਥਿਤੀ ਨਾਲੋਂ ਕਿਤੇ ਜ਼ਿਆਦਾ ਹੈ ਕਿਉਂਕਿ ਇਸੇ ਦੁਆਲੇ ਏਸ਼ੀਆ ਦੀ ਸਭ ਤੋਂ ਵੱਡੀ ਫੌਜੀ ਛਾਉਣੀ, ਹਵਾਈ ਫੌਜ ਸਟੇਸ਼ਨ, ਇਕ ਕੇਂਦਰੀ ਸਟੇਸ਼ਨ, ਇਕ ਵੱਡੀ ਤੇਲ ਰਿਫਾਇਨਰੀ, ਤਿੰਨ ਥਰਮਲ ਪਲਾਂਟ ਤੇ ਸਿੱਖਾਂ ਦਾ ਇਕ ਤਖਤ-ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵੀ ਸਥਿਤ ਹੈ।

ਉਹਨਾਂ ਕਿਹਾ ਕਿ ਇਸਦੇ ਆਲੇ ਦੁਆਲੇ 300 ਕਿਲੋਮੀਟਰ ਤੱਕ ਕੋਈ ਹਵਾਈ ਅੱਡਾ ਨਹੀਂ ਹੈ। ਉਹਨਾਂ ਕਿਹਾ ਕਿ ਸ਼ਹਿਰ ਦੇ ਹਵਾਈ ਅੱਡੇ ਨੂੰ ਕੌਮਾਂਤਰੀ ਹਵਾਈ ਅੱਡੇ ਵਿਚ ਤਬਦੀਲ ਕਰਨ ਦਾ ਢੁਕਵਾਂ ਕੇਸ ਬਣਦਾ ਹੈ।

# ਬਰਤਾਨੀਆਂ ਵਿੱਚ ਭੜਕੇ ਦੰਗਿਆਂ ਸੰਬੰਧੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਹੰਗਾਮੀ ਮੀਟਿੰਗ ਬੁਲਾਈ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸਾਊਥਪੋਰਟ ਵਿੱਚ ਤਿੰਨ ਬੱਚਿਆਂ ਦੇ ਕਤਲ ਅਤੇ 11 ਜਖ਼ਮੀ ਹੋਣ ਦੀ ਵਾਪਰਟੀ ਘਟਨਾਂ ਤੋਂ ਬਾਅਦ ਦੇਸ਼ ਭਰ ਵਿੱਚ ਭੜਕੇ ਦੰਗਿਆਂ ਨੂੰ ਮੁੱਖ ਰੱਖਦਿਆਂ '10 ਡਾਊਨਿੰਗ ਸਟ੍ਰੀਟ' ਵਿਖੇ ਸੀਨੀਅਰ ਮੰਤਰੀਆਂ ਅਤੇ ਪੁਲਸ ਮੁਖੀਆਂ ਦੀ ਹੰਗਾਮੀ ਮੀਟਿੰਗ ਬੁਲਾਈ।**

ਕੋਬਰਾ ਮੀਟਿੰਗ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਹਿੰਸਾ ਨੂੰ ਗੁੰਡਾਗਰਦੀ ਕਰਾਰ ਦਿੰਦਿਆਂ ਕਿਹਾ ਕਿ ਇਹਨਾਂ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਦੰਗਿਆਂਕਾਰੀਆਂ ਨਾਲ ਨਜਿੱਠਣ ਲਈ ਫੌਜ਼ ਦੇ ਵਿਸ਼ੇਸ਼ ਦਸਤੇ ਤਿਆਰ ਹਨ। ਭਾਈਚਾਰਿਆਂ ਦੀ ਮਦਦ ਲਈ ਇਹ ਫੌਜ਼ੀ ਦਸਤੇ ਹਮੇਸ਼ਾਂ ਤਿਆਰ ਰਹਿੰਦੇ ਹਨ। ਉਹਨਾਂ ਕਿਹਾ ਕਿ ਅਪਰਾਧਿਕ ਮਾਮਲਿਆਂ 'ਚ ਸ਼ਾਮਿਲ ਲੋਕਾਂ ਦੀ ਜਲਦੀ ਪਹਿਚਾਣ ਕਰਕੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਭਰੋਸਾ ਦਿੱਤਾ ਕਿ ਆਨਲਾਇਨ ਅਪਰਾਧਿਕਤਾ



ਮਿਡਲਸਬਰੋ ਵਿੱਚ ਦੰਗਾਕਾਰੀਆਂ ਵੱਲੋਂ ਇੱਕ ਕਾਰ ਨੂੰ ਅੱਗ ਅਤੇ ਪੁਲਿਸ ਅਧਿਕਾਰੀ

ਨੂੰ ਵੀ ਆਫਲਾਇਨ ਵਾਂਗ ਗੰਭੀਰਤਾ ਨਾਲ ਹੀ ਨਜਿੱਠਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਾਡੇ ਕੋਲ ਮਾਹਿਰ ਅਧਿਕਾਰੀਆਂ, ਲੋਕ ਰੱਖਿਆਕ ਅਧਿਕਾਰੀਆਂ ਦੀ ਇੱਕ ਫੌਜ ਤਿਆਰ ਖੜ੍ਹੀ ਹੈ ਜੋ ਅਜੇਹੇ ਲੋਕਾਂ ਨਾਲ ਨਜਿੱਠਣ ਲਈ ਕਾਫੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਵਿਰੋਧ ਪ੍ਰਦਰਸ਼ਨ ਨਹੀਂ ਹੈ ਇਹ ਹਿੰਸਾ ਹੈ ਅਤੇ ਅਸੀਂ ਮਸਜਿਦਾਂ ਜਾਂ ਮੁਸਲਿਮ ਭਾਈਚਾਰਿਆਂ ਤੇ ਹਮਲਿਆਂ ਨੂੰ ਬਰਦਾਸ਼ਤ ਨਹੀਂ ਕਰਾਂਗੇ। ਜਿਕਰਯੋਗ ਹੈ ਕਿ ਉੱਤਰ-ਪੱਛਮੀ ਇੰਗਲੈਂਡ ਦੇ



ਸਾਊਥਪੋਰਟ ਵਿੱਚ ਤਿੰਨ ਸਕੂਲੀ ਵਿਦਿਆਰਥਣਾਂ ਦੀ ਚਾਕੂ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਬਾਅਦ ਦੇਸ਼ ਭਰ ਵਿੱਚ ਹਿੰਸਕ ਪ੍ਰਦਰਸ਼ਨਾਂ ਦੌਰਾਨ ਬੀਤੇ ਕੱਲ ਰੋਦਰਹੈਮ, ਮਿਡਲਸਬਰੋ, ਬੋਲਟਨ ਅਤੇ ਹੋਰ ਹਿੱਸਿਆਂ ਵਿੱਚ ਹਿੰਸਕ ਕਾਰਵਾਈਆਂ ਵਿੱਚ ਸ਼ਾਮਿਲ ਸੈਂਕੜੇ ਲੋਕਾਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲਿਆ ਹੈ। ਇਹ ਹਿੰਸਾ ਸ਼ੋਸ਼ਲ ਮੀਡੀਆ ਤੇ ਹਮਲਾਵਰ ਦੀ ਗਲਤ ਪਹਿਚਾਣ ਦਾ ਪਰਚਾਰ ਕਰਨ ਤੋਂ ਬਾਅਦ ਵਿੱਚ ਸ਼ੁਰੂ ਹੋਈ ਸੀ।

# ਸਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਬਰਤਾਨਵੀ ਸੰਸਦ ਵਿੱਚ ਮਨਾਈ ਜਾਵੇਗੀ - ਭੱਕਨਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ 'ਚ ਇਸ ਵਾਰ 12 ਸਤੰਬਰ ਨੂੰ ਬਰਤਾਨੀਆਂ ਦੀ ਸੰਸਦ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਨੇ ਦੱਸਿਆ ਕਿ ਸਮਾਗਮ ਦਾ ਆਯੋਜਨ ਸਾਬਕਾ ਵਿਦੇਸ਼ ਰਾਜ ਮੰਤਰੀ ਐਮ ਪੀ ਐਂਡਰਿਊ ਮਿਚਲ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਸ: ਭੱਕਨਾ ਨੇ ਕਿਹਾ ਕਿ ਇਸ ਸਮਾਗਮ ਵਿੱਚ ਯੂ ਕੇ, ਭਾਰਤ ਸਮੇਤ ਵੱਖ ਵੱਖ ਦੇਸ਼ਾਂ ਤੋਂ ਬੁਲਾਰੇ ਪਹੁੰਚ ਰਹੇ ਹਨ। ਯੂ ਕੇ ਦੀਆਂ ਵੱਖ ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ ਤੋਂ ਇਲਾਵਾ ਬਰਤਾਨਵੀ ਫੌਜੀ ਅਧਿਕਾਰੀ ਵੀ ਸ਼ਮੂਲੀਅਤ ਕਰਨਗੇ।

ਇਸ ਮੌਕੇ ਸਾਰਾਗੜ੍ਹੀ ਦੇ ਕਿਲ੍ਹੇ ਦੀ ਰੱਖਿਆ ਲਈ ਅਫਗਾਨੀ ਧਾੜਵੀਆਂ ਨਾਲ ਲੋਹਾ ਲੈਣ ਵਾਲੇ ਹਵਾਲਦਾਰ ਈਸ਼ਰ ਸਿੰਘ ਅਤੇ 21 ਸਿੱਖ ਸਿਪਾਹੀਆਂ ਦੇ ਮਾਣ ਮੱਤੇ ਇਤਿਹਾਸ ਅਤੇ ਉਹਨਾਂ ਦੀ ਬਹਾਦਰੀ 'ਤੇ ਵਿਸ਼ੇਸ਼ ਚਰਚਾ ਹੋਵੇਗੀ।

# ਭਾਰਤੀ ਮੂਲ ਦੇ 15 ਸਾਲਾ ਸ਼੍ਰੇਅਸ ਰਾਇਲ ਸਭ ਤੋਂ ਘੱਟ ਉਮਰ ਦਾ ਬਰਤਾਨਵੀ ਸ਼ਤਰੰਜ ਗ੍ਰੈਂਡਮਾਸਟਰ ਬਣਿਆ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਮੂਲ ਦੇ ਸ਼੍ਰੇਅਸ ਰਾਇਲ ਨੇ ਬੀਤੇ ਕੱਲ ਹੁੱਲ ਵਿਖੇ ਹੋਈ ਬਰਤਾਨਵੀ ਸ਼ਤਰੰਜ ਚੈਂਪੀਅਨਸ਼ਿਪ ਜਿੱਤ ਕੇ ਸਭ ਤੋਂ ਛੋਟੀ ਉਮਰ ਦਾ ਬਰਤਨਾਵੀ ਚੈਂਪੀਅਨ ਹੋਣ ਦਾ ਨਵਾਂ ਰਿਕਾਰਡ ਕਾਇਮ ਕੀਤਾ ਹੈ। ਦੱਖਣ-ਪੂਰਬੀ ਲੰਡਨ ਦੇ ਵੂਲਿਚ ਵਿੱਚ ਰਹਿੰਦੇ ਸ਼੍ਰੇਅਸ ਦੇ ਪਿਤਾ ਜਤਿੰਦਰ ਸਿੰਘ ਨੇ ਕਿਹਾ ਕਿ ਮੈਨੂੰ ਸ਼੍ਰੇਅਸ 'ਤੇ ਬਹੁਤ ਮਾਣ ਹੈ। ਇਹ ਉਸ ਲਈ ਬਹੁਤ ਵੱਡੀ ਪ੍ਰਾਪਤੀ ਹੈ ਅਤੇ ਜਿਸ ਲਈ ਉਹ ਕਈ ਸਾਲਾਂ ਤੋਂ ਮੇਹਤਨ ਕਰ ਰਿਹਾ ਸੀ। ਸਭ ਤੋਂ ਛੋਟੀ ਉਮਰ ਦਾ ਬਰਤਾਨਵੀ ਗ੍ਰੈਂਡਮਾਸਟਰ ਬਣਨਾ ਬਹੁਤ ਮਾਣ ਵਾਲੀ ਗੱਲ ਹੈ। ਤਿੰਨ ਸਾਲ ਦੀ ਉਮਰ ਵਿੱਚ ਬਰਤਾਨੀਆਂ ਆਇਆ ਸੀ। ਇਸ ਤੋਂ ਪਹਿਲਾਂ ਉਸਦੇ ਪਿਤਾ ਦਾ ਵਰਕ ਵੀਜ਼ਾ ਖਤਮ ਹੋਣ ਵਾਲਾ ਹੋਣ ਕਰਕੇ ਦੇਸ਼ ਛੱਡਣ ਦੇ ਹੁਕਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਿਸ ਤੋਂ ਬਾਅਦ ਇੰਗਲਿਸ਼ ਸ਼ਤਰੰਜ ਫੈਡਰੇਸ਼ਨ ਅਤੇ ਕਈ ਰਾਜਨੇਤਾਵਾਂ ਨੇ ਤਤਕਾਲੀ ਗ੍ਰਹਿ ਸਕੱਤਰ ਸਾਜਿਦ ਜਾਵਿਦ ਨੂੰ ਪ੍ਰੀਵਾਰ ਦੀ ਮਦਦ ਦੀ ਅਪੀਲ ਕੀਤੀ।*

ਉਪਰੰਤ ਜਤਿੰਦਰ ਸਿੰਘ ਨੂੰ ਹੁਨਰਮੰਦ ਕਾਮਿਆਂ ਲਈ ਵੀਜ਼ਾ ਦਿੱਤਾ ਗਿਆ ਅਤੇ ਉਸਦੇ


ਸ਼੍ਰੇਅਸ ਰੋਇਲ

ਪੁੱਤਰ ਦੀ ਬੇਮਿਸਾਲ ਪ੍ਰਤਿਭਾ ਦੇ ਕਾਰਨ ਸਦੀਵੀਂ ਇਥੇ ਰਹਿਣ ਲਈ ਅਰਜ਼ੀ ਦੇਣ ਦੀ ਇਜਾਜ਼ਤ ਦਿੱਤੀ ਗਈ। ਸ਼੍ਰੇਅਸ 21 ਸਾਲ ਦੀ ਉਮਰ ਤੱਕ ਵਿਸ਼ਵ ਸ਼ਤਰੰਜ ਚੈਂਪੀਅਨ ਬਣਨਾ ਚਾਹੁੰਦਾ ਹੈ। ਜਿਕਰਯੋਗ ਹੈ ਕਿ ਇਸ ਤੋਂ ਪਹਿਲਾਂ 2007 ਵਿੱਚ 16 ਸਾਲ ਦੀ ਉਮਰ ਵਿੱਚ ਯੂ ਕੇ ਦੇ ਡੇਵਿਡ ਹਾਵੇਲ ਨੇ ਗ੍ਰੈਂਡਮਾਸਟਰ ਬਣ ਕੇ ਇਤਿਹਾਸ ਰਚਿਆ ਸੀ।

**ਬੱਚਿਆਂ ਦੇ ਅਨੰਦ ਕਾਰਜ ਮੌਕੇ ਸਾਰਾ ਖਰਚਾ ਕੇਵਲ ਬੱਚੀ ਦੇ ਪਰਿਵਾਰ ਵੱਲੋਂ ਨਾ ਕਰਵਾਇਆ ਜਾਵੇ। ਵਿਆਹ ਦਾ ਖਰਚਾ ਦੋਵੇਂ ਪਰਿਵਾਰ ਰਲ ਮਿਲ ਕੇ ਕਰਨ ।**


## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

## ਕਰਾਈਮ ਨਿਊਜ਼

ਮਾਮਲਾ ਨਵੰਬਰ 84 ਸਿਖ ਕਤਲੇਆਮ ਦਾ

## ਟਾਈਟਲਰ ਖ਼ਿਲਾਫ਼ ਅਦਾਲਤ ਹੁਣ 16 ਅਗਸਤ ਨੂੰ ਦੋਸ਼ ਕਰੇਗੀ ਤੈਅ



ਨਵੀਂ ਦਿੱਲੀ-ਦਿੱਲੀ ਦੀ ਇਕ ਅਦਾਲਤ ਵਲੋਂ 1984 ਦੇ ਸਿੱਖ ਕਤਲੇਆਮ ਦੌਰਾਨ ਪੁਲ ਬੰਗਸ਼ ਗੁਰਦੁਆਰੇ ਦੇ ਸਾਹਮਣੇ ਤਿੰਨ ਵਿਅਕਤੀਆਂ ਦੇ ਕਥਿਤ ਕਤਲ ਨਾਲ ਸੰਬੰਧਿਤ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਬਾਰੇ ਫ਼ੈਸਲਾ ਸੁਣਾਇਆ ਜਾਣਾ ਸੀ, ਪਰ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਛੁੱਟੀ 'ਤੇ ਹੋਣ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਹੁਣ ਇਹ ਫ਼ੈਸਲਾ 16 ਅਗਸਤ ਨੂੰ ਸੁਣਾਏ ਜਾਣ ਦੀ ਸੰਭਾਵਨਾ ਹੈ। ਦੱਸਣਯੋਗ ਹੈ ਕਿ ਬੀਤੇ 19 ਜੁਲਾਈ ਨੂੰ ਇਸ ਮਾਮਲੇ ਵਿਚ ਜੱਜ ਨੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਅਤੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫ਼ੈਸਲਾ ਸੁਰੱਖਿਅਤ ਰੱਖ ਲਿਆ ਸੀ, ਜੋ 2 ਅਗਸਤ ਨੂੰ ਸੁਣਾਇਆ ਜਾਣਾ ਸੀ।

ਮਾਮਲਾ ਸਿੱਖ ਫ਼ਾਰ ਜਸਟਿਸ' ਸੰਸਥਾ ਨੂੰ ਫੰਡਿੰਗ ਕਰਨ ਦਾ

## ਦੋਸ਼ੀ ਸਿਖ ਨੌਜਵਾਨ ਨੂੰ ਮਿਲੀ ਜ਼ਮਾਨਤ

ਚੰਡੀਗੜ੍ਹ-ਪੰਜਾਬ-ਹਰਿਆਣਾ ਹਾਈ ਕੋਰਟ ਨੇ ਗ਼ੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਤਹਿਤ ਗ੍ਰਿਫ਼ਤਾਰ 'ਸਿੱਖ ਫ਼ਾਰ ਜਸਟਿਸ' ਸੰਗਠਨ ਨੂੰ ਫ਼ੰਡ ਦੇਣ ਦੇ ਦੋਸ਼ੀ ਨੂੰ ਜ਼ਮਾਨਤ ਦੇ ਦਿੱਤੀ ਹੈ। ਹਾਈ ਕੋਰਟ ਨੇ ਕਿਹਾ ਕਿ ਮੁਕੱਦਮੇ ਦੀ ਲੰਬੀ ਅਤੇ ਔਖੀ ਪ੍ਰਕਿਰਿਆ ਆਪਣੇ ਆਪ ਵਿਚ ਇਕ ਸਜ਼ਾ ਹੈ, ਸੰਵਿਧਾਨਕ ਅਦਾਲਤ ਨੂੰ ਅਜਿਹੀ ਸਥਿਤੀ ਨੂੰ ਵਾਪਰਨ ਤੋਂ ਰੋਕਣਾ ਚਾਹੀਦਾ ਹੈ। ਪਟੀਸ਼ਨ ਦਾਇਰ ਕਰਦੇ ਹੋਏ ਮਨਜੀਤ ਸਿੰਘ ਨੇ ਯੂ.ਏ.ਪੀ.ਏ. ਤਹਿਤ ਦਰਜ ਕੇਸ ਵਿਚ ਜ਼ਮਾਨਤ ਦੀ ਮੰਗ ਕੀਤੀ ਸੀ।

ਪਟੀਸ਼ਨਰ ਨੇ ਦੱਸਿਆ ਕਿ ਉਹ 5 ਸਾਲ 9 ਮਹੀਨੇ ਤੋਂ ਜੇਲ੍ਹ ਵਿਚ ਹੈ ਅਤੇ ਟਰਾਇਲ ਦੀ ਸੁਣਵਾਈ ਜਲਦ ਪੂਰੀ ਨਹੀਂ ਹੋਣ ਵਾਲੀ ਹੈ।



ਪਟੀਸ਼ਨਰ ਨੇ ਦਲੀਲ ਦਿੱਤੀ ਕਿ ਉਸ 'ਤੇ ਦੋਸ਼ ਹੈ ਕਿ ਉਹ 'ਸਿੱਖ ਫ਼ਾਰ ਜਸਟਿਸ' ਦੀਆਂ ਗਤੀਵਿਧੀਆਂ ਨੂੰ ਫ਼ੰਡ ਦੇ ਰਿਹਾ ਸੀ, ਜੋ ਕਿ ਯੂ.ਏ.ਪੀ.ਏ. ਤਹਿਤ ਪਾਬੰਦੀਸ਼ੁਦਾ ਸੰਗਠਨ ਹੈ। ਪਟੀਸ਼ਨਕਰਤਾ ਨੇ ਕਿਹਾ ਕਿ ਐਫ. ਆਈ. ਆਰ. 2018 ਵਿਚ ਦਰਜ ਕੀਤੀ ਗਈ ਸੀ ਅਤੇ ਉਸ ਸਮੇਂ ਸੰਗਠਨ 'ਤੇ ਕੋਈ ਪਾਬੰਦੀ ਨਹੀਂ ਸੀ। ਇਸ 'ਤੇ ਜੁਲਾਈ 2019 ਵਿਚ ਪਾਬੰਦੀ ਲਗਾਈ ਗਈ ਸੀ ਅਤੇ ਜਨਵਰੀ 2020 ਵਿਚ ਯੂ.ਏ.ਪੀ.ਏ. ਟ੍ਰਿਬਿਊਨਲ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ। ਹਾਈ ਕੋਰਟ ਨੇ ਪਟੀਸ਼ਨ 'ਤੇ ਆਪਣਾ ਫ਼ੈਸਲਾ ਸੁਣਾਉਂਦੇ ਹੋਏ ਕਿਹਾ ਕਿ ਲੰਬੀ ਨਜ਼ਰਬੰਦੀ ਆਪਣੇ ਆਪ ਵਿਚ ਯੂ.ਏ.ਪੀ.ਏ ਦੇ ਤਹਿਤ ਦੋਸ਼ੀਆਂ ਨੂੰ ਭਾਰਤੀ ਸੰਵਿਧਾਨ ਦੀ ਧਾਰਾ 21 ਦੇ ਤਹਿਤ ਜ਼ਮਾਨਤ ਦੇਣ ਦਾ ਹਾਈ ਕੋਰਟ ਨੂੰ ਅਧਿਕਾਰ ਦਿੰਦੀ ਹੈ। ਅਪੀਲ ਕਰਤਾ ਤੋਂ ਹਥਿਆਰਾਂ, ਅਗਨੀ ਸ਼ਾਸਤਰ, ਨਸ਼ੀਲੇ ਪਦਾਰਥ ਜਾਂ ਕੋਈ ਹੋਰ ਇਤਰਾਜ਼ਯੋਗ ਸਮਗਰੀ ਦੇ ਰੂਪ ਵਿਚ ਕੋਈ ਵੀ ਸਮਗਰੀ ਬਰਾਮਦ ਨਹੀਂ ਹੋਈ। ਇਹ ਦੇਖਦੇ ਹੋਏ ਪਟੀਸ਼ਨਕਰਤਾ 5 ਸਾਲ 9 ਮਹੀਨੇ ਤੋਂ ਹਿਰਾਸਤ 'ਚ ਹੈ ਅਤੇ ਮੁਕੱਦਮੇ ਦਾ ਕੋਈ ਅੰਤ ਨਜ਼ਰ ਨਹੀਂ ਆ ਰਿਹਾ, ਹਾਈਕੋਰਟ ਨੇ ਪਟੀਸ਼ਨਕਰਤਾ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ।


## ਲੁਧਿਆਣਾ ਵਿਚ ਢਾਈ ਸਾਲ ਦੀ ਬੱਚੀ ਨਾਲ ਬਲਾਤਕਾਰ !

### ✪ ਗੁਆਂਢੀ ਦੇ ਘਰ ਖੇਡਣ ਗਈ ਸੀ ਮਾਸੂਮ ਬੱਚੀ, ਦੋਸ਼ੀ ਭਈਆ ਗ੍ਰਿਫ਼ਤਾਰ

ਲੁਧਿਆਣਾ-ਖੰਨਾ ਇਲਾਕੇ ਦੇ ਮਲੌਦ 'ਚ ਇੱਕ ਢਾਈ ਸਾਲ ਦੀ ਬੱਚੀ ਨਾਲ ਜਬਰ ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿੱਚ ਮੁਲਜ਼ਮ ਸ਼ੈਲੇਸ਼ ਯਾਦਵ ਉਰਫ਼ ਕਾਲੂ ਵਾਸੀ ਪਿੰਡ ਬਿਦੁਨੀ ਥਾਣਾ ਸੈਰੋ ਜ਼ਿਲ੍ਹਾ ਕਾਸਗੰਜ (ਉੱਤਰ ਪ੍ਰਦੇਸ਼) ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁਲਜ਼ਮ ਮਲੌਦ ਦੇ ਇੱਕ ਪਿੰਡ ਵਿੱਚ ਕਿਰਾਏ 'ਤੇ ਰਹਿੰਦਾ ਸੀ। ਪੀੜਤ ਬੱਚੀ ਦੀ ਮਾਂ ਨੇ ਰੰਗੇ ਹੱਥੀਂ ਫੜਿਆ-ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਵਿੱਚ ਪੀੜਤ ਬੱਚੀ ਦੀ ਮਾਂ ਨੇ ਦੱਸਿਆ ਕਿ ਉਹ ਘਰ ਵਿੱਚ ਨਹਾ ਰਹੀ ਸੀ। ਉਸ ਦੀ ਢਾਈ ਸਾਲ ਦੀ ਬੇਟੀ ਬਾਹਰ ਖੇਡ ਰਹੀ ਸੀ। ਜਦੋਂ ਉਹ ਨਹਾ ਕੇ ਬਾਹਰ ਆਈ ਤਾਂ ਬੱਚੀ ਨਜ਼ਰ ਨਹੀਂ ਆਈ। ਪਹਿਲਾਂ ਵੀ ਉਸ ਦੀ ਧੀ ਮੁਲਜ਼ਮ ਸ਼ੈਲੇਸ਼ ਯਾਦਵ ਦੇ ਘਰ ਜਾਂਦੀ ਸੀ। ਇਸ ਲਈ ਮਾਂ ਸ਼ੈਲੇਸ਼ ਦੇ ਘਰ ਗਈ। ਉਸ ਨੇ ਕਮਰੇ ਦਾ ਦਰਵਾਜ਼ਾ ਬੰਦ ਕੀਤਾ ਹੋਇਆ ਸੀ। ਉਹ ਦਰਵਾਜ਼ਾ ਖੜਕਾਉਂਦੀ ਰਹੀ। ਫਿਰ ਸ਼ੈਲੇਸ਼ ਨੇ ਦਰਵਾਜ਼ਾ ਖੋਲ੍ਹਿਆ ਅਤੇ ਗੁੱਸੇ ਵੀਚ ਆ ਗਿਆ। ਸ਼ੈਲੇਸ਼ ਨੇ ਕੱਪੜੇ ਨਹੀਂ ਪਾਏ ਹੋਏ ਸਨ। ਕੁੜੀ ਅੰਦਰੋਂ ਰੋਂਦੀ ਹੋਈ ਬਾਹਰ ਆਈ। ਘਰ ਜਾ ਕੇ ਵੀ ਕੁੜੀ ਰੋਂਦੀ ਰਹੀ। ਜਦੋਂ ਉਸ ਦੀ ਮੈਡੀਕਲ ਜਾਂਚ ਕਰਵਾਈ ਗਈ ਤਾਂ ਸੱਚਾਈ ਸਾਹਮਣੇ ਆ ਗਈ। ਮਾਮਲੇ ਦੀ ਜਾਂਚ ਕਰ ਰਹੀ ਮਹਿਲਾ ਸਬ ਇੰਸਪੈਕਟਰ ਰਾਜਵੰਤ ਕੌਰ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਤੁਰੰਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਮਹਿਲਾ ਐਸ ਐਚ ਓ ਨੂੰ ਸ਼ਰ੍ਹੇਆਮ ਤਲਵਾਰਾਂ ਨਾਲ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ! ਦੋਸ਼ੀ ਫੌਜੀ

ਅੰਮ੍ਰਿਤਸਰ-ਅੰਮ੍ਰਿਤਸਰ ਵਿੱਚ ਮਹਿਲਾ ਐਸ ਐਚ ਓ 'ਤੇ ਨਾਕੇ ਦੌਰਾਨ ਜਾਨਲੇਵਾ ਹਮਲਾ ਹੋਇਆ ਹੈ। ਦੱਸਿਆ ਜਾ ਰਿਹਾ ਹੈ ਐਸ ਐਚ ਓ ਅਮਨਜੋਤ ਕੌਰ ਦੀ ਅਗਵਾਈ ਵਿੱਚ ਪੁਲਿਸ ਨੇ ਬੀਤੀ ਰਾਤ ਪਿੰਡ ਮੁਧਲ ਵਿੱਚ ਨਾਕਾ ਲਗਾਇਆ ਹੋਇਆ ਸੀ। ਕੁਝ ਲੋਕਾਂ ਨੇ ਤਲਵਾਰਾਂ ਅਤੇ ਦਾਤਰਾਂ ਨਾਲ ਐਸ ਐਚ ਓ ਅਮਨਜੋਤ ਕੌਰ 'ਤੇ ਹਮਲਾ ਕਰ ਦਿੱਤਾ। ਹਮਲੇ ਵਿੱਚ ਉਹ ਗੰਭੀਰ ਜ਼ਖਮੀ ਹੋਏ ਹਨ। ਫਿਲਹਾਲ ਉਨ੍ਹਾਂ ਦਾ ਨਿੱਜੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਜਦੋਂ ਐਸ ਐਚ ਓ ਰਾਤ ਵੇਲੇ ਨਾਕੇ 'ਤੇ ਮੌਜੂਦ ਸੀ ਤਾਂ ਥੋੜ੍ਹੀ ਦੂਰੀ 'ਤੇ ਹੀ ਕੁਝ ਲੋਕਾਂ ਵਿਚਾਲੇ ਲੜਾਈ ਦੀ ਖ਼ਬਰ ਮਿਲੀ ਤਾਂ ਐਸ ਐਚ ਓ ਅਮਨਜੋਤ ਕੌਰ ਉੱਥੇ ਪਹੁੰਚ ਗਈ ਤਾਂ ਸ਼ਰਾਬੀ ਲੋਕਾਂ ਨੇ ਨਸ਼ੇ ਵਿੱਚ ਉਨ੍ਹਾਂ 'ਤੇ ਦਾਤਰ ਨਾਲ ਹਮਲਾ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਜਿਸ ਵੇਲੇ ਹਮਲਾ ਹੋਇਆ ਉਸ ਵੇਲੇ ਐਸ ਐਚ ਓ ਅਮਨਜੋਤ ਕੌਰ ਸਿਵਿਲ ਵਰਦੀ ਵਿੱਚ ਸੀ। ਹਮਲਾ ਕਰਨ ਵਾਲਾ ਮੁਲਜ਼ਮ ਗ੍ਰਿਫ਼ਤਾਰ ਕਰ ਲਿਆ ਹੈ। ਹਮਲਾਵਰ ਆਰਮੀ ਦਾ ਜਵਾਨ ਦੱਸਿਆ ਜਾ ਰਿਹਾ ਹੈ ਅਤੇ ਉਹ ਛੁੱਟੀ 'ਤੇ ਆਇਆ ਹੋਇਆ ਸੀ। ਪੁਲਿਸ ਦੇ ਮੁਤਾਬਿਕ ਮੁੱਖ ਮੁਲਜ਼ਮ ਫੌਜੀ ਹੀ ਸੀ ਅਤੇ ਉਸ ਦੇ ਸਾਥੀਆਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਿਕ ਸ਼ਰਾਬ ਦੇ ਠੇਕੇ ਦੇ ਕੋਲ 2 ਧਿਰਾਂ ਦੇ ਵਿਚਾਲੇ ਲੜਾਈ ਚੱਲ ਰਹੀ ਸੀ। ਪੁਲਿਸ ਨੇ 2 ਵੱਖ-ਵੱਖ ਮਾਮਲਿਆਂ ਵਿੱਚ ਪਰਚੇ ਦਰਜ ਕੀਤੇ ਹਨ ਇੱਕ ਝਗੜੇ ਦਾ ਦੂਜਾ ਐਸ ਐਚ ਓ 'ਤੇ ਹਮਲੇ ਦਾ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਫੌਜ ਵਿੱਚ ਰਹਿੰਦੇ ਹੋਏ ਵੀ ਅਜਿਹੀ ਹਰਕਤ ਕਰਨਾ ਹੈਰਾਨ ਕਰਨ ਵਾਲੀ ਹੈ।



## ਨੌਕਰੀ ਨਾ ਮਿਲੀ ਤਾਂ ਕੇਂਦਰ ਵਿਦਿਆਲਿਆ ਨੂੰ ਬੰਬ ਨਾਲ ਉਡਾਉਣ ਦੀ ਦਿਤੀ ਧਮਕੀ, ਦੋਸ਼ੀ ਗ੍ਰਿਫਤਾਰ

ਇੰਦੌਰ-ਨੌਕਰੀ ਨਾ ਮਿਲਣ ਦੇ ਡਰੋਂ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਇੰਦੌਰ ਦੇ ਕੈਂਪਸ ਵਿਚ ਸਥਿਤ ਕੇਂਦਰੀ ਵਿਦਿਆਲਿਆ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਇਸ ਧਮਕੀ ਦੇਣ ਦੇ ਦੋਸ਼ ਵਿਚ ਪੁਲਸ ਨੇ 30 ਸਾਲਾ ਵਿਅਕਤੀ ਚੇਤਨ ਸੋਨੀ ਨੂੰ ਗ੍ਰਿਫ਼ਤਾਰ ਕਰ ਲਿਆ। ਐੱਸ.ਪੀ. (ਦਿਹਾਤੀ) ਹਿੱਤਿਕਾ ਵਾਸਲ ਨੇ ਨੇ ਦੱਸਿਆ ਕਿ ਮਾਸਟਰ ਆਫ਼ ਕੰਪਿਊਟਰ ਐਪਲੀਕੇਸ਼ਨ (ਐਮਸੀਏ) ਦੀ ਡਿਗਰੀ ਹਾਸਲ ਕਰਨ ਵਾਲੇ ਸੋਨੀ ਨੇ ਕੇਂਦਰੀ ਵਿਦਿਆਲਿਆ ਵਿੱਚ ਟੈਕਨੀਸ਼ੀਅਨ ਵਜੋਂ ਨੌਕਰੀ ਲਈ ਅਰਜ਼ੀ ਦਿੱਤੀ ਸੀ। ਇਸ ਸਬੰਧ ਵਿਚ ਉਸ ਦੀ ਚੋਣ ਨਹੀਂ ਹੋ ਸਕੀ। ਵਾਸਲ ਨੇ ਕਿਹਾ, "ਨੌਕਰੀ ਨਾ ਮਿਲਣ ਦੇ ਗੁੱਸੇ ਵਿੱਚ ਉਸਨੇ ਪਿਛਲੇ ਮਹੀਨੇ ਆਈਆਈਟੀ ਕੈਂਪਸ ਵਿੱਚ ਸਥਿਤ ਕੇਂਦਰੀ ਵਿਦਿਆਲਿਆ ਦੇ ਪ੍ਰਿੰਸੀਪਲ ਨੂੰ ਈ-ਮੇਲ ਰਾਹੀਂ ਧਮਕੀ ਦਿੱਤੀ ਸੀ ਕਿ ਇਸ ਵਿਦਿਅਕ ਸੰਸਥਾ ਨੂੰ 15 ਅਗਸਤ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ।"



ਪੁਲਸ ਸੁਪਰਡੈਂਟ ਨੇ ਦੱਸਿਆ ਕਿ ਸੋਨੀ ਨੇ ਸਾਲ 2015 'ਚ ਆਪਣੀ ਪੜ੍ਹਾਈ ਪੂਰੀ ਕੀਤੀ ਸੀ ਪਰ ਕਈ ਕੋਸ਼ਿਸ਼ਾਂ ਦੇ ਬਾਵਜੂਦ ਉਸ ਨੂੰ ਹੁਣ ਤੱਕ ਨੌਕਰੀ ਨਹੀਂ ਮਿਲੀ, ਜਿਸ ਕਾਰਨ ਉਹ ਕਾਫੀ ਨਿਰਾਸ਼ ਸੀ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ।

## ਅਟਾਰੀ ਸਰਹੱਦ 'ਤੇ ਪਾਕਿ ਤੋਂ ਭਾਰਤ ਪੁੱਜੀ ਲੜਕੀ ਕੋਲੋਂ 1 ਕਰੋੜ 62 ਲੱਖ ਤੋਂ ਵਧੇਰੇ ਸੋਨਾ ਬਰਾਮਦ

ਅਟਾਰੀ (ਅੰਮ੍ਰਿਤਸਰ)-ਪਾਕਿਸਤਾਨ ਵਿਖੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਉਪਰੰਤ ਆਪਣੇ ਵਤਨ ਭਾਰਤ ਪਰਤ ਰਹੀ ਇਕ ਮੁਸਲਮਾਨ ਲੜਕੀ ਕੋਲੋਂ ਦੋ ਕਿਲੋ ਤੋਂ ਵਧੇਰੇ ਵਜ਼ਨ ਦਾ ਸੋਨਾ ਬਰਾਮਦ ਕਰਕੇ ਭਾਰਤੀ ਕਸਟਮ ਨੂੰ ਵੱਡੀ ਸਫਲਤਾ ਹਾਸਲ ਹੋਈ ਹੈ। ਭਾਰਤ-ਪਾਕਿ ਦੇਸ਼ਾਂ ਦੀ ਸਾਂਝੀ ਕੌਮਾਂਤਰੀ ਭਾਰਤੀ ਅਟਾਰੀ ਸਰਹੱਦ 'ਤੇ ਬਣੀ ਆਈ.ਸੀ.ਪੀ. ਵਿਖੇ ਕਸਟਮ ਅਧਿਕਾਰੀਆਂ ਨੂੰ ਪਾਕਿਸਤਾਨ ਤੋਂ ਭਾਰਤ ਪੁੱਜੀ ਲੜਕੀ ਦੇ ਸਾਮਾਨ ਦੀ ਜਾਂਚ ਕਰਦਿਆਂ ਸਟੀਲ ਦੇ ਭਾਂਡਿਆਂ ਦੇ ਹੈਂਡਲਾਂ ਉੱਪਰ ਤਾਂਬੇ ਦੇ ਰੰਗ ਕੀਤੇ ਜਾਣ ਦਾ ਸ਼ੱਕ ਪੈਣ 'ਤੇ ਜਾਂਚ ਕੀਤੀ ਤਾਂ ਉਹ ਸੋਨਾ ਨਿਕਲਿਆ। ਕਸਟਮ ਵਿਭਾਗ ਅਨੁਸਾਰ ਸੋਨੇ ਦਾ ਵਜ਼ਨ 2332 ਗ੍ਰਾਮ 24 ਕੈਰਟ ਜਿਸ ਦੀ ਕੀਮਤ 1,62,30,953 ਰੁਪਏ ਬਣਦੀ ਹੈ, ਨੂੰ ਜ਼ਬਤ ਕਰ ਲਿਆ ਗਿਆ ਹੈ। ਉਕਤ ਲੜਕੀ ਅਨਮਭੀ ਪੁੱਤਰੀ ਮੁਹੰਮਦ ਸ਼ਕੀਲ ਵਾਸੀ ਸੂਰਜਪੁਰ ਨੋਇਡਾ ਗੌਤਮ ਬੁੱਧ ਨਗਰ ਯੂ.ਪੀ. ਦੀ ਰਹਿਣ ਵਾਲੀ ਹੈ। ਦੱਸਣਯੋਗ ਹੈ ਕਿ ਇਹ ਮੁਸਲਮਾਨ ਲੜਕੀ 4 ਜੂਨ 2024 ਨੂੰ ਭਾਰਤ ਤੋਂ ਅਟਾਰੀ ਸਰਹੱਦ ਰਸਤੇ ਪਾਕਿਸਤਾਨ ਜਾਣ ਸਮੇਂ ਭਾਰਤੀ ਕਸਟਮ ਨੇ 41 ਕਿਲੋ 450 ਗ੍ਰਾਮ ਜ਼ਹਿਰੀਲਾ ਪਾਰਾ (ਮਰਕਰੀ) ਜੋ ਕਿ ਧਮਾਕੇ ਕਰਨ ਵਿਚ ਵਰਤਿਆ ਜਾਂਦਾ ਹੈ, ਉਸ ਨੂੰ ਪਾਕਿਸਤਾਨ ਲੈ ਕੇ ਜਾਣ ਮੌਕੇ ਵੀ ਰੋਕਿਆ ਗਿਆ ਸੀ। ਭਾਰਤੀ ਕਾਨੂੰਨ ਮੁਤਾਬਕ ਜ਼ਹਿਰੀਲਾ ਪਾਰਾ ਭਾਰਤ ਤੋਂ ਨਾਜਾਇਜ਼ ਢੰਗ ਨਾਲ ਲੈ ਜਾਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

# ਛੁਰੇਬਾਜੀ ਦੀ ਘਟਨਾ ਤੋਂ ਬਾਅਦ ਬਰਤਾਨੀਆ ਦੇ ਵੱਖ ਵੱਖ ਸ਼ਹਿਰਾਂ ਚ ਫੈਲੀ ਹਿੰਸਾ

## *ਲੈਸਟਰ ਚ ਦੋ ਧਿਰਾਂ ਵਿਚਕਾਰ ਟਕਰਾਅ ਹੁੰਦਾ ਵਾਲ ਵਾਲ ਬਚਿਆ *ਪੁਲਿਸ ਦੀ ਮੁਸਤੈਦੀ ਨਾਲ ਵੱਡੀ ਘਟਨਾ ਹੋਣ ਤੋਂ ਟਲੀ






ਲੈਸਟਰ ਦੇ ਟਾਊਨ ਸੈਂਟਰ ਚ ਪ੍ਰਦਰਸ਼ਨ ਦੌਰਾਨ ਹਿੰਸਾਕਾਰੀ, ਅਤੇ ਦੂਜੇ ਪਾਸੇ ਸ਼ਾਂਤੀ ਪਸੰਦ ਜਥੇਬੰਦੀ ਇੰਡੀਅਨ ਵਰਕਰਜ ਐਸੋਸੀਏਸ਼ਨ ਅਤੇ ਹੋਰ ਅਮਨ ਪਸੰਦ ਜਥੇਬੰਦੀਆਂ ਹਿੰਸਾਕਾਰੀਆ ਦਾ ਵਿਰੋਧ ਕਰਦੇ ਹੋਏ, ਅਤੇ ਸਥਿਤੀ ਤੇ ਕਾਬੂ ਪਾਉਣ ਲਈ ਘਟਨਾ ਸਥਾਨ ਤੇ ਮੌਜੂਦ ਵੱਡੀ ਗਿਣਤੀ ਚ ਪੁਲਿਸ ਫੋਰਸ

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਸਮੁੰਦਰੀ ਕੰਢੇ ਵੱਸੇ ਸ਼ਹਿਰ ਸਾਊਥਪੋਰਟ ਚ ਪਿਛਲੇ ਹਫਤੇ ਵਾਪਰੀ ਛੁਰੇਬਾਜੀ ਦੀ ਘਟਨਾ,ਜਿਸ ਵਿੱਚ ਤਿੰਨ ਬੱਚਿਆਂ ਦੀ ਮੌਤ ਅਤੇ ਕਈ ਗੰਭੀਰ ਜ਼ਖ਼ਮੀ ਹੋ ਗਏ ਸਨ।**

ਇਸ ਘਟਨਾ ਦੇ ਸਬੰਧ ਚ ਫੈਲੀ ਇਕ ਅਫਵਾਹ ਕਾਰਨ ਇਥੋਂ ਦੀ "ਇੰਗਲਿਸ਼ ਡਿਫੈਂਸ ਲੀਗ" ਜਥੇਬੰਦੀ ਵੱਲੋਂ ਇਕ ਭਾਈਚਾਰੇ ਨੂੰ ਇਸ ਘਟਨਾ ਦਾ ਜ਼ਿੰਮੇਵਾਰ ਦੱਸਦਿਆਂ ਬਰਤਾਨੀਆ ਦੇ ਵੱਖ ਵੱਖ ਸ਼ਹਿਰਾਂ ਚ ਪ੍ਰਦਰਸ਼ਨ ਅਤੇ ਭੰਨ ਤੋੜ ਕਰਕੇ ਨਸਲੀ ਹਿੰਸਾ ਫੈਲਾਈ ਜਾ ਰਹੀ ਹੈ।ਇਸੇ ਸਬੰਧ ਚ ਲੈਸਟਰ ਚ ਉਕਤ ਜਥੇਬੰਦੀ ਵੱਲੋਂ ਪ੍ਰਦਰਸ਼ਨ ਕਰਕੇ ਨਸਲੀ ਟਿੱਪਣੀਆਂ ਕਰਦਿਆਂ ਨਾਹਰੇਬਾਜੀ ਕੀਤੀ ਗਈ, ਜਿਸ ਦੇ ਵਿਰੋਧ ਚ ਇਥੋਂ ਦੀਆਂ ਸ਼ਾਂਤੀ ਪਸੰਦ ਜਥੇਬੰਦੀਆਂ ਜਿਨ੍ਹਾਂ ਚ ਇੰਡੀਅਨ ਵਰਕਰਜ ਐਸੋਸੀਏਸ਼ਨ ਵੱਲੋਂ ਵੀ ਇਨ੍ਹਾਂ ਹਿੰਸਾਕਾਰੀ ਘਟਨਾਵਾਂ ਦੇ ਵਿਰੋਧ ਚ ਆਵਾਜ਼ ਬੁਲੰਦ ਕੀਤੀ ਗਈ।ਇਸ ਮੌਕੇ ਤੇ ਲੈਸਟਰ ਟਾਊਨ ਸੈਂਟਰ ਚ ਇਕੱਤਰ ਹੋਈਆਂ ਦੋਵਾਂ ਧਿਰਾਂ ਦਾ ਆਪਸੀ ਟਕਰਾਅ ਹੁੰਦਾ ਵਾਲ ਵਾਲ ਬਚਿਆ।ਇਸ ਮੌਕੇ ਤੇ ਹਾਜਰ ਵੱਡੀ ਗਿਣਤੀ ਚ ਪੁਲਿਸ ਫੋਰਸ ਵੱਲੋਂ ਸਥਿਤੀ ਤੇ ਕਾਬੂ ਪਾਉਂਦਿਆਂ ਕੁਝ ਹਿੰਸਾਕਾਰੀਆਂ ਨੂੰ ਹਿਰਾਸਤ ਚ ਵੀ ਲਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਡੀਅਨ ਵਰਕਰਜ ਐਸੋਸੀਏਸ਼ਨ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਦੱਸਿਆ ਕਿ ਬਰਤਾਨੀਆ ਚ ਅਮਨ ਸ਼ਾਂਤੀ ਕਾਇਮ ਰੱਖਣ ਲਈ ਹਿੰਸਾ ਫੈਲਾਅ ਰਹੀਆਂ ਅਜਿਹੀਆਂ ਨਸਲਵਾਦੀ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ।ਸ ਗਿੱਲ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਅਗਵਾਈ ਚ ਉਨ੍ਹਾਂ ਦੀ ਜਥੇਬੰਦੀ ਇੰਡੀਅਨ ਵਰਕਰਜ ਐਸੋਸੀਏਸ਼ਨ ਅਤੇ ਹੋਰ ਅਮਨ ਪਸੰਦ ਜਥੇਬੰਦੀਆਂ ਵੱਲੋਂ ਹਿੰਸਾ ਫੈਲਾਅ ਰਹੀਆਂ ਜਥੇਬੰਦੀਆਂ ਦੇ ਵਿਰੋਧ ਚ ਲੈਸਟਰ ਦੇ ਟਾਊਨ ਸੈਂਟਰ ਚ ਸ਼ਾਂਤਮਈ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ ਤਾਂ ਉਥੇ ਮੌਜੂਦ ਵੱਡੀ ਗਿਣਤੀ ਚ ਹਿੰਸਾਕਾਰੀਆ ਵੱਲੋਂ ਉਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਮਨਸ਼ਾ ਨਾਲ ਉਨ੍ਹਾਂ ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਪ੍ਰੰਤੂ ਮੌਕੇ ਤੇ ਮੌਜੂਦ ਵੱਡੀ ਗਿਣਤੀ ਚ ਪੁਲਿਸ ਫੋਰਸ ਵੱਲੋਂ ਕੁਝ ਹਿੰਸਾਕਾਰੀਆ ਨੂੰ ਹਿਰਾਸਤ ਚ ਲੈਣ ਕੇ ਉਨ੍ਹਾਂ ਦੀ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ ਅਤੇ ਦੋ ਦੇ ਕਰੀਬ ਹਿੰਸਾਕਾਰੀਆਂ ਨੂੰ ਹਿਰਾਸਤ ਚ ਲੈਣ ਕੇ ਸਥਿਤੀ ਤੇ ਕਾਬੂ ਪਾਇਆ।

ਜ਼ਿਕਰਯੋਗ ਹੈ ਕਿ ਇਸ ਘਟਨਾ ਤੋਂ ਬਾਅਦ ਬਰਤਾਨੀਆ ਦੇ ਵੱਖ ਵੱਖ ਸ਼ਹਿਰਾਂ ਚ ਅਜੇ ਵੀ ਹਿੰਸਕ ਕਾਰਵਾਈਆਂ ਜਾਰੀ ਹਨ, ਜਿਸ ਤੋਂ ਤੰਗ ਆ ਕੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਹਿੰਸਾਕਾਰੀਆ ਖਿਲਾਫ ਸਖਤ ਕਾਰਵਾਈ ਕਰਨ ਦਾ ਐਲਾਨ ਕੀਤਾ ਹੈ।

# ਸਰੀ 'ਚ ਆਯੋਜਿਤ ਵਿਸ਼ਵ ਪੰਜਾਬੀ ਸੈਮੀਨਾਰ 'ਚ ਵੱਡੀ ਗਿਣਤੀ ਪੰਜਾਬੀ ਹਿਤੈਸ਼ੀਆਂ ਨੇ ਸ਼ਿਰਕਤ ਕੀਤੀ-'ਸਰੀ ਬੁੱਕ' ਵੱਲੋਂ ਸਾਹਿਤਕ ਕਿਤਾਬਾਂ ਦੀ ਲਗਾਈ ਗਈ ਸਟਾਲ ਬਣੀ ਖਿੱਚ ਦਾ ਕੇਂਦਰ

ਵੈਨਕੂਵਰ-(ਮਲਕੀਤ ਸਿੰਘ)-ਪੰਜਾਬੀ ਮਾਂ ਬੋਲੀ ਦੇ ਪਸਾਰ ਲਈ ਯਤਨਸ਼ੀਲ 'ਜੀਵੇ ਪੰਜਾਬ ਅਦਬੀ ਸੰਗਤ' ਅਤੇ 'ਸਾਊਥ ਏਸ਼ੀਅਨ' ਵੱਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਸਰੀ ਸਥਿਤ ਤਾਜ ਪਾਰਕ ਕਨਵੈਨਸ਼ਨ ਸੈਂਟਰ 'ਚ ਇਕ ਰੋਜ਼ਾ ਵਿਸ਼ਵ ਪੰਜਾਬੀ ਸੈਮੀਨਾਰ ਕਰਵਾਇਆ ਗਿਆ।ਜਿਸ 'ਚ ਉਘੇ ਵਿਦਵਾਨਾਂ, ਬੁੱਧੀਜੀਵੀਆਂ ਸਮੇਤ ਵੱਡੀ ਗਿਣਤੀ 'ਚ ਪੰਜਾਬੀ ਹਿਤੈਸ਼ੀਆਂ ਵੱਲੋਂ ਬੜੇ ਉਤਸ਼ਾਹ ਸਹਿਤ ਸ਼ਿਰਕਤ ਕੀਤੀ ਗਈ।

'ਪੰਜਾਬੀ ਦੀ ਦਸ਼ਾ ਅਤੇ ਦਿਸ਼ਾ' ਵਿਸ਼ੇ ਨਾਲ ਸਬੰਧਿਤ ਕਰਵਾਈਆਂ ਗਈਆਂ ਤਕਰੀਰਾਂ ਦੌਰਾਨ ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਉਚੇਚੇ ਤੌਰ 'ਤੇ ਡਾ: ਪਿਆਰਾ ਲਾਲ ਗਰਗ, ਡਾ: ਆਸਮਾ ਕਾਦਰੀ, ਡਾ: ਗੁਰਦੇਵ ਸਿੰਘ ਸਿੱਧੂ, ਡਾ: ਬਾਵਾ ਸਿੰਘ, ਸ੍ਰੀ ਮਿੱਤਰ ਸੈਨ ਮੀਤ, ਡਾ: ਸੁੱਚਾ ਸਿੰਘ ਗਿੱਲ, ਡਾ: ਗੁਰਵਿੰਦਰ ਸਿੰਘ ਧਾਲੀਵਾਲ, ਨੁਜਹਤ ਅੱਬਾਸ, ਡਾ: ਪ੍ਰਭਜੋਤ ਕੌਰ ਪਰਮਾਰ, ਮੁਹੰਮਦ ਅੱਬਾਸ ਆਦਿ ਬੁਲਾਰਿਆਂ ਵੱਲੋਂ ਬੜੇ ਹੀ ਤਰਕਮਈ ਅਤੇ ਦਲੀਲਪੂਰਵਕ ਤਰੀਕੇ ਨਾਲ ਪੇਸ਼ ਕੀਤੇ ਵਿਚਾਰਾਂ ਨੂੰ ਹਾਲ 'ਚ ਵੱਡੀ ਗਿਣਤੀ 'ਚ ਮੌਜੂਦ ਸਰੋਤਿਆਂ ਵੱਲੋਂ ਬੜੀ ਦਿਲਚਸਪੀ ਅਤੇ ਠਰੰਮੇ ਨਾਲ ਸੁਣਿਆ ਗਿਆ।

ਇਸ ਸੈਮੀਨਾਰ ਦੌਰਾਨ ਮੰਚ ਸੰਚਾਲਕ ਦੀ ਭੂਮਿਕਾ ਨਵਰੂਪ ਸਿੰਘ ਵੱਲੋਂ ਬਾਖੂਬੀ ਢੰਗ ਨਾਲ ਨਿਭਾਈ ਗਈ।ਇਸ ਮੌਕੇ ਪਾਸ ਕੀਤੇ ਮਤਿਆਂ ਨੂੰ ਹਾਜ਼ਰ ਪਤਵੰਤਿਆਂ ਵੱਲੋਂ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਗਈ।ਸੈਮੀਨਾਰ ਦੀ ਸਮਾਪਤੀ ਉਪਰੰਤ ਸਾਰਿਆਂ ਵੱਲੋਂ ਸਵਾਦਲੇ ਭੋਜਨ ਦਾ ਵੀ ਆਨੰਦ ਮਾਣਿਆ ਗਿਆ।ਉਘੇ ਲੋਕ ਗਾਇਕ ਗਿੱਲ ਹਰਦੀਪ ਵੱਲੋਂ ਵੀ ਉਚੇਚੇ ਤੌਰ 'ਤੇ ਇਸ ਸੈਮੀਨਾਰ 'ਚ ਹਾਜ਼ਰੀ ਭਰੀ ਗਈ।ਇਸ ਮੌਕੇ 'ਤੇ ਭੁਪਿੰਦਰ ਮਲੀ ਵਲੋ ਆਏ ਹੋਏ ਮੁੱਖ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ।ਹੋਰਨਾਂ ਤੋਂ ਇਲਾਵਾ ਇਸ ਮੌਕੇ 'ਤੇ ਰਿਕੀ ਬਾਜਵਾ, ਡਾ: ਸੁੱਚਾ ਸਿੰਘ ਦੀਪਕ, ਡਾ: ਫਰੀਦ ਸਈਅਦ, ਪ੍ਰਭਜੋਤ ਬੈਂਸ, ਰਣਜੀਤ ਸਿੰਘ ਕਲਸੀ ਅਤੇ ਗੁਰਬਚਨ ਸਿੰਘ ਖੁਡੇਵਾਲ ਵੀ ਮੌਜੂਦ ਸਨ।

# ਰਾਜ ਕਾਕੜਾ ਲਾਈਵ ਸ਼ੋਅ 25 ਅਗਸਤ ਨੂੰ

ਵੈਨਕੂਵਰ-(ਮਲਕੀਤ ਸਿੰਘ)-ਫੋਕ ਸਟਾਰ ਆਰਟਸ ਅਕੈਡਮੀ ਅਤੇ ਕੈਨਕੋ ਵੱਲੋਂ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ 25 ਅਗਸਤ ਦਿਨ ਐਤਵਾਰ ਨੂੰ ਸਰੀ ਦੀ 13750-88 ਐਵੀਨਿਊ 'ਤੇ ਸਥਿਤ ਆਰਟ ਸੈਂਟਰ 'ਚ 'ਰਾਜ ਕਾਕੜਾ ਲਾਈਵ ਸ਼ੋਅ' ਆਯੋਜਿਤ ਕਰਵਾਇਆ ਜਾ ਰਿਹਾ ਹੈ।

# ਸ਼ਹੀਦੀ ਸਪੋਰਟਸ ਕੌਂਸਲ ਬੈਡ ਫੋਰਡ ਯੂ ਕੇ ਵੱਲੋਂ ਕਰਵਾਏ ਗਏ ਖੇਡ ਮੇਲੇ 'ਚ ਇੰਗਲੈਂਡ ਭਰ ਚੋਂ ਵੱਖ ਵੱਖ ਟੀਮਾਂ ਨੇ ਲਿਆ ਭਾਗ



**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸ਼ਹੀਦੀ ਸਪੋਰਟਸ ਕੌਂਸਲ ਬੈਡਫੋਰਡ ਯੂਕੇ ਵੱਲੋਂ ਵਿਦੇਸ਼ਾਂ ਵਿੱਚ ਰਹਿ ਰਹੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਦੇ ਉਪਰਾਲੇ ਦੇ ਤਹਿਤ ਸੁਰਜੀਤ ਸਿੰਘ ਧੰਜੂ ਚੇਅਰਮੈਨ ਅਤੇ ਫਾਊਂਡਰ, ਅਲੀ ਬਲੋਚ ਮੀਤ ਪ੍ਰਧਾਨ, ਰਾਣਾ ਸੇਖੋ ਪ੍ਰਧਾਨ, ਗੁਰਭੇਜ ਵਿਰਕ ਮੀਤ ਪ੍ਰਧਾਨ, ਸਿਮਰਨ ਜੋਸਨ ਜਨਰਲ ਸਕੱਤਰ ਆਦਿ ਦੀ ਦੇਖ ਰੇਖ ਹੇਠ ਇੱਕ ਖੇਡ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਕਬੱਡੀ, ਫੁਟਬਾਲ, ਵਾਲੀਬਾਲ ਕ੍ਰਿਕਟ, ਅਥਲੈਟਿਕ ਹਾਕੀ ਆਦਿ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਯੂ ਕੇ ਦੀਆਂ ਵੱਖ ਵੱਖ ਟੀਮਾਂ ਤੇ ਉਹਨਾਂ ਦੇ ਖਿਡਾਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਦੌਰਾਨ ਗੋਲਡਨ ਵਿਰਸਾ ਯੂ ਕੇ ਵੱਲੋਂ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕਰਦਾ ਰੰਗਾਰੰਗ ਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਜਿਸ ਵਿੱਚ ਸੋਨੂੰ ਗਿੱਲ ਵੱਲੋਂ ਪੰਜਾਬੀ ਬੋਲੀਆਂ ਤੇ ਲੋਕ ਸਾਜਾਂ ਉੱਤੇ ਥਿਰਕਦੀ ਗੋਲਡਨ ਵਿਰਸਾ ਯੂ ਕੇ ਦੀ ਸਮੁੱਚੀ ਟੀਮ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੌਰਾਨ ਗੋਲਡਨ ਵਿਰਸਾ ਯੂ ਕੇ ਐੱਮ ਡੀ ਰਾਜਵੀਰ ਸਮਰਾ ਸਮੁੱਚੀ ਸੱਭਿਆਚਾਰਕ ਟੀਮ ਨੂੰ ਕੌਂਸਲ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਵੱਖ ਵੱਖ ਟੀਮਾਂ ਤੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਉਪਰੰਤ ਸ਼ਹੀਦੀ ਸਪੋਰਟਸ ਕੌਂਸਲ ਬੈਡ ਫੋਰਡ ਦੇ ਚੇਅਰਮੈਨ ਤੇ ਫਾਊਂਡਰ ਸਰਬਜੀਤ ਸਿੰਘ ਧੰਜੂ ਨੇ ਕਿਹਾ ਕਿ ਇਹ ਟੂਰਨਾਮੈਂਟ ਕਰਾਉਣ ਦਾ ਮੁੱਖ ਉਦੇਸ਼ ਵਿਸ਼ੇਸ਼ ਕਰ ਇੰਗਲੈਂਡ ਵਿੱਚ ਰਹਿ ਰਹੀ ਪੰਜਾਬੀ ਨੌਜਵਾਨੀ ਨੂੰ ਖੇਡਾਂ ਨਾਲ ਜੋੜਨ ਦੇ ਨਾਲ ਨਾਲ ਆਪਣੇ ਵਿਰਸੇ ਨਾਲ ਪਿਆਰ ਕਰਨ ਲਈ ਪ੍ਰੇਰਿਤ ਕਰਨਾ ਹੈ। ਉਹਨਾਂ ਕਿਹਾ ਕਿ ਸ਼ਹੀਦੀ ਸਪੋਰਟਸ ਕੌਂਸਲ ਬੈਡਫੋਰਡ ਇਸ ਲਈ ਪੂਰਨ ਤੌਰ ਤੇ ਯਤਨਸ਼ੀਲ ਹੈ। ਉਨਾਂ ਨੇ ਸ਼ਹੀਦੀ ਸਪੋਰਟਸ ਕੌਂਸਲ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦਾ ਵੀ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਦੇ ਨਾਲ ਨਾਲ ਗੋਲਡਨ ਵਿਰਸਾ ਯੂ ਕੇ ਵੱਲੋਂ ਪੰਜਾਬੀ ਸੱਭਿਆਚਾਰ ਨੂੰ ਪੇਸ਼ ਕਰਦੀਆਂ ਵੱਖ-ਵੱਖ ਪੇਸ਼ਕਾਰੀਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਅਲੀ ਬਲੋਚ ਮੀਤ ਪ੍ਰਧਾਨ, ਰਾਣਾ ਸੇਖੋ ਪ੍ਰਧਾਨ, ਗੁਰਭੇਜ ਵਿਰਕ ਮੀਤ ਪ੍ਰਧਾਨ, ਸਿਮਰਨ ਜੋਸਨ ਜਨਰਲ ਸਕੱਤਰ, ਹਰਦੇਵ ਸਿੰਘ, ਸ਼ਿਗਾਰਾ ਸਿੰਘ,ਗੁਰਪ੍ਰੀਤ ਸਿੰਘ ਸੰਧੂ, ਬਲਰਾਜ ਸਿੰਘ, ਬਲਵੰਤ ਸਿੰਘ ਧੰਜੂ, ਮਨਦੀਪ ਸਿੰਘ ਧੰਜੂ ਨੇ ਜਿੱਥੇ ਅਹਿਮ ਭੂਮਿਕਾ ਨਿਭਾਈ। ਉਥੇ ਹੀ ਇਸ ਦੌਰਾਨ ਕਬੱਡੀ ਵਿੱਚ ਬੈਸਟ ਰੇਡਰ ਵਜੋਂ ਬਲਵਿੰਦਰ ਸਿੰਘ, ਸਟੋਪਰ ਰਿਕੀ ਤੇ ਮਨਜੋਤ ਇੰਦਰਜੀਤ ਸਿੰਘ ਸੂਰਜ ਹਰਪਾਲ ਗਿੱਲ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।**

# ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਭਜੀ ਖੀਰਾਂਵਾਲੀ ਨਹੀਂ ਰਹੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਭਜੀ ਖੀਰਾਂਵਾਲੀ ਦਾ ਅਚਾਨਕ ਦੇਹਾਂਤ ਹੋ ਗਿਆ। ਉਹ ਬੀਤੇ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਉਹ 67 ਵਰ੍ਹਿਆਂ ਦੇ ਸਨ ਅਤੇ ਆਪਣੇ ਪਿੱਛੇ ਪਤਨੀ, ਬੇਟਾ ਅਤੇ ਦੋ ਬਟੀਆਂ ਛੱਡ ਗਏ ਹਨ। 1977 ਵਿੱਚ ਪਹਿਲੀ ਵਾਰ ਪੰਜਾਬ ਦੀ ਟੀਮ ਵਿੱਚ ਇੰਗਲੈਂਡ ਖੇਡਣ ਆਏ ਸੀ। ਉਸ ਤੋਂ ਬਾਅਦ ਮੁੜ 1979 ਵਿੱਚ ਆਏ ਅਤੇ ਇਥੇ ਹੀ ਵੱਸ ਗਏ। ਭਜੀ ਖੀਰਾਂ ਵਾਲੀ ਨੇ ਸਾਰੀ ਉਮਰ ਕਬੱਡੀ ਲੇਖੇ ਲਾਈ। ਇਸ ਵਰ੍ਹੇ ਇੰਗਲੈਂਡ ਦੇ ਵੱਖ ਵੱਖ ਟੂਰਨਾਮੈਂਟਾਂ ਤੇ ਭਜੀ ਖੀਰਾਂ ਵਾਲੀ ਦੇ ਵਿਸ਼ੇਸ਼ ਸਨਮਾਨ ਕੀਤੇ ਗਏ। ਸਿਹਤ ਨਾਸਾਜ਼ ਹੋਣ ਦੇ ਬਾਵਜੂਦ ਉਹ ਖੇਡ ਮੈਦਾਨਾਂ ਵਿੱਚ ਪਹੁੰਚੇ। ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਸਮੂਹ ਕਲੱਬਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਕੇਵਲ ਸਿੰਘ ਰਣਦੇਵਾ, ਸੁਰਿੰਦਰ ਸਿੰਘ ਮਾਣਕ, ਕੁਲਵੰਤ ਸਿੰਘ ਸੰਘਾ, ਜੋਗਿੰਦਰ ਸਿੰਘ ਦੁਸਾਂਝ, ਸਤਨਾਮ ਸਿੰਘ ਸੱਤਾ ਮੁਠੱਡਾ, ਸ਼ੀਰਾ ਸਿੰਘ ਔਲਖ, ਰਾਣਾ ਪੱਡਾ, ਬਲਵਿੰਦਰ ਸਿੰਘ ਦੂਲੇ, ਬਲਜਿੰਦਰ ਭਿੰਡਰ, ਗੁਰਦੀਪ ਸਿੰਘ ਸੋਮਲ, ਬਲਵਿੰਦਰ ਸਿੰਘ ਚੱਠਾ, ਕੁਲਵਿੰਦਰ ਸਿੰਘ ਛੋਕਰ, ਪ੍ਰਮਜੀਤ ਸਿੰਘ ਰੰਧਾਵਾ, ਨੇਕਾ ਮੈਰੀਪੁਰ, ਕੰਮਾ ਔਜਲਾ, ਲਹਿੰਬਰ ਸਿੰਘ ਲੱਧੜ, ਦਲਬੀਰ ਸਿੰਘ ਸੈਂਹਬੀ, ਸਤਿੰਦਰ ਸਿੰਘ ਗੋਲਡੀ, ਰਸ਼ਪਾਲ ਸਿੰਘ ਪਾਲਾ ਸਹੋਤਾ, ਸਾਬੀ, ਪਿਆਰਾ ਸਿੰਘ ਰੰਧਾਵਾ, ਕੁਲਬੀਰ ਸਿੰਘ ਖੱਖ, ਕੁਲਵੰਤ ਸਿੰਘ ਚੱਠਾ, ਸੁਖਜਿੰਦਰ ਸਿੰਘ ਸਮਰਾ, ਬਲਜੀਤ ਸਿੰਘ ਮੱਲੀ, ਹਰਜਿੰਦਰ ਸਿੰਘ ਬੋਈ ਸਮੇਤ ਸਮੂਹ ਕਲੱਬਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।


ਹਰਭਜਨ ਸਿੰਘ ਭਜੀ ਖੀਰਾਂ ਵਾਲੀ

# ਅਮਰੀਕਾ ਵਿਚ ਅੰਮ੍ਰਿਤਧਾਰੀ ਨੌਜਵਾਨ ਨਾਲ ਸ਼ਰ੍ਹੇਆਮ ਧੱਕੇਸ਼ਾਹੀ




ਨਿਊ ਯਾਰਕ : ਨਿਊ ਯਾਰਕ ਵਿਖੇ ਇਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਨੂੰ ਕ੍ਰਿਪਾਨ ਨਾਲ ਹਮਲਾ ਕਰਨ ਦੇ ਬੇਬੁਨਿਆਦ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਨੌਜਵਾਨ ਦੀ ਸ਼ਨਾਖਤ ਰੂਪਨਜੋਤ ਸਿੰਘ ਵਜੋਂ ਕੀਤੀ ਗਈ ਹੈ ਜੋ ਅਮਰੀਕਾ ਵਿਚ ਪੜ੍ਹ ਰਿਹਾ ਹੈ ਅਤੇ ਖਰਚਾ ਚਲਾਉਣ ਲਈ ਟੈਕਸੀ ਚਲਾਉਂਦਾ ਹੈ। ਰੂਪਨਜੋਤ ਸਿੰਘ ਨਿਊ ਯਾਰਕ ਦੇ ਜੌਹਨ ਐਫ਼. ਕੈਨੇਡੀ ਇੰਟਰਨੈਸ਼ਨਲ ਏਅਰਪੋਰਟ ਤੇ ਸਵਾਰੀ ਦੀ ਉਡੀਕ ਕਰ ਰਿਹਾ ਸੀ ਜਦੋਂ ਇਕ ਸ਼ਖਸ ਨੇ ਉਸ ਦੀ ਕ੍ਰਿਪਾਨ ਦੇਖ ਕੇ ਪੁਲਿਸ ਨੂੰ ਫੋਨ ਕਰ ਦਿਤਾ ਅਤੇ ਪੁਲਿਸ ਦੇ ਪੁੱਜਣ ਤੇ ਕ੍ਰਿਪਾਨ ਨਾਲ ਹਮਲਾ ਕਰਨ ਦੇ ਦੋਸ਼ ਲਾਉਣ ਲੱਗਾ। ਮੌਕੇ ਤੇ ਮੌਜੂਦ ਕਈ ਸਿੱਖ ਟੈਕਸੀ ਡਰਾਈਵਰਾਂ ਵੱਲੋਂ ਮਾਮਲੇ ਵਿਚ ਦਖਲ ਦੇਣ ਦਾ ਯਤਨ ਕੀਤਾ ਗਿਆ ਪਰ ਵੱਡੀ ਗਿਣਤੀ ਵਿਚ ਪੁਲਿਸ ਅਫ਼ਸਰ ਪੁੱਜ ਗਏ ਅਤੇ ਰੂਪਨਜੋਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਏ।

ਨਿਊ ਯਾਰਕ ਹਵਾਈ ਅੱਡੇ ਤੋਂ ਪੁਲਿਸ ਨੇ ਕੀਤਾ ਗ੍ਰਿਫ਼ਤਾਰ ਰੂਪਨਜੋਤ ਸਿੰਘ ਨਾਲ ਵਾਪਰੇ ਘਟਨਾਕ੍ਰਮ ਦੌਰਾਨ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ ਪਰ ਕਿਸੇ ਨੇ ਵੀ ਉਸ ਦੇ ਹੱਕ ਵਿਚ ਗਵਾਹੀ ਨਾ ਦਿਤੀ ਜਦਕਿ ਦੂਜੇ ਪਾਸੇ ਸਵਾਰੀ ਦੇ ਰੂਪ ਵਿਚ ਆਇਆ ਸ਼ਖਸ ਦੋਸ਼ ਲਾ ਰਿਹਾ ਸੀ ਕਿ ਉਸ ਨੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ ਦਾ ਯਤਨ ਕੀਤਾ। ਰੂਪਨਜੋਤ ਸਿੰਘ ਦਾ ਭਵਿੱਖ ਖਰਾਬ ਹੋਣ ਤੋਂ ਬਚਾਉਣ ਲਈ ਸਿੱਖ ਜਥੇਬੰਦੀਆਂ ਵੱਲੋਂ ਨਿਊ ਯਾਰਕ ਸ਼ਹਿਰ ਦੇ ਮੇਅਰ ਅਤੇ ਨਿਊ ਯਾਰਕ ਸੂਬੇ ਦੀ ਗਵਰਨਰ ਨੂੰ ਮਾਮਲੇ ਵਿਚ ਦਖਲ ਦੇਣ ਦੀ ਅਪੀਲ ਕੀਤੀ ਗਈ ਹੈ। ਅਮਰੀਕਾ ਵਿਚ ਇਹ ਘਟਨਾ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਕੈਨੇਡਾ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪਿਛਲੇ ਦੋ ਹਫ਼ਤਿਆਂ ਦੌਰਾਨ ਇਕੱਲੇ ਉਨਟਾਰੀਓ ਸੂਬੇ ਵਿਚ ਤਿੰਨ ਸਿੱਖਾਂ ਤੇ ਹਮਲਾ ਹੋਣ ਦੀ ਰਿਪੋਰਟ ਹੈ। ਪਹਿਲਾ ਮਾਮਲਾ ਟੋਰਾਂਟੋ ਦੇ ਸਕਾਰਬ੍ਰੋਅ ਇਲਾਕੇ ਵਿਚ ਸਾਹਮਣੇ ਆਇਆ ਜਿਥੇ ਰੁਪਿੰਦਰ ਸਿੰਘ ਨੂੰ ਨਿਸ਼ਾਨਾ ਬਣਾਇਆ ਗਿਆ ਜਦੋਂ ਉਹ ਗੁਰਦਵਾਰਾ ਸਾਹਿਬ ਤੋਂ ਘਰ ਪਰਤ ਰਿਹਾ ਸੀ। ਦੂਜਾ ਮਾਮਲਾ ਪੀਟਰਬ੍ਰੋਅ ਵਿਖੇ ਸਾਹਮਣੇ ਆਇਆ ਜਿਥੇ ਸਿੱਖ ਨੌਜਵਾਨ ਦੀ ਪੱਗ ਢਾਹੁਣ ਮਗਰੋਂ ਸਿਰ ਤੇ ਸੋਡਾ ਕੈਨ ਨਾਲ ਵਾਰ ਕੀਤੇ ਗਏ।

GSD


GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
UK office based matchmaking service for BRITISH ASIANS of all ages from mid 20's to 60's.
Professional, graduates and non-graduates, single, divorced and widowed, with and without children
Guaranteed introduction service - Since 1972



Please feel free to contact Parag or Ashaa Bhargava to discuss your requirements confidentially and without obligation!

*We are available from 10.00am to 5.00pm Monday to Saturday (Closed Sunday and Bank Holiday Weekends)*

*Clients/customers are requested to make an appointment if wishing to visit the office or meet us personally.*

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਵਿਦੇਸ਼ ਵਿਚ ਬੈਠੇ ਗੈਂਗਸਟਰ ਧਮਕਾ ਰਹੇ ਨੇ ਪੰਜਾਬ ਦੇ ਕਾਰੋਬਾਰੀਆਂ ਨੂੰ

**✪ ਮੰਗੀ ਜਾ ਰਹੀ ਫਿਰੌਤੀ, ਲੋਕਾਂ ਨੂੰ ਡਰਾਉਣ ਲਈ ਕੀਤੀ ਜਾ ਰਹੀ ਗੋਲ਼ੀਬਾਰੀ ✪ ਇਨ੍ਹਾਂ ਮਾਮਲਿਆਂ ਵਿਚ 22 ਤੋਂ ਵੱਧ ਵਿਅਕਤੀ ਗ੍ਰਿਫ਼ਤਾਰ ਹੋਏ**



ਚੰਡੀਗੜ੍ਹ-ਇਨ੍ਹੀਂ ਦਿਨੀਂ ਸੂਬੇ ਵਿਚ ਵਿਦੇਸ਼ਾਂ ਤੋਂ ਫੋਨ ਕਰ ਕੇ ਵਪਾਰੀਆਂ ਅਤੇ ਕਾਰੋਬਾਰੀਆਂ ਤੋਂ ਫਿਰੌਤੀ ਮੰਗਣ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਹਾਲਾਤ ਇਹ ਬਣ ਗਏ ਹਨ ਕਿ ਵਿਦੇਸ਼ਾਂ ਵਿਚ ਬੈਠੇ ਗੈਂਗਸਟਰ ਅੱਤਵਾਦੀ ਅਤੇ ਗੈਂਗਸਟਰ ਨਾ ਸਿਰਫ ਫਿਰੌਤੀ ਮੰਗ ਰਹੇ ਹਨ, ਸਗੋਂ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਆਪਣੇ ਸਥਾਨਕ ਗੁੰਡਿਆਂ ਦੀ ਮਦਦ ਨਾਲ ਉਨ੍ਹਾਂ ਦੇ ਘਰਾਂ ਅਤੇ ਦਫਤਰਾਂ ’ਤੇ ਗੋਲੀਬਾਰੀ ਵੀ ਕਰਵਾ ਰਹੇ ਹਨ। ਇੰਨਾ ਹੀ ਨਹੀਂ, ਫਿਰੌਤੀ ਦੀਆਂ ਵਧਦੀਆਂ ਘਟਨਾਵਾਂ ਵਿਚਕਾਰ ਕੁਝ ਸਥਾਨਕ ਗੈਂਗਸਟਰਾਂ ਨੇ ਵੀ ਵੱਡੇ ਗੈਂਗਸਟਰਾਂ ਦੇ ਨਾਂ ’ਤੇ ਫਿਰੌਤੀ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ ਅਤੇ ਇਨ੍ਹਾਂ ਵਿਚੋਂ ਕਈ ਪੁਲਿਸ ਦੇ ਹੱਥੇ ਚੜ੍ਹੇ ਵੀ ਹਨ। ਇਕੱਲੇ ਇਸ ਸਾਲ ਜੁਲਾਈ ਮਹੀਨੇ ਤੱਕ ਅਜਿਹੀਆਂ 90 ਦੇ ਕਰੀਬ ਘਟਨਾਵਾਂ ਵਾਪਰ ਚੁੱਕੀਆਂ ਹਨ ਅਤੇ ਪੁਲਿਸ ਨੇ ਇਨ੍ਹਾਂ ਮਾਮਲਿਆਂ ਵਿਚ 22 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਗੈਂਗਸਟਰ ਲਖਬੀਰ ਸਿੰਘ ਤੋਂ ਇਲਾਵਾ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਗੈਂਗਸਟਰਾਂ ਵਿਚ ਪ੍ਰਮੁੱਖ ਹਨ, ਜਿਨ੍ਹਾਂ ਦੇ ਨਾਂ ’ਤੇ ਫਿਰੌਤੀ ਦੀ ਮੰਗ ਕੀਤੀ ਜਾ ਰਹੀ ਹੈ। ਹਾਲਾਤ ਇਹ ਬਣ ਗਏ ਹਨ ਕਿ ਵਿਦੇਸ਼ਾਂ ਤੋਂ ਫਿਰੌਤੀ ਦੀ ਮੰਗ ਕਰਨ ਵਾਲੀਆਂ ਕਾਲਾਂ ਆਉਣ ’ਤੇ ਕਈ ਵਪਾਰੀ ਅਤੇ ਕਾਰੋਬਾਰੀ ਆਪਣੀ ਜਾਨ ਬਚਾਉਣ ਲਈ ਪੁਲਿਸ ਨੂੰ ਸੂਚਿਤ ਕੀਤੇ ਬਿਨਾਂ ਹੀ ਫਿਰੌਤੀ ਦੇ ਪੈਸੇ ਦੇਣ ਲਈ ਮਜਬੂਰ ਹਨ।

ਜੇਕਰ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ 2022 ’ਚ ਫਿਰੌਤੀ ਦੇ 206 ਮਾਮਲੇ ਦਰਜ ਕੀਤੇ ਗਏ ਅਤੇ ਇੰਨੇ ਹੀ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ। 2023 ਵਿੱਚ 207 ਕੇਸ ਦਰਜ ਕੀਤੇ ਗਏ ਅਤੇ 99 ਮੁਲਜ਼ਮ ਗ੍ਰਿਫ਼ਤਾਰ ਕੀਤੇ ਗਏ। ਸੂਬੇ ਵਿਚ ਲੋਕਾਂ ਨੂੰ 1133 ਜਬਰੀ ਵਸੂਲੀ ਅਤੇ ਧਮਕੀ ਭਰੀਆਂ ਕਾਲਾਂ ਕੀਤੀਆਂ ਗਈਆਂ ਹਨ। ਸਾਲ 2022 ’ਚ ਫਿਰੌਤੀ ਅਤੇ ਧਮਕੀਆਂ ਦੀਆਂ 480 ਕਾਲਾਂ, 2023 ’ਚ 512 ਕਾਲਾਂ ਅਤੇ ਇਸ ਸਾਲ 141 ਕਾਲਾਂ ਕੀਤੀਆਂ ਗਈਆਂ। ਜੁਲਾਈ 2024 ਤੱਕ 141 ਕਾਲਾਂ ਆਈਆਂ। ਲੋਕਾਂ ਦੇ ਡਰ ਕਾਰਨ ਪੁਲਿਸ ਨੂੰ ਫਿਰੌਤੀ ਦੀਆਂ ਕਈ ਕਾਲਾਂ ਬਾਰੇ ਸੂਚਿਤ ਨਹੀਂ ਕੀਤਾ ਜਾ ਰਿਹਾ ਹੈ। ਸਾਲ 2022 ਵਿਚ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਗੈਂਗਸਟਰਾਂ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਨਾਂ ’ਤੇ ਸਭ ਤੋਂ ਜ਼ਿਆਦਾ ਰਿਕਵਰੀ ਦੀਆਂ ਕਾਲਾਂ ਆਈਆਂ ਹਨ। ਇਨ੍ਹਾਂ ਵਿੱਚੋਂ ਬਹੁਤੇ ਸਥਾਨਕ ਲੋਕ ਛੋਟੇ-ਮੋਟੇ ਅਪਰਾਧਾਂ ਵਿੱਚ ਵੀ ਸ਼ਾਮਲ ਸਨ ਜੋ ਵੱਡੇ ਗੈਂਗਸਟਰਾਂ ਦੇ ਨਾਂ ਲੈ ਕੇ ਪੈਸੇ ਵਸੂਲਦੇ ਸਨ।

ਪਿਛਲੇ ਸਾਲ ਪੰਜਾਬ ਪੁਲਿਸ ਨੇ ਅਜਿਹੇ 20 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਪੰਜਾਬ ਪੁਲਿਸ ਲਗਾਤਾਰ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਕਿ ਜੇਕਰ ਉਨ੍ਹਾਂ ਨੂੰ ਅਜਿਹੀਆਂ ਕਾਲਾਂ ਆਉਂਦੀਆਂ ਹਨ ਤਾਂ ਉਹ ਤੁਰੰਤ ਪੁਲਿਸ ਨੂੰ ਸੂਚਿਤ ਕਰਨ ਤਾਂ ਜੋ ਦੋਸ਼ੀਆਂ ਨੂੰ ਫੜਿਆ ਜਾ ਸਕੇ ਜੋ ਗੈਂਗਸਟਰਾਂ ਦੇ ਨਾਂ ’ਤੇ ਪੈਸੇ ਦੀ ਲੁੱਟ ਕਰ ਰਹੇ ਹਨ।

## ਕੈਨੇਡਾ ’ਚ ਪਾਕਿਸਤਾਨੀ ਆਈ ਐਸ ਆਈ ਏਜੰਟ ਨੂੰ ਜ਼ਿੰਦਾ ਸਾੜਿਆ ਗਿਆ !

### ✪ ਕੀ ਇਸਦਾ ਭਾਈ ਨਿੱਝਰ ਕਤਲ ਕਾਂਡ ਨਾਲ ਸਬੰਧ ਏ ?



ਟੋਰਾਂਟੋ-ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐਸਆਈ) ਦੇ ਏਜੰਟ ਵਜੋਂ ਪਛਾਣੇ ਗਏ ਵਿਅਕਤੀ ਨੂੰ ਕੈਨੇਡਾ ਵਿੱਚ ਅਣਪਛਾਤੇ ਲੋਕਾਂ ਨੇ ਅੱਗ ਲਾ ਦਿੱਤੀ। ਸੂਤਰਾਂ ਮੁਤਾਬਕ ਮਾਰੇ ਗਏ ਵਿਅਕਤੀ ਦੀ ਪਛਾਣ ਰਾਹਤ ਰਾਓ ਵਜੋਂ ਹੋਈ ਹੈ। ਉਸਦਾ ਕੈਨੇਡਾ ਦੇ ਸਰੀ ਸੈਂਟਰਲ ਖੇਤਰ ਵਿੱਚ ਫਾਰੇਕਸ ਕਾਰੋਬਾਰ ਹੈ। ਦੱਸਿਆ ਜਾਂਦਾ ਹੈ ਕਿ ਰਾਹਤ ਰਾਓ ਕੈਨੇਡੀਅਨ-ਪਾਕਿਸਤਾਨੀ ਭਾਈਚਾਰੇ ਨਾਲ ਸਬੰਧਤ ਹੈ। ਸਰੀ ਉਹੀ ਇਲਾਕਾ ਹੈ ਜਿੱਥੇ ਖਾਲਿਸਤਾਨੀ ਹਰਜੀਤ ਸਿੰਘ ਨਿੱਝਰ ਦੀ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਰਿਪੋਰਟ ਦੇ ਅਨੁਸਾਰ, ਇਹ ਘਟਨਾ ਉਦੋਂ ਵਾਪਰੀ ਜਦੋਂ ਇੱਕ ਵਿਅਕਤੀ ”ਮਨੀ ਐਕਸਚੇਂਜ ਦੇ ਕੰਮ” ਲਈ ਰਾਹਤ ਦੇ ਦਫਤਰ ਗਿਆ ਸੀ। ਇਸ ਤੋਂ ਬਾਅਦ ਵਿਅਕਤੀ ਨੇ ਰਾਓ ਨੂੰ ਅੱਗ ਲਗਾ ਦਿੱਤੀ ਅਤੇ ਭੱਜ ਗਿਆ। ਸਤੰਬਰ 2023 ਵਿੱਚ, ਰਾਓ ਨੂੰ ਖਾਲਿਸਤਾਨੀ ਭਾਈ ਹਰਦੀਪ ਸਿੰਘ ਨਿੱਝਰ ਦੇ ਕਥਿਤ ਕਤਲ ਦੇ ਸਬੰਧ ਵਿੱਚ ਸਰੀ, ਕੈਨੇਡਾ ਵਿੱਚ ਪੁੱਛਗਿੱਛ ਕੀਤੀ ਗਈ ਸੀ। ਕੈਨੇਡੀਅਨ ਪੁਲਿਸ ਨੇ ਇਸ ਘਟਨਾ ਨਾਲ ਰਾਓ ਦੇ ਸਬੰਧ ਬਾਰੇ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਹੈ, ਹਾਲਾਂਕਿ ਇਹ ਖਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਨਿੱਝਰ ਦੀ ਹੱਤਿਆ ਦੇ ਤਾਰ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਨਾਲ ਜੁੜੇ ਹੋ ਸਕਦੇ ਹਨ।

ਨਿਊਜ਼ 18 ਨੇ ਇੱਕ ਅਣਪਛਾਤੇ ਸਰੋਤ ਦੇ ਹਵਾਲੇ ਨਾਲ ਕਿਹਾ, “ਆਰਸੀਐਮਪੀ ਰਾਇਲ ਕੈਨੇਡੀਅਨ ਮਾਉਂਟਿਡ ਪੁਲਿਸ ਨੇ ਜਨਤਕ ਤੌਰ ’ਤੇ ਆਪਣੇ ਦੌਰੇ ਦੇ ਕਾਰਨ ਦਾ ਖੁਲਾਸਾ ਨਹੀਂ ਕੀਤਾ, ਪਰ ਇਹ ਸੰਭਾਵਤ ਤੌਰ ’ਤੇ ਨਿੱਝਰ ਦੇ ਕਤਲ ਬਾਰੇ ਉਨ੍ਹਾਂ ਦੀ ਜਾਣਕਾਰੀ ਨਾਲ ਸਬੰਧਤ ਸੀ।” ਨਿੱਝਰ ਨੂੰ 2020 ਵਿੱਚ ਭਾਰਤ ਦੀ ਰਾਸ਼ਟਰੀ ਜਾਂਚ ਏਜੰਸੀ ਨੇ ਖਾੜਕੂ ਘੋਸ਼ਿਤ ਕੀਤਾ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਭਾਰਤੀ ਏਜੰਟਾਂ ਦੀ ‘ਸੰਭਾਵੀ’ ਸ਼ਮੂਲੀਅਤ ਦਾ ਦੋਸ਼ ਲਾਇਆ ਸੀ। ਇਸ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਕੂਟਨੀਤਕ ਸਬੰਧਾਂ ਵਿੱਚ ਖਟਾਸ ਪੈਦਾ ਹੋਈ ਸੀ।

ਭਾਰਤ ਨੇ ਟਰੂਡੋ ਦੇ ਦੋਸ਼ਾਂ ਨੂੰ ਬੇਤੁਕਾ ਦੱਸਦਿਆਂ ਰੱਦ ਕਰ ਦਿੱਤਾ ਸੀ। ਭਾਰਤ ਕਹਿੰਦਾ ਰਿਹਾ ਹੈ ਕਿ ਦੋਵਾਂ ਦੇਸ਼ਾਂ ਵਿਚਾਲੇ ਮੁੱਖ ਮੁੱਦਾ ਇਹ ਹੈ ਕਿ ਕੈਨੇਡਾ ਕੈਨੇਡਾ ਦੀ ਧਰਤੀ ਤੋਂ ਖਾਲਿਸਤਾਨ ਪੱਖੀ ਤੱਤਾਂ ਦੀ ਮੇਜ਼ਬਾਨੀ ਕਰ ਰਿਹਾ ਹੈ। ਭਾਰਤ ਕੈਨੇਡਾ ’ਤੇ ਲਗਾਤਾਰ ਦਬਾਅ ਬਣਾ ਰਿਹਾ ਹੈ ਕਿ ਉਹ ਆਪਣੀ ਧਰਤੀ ਤੋਂ ਸਰਗਰਮ ਭਾਰਤ ਵਿਰੋਧੀ ਤੱਤਾਂ ਵਿਰੁੱਧ ਕਾਰਵਾਈ ਕਰੇ। ਦੂਜੇ ਪਾਸੇ ਟਰੂਡੋ ਸਰਕਾਰ ਦੀ ਧਾਰਨਾ ਹੈ ਕਿ ਕਨੇਡਾ ਦਾ ਕਨੂੰਨ ਹਰੇਕ ਨੂੰ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਦਿੰਦਾ ਹੈ।

**-ਮਾਮਲਾ ਬਾਜ਼ਾਰ ਵਿਚ ਕਮਿਊਨਿਟੀ ਸੈਂਟਰ ਦੇ ਬਾਹਰ ਪਿਸਤੌਲ ਲਹਿਰਾਅ ਦਾ-**

# ਫੁਕਰਪੁਣੇ ਕਾਰਣ ਸਾਬਕਾ ਅਕਾਲੀ ਵਿਧਾਇਕ ਜਸਜੀਤ ਸਿੰਘ ਬੰਨੀ ਖ਼ਿਲਾਫ਼ ਮਾਮਲਾ ਦਰਜ

ਚੰਡੀਗੜ੍ਹ-ਚੰਡੀਗੜ੍ਹ ਪੁਲਿਸ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਜਸਜੀਤ ਸਿੰਘ ਬੰਨੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਉਹ ਬੀਤੇ ਹਫਤੇ ਦੇਰ ਰਾਤ ਸੈਕਟਰ-8 ਦੇ ਅੰਦਰੂਨੀ ਬਾਜ਼ਾਰ ਵਿਚ ਕਮਿਊਨਿਟੀ ਸੈਂਟਰ ਦੇ ਬਾਹਰ ਪਿਸਤੌਲ ਲਹਿਰਾਅ ਰਹੇ ਸਨ। ਸ਼ਿਕਾਇਤ ਮਿਲਣ ਤੋਂ ਬਾਅਦ ਪੁਲਿਸ ਨੇ ਮੁੱਢਲੀ ਪੜਤਾਲ ਉਪਰੰਤ ਉਸ ਨੂੰ ਗ੍ਰਿਫ਼ਤਾਰ ਕਰ ਲਿਆ।

ਜਾਣਕਾਰੀ ਅਨੁਸਾਰ ਜਸਜੀਤ ਸਿੰਘ ਬੰਨੀ ਆਪਣੇ ਕੁਝ ਦੋਸਤਾਂ ਨਾਲ ਕਾਰ ਰਾਹੀਂ ਸੈਕਟਰ-8 ਦੀ ਮਾਰਕੀਟ ਵਿਚ ਪਹੁੰਚੇ। ਉਨ੍ਹਾਂ ਨੇ ਖਾਣਾ ਪੈਕ ਕਰਵਾਇਆ ਤੇ ਫਿਰ ਖਾਣਾ ਕਾਰ ਦੇ ਬੋਨਟ ’ਤੇ ਰੱਖ ਕੇ ਖਾਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਕਾਰ ’ਚ ਉੱਚੀ ਆਵਾਜ਼ ’ਚ ਗੀਤ ਚੱਲ ਰਹੇ ਸਨ।

ਖਾਣਾ ਖਾਂਦੇ ਸਮੇਂ ਸਾਬਕਾ ਵਿਧਾਇਕ ਨੇ ਆਪਣਾ ਪਿਸਤੌਲ ਕੱਢ ਕੇ ਹਵਾ ਵਿਚ ਲਹਿਰਾਉਣਾ ਸ਼ੁਰੂ ਕਰ ਦਿੱਤਾ। ਉਹ ਖਾਣਾ ਖਾਂਦੇ ਸਮੇਂ ਗੀਤ ’ਤੇ ਨੱਚ ਰਹੇ ਸਨ ਅਤੇ ਪਿਸਤੌਲ ਗੀਤ ਦੀ ਧੁਨ ਨਾਲ ਹਵਾ ਵਿਚ ਲਹਿਰਾਅ ਰਹੇ ਸਨ।



ਨੇੜਲੇ ਦੁਕਾਨਦਾਰ ਨੇ ਜਦੋਂ ਇਹ ਦੇਖਿਆ ਤਾਂ ਉਸ ਨੇ ਪੁਲਿਸ ਕੰਟਰੋਲ ਰੂਮ ’ਤੇ ਫ਼ੋਨ ਕਰਕੇ ਸੂਚਨਾ ਦਿੱਤੀ। ਇਸ ਤੋਂ ਬਾਅਦ ਸੈਕਟਰ-3 ਥਾਣੇ ਦੀ ਪੁਲਿਸ ਮੌਕੇ ’ਤੇ ਪਹੁੰਚ ਗਈ ਅਤੇ ਸੈਕਟਰ-8 ਦੀ ਮਾਰਕੀਟ ’ਚ ਘੁੰਮਦੇ ਹੋਏ ਸਾਬਕਾ ਵਿਧਾਇਕ ਨੂੰ ਗ੍ਰਿਫ਼ਤਾਰ ਕਰ ਲਿਆ।

ਪੁੱਛਗਿੱਛ ਦੌਰਾਨ ਸਾਬਕਾ ਵਿਧਾਇਕ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਸਤੌਲ ਖ਼ਾਲੀ ਸੀ। ਜਦੋਂ ਉਸ ਕੋਲੋਂ ਲਾਇਸੈਂਸ ਮੰਗਿਆ ਗਿਆ ਤਾਂ ਉਹ ਨਹੀਂ ਦਿਖਾ ਸਕਿਆ।

ਪੁਲਿਸ ਨੇ ਮੁਲਜ਼ਮ ’ਤੇ ਮਾਮਲਾ ਦਰਜ ਕਰਕੇ ਅਦਾਲਤ ਵਿਚ ਪੇਸ਼ ਕਰਕੇ 14 ਦਿਨਾਂ ਲਈ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਉਕਤ ’ਤੇ ਪਹਿਲਾਂ ਵੀ ਕਈ ਅਪਰਾਧਕ ਮਾਮਲੇ ਦਰਜ ਹਨ।

## ਯੂ ਕੇ ਵਿੱਚ ਹਿੰਸਾ ਨੂੰ ਮੱਦੇ ਨਜ਼ਰ ਰੱਖਦਿਆਂ ਭਾਰਤੀ ਦੂਤਾਵਾਸ ਨੇ ਭਾਰਤੀਆਂ ਨੂੰ ਕੀਤਾ ਸੁਚੇਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਹਫ਼ਤੇ ਤੋਂ ਬਰਤਾਨੀਆਂ ਦੇ ਕੁਝ ਹਿੱਸਿਆਂ ਵਿੱਚ ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਨੂੰ ਨਿਸ਼ਾਨਾ ਬਣਾਉਂਦੀਆਂ ਹਿੰਸਕ ਝੜਪਾਂ ਨੂੰ ਵੇਖਦਿਆਂ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਨੇ ਅੱਜ ਭਾਰਤੀ ਨਾਗਰਿਕਾਂ ਲਈ ਸੁਰੱਖਿਆ ਸਲਾਹ ਜਾਰੀ ਕਰਦਿਆਂ ਸੁਚੇਤ ਰਹਿਣ ਅਤੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ।

ਭਾਰਤੀ ਹਾਈਕਮਿਸ਼ਨ ਨੇ ਮਦਦ ਲਈ ਤੁਰੰਤ ਸੰਪਰਕ ਕਰਨ ਲਈ ਕਿਹਾ ਹੈ। ਇਹ ਸਲਾਹ ਉੱਤਰੀ-ਪੱਛਮੀ ਇੰਗਲੈਂਡ ਦੇ ਸਾਊਥਪੋਰਟ ਵਿੱਚ ਤਿੰਨ ਬੱਚੀਆਂ ਦੀ ਚਾਕੂ ਮਾਰ ਕੇ ਹੱਤਿਆ ਅਤੇ ਯੂ.ਕੇ ਵਿੱਚ ਜਨਮੇ ਸ਼ੱਕੀ ਨਾਬਾਲਗ ਸ਼ਰਨਾਰਥੀ ਸਥਿਤੀ ਬਾਰੇ ਗਲਤ ਸੋਸ਼ਲ ਮੀਡੀਆ ਦਾਅਵਿਆਂ ਤੋਂ ਬਾਅਦ ਭੜਕੀ ਹਿੰਸਾ ਤੋਂ ਬਾਅਦ ਆਈ ਹੈ।

ਯੂ. ਕੇ. ਦਾ ਦੌਰਾ ਕਰਨ ਵਾਲੇ ਭਾਰਤੀ ਨਾਗਰਿਕਾਂ ਨੂੰ ਸੰਬੋਧਨ ਕਰਦਿਆਂ ਲਿਖਿਆ ਹੈ ਕਿ ਭਾਰਤੀ ਯਾਤਰੀ ਬਰਤਾਨੀਆ ਦੇ ਕੁਝ ਹਿੱਸਿਆਂ ਵਿੱਚ ਹਾਲ ਹੀ ਵਿੱਚ ਹੋਈਆਂ ਘਟਨਾਵਾਂ ਤੋਂ ਜਾਣੂ ਹੋਣਗੇ। ਲੰਡਨ ਵਿਚ ਭਾਰਤ ਦਾ ਹਾਈ ਕਮਿਸ਼ਨ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ। ਭਾਰਤ ਤੋਂ ਆਉਣ ਵਾਲੇ ਸੈਲਾਨੀਆਂ ਨੂੰ ਯੂ.ਕੇ ਵਿੱਚ ਯਾਤਰਾ ਕਰਦੇ ਸਮੇਂ ਚੌਕਸ ਰਹਿਣ ਅਤੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਸਥਾਨਕ ਸੁਰੱਖਿਆ ਏਜੰਸੀਆਂ ਦੁਆਰਾ ਜਾਰੀ ਸਥਾਨਕ ਖਬਰਾਂ ਅਤੇ ਸਲਾਹਾਂ ਦੀ ਪਾਲਣਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਖੇਤਰਾਂ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ ਜਿੱਥੇ ਵਿਰੋਧ ਪ੍ਰਦਰਸ਼ਨ ਚੱਲ ਰਹੇ ਹਨ।

## ਯੂ ਕੇ 'ਚ ਵਿਦੇਸ਼ੀ ਜੀਵਨਸਾਥੀ ਲਿਆਉਣ ਲਈ ਘੱਟੋ ਘੱਟ 29 ਹਜ਼ਾਰ ਪੌਂਡ ਸਾਲਾਨਾ ਆਮਦਨ ਹੋਰ ਨਾ ਵਧਾਉਣ ਦਾ ਫੈਸਲਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ 'ਚ ਵਿਦੇਸ਼ੀ ਜੀਵਨਸਾਥੀ ਲਿਆਉਣ ਲਈ ਘੱਟੋ ਘੱਟ 29 ਹਜ਼ਾਰ ਪੌਂਡ ਸਾਲਾਨਾ ਆਮਦਨ ਹੀ ਰਹੇਗੀ ਇਸ ਵਿੱਚ ਕੋਈ ਵਾਧਾ ਨਹੀਂ ਕੀਤਾ ਜੀਵੇਗਾ। ਲੇਬਰ ਪਾਰਟੀ ਦੀ ਨਵੀਂ ਸਰਕਾਰ ਦੁਆਰਾ ਘੱਟੋ-ਘੱਟ ਆਮਦਨ ਸੀਮਾ ਵਿੱਚ ਯੋਜਨਾਬੱਧ ਵਾਧੇ ਨੂੰ ਹੁਣ ਮੁਲਤਵੀ ਕਰ ਦਿੱਤਾ ਗਿਆ ਹੈ। ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਸਰਕਾਰ ਮੌਕੇ ਇਮੀਗ੍ਰੇਸ਼ਨ ਅੰਕੜਿਆਂ ਨੂੰ ਘਟਾਉਣ ਲਈ ਇਹ ਯੋਜਨਾ ਤਿਆਰ ਕੀਤੀ ਗਈ ਸੀ।**

ਯੂ.ਕੇ ਦੇ ਗ੍ਰਹਿ ਸਕੱਤਰ ਯਵੇਟ ਕੂਪਰ ਨੇ ਸੰਸਦ ਵਿੱਚ ਕਿਹਾ ਕਿ ਜਦੋਂ ਤੱਕ ਮਾਈਗ੍ਰੇਸ਼ਨ ਸਲਾਹਕਾਰ ਕਮੇਟੀ ਪਰਿਵਾਰਾਂ 'ਤੇ ਇਨ੍ਹਾਂ ਵਾਧੇ ਦੇ ਪ੍ਰਭਾਵ ਦੀ ਸਮੀਖਿਆ ਪੂਰੀ ਨਹੀਂ ਕਰ ਲੈਂਦੀ, ਉਦੋਂ ਤੱਕ ਮੌਜੂਦਾ 29,000 ਪੌਂਡ ਦੀ ਸਾਲਾਨਾ ਆਮਦਨੀ ਵਿੱਚ ਕੋਈ ਹੋਰ ਵਾਧਾ ਨਹੀਂ ਕੀਤਾ ਜਾਵੇਗਾ। ਕੂਪਰ ਨੇ ਕਿਹਾ, "ਘੱਟੋ-ਘੱਟ ਆਮਦਨੀ ਲੋੜਾਂ ਸਮੇਤ ਪਰਿਵਾਰਕ ਇਮੀਗ੍ਰੇਸ਼ਨ ਨਿਯਮਾਂ ਨੂੰ ਪਰਿਵਾਰਕ ਜੀਵਨ ਦੇ ਸਬੰਧ ਵਿੱਚ ਯੂ.ਕੇ ਦੀ ਆਰਥਿਕ ਭਲਾਈ ਨੂੰ ਯਕੀਨੀ ਬਣਾਉਣ ਲਈ ਸੰਤੁਲਨ ਬਣਾਉਣ ਦੀ ਲੋੜ ਹੈ।"

ਕੂਪਰ ਮੁਤਾਬਕ ਐਮ ਏ ਸੀ ਨੂੰ ਅੰਤਰਰਾਸ਼ਟਰੀ ਭਰਤੀ 'ਤੇ ਮੁੱਖ ਖੇਤਰਾਂ ਦੀ ਨਿਰਭਰਤਾ ਦੀ ਸਮੀਖਿਆ ਕਰਨ ਦਾ ਕੰਮ ਵੀ ਸੌਂਪਿਆ ਗਿਆ ਹੈ, ਜਿਹਨਾਂ ਵਿੱਚ ਆਈ ਟੀ ਅਤੇ ਇੰਜੀਨੀਅਰਿੰਗ ਵਰਗੇ ਖੇਤਰ ਹਨ ਜੋ ਭਾਰਤ ਵਰਗੇ ਦੇਸ਼ਾਂ ਦੀਆਂ ਪ੍ਰਤਿਭਾਵਾਂ 'ਤੇ ਨਿਰਭਰ ਹਨ। ਪਿਛਲੇ ਸਾਲ ਦਸੰਬਰ ਵਿੱਚ ਪ੍ਰਵਾਸ ਨੂੰ ਰੋਕਣ ਦੇ ਉਪਾਵਾਂ ਤਹਿਤ ਤਤਕਾਲੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਸਰਕਾਰ ਨੇ ਐਲਾਨ ਕੀਤੀ ਸੀ ਕਿ ਇਸ ਸਾਲ ਅਪ੍ਰੈਲ ਤੋਂ ਜੀਵਨ ਸਾਥੀ ਜਾਂ ਮਾਤਾ-ਪਿਤਾ ਲਈ ਲੰਬੀ ਮਿਆਦ ਵਾਲੇ ਪਰਿਵਾਰਕ ਵੀਜ਼ਾ ਸਪਾਂਸਰ ਕਰਨ ਵਾਲੇ ਬਰਤਾਨਵੀ ਨਾਗਰਿਕਾਂ ਦੀ ਘੱਟੋ-ਘੱਟ ਸਾਲਾਨਾ ਆਮਨਦਨ 18,600 ਤੋਂ ਵਧਾ ਕੇ 29,000 ਪੌਂਡ ਹੋ ਜਾਵੇਗੀ ਅਤੇ ਇਸ ਨੂੰ ਬਾਅਦ ਵਿਚ ਹੋਰ ਵਧਾ ਕਰਕੇ 38,700 ਪੌਂਡ ਤੱਕ ਕਰ ਦਿੱਤਾ ਜਾਵੇਗਾ, ਜੋ ਕਿ ਹੁਨਰਮੰਦ ਕਾਮਾ ਵੀਜ਼ਾ ਲਈ ਘੱਟੋ-ਘੱਟ ਆਮਦਨੀ ਦੀ ਲੋੜ ਹੈ। ਇਸ ਵਾਧੇ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਚਿੰਤਾਵਾਂ ਪਾਈਆਂ ਜਾ ਰਹੀਆਂ ਸਨ।

## ਪੰਜਾਬ 'ਚ ਸਤੰਬਰ 'ਚ ਹੋਣਗੀਆਂ ਪੰਚਾਇਤੀ ਚੋਣਾਂ

ਚੰਡੀਗੜ੍ਹ: ਪੰਜਾਬ ਵਿੱਚ ਸਤੰਬਰ ਵਿੱਚ ਜ਼ਿਲ੍ਹਾ ਪ੍ਰੀਸ਼ਦ, ਪੰਚਾਇਤ ਸੰਮਤੀ ਅਤੇ ਗ੍ਰਾਮ ਪੰਚਾਇਤ ਦੀਆਂ ਚੋਣਾਂ ਹੋਣੀਆਂ ਹਨ। ਚੋਣਾਂ ਨਾ ਕਰਵਾਉਣ ਸਬੰਧੀ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਪੰਜਾਬ ਸਰਕਾਰ ਤੋਂ ਤੁਰੰਤ ਚੋਣਾਂ ਕਰਵਾਉਣ ਦੀ ਮੰਗ ਕੀਤੀ ਗਈ ਹੈ। ਜਿਸ 'ਤੇ ਸੋਮਵਾਰ ਨੂੰ ਸੁਣਵਾਈ ਹੋਈ। ਪੰਜਾਬ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਕਿ ਸਤੰਬਰ ਵਿੱਚ ਚੋਣਾਂ ਕਰਵਾਈਆਂ ਜਾਣਗੀਆਂ। ਪਹਿਲਾਂ 10 ਅਗਸਤ 2023 ਦੀ ਨੋਟੀਫਿਕੇਸ਼ਨ ਅਨੁਸਾਰ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ 25 ਨਵੰਬਰ 2023 ਤੱਕ ਹੋਣੀਆਂ ਸਨ ਅਤੇ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ 2023 ਤੱਕ ਹੋਣੀਆਂ ਸਨ। ਪਟੀਸ਼ਨਰ ਰੁਲਦਾ ਸਿੰਘ ਨੇ ਵਕੀਲ ਦਿਨੇਸ਼ ਕੁਮਾਰ ਅਤੇ ਸ਼ਿਖਾ ਸਿੰਗਲਾ ਰਾਹੀਂ ਅਦਾਲਤ ਵਿੱਚ ਦਲੀਲ ਦਿੱਤੀ ਕਿ ਜਨਵਰੀ ਵਿੱਚ ਗ੍ਰਾਮ ਪੰਚਾਇਤਾਂ ਭੰਗ ਹੋਣ ਤੋਂ ਬਾਅਦ ਵੀ ਚੋਣਾਂ ਨਹੀਂ ਕਰਵਾਈਆਂ ਗਈਆਂ।


# ਸੁਪਰੀਮ ਸਿੱਖ ਕੌਂਸਲ ਯੂ ਕੇ ਅਤੇ ਖ਼ਾਲਸਾ ਦਰਬਾਰ ਗੁਰਦੁਆਰਾ ਡਰਬੀ ਵੱਲੋਂ

# ਖ਼ਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ 18 ਅਗਸਤ 24 ਨੂੰ



ਡਾ: ਕਲਿਆਣ ਸਿੰਘ ਪ੍ਰੋਫੈਸਰ

# ਵਰਲਡ ਸਿੱਖ ਕਾਨਫਰੰਸ

## ਸਵੇਰੇ 11:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਹੋਵੇਗੀ

### ਇਸ ਮੌਕੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਅਤੇ ਡਾ: ਕਲਿਆਣ ਸਿੰਘ ਪ੍ਰੋਫ਼ੈਸਰ ਖ਼ਾਸ ਮਹਿਮਾਨ ਵਜੋਂ ਹਾਜ਼ਰੀ ਭਰਨਗੇ



ਬੀਬੀ ਸਤਵੰਤ ਕੌਰ

ਗੁਰੂ ਪਿਆਰੀ ਸਾਧ ਸੰਗਤ ਜੀ, ਸੁਪਰੀਮ ਸਿੱਖ ਕੌਂਸਲ ਯੂ ਕੇ ਦੇ ਇੰਡੀਅਨ ਸਬ-ਕੌਂਟੀਨੈਂਟ ਅਫੇਅਰ ਕਮੇਟੀ ਦੇ ਚੇਅਰਮੈਨ ਸ: ਹਰਦਿਆਲ ਸਿੰਘ ਧਮੜੈਤ ਦੇ ਸੱਦੇ 'ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਅਤੇ ਉਹਨਾਂ ਦੇ ਨਾਲ ਡਾਕਟਰ ਕਲਿਆਣ ਸਿੰਘ ਯੂ ਕੇ ਦੇ ਦੌਰੇ 'ਤੇ ਪਹੁੰਚੇ ਹੋਏ ਹਨ। ਇਸ ਦੌਰਾਨ ਉਹ 18 ਅਗਸਤ ਦਿਨ ਐਤਵਾਰ ਨੂੰ ਖ਼ਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ ਹੋ ਰਹੀ ਵਰਲਡ ਸਿੱਖ ਕਾਨਫਰੰਸ ਵਿੱਚ ਹਾਜ਼ਰੀ ਭਰਨਗੇ ਤੇ ਪਾਕਿਸਤਾਨ ਵਿੱਚ ਇਤਿਹਾਸਕ ਸਿੱਖ ਗੁਰ ਅਸਥਾਨਾਂ ਬਾਰੇ ਅਤੇ ਚੱਲ ਰਹੀਆਂ ਸੇਵਾਵਾਂ ਬਾਰੇ ਜਾਣਕਾਰੀ ਦੇਣਗੇ।

**ਪੰਥਕ ਕਾਨਫਰੰਸ ਵਿੱਚ ਪਹੁੰਚ ਰਹੇ ਬੁਲਾਰੇ ਤੇ ਮਹਿਮਾਨ:**

* ਡਾਕਟਰ ਕਲਿਆਣ ਸਿੰਘ (ਪ੍ਰੋਫੈਸਰ)
* ਬੀਬੀ ਸਤਵੰਤ ਕੌਰ ਜਨਰਲ ਸਕੱਤਰ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ
* ਅਵਤਾਰ ਸਿੰਘ ਜਰਨਲਿਸਟ
* ਡਾ: ਹਰਦਿਆਲ ਸਿੰਘ ਢਿੱਲੋਂ (ਡਰਬੀ)
* ਭਾਈ ਜੋਗਾ ਸਿੰਘ (ਬੁਲਾਰੇ ਵਰਲਡ ਸਿੱਖ ਪਾਰਲੀਮੈਂਟ)
* ਗਿਆਨੀ ਤ੍ਰਿਬੇਦੀ ਸਿੰਘ (ਲੰਡਨ)
* ਰਾਜਿੰਦਰ ਸਿੰਘ ਪੁਰੇਵਾਲ (ਸਿੱਖ ਅਜਾਇਬਘਰ ਤੇ ਜਨ: ਸਕੱਤਰ ਸਿੰਘ ਸਭਾ ਡਰਬੀ)
* ਸ: ਬਲਦੇਵ ਸਿੰਘ ਬੈਂਸ ਅਤੇ * ਸ: ਸੁਰਿੰਦਰ ਸਿੰਘ ਜੰਡੂ

**ਬੇਨਤੀ ਕਰਤਾ : ਸੁਪਰੀਮ ਸਿੱਖ ਕੌਂਸਲ ਯੂ ਕੇ ਅਤੇ ਪ੍ਰਬੰਧਕ ਕਮੇਟੀ ਖ਼ਾਲਸਾ ਦਰਬਾਰ ਗੁਰਦੁਆਰਾ ਡਰਬੀ**

**VENUE: KHALSA DARBAR GURDWARA, SINFIN LANE, DERBY, DE24 9GP**

ਹੋਰ ਜਾਣਕਾਰੀ ਲਈ: ਹਰਦਿਆਲ ਸਿੰਘ ਧਮੜੈਤ 07973 359229, ਸੁਰਿੰਦਰ ਸਿੰਘ ਜੰਡੂ 07931 762924, ਬਲਦੇਵ ਸਿੰਘ ਬੈਂਸ 07828 087251, ਬਹਾਦਰ ਸਿੰਘ ਚੇੜਾ 07875 289454

# ਰਾਹੁਲ ਗਾਂਧੀ ਕੇਂਦਰੀ ਭੂਮਿਕਾ ਵਾਲੇ ਇਕ ਨੇਤਾ ਦੇ ਰੂਪ ਵਿਚ ਸਥਾਪਿਤ ਹੋਏ

## ✪ ਮੋਦੀ ਦੇ ਰਾਜਨੀਤਕ ਸਿਤਾਰੇ ਪੈ ਰਹੇ ਨੇ ਫਿਕੇ



**ਪੰਜਾਬ ਟਾਈਮਜ਼ ਅਨੁਸਾਰ15 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਰਾਹੁਲ ਅਤੇ ਪੱਪੂ ਸ਼ਬਦ ਇਕੱਠੇ ਨਹੀਂ ਵਰਤੇ ਗਏ। ਭਾਜਪਾ ਨੇ ਸਮਝ ਲਿਆ ਹੈ ਕਿ ਰਾਹੁਲ ਹੁਣ ਪੱਪੂ ਨਹੀਂ ਰਹੇ ਅਤੇ ਉਨ੍ਹਾਂ ਨੂੰ ਅਜਿਹਾ ਕਹਿ ਕੇ ਨੁਕਸਾਨ ਤੋਂ ਇਲਾਵਾ ਕੁਝ ਹਾਸਲ ਹੋਣ ਵਾਲਾ ਨਹੀਂ ਹੈ। ਸੋਸ਼ਲ ਮੀਡੀਆ 'ਤੇ ਰਾਹੁਲ ਨੂੰ ਸੁਣਨ ਵਾਲਿਆਂ ਦੀ ਗਿਣਤੀ ਵਧ ਗਈ ਹੈ। ਇਸ ਵਾਰ ਟੀਵੀ 'ਤੇ ਕਾਂਗਰਸ ਦੇ ਬਿਆਨ ਭਾਜਪਾ ਦੀ ਫਿਰਕੂ ਸਿਆਸਤ ਤੇ ਭਾਰੀ ਪੈ ਰਹੇ ਹਨ। ਅਜਿਹਾ ਨਹੀਂ ਹੈ ਕਿ ਰਾਹੁਲ ਦੇ ਸਾਹਮਣੇ ਚੁਣੌਤੀਆਂ ਨਹੀਂ ਹਨ ਜਾਂ ਹੁਣ ਉਨ੍ਹਾਂ ਵਿੱਚ ਕੋਈ ਕਮੀ ਨਹੀਂ ਹੈ, ਪਰ ਰਾਜਨੀਤੀ ਵਿੱਚ ਆਦਰਸ਼ ਹੋਣਾ ਜ਼ਰੂਰੀ ਹੁੰਦਾ ਹੈ। ਰਾਜਨੀਤੀ ਵਿੱਚ ਚਸ਼ਮੇ ਤੋਂ ਬਾਹਰ ਦੇਖਣਾ ਜ਼ਰੂਰੀ ਹੁੰਦਾ ਹੈ। ਦੂਰ ਤੱਕ ਦੇਖਣਾ ਜ਼ਰੂਰੀ ਹੁੰਦਾ ਹੈ। ਮੁਹੱਬਤ ਦੀ ਦੁਕਾਨ ਹੁਣ ਚੱਲ ਪਈ ਹੈ। ਅਤੇ ਉਹ ਨਵੇਂ ਗਾਹਕਾਂ ਦੀ ਉਡੀਕ ਵੀ ਕਰ ਰਹੀ ਹੈ।**

ਰਾਹੁਲ ਗਾਂਧੀ ਭਾਰਤ ਦੇ ਸਿਆਸੀ ਦ੍ਰਿਸ਼ 'ਤੇ ਕੇਂਦਰੀ ਭੂਮਿਕਾ ਵਾਲੇ ਇਕ ਨੇਤਾ ਦੇ ਰੂਪ ਵਿਚ ਸਥਾਪਿਤ ਹੋ ਗਏ ਹਨ। ਇਹ ਗੱਲ ਉਨ੍ਹਾਂ ਦੇ ਆਲੋਚਕ ਵੀ ਮੰਨਣ ਲੱਗੇ ਹਨ। ਹਾਲ ਦਾ ਰੁਝਾਨ (ਟਰੈਂਡ) ਇਹ ਹੈ ਕਿ ਸੰਸਦ ਵਿਚ ਉਨ੍ਹਾਂ ਦੇ ਹਰ ਦਖ਼ਲ ਤੋਂ ਬਾਅਦ ਉਨ੍ਹਾਂ ਦੇ ਉਦੈ ਦੀ ਚਰਚਾ ਮੁੜ ਸ਼ੁਰੂ ਹੋ ਜਾਂਦੀ ਹੈ। ਪਿਛਲੀਆਂ ਆਮ ਚੋਣਾਂ ਤੋਂ ਪਹਿਲਾਂ ਤੱਕ ਇਹ ਗੱਲ ਮੁੱਖ ਤੌਰ 'ਤੇ ਸੋਸ਼ਲ ਮੀਡੀਆ 'ਤੇ ਸੀ, ਪਰ ਹੁਣ ਇਹ ਮੁੱਖਧਾਰਾ ਦੇ ਮੀਡੀਆ ਦੀ ਚਰਚਾ ਦਾ ਵਿਸ਼ਾ ਵੀ ਬਣ ਗਈ ਹੈ।

ਭਾਜਪਾ ਨੇ ਅਰਬਾਂ ਰੁਪਏ ਖ਼ਰਚ ਕਰ ਕੇ ਜਿਸ ਨੇਤਾ ਦਾ 'ਪੱਪੂ' ਦਾ ਅਕਸ ਬਣਾਇਆ ਸੀ, ਉਸ ਦਾ ਇਹ ਰੂਪਾਂਤਰਨ ਕਈ ਮਾਹਿਰਾਂ ਦੀ ਨਜ਼ਰ ਵਿਚ ਅਧਿਐਨ ਦਾ ਵਿਸ਼ਾ ਹੈ। ਪਰ ਫਿਲਹਾਲ ਹਕੀਕਤ ਇਹ ਹੈ ਕਿ ਰਾਹੁਲ ਗਾਂਧੀ ਸਮਾਜ ਵਿਚ ਤੇਜ਼ੀ ਨਾਲ ਫੈਲੇ ਅਸੰਤੋਸ਼ ਨੂੰ ਆਵਾਜ਼ ਦੇ ਰਹੇ ਹਨ। ਇਸ ਵਿਚ ਉਨ੍ਹਾਂ ਦਾ ਹਮਲਾਵਰ ਅੰਦਾਜ਼ ਉਨ੍ਹਾਂ ਲਈ ਤਾੜੀਆਂ ਵਜਾਉਣ ਵਾਲਿਆਂ ਦੀ ਗਿਣਤੀ ਵਧਾ ਰਿਹਾ ਹੈ। ਇਸ ਦਾ ਨਜ਼ਾਰਾ ਬੀਤੇ ਸੋਮਵਾਰ ਨੂੰ ਲੋਕ ਸਭਾ ਵਿਚ ਬਜਟ 'ਤੇ ਦਿੱਤੇ ਉਨ੍ਹਾਂ ਦੇ ਭਾਸ਼ਨ ਤੋਂ ਬਾਅਦ ਮੁੜ ਦੇਖਣ ਨੂੰ ਮਿਲਿਆ।

ਇਸ ਦੌਰਾਨ ਰਾਹੁਲ ਨੇ ਮੌਜੂਦਾ ਸਰਕਾਰ ਤਹਿਤ ਆਰਥਿਕ ਨੀਤੀਆਂ 'ਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਕੰਟਰੋਲ, ਸਮਾਜਿਕ ਅਨਿਆਂ ਤੇ 'ਡੀਪ ਸਟੇਟ' ਦੇ ਆਤੰਕ ਦਾ ਜ਼ਿਕਰ ਕੀਤਾ ਅਤੇ ਤਾੜੀਆਂ ਬਟੋਰ ਕੇ ਲੈ ਗਏ। ਖ਼ਾਸ ਗੱਲ ਇਹ ਹੈ ਕਿ ਰਾਹੁਲ ਗਾਂਧੀ ਹੱਲ ਦਾ ਕੋਈ ਬਦਲਵਾਂ ਮਾਡਲ ਪੇਸ਼ ਕੀਤੇ ਬਗ਼ੈਰ ਖ਼ੁਦ ਨੂੰ ਬਦਲ ਦੱਸਣ ਵਿਚ ਕਾਮਯਾਬ ਹੋ ਰਹੇ ਹਨ। ਸ਼ਾਇਦ ਨਰਿੰਦਰ ਮੋਦੀ ਦੇ ਫ਼ਿੱਕੇ ਪੈਂਦੇ ਸਿਤਾਰਿਆਂ ਕਾਰਨ ਵੀ ਰਾਹੁਲ ਦੀ ਸ਼ਖ਼ਸੀਅਤ ਵਧੇਰੇ ਚਮਕਦੀ ਨਜ਼ਰ ਆਉਣ ਲੱਗੀ ਹੈ। ਇਸ ਨਾਲ ਭਾਜਪਾ ਤੇ ਸੰਘ ਪਰਿਵਾਰ ਦੀ ਰਾਜਨੀਤੀ ਉਪਰ ਖਤਰਾ ਮੰਡਰਾਉਣ ਲਗ ਪਿਆ ਹੈ।

# ਭਾਜਪਾ ਬੰਗਾਲ ਵਿਚ ਹਾਰ ਦੇਖਦਿਆਂ ਫਿਰਕੂ ਮਛਰੇ ਘੋੜੇ ਉਪਰ ਚੜ੍ਹੀ

## ✪ ਭਾਜਪਾ ਦੀ ਲੀਡਰਸ਼ਿਪ ਬੰਗਾਲ ਦੇ ਟੋਟੇ ਕਰਨ ਦੇ ਹੱਕ ਵਿਚ



**ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਬੰਗਾਲ ਕਸ਼ਮੀਰ ਨਹੀਂ ਹੈ। ਜੇਕਰ ਭਾਜਪਾ ਨੇ ਅਜਿਹੀ ਨੀਤੀ ਆਪਨਾਈ ਉਸ ਦੀ ਸਾਰੀ ਸਿਆਸੀ ਖੇਡ ਖੂਹ ਖਾਤੇ ਵਿਚ ਪੈ ਜਾਵੇਗੀ, ਕਿਉਂਕਿ ਵਿਰੋਧੀ ਧਿਰਾਂ, ਬਹੁਗਿਣਤੀ ਬੰਗਾਲੀ ਮਮਤਾ ਬੈਨਰਜੀ ਦੇ ਹੱਕ ਵਿਚ ਖਲੌਤੇ ਹਨ।**

ਸ਼ਾਇਦ ਭਾਜਪਾ ਨੇ ਮੰਨ ਲਿਆ ਹੈ ਕਿ ਉਹ ਪੱਛਮੀ ਬੰਗਾਲ ਵਿਚ ਨਹੀਂ ਜਿੱਤ ਸਕਦੀ। ਅਜਿਹਾ ਇਸ ਲਈ ਲਗਦਾ ਹੈ, ਕਿਉਂਕਿ ਸੂਬਾ ਭਾਜਪਾ ਦੇ ਆਗੂਆਂ ਦੇ ਬਿਆਨ ਹੁਣ ਬਹੁਤ ਘਬਰਾਹਟ ਅਤੇ ਬੌਖਲਾਹਟ ਵਾਲੇ ਆਉਣ ਲੱਗੇ ਹਨ। ਪਹਿਲਾਂ ਵਿਧਾਇਕ ਦਲ ਦੇ ਨੇਤਾ ਸੁਭੇਂਦੂ ਅਧਿਕਾਰੀ ਨੇ ਮੁਸਲਿਮ ਭਾਈਚਾਰੇ ਨੂੰ ਅਲੱਗ-ਥਲੱਗ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਿੱਤੇ ਨਾਅਰੇ 'ਸਬਕਾ ਸਾਥ-ਸਬਕਾ ਵਿਕਾਸ' ਨੂੰ ਹੀ ਖ਼ਾਰਜ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਨਾਅਰੇ ਦੀ ਬਜਾਏ ਕਹਿਣਾ ਚਾਹੀਦਾ ਹੈ ਕਿ ਜੋ ਸਾਡੇ ਨਾਲ ਹਨ, ਉਨ੍ਹਾਂ ਦਾ ਵਿਕਾਸ।

ਹਾਲਾਂਕਿ ਇੱਥੇ ਭਾਜਪਾ ਪ੍ਰਦੇਸ਼ ਪ੍ਰਧਾਨ ਸੁਕਾਂਤ ਮਜੂਮਦਾਰ ਨੇ ਵੱਖਰਾ ਇਕ ਵਿਵਾਦਿਤ ਬਿਆਨ ਦੇ ਦਿੱਤਾ। ਉਨ੍ਹਾਂ ਨੇ ਪੱਛਮੀ ਬੰਗਾਲ ਦੇ ਉੱਤਰੀ ਹਿੱਸੇ ਨੂੰ ਰਾਜ ਤੋਂ ਵੱਖ ਕਰਨ ਦੀ ਮੰਗ ਕੀਤੀ।

ਜ਼ਿਕਰਯੋਗ ਹੈ ਕਿ ਭਾਜਪਾ ਦੇ ਨੇਤਾ ਪਹਿਲਾਂ ਵੀ ਬੰਗਾਲ ਦੀ ਵੰਡ ਅਤੇ ਉੱਤਰੀ ਬੰਗਾਲ ਨੂੰ ਵੱਖਰਾ ਰਾਜ ਬਣਾਉਣ ਦੀ ਗੱਲ ਕਰਦੇ ਆ ਰਹੇ ਹਨ, ਪਰ ਸੂਬਾ ਪ੍ਰਧਾਨ ਮਜੂਮਦਾਰ ਨੇ ਇਸ ਵਾਰ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਉੱਤਰੀ ਬੰਗਾਲ ਨੂੰ ਪੱਛਮੀ ਬੰਗਾਲ ਤੋਂ ਵੱਖ ਕਰਕੇ ਪੂਰਬ-ਉੱਤਰ ਦਾ ਹਿੱਸਾ ਬਣਾ ਦੇਣ।

ਚੇਤੇ ਰਹੇ, ਪੱਛਮੀ ਬੰਗਾਲ ਵਿਚ ਬੰਗਲਾ ਪਛਾਣ ਦਾ ਮੁੱਦਾ ਸਭ ਤੋਂ ਵੱਡਾ ਹੁੰਦਾ ਹੈ, ਜਿਸ ਦਾ ਜਵਾਬ ਮੋਦੀ ਅਤੇ ਅਮਿਤ ਸ਼ਾਹ ਨਹੀਂ ਦੇ ਪਾਉਂਦੇ। ਇਸੇ ਮੁੱਦੇ 'ਤੇ ਮਮਤਾ ਨੇ ਪਹਿਲਾਂ ਵਿਧਾਨ ਸਭਾ ਅਤੇ ਫਿਰ ਲੋਕ ਸਭਾ ਚੋਣਾਂ ਜਿੱਤੀਆਂ। ਇਸ ਲਈ ਉੱਤਰੀ ਬੰਗਾਲ ਨੂੰ ਵੱਖ ਕਰਨ ਦੀ ਮੰਗ ਤੋਂ ਇੰਜ ਲੱਗ ਰਿਹਾ ਹੈ ਕਿ ਭਾਜਪਾ ਪੂਰੇ ਬੰਗਾਲ ਦੀ ਬਜਾਏ ਉੱਤਰੀ ਬੰਗਾਲ ਵਿਚ ਬਿਹਤਰ ਸੰਭਾਵਨਾ ਦੇਖ ਰਹੀ ਹੈ ਅਤੇ ਮੰਨ ਰਹੀ ਹੈ ਕਿ ਜੇਕਰ ਉਹ ਹਿੱਸਾ ਵੱਖ ਹੋ ਜਾਵੇ ਤਾਂ ਉੱਥੇ ਉਸ ਦੀ ਸਰਕਾਰ ਬਣ ਸਕਦੀ ਹੈ।

# ਸ਼ਰਾਬ ਦੀ ਥਾਂ ਗੈਰ-ਅਲਕੋਹਲ ਵਾਲੀ ਬੀਅਰ ਨੂੰ ਵੱਧ ਪਸੰਦ ਕਰਨ ਲੱਗੇ ਜਰਮਨੀ ਦੇ ਲੋਕ, ਦੁੱਗਣੀ ਹੋਈ ਖਪਤ

ਲੰਡਨ-ਭਾਰਤ ਵਰਗੇ ਏਸ਼ੀਆਈ ਦੇਸ਼ਾਂ ਵਿਚ ਗਰਮੀਆਂ ਦੇ ਮੌਸਮ ਵਿੱਚ ਬੀਅਰ ਦੀ ਖਪਤ ਕਾਫ਼ੀ ਵੱਧ ਜਾਂਦੀ ਹੈ। ਹੁਣ ਯੂਰਪ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ਾਂ ਵਿਚੋਂ ਇਕ ਜਰਮਨੀ ਨੂੰ ਲੈ ਕੇ ਇਕ ਹੈਰਾਨ ਕਰਨ ਵਾਲੀ ਰਿਪੋਰਟ ਸਾਹਮਣੇ ਆਈ ਹੈ।

ਜਰਮਨੀ ਦੀ ਆਪਣੀ ਏਜੰਸੀ ਨੇ ਕਿਹਾ ਹੈ ਕਿ ਗੈਰ-ਅਲਕੋਹਲ ਵਾਲੀ ਬੀਅਰ ਦੀ ਖਪਤ ਵਿਚ ਪਿਛਲੇ 10 ਸਾਲਾਂ ਵਿਚ ਹੈਰਾਨ ਕਰਨ ਵਾਲਾ ਵਾਧਾ ਹੋਣ ਦੀ ਗੱਲ ਕਹੀ ਹੈ। ਨਵੀਂ ਰਿਪੋਰਟ ਦੇ ਅਨੁਸਾਰ ਪਿਛਲੇ 10 ਸਾਲਾਂ ਵਿੱਚ ਗੈਰ-ਅਲਕੋਹਲ ਵਾਲੀ ਬੀਅਰ ਦਾ ਉਤਪਾਦਨ ਦੁਗਣੇ ਤੋਂ ਵੀ ਵੱਧ ਹੋ ਗਿਆ ਹੈ। ਖਪਤ ਵਧਣ ਤੋਂ ਬਾਅਦ ਬੀਅਰ ਦੇ ਉਤਪਾਦਨ ਵਿਚ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਇਸ ਨਾਲ ਗੈਰ-ਅਲਕੋਹਲਿਕ ਬੀਅਰ ਦੀ ਮਾਰਕੀਟ ਵਿਚ ਵੀ ਉਛਾਲ ਆਇਆ ਹੈ।

ਵਿਭਾਗ ਦਾ ਕਹਿਣਾ ਹੈ ਕਿ ਗੈਰ-ਅਲਕੋਹਲਿਕ ਬੀਅਰ ਦੀ ਵਿਕਰੀ ਵਿਚ ਵਾਧੇ ਨੂੰ ਦੇਖਦੇ ਹੋਏ ਇਸ ਦੇ ਉਤਪਾਦਨ ਵਿੱਚ ਦੁੱਗਣੇ ਤੋਂ ਵੀ ਜ਼ਿਆਦਾ ਇਜ਼ਾਫਾ ਹੋਇਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸ਼ਰਾਬ ਦਾ ਸੇਵਨ ਕਰਨ ਵਾਲੇ ਜ਼ਿਆਦਾਤਰ ਲੋਕਾਂ ਦਾ ਰੁਝਾਨ ਹੁਣ ਅਲਕੋਹਲ ਫਰੀ ਵਰਾਇਟੀ ਵੱਲ ਹੋ ਰਿਹਾ ਹੈ। ਇਸ ਕਾਰਨ ਨਾਨ ਅਲਕੋਹਲਿਕ ਵਾਲੀ ਬੀਅਰ ਦੀ ਖਪਤ ਵਿੱਚ ਦੁੱਗਣਾ ਵਾਧਾ ਦਰਜ ਕੀਤਾ ਗਿਆ ਹੈ।



ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸ਼ਰਾਬ ਦਾ ਸੇਵਨ ਕਰਨ ਵਾਲੇ ਜ਼ਿਆਦਾਤਰ ਲੋਕਾਂ ਦਾ ਰੁਝਾਨ ਹੁਣ ਅਲਕੋਹਲ ਫਰੀ ਵਰਾਇਟੀ ਵੱਲ ਹੋ ਰਿਹਾ ਹੈ। ਇਸ ਕਾਰਨ ਨਾਨ ਅਲਕੋਹਲਿਕ ਵਾਲੀ ਬੀਅਰ ਦੀ ਖਪਤ ਵਿਚ ਦੁੱਗਣਾ ਵਾਧਾ ਦਰਜ ਕੀਤਾ ਗਿਆ ਹੈ। ਦੱਸ ਦਈਏ ਕਿ ਯੂਰਪੀ ਦੇਸ਼ਾਂ ਵਿਚ ਵਾਈਨ ਦਾ ਪ੍ਰਚਲਨ ਜ਼ਿਆਦਾ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਮੋਦੀ ਸਰਕਾਰ ਨੇ ਸਿਖ ਭਾਈਚਾਰੇ ਸੰਬੰਧੀ ਆਸਟ੍ਰੇਲੀਆ ਮੀਡੀਆ ਦੀ ਡਾਕੂਮੈਂਟਰੀ ਕੀਤੀ ਬਲਾਕ

## ✪ ਏ.ਬੀ.ਸੀ. ਮੀਡੀਆ ਦੀ ਡਾਕੂਮੈਂਟਰੀ ਭਾਰਤੀ ਖੁਫੀਆ ਏਜੰਸੀਆਂ ਦੁਆਰਾ ਸਿਖਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਹੈ



ਪ੍ਰਵਾਸੀ ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਮੋਦੀ ਸਰਕਾਰ ਕਸ਼ਮੀਰ ਦੀ ਕਹਾਣੀ ਪੂਰੇ ਭਾਰਤ ਵਿਚ ਦੁਹਰਾਉਣਾ ਚਾਹੁੰਦੀ ਹੈ। ਡਿਜੀਟਲ ਮੀਡੀਆ ਦੇ ਨਿਯਮਾਂ ਵਿਚ ਕੀਤੀਆਂ ਗਈਆਂ ਸੋਧਾਂ ਨੇ ਸਰਕਾਰ ਨੂੰ ਗਲਤ ਨੂੰ ਸਹੀ ਠਹਿਰਾਉਣ ਵਿਚ ਜ਼ਿਆਦਾ ਤਾਕਤਵਰ ਬਣਾ ਦਿੱਤਾ ਹੈ। ਇਸੇ ਕਰਕੇ ਹੀ ਬੀਬੀਸੀ ਦੁਆਰਾ ਬਣਾਈ ਗਈ ਡਾਕੂਮੈਂਟਰੀ ਉੱਪਰ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਸਨ। ਇਸ ਤੋਂ ਬਾਅਦ ਭਾਰਤ ਵਿਚ ਬੀਬੀਸੀ ਦੇ ਅਦਾਰਿਆਂ ਉੱਪਰ ਸਰਕਾਰੀ ਏਜੰਸੀਆਂ ਦੁਆਰਾ ਛਾਪੇ ਵੀ ਮਾਰੇ ਗਏ ਸਨ। ਹੁਣ ਆਸਟ੍ਰੇਲੀਆ ਦਾ ਮੀਡੀਆ ਨਿਸ਼ਾਨੇ ਉਪਰ ਹੈ। ਘਟਗਿਣਤੀਆਂ ਵਿਚੋਂ ਮੁਸਲਮਾਨਾਂ ਬਾਅਦ ਸਿਖ ਨਿਸ਼ਾਨੇ ਉੂਪਰ ਹਨ। ਇਸ ਤਰਾਂ ਦੀ ਸਥਿਤੀ ਦਿਖਾਉਂਦੀ ਹੈ ਕਿ ਭਾਰਤ ਵਿਚ ਮਹਿਜ਼ ਪ੍ਰੈਸ ਦੀ ਅਜ਼ਾਦੀ ਹੀ ਨਹੀਂ ਬਲਕਿ ਲੋਕਤੰਤਰ ਵੀ ਖਤਰੇ ਵਿਚ ਹੈ।

ਯੂਟਿਊਬ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ ’ਤੇ ਆਸਟ੍ਰੇਲੀਆਈ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਏ. ਬੀ. ਸੀ.) ਦੀ ਡਾਕੂਮੈਂਟਰੀ ਨੂੰ ਭਾਰਤ ਵਿਚ ਬਲਾਕ ਕਰ ਦਿੱਤਾ ਹੈ। ਇਹ ਡਾਕੂਮੈਂਟਰੀ ਭਾਰਤੀ ਖੁਫੀਆ ਏਜੰਸੀਆਂ ਦੁਆਰਾ ਆਸਟ੍ਰੇਲੀਆ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਹੈ। ‘ਇਨਫਿਲਟਰੇਟਿੰਗ ਆਸਟਰੇਲੀਆ - ਇੰਡੀਆਜ਼ ਸੀਕਰੇਟ ਵਾਰ ਨਾਮ ਦੀ ਇਹ ਡਾਕੂਮੈਂਟਰੀ ਏਬੀਸੀ ਟੀਵੀ ਦੇ ਸ਼ੋਅ ’ਫੋਰ ਕਾਰਨਰਜ਼’ ਦਾ ਹਿੱਸਾ ਹੈ।

ਇਸ ਡਾਕੂਮੈਂਟਰੀ ਮੁਤਾਬਕ ਮੋਦੀ ਸਰਕਾਰ ਦੇ ਨਿਸ਼ਾਨੇ ’ਤੇ ਜ਼ਿਆਦਾਤਰ ਸਿੱਖ ਭਾਈਚਾਰੇ ਦੇ ਉਹ ਲੋਕ ਹਨ ਜੋ ਵੱਖਵਾਦੀ ਖਾਲਿਸਤਾਨੀ ਲਹਿਰ ਲਈ ਕੰਮ ਕਰ ਰਹੇ ਹਨ ਅਤੇ ਮੋਦੀ ਸਰਕਾਰ ਦੀ ਆਲੋਚਨਾ ਕਰ ਰਹੇ ਹਨ।

ਇਹ ਦਸਤਾਵੇਜ਼ੀ ਫਿਲਮ 17 ਜੂਨ ਨੂੰ ਯੂਟਿਊਬ ’ਤੇ ਅਪਲੋਡ ਕੀਤੀ ਗਈ ਸੀ। ਉਦੋਂ ਤੋਂ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਹੁਕਮਾਂ ’ਤੇ ਯੂ-ਟਿਊਬ ਨੇ ਇਸ ਡਾਕੂਮੈਂਟਰੀ ਨੂੰ ਲੈ ਕੇ ਏਬੀਸੀ ਨਿਊਜ਼ ਨੂੰ ਨੋਟਿਸ ਭੇਜਿਆ ਸੀ। ਭਾਰਤ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਤੋਂ ਮਿਲੇ ਇੱਕ ਗੁਪਤ ਆਦੇਸ਼ ਦਾ ਜ਼ਿਕਰ ਸੀ। ਯੂਟਿਊਬ ਨੂੰ ਇਹ ਹੁਕਮ ਆਈਟੀ ਐਕਟ ਤਹਿਤ ਦਿੱਤੇ ਗਏ ਹਨ।

ਏਬੀਸੀ ਟੀਵੀ ਚੈਨਲ ਨੇ ਯੂ ਟਿਊਬ ਦੁਆਰਾ ਦਿੱਤੇ ਵਿਕਲਪਾਂ ਨੂੰ ਨਹੀਂ ਮੰਨਿਆ। ਦਸਤਾਵੇਜ਼ੀ ਨੂੰ ਫਿਰ 27 ਜੁਲਾਈ ਨੂੰ ਆਸਟ੍ਰੇਲੀਆਈ ਸਮੇਂ ਅਨੁਸਾਰ 11.59 ਵਜੇ ਬਲੌਕ ਕੀਤਾ ਗਿਆ ਸੀ। ਏਬੀਸੀ ਦੇ ਨਿਰਦੇਸ਼ਕ ਸਟੀਵਨਜ਼ ਨੇ ਕਿਹਾ ਕਿ ਇਸ ਸਾਲ ਇਹ ਦੂਜੀ ਵਾਰ ਹੈ ਜਦੋਂ ਭਾਰਤ ਨੇ ਯੂਟਿਊਬ ਤੋਂ ਏਬੀਸੀ ਦੀ ਜਨਤਕ ਹਿੱਤ ਪੱਤਰਕਾਰੀ ਨੂੰ ਹਟਾਉਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਪਿਛਲੀ ਵਾਰ ਇਹ ਹੁਕਮ ਇੱਕ ਵਿਦੇਸ਼ੀ ਪੱਤਰਕਾਰ ਦੀ ਰਿਪੋਰਟ ਦੇ ਸਬੰਧ ਵਿੱਚ ਜਾਰੀ ਕੀਤਾ ਗਿਆ ਸੀ। ਪਰ ਇਹ ਸਾਨੂੰ ਜਨਹਿਤ ਵਿੱਚ ਕਿਸੇ ਵੀ ਅਤੇ ਸਾਰੇ ਮੁੱਦਿਆਂ ਦੀ ਰਿਪੋਰਟ ਕਰਨ ਤੋਂ ਨਹੀਂ ਰੋਕ ਸਕਦਾ। ਇਹ ਜਾਣਿਆ ਜਾਂਦਾ ਹੈ ਕਿ ਯੂਟਿਊਬ ਨੇ ਇਸੇ ਤਰ੍ਹਾਂ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਕੇਸ ’ਤੇ ਬਣੀ ਇੱਕ ਦਸਤਾਵੇਜ਼ੀ ਐਪੀਸੋਡ ਨੂੰ ਬਲੌਕ ਕੀਤਾ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਇਸ ਕਾਂਡ ਪਿਛੇ ਮੋਦੀ ਸਰਕਾਰ ਦੀ ਕਥਿਤ ਭੂਮਿਕਾ ਸੀ।

# ਪੱਛਮੀ ਦੇਸ਼ ਚੀਨ ਦੇ ਵਧ ਰਹੇ ਪ੍ਰਭਾਵ ਤੋਂ ਚਿੜ੍ਹੇ

## ✪ ਚੀਨ ਇਜਰਾਈਲ ਵਿਰੁੱਧ ਫਿਲਸਤੀਨ ਦੇ ਹੱਕ ਵਿਚ,ਖਾੜਕੂ ਗਰੁਪਾਂ ਦੀ ਕਰ ਰਿਹਾ ਏ ਮਦਦ ✪ ਇਜ਼ਰਾਈਲ ਉਪਰ ਹਨੀਯੇਹ ਦੀ ਹੱਤਿਆ ਦੇ ਦੋਸ਼, ਪਰ ਇਜਰਾਈਲ ਇਨਕਾਰੀ

ਇਸ ਸਮੇਂ ਸੰਸਾਰ ਮੰਚ ‘ਤੇ ਰੂਸ-ਯੁਕਰੇਨ ਯੁੱਧ ਤੇ ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਫਲਸਤੀਨੀਆਂ ਦਾ ਕੀਤਾ ਜਾ ਰਿਹਾ ਘਾਣ ਸਮੁੱਚੇ ਸਮਾਜ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਮੌਕੇ ਇਨ੍ਹਾਂ ਝਗੜਿਆਂ ਨੂੰ ਸੁਲਝਾਉਣ ਲਈ ਚੀਨ ਨੇ ਕੋਸ਼ਿਸ਼ਾਂ ਆਰੰਭ ਦਿੱਤੀਆਂ ਹਨ। ਪਿਛਲੇ ਮਹੀਨੇ 22 ਜਲਾਈ ਨੂੰ ਚੀਨ ਦੀ ਵਿਚੋਲਗੀ ਰਾਹੀਂ ਫਲਸਤੀਨ ਦੇ ਵੱਖ-ਵੱਖ ਗੁੱਟਾਂ ਦਰਮਿਆਨ ਸਮਝੌਤਾ ਹੋ ਗਿਆ ਹੈ।

ਪਿਛਲੇ ਸਮੇਂ ਦੌਰਾਨ ਗਾਜ਼ਾ ਖੇਤਰ ਹਮਾਸ ਤੇ ਵੈਸਟ ਬੈਂਕ ਖੇਤਰ ਫਤਿਹ ਗਰੁੱਪ ਦੇ ਕਬਜ਼ੇ ਵਿੱਚ ਸੀ। ਹੁਣ ਹੋਏ ਸਮਝੌਤੇ ਵਿੱਚ ਦੋਵੇਂ ਗਰੁੱਪ ਮਿਲ ਕੇ ਗਾਜ਼ਾ ਤੇ ਵੈਸਟ ਬੈਂਕ ਵਿੱਚ ਸਾਂਝੀ ਸਰਕਾਰ ਚਲਾਉਣ ਲਈ ਸਹਿਮਤ ਹੋ ਗਏ ਹਨ।

ਇਸ ਸਮਝੌਤੇ ‘ਤੇ ਇਨ੍ਹਾਂ ਦੋਵਾਂ ਤੋਂ ਬਿਨਾਂ 12 ਹੋਰ ਫਲਸਤੀਨੀ ਗਰੁੱਪਾਂ ਨੇ ਵੀ ਦਸਤਖਤ ਕੀਤੇ ਹਨ। ਫਤਿਹ ਤੇ ਹਮਾਸ ਪੁਰਾਣੇ ਵਿਰੋਧੀ ਰਹੇ ਹਨ ਤੇ ਇਨ੍ਹਾਂ ਦਾ ਆਪਸੀ ਟਕਰਾਅ ਵੀ ਹੁੰਦਾ ਰਿਹਾ ਹੈ। ਸਾਰੇ ਫਲਸਤੀਨੀ ਗਰੁੱਪਾਂ ਦੇ ਇੱਕ ਮੰਚ ’ਤੇ ਆਉਣ ਤੋਂ ਬਾਅਦ ਫਲਸਤੀਨੀ ਮੁੱਦੇ ਪ੍ਰਤੀ ਸੰਸਾਰ ਸਹਿਮਤੀ ਨੂੰ ਤਾਕਤ ਮਿਲੇਗੀ।

ਇਜ਼ਰਾਈਲ ਤੇ ਫਲਸਤੀਨ ਦਰਮਿਆਨ ਲੰਮੇ ਸਮੇਂ ਤੋਂ ਤੁਰੇ ਆ ਰਹੇ ਝਗੜੇ ਨੂੰ ਹੱਲ ਕਰਨ ਲਈ ਵੀ ਇਹ ਸਹਾਈ ਹੋਵੇਗਾ। ਇਜ਼ਰਾਈਲ-ਫਲਸਤੀਨ ਵਿੱਚ ਚਲ ਰਹੇ ਹਾਲੀਆ ਸੰਘਰਸ਼ ਵਿੱਚ ਪੱਛਮੀ ਦੇਸ਼ਾਂ ਦੀਆਂ ਸਰਕਾਰਾਂ ਇੱਕਪਾਸੜ ਰਵੱਈਏ ਰਾਹੀਂ ਇਜ਼ਰਾਈਲ ਦੀ ਪਿੱਠ ‘ਤੇ ਖੜ੍ਹੀਆਂ ਹਨ, ਜਦੋਂ ਕਿ ਚੀਨ ਉੱਥੇ ਹਮੇਸ਼ਾ ਦੋ ਰਾਸ਼ਟਰਾਂ ਦੇ ਸਿਧਾਂਤ ਦਾ ਸਮਰਥਨ ਕਰਦਾ ਰਿਹਾ ਹੈ।



ਚੀਨ ਨੇ ਆਪਣੀ ਆਰਥਿਕਤਾ ਮਜ਼ਬੂਤ ਕਰਨ ਤੋਂ ਬਾਅਦ ਸੰਸਾਰ ਦੇ ਪ੍ਰਮੁੱਖ ਮਸਲਿਆਂ ਨੂੰ ਸੁਲਝਾਉਣ ਲਈ ਸਰਗਰਮ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੈ।

ਚੀਨ ਦੇ ਮੌਜੂਦਾ ਰਾਸ਼ਟਰਪਤੀ ਸ਼ੀ ਜਿਨਪਿੰਗ 2013 ਵਿੱਚ ਦੇਸ਼ ਦੇ ਮੁਖੀ ਬਣੇ ਸਨ। ਉਦੋਂ ਤੋਂ ਹੀ ਚੀਨ ਨੇ ਕੌਮਾਂਤਰੀ ਮਸਲਿਆਂ ਨੂੰ ਨਿਬੇੜਨ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਚੀਨ ਕੌਮਾਂਤਰੀ ਮਸਲਿਆਂ ਵਿੱਚ ਉਲਝਣ ਤੋਂ ਬਚਦਾ ਰਿਹਾ ਸੀ। 2013 ਵਿੱਚ ਜਦੋਂ ਚੀਨ ਨੇ ਬੈਲਟ ਐਂਡ ਰੋਡ ਇਨੀਸ਼ਿਏਟਿਵ (ਬੀ ਆਰ ਆਈ) ਸ਼ੁਰੂ ਕੀਤਾ ਤਾਂ ਹਾਲਤਾਂ ਇਕਦਮ ਬਦਲ ਗਈਆਂ ਸਨ। ਬੈਲਟ ਐਂਡ ਰੋਡ ਪਹਿਲ ਰਾਹੀਂ ਚੀਨ ਦਾ ਦੱਖਣ ਏਸ਼ੀਆ, ਮੱਧ ਪੂਰਬ ਤੇ ਪੂਰਬੀ ਅਫ਼ਰੀਕਾ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਵੱਡਾ ਨਿਵੇਸ਼ ਹੈ, ਇਸ ਲਈ ਇਨ੍ਹਾਂ ਖਿੱਤਿਆਂ ਵਿੱਚ ਸ਼ਾਂਤੀ ਸਥਾਪਤ ਹੋਣੀ ਉਸ ਦੇ ਆਪਣੇ ਹਿੱਤਾਂ ਨਾਲ ਵੀ ਜੁੜੀ ਹੋਈ ਹੈ।

ਪਿਛਲੇ ਸਾਲ ਚੀਨ ਦੇ ਜਤਨਾਂ ਨਾਲ ਜਦੋਂ ਦੋ ਕੱਟੜ ਵਿਰੋਧੀਆਂ ਈਰਾਨ ਤੇ ਸਾਊਦੀ ਅਰਬ ਨੇ ਆਪਸ ਵਿੱਚ ਗਲਵਕੜੀਆਂ ਪਾ ਲਈਆਂ ਸਨ ਤਾਂ ਪੱਛਮੀ ਦੇਸ਼ ਹੈਰਾਨ ਰਹਿ ਗਏ ਸਨ।

ਪਿਛਲੇ ਸਾਲ ਮਾਰਚ ਮਹੀਨੇ ਦੋਹਾਂ ਦੇਸ਼ਾਂ ਵਿਚਕਾਰ ਚੀਨ ਦੀ ਵਿਚੋਲਗੀ ਨਾਲ ਹੋਏ ਸਮਝੌਤੇ ਤੋਂ ਬਾਅਦ ਜਾਰੀ ਹੋਏ ਤਿੰਨ ਧਿਰੀ ਬਿਆਨ ਵਿੱਚ ਕਿਹਾ ਗਿਆ ਸੀ ਕਿ ਅੱਜ ਦੋਹਾਂ ਦੇਸ਼ਾਂ ਵਿੱਚ ਡਿਪਲੋਮੈਟਿਕ ਸੰਬੰਧ ਬਹਾਲ ਹੋ ਗਏ ਹਨ। ਇਹ ਚੀਨ ਦੀ ਵੱਡੀ ਪ੍ਰਾਪਤੀ ਸੀ।

ਖਾੜੀ ਦੇ ਦੋ ਲੰਮੇ ਸਮੇਂ ਦੇ ਦੁਸ਼ਮਣ ਦੇਸ਼ਾਂ ਵਿੱਚ ਦੁਸ਼ਮਣੀ ਦਾ ਅੰਤ ਕਰਕੇ ਚੀਨ ਨੇ ਦੁਨੀਆ ਨੂੰ ਦਿਖਾ ਦਿੱਤਾ ਸੀ ਕਿ ਉਹ ਵੱਡੇ ਤੋਂ ਵੱਡੇ ਝਗੜੇ ਨੂੰ ਵੀ ਹੱਲ ਕਰ ਸਕਦਾ ਹੈ। ਪਿਛਲੇ ਇਕ ਦਹਾਕੇ ਦੌਰਾਨ ਚੀਨ ਨੇ ਬੰਗਲਾਦੇਸ਼ ਤੇ ਮਿਆਂਮਾਰ, ਅਫ਼ਗਾਨਿਸਤਾਨ ਤੇ ਪਾਕਿਸਤਾਨ ਅਤੇ ਕੋਰੀਆ ਤੇ ਦੱਖਣੀ ਸੁਡਾਨ ਵਿਚਲੇ ਝਗੜਿਆਂ ਨੂੰ ਨਿਬੇੜਨ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ ਸੀ। ਇਹੋ ਨਹੀਂ, ਚੀਨ ਦਾ ਸੀਰੀਆ, ਜ਼ਿੰਬਾਬਵੇ ਤੇ ਰਵਾਂਡਾ ਵਿੱਚ ਚਲੇ ਆ ਰਹੇ ਘਰੇਲੂ ਝਗੜਿਆਂ ਨੂੰ ਹੱਲ ਕਰਨ ਵਿੱਚ ਵੀ ਅਹਿਮ ਯੋਗਦਾਨ ਰਿਹਾ ਹੈ। ਪਿਛਲੇ ਦਿਨੀਂ ਯੂਕਰੇਨ ਦੇ ਵਿਦੇਸ਼ ਮੰਤਰੀ ਦੀ ਚੀਨ ਯਾਤਰਾ ਤੋਂ ਇਹ ਸਮਝਣਾ ਔਖਾ ਨਹੀਂ ਕਿ ਰੂਸ-ਯੂਕਰੇਨ ਯੁੱਧ ਖ਼ਤਮ ਕਰਾਉਣ ਲਈ ਵੀ ਚੀਨ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਇਸ ਸਮੇਂ ਚੀਨ ਇੱਕ ਅਜਿਹੀ ਸ਼ਕਤੀ ਵਜੋਂ ਸਥਾਪਤ ਹੋ ਰਿਹਾ ਹੈ, ਜਿਹੜਾ ਇਕ ਸ਼ਾਂਤੀਪੂਰਨ ਬਹੁਪੱਖੀ ਤੇ ਪਸਾਰਵਾਦ ਤੋਂ ਰਹਿਤ ਵਿਸ਼ਵ ਵਿਵਸਥਾ ਸਥਾਪਤ ਕਰਨ ਲਈ ਜਤਨਸ਼ੀਲ ਹੈ।

ਪੰਜਾਬ ਟਾਈਮਜ ਅਨੁਸਾਰ ਪੱਛਮੀ ਦੇਸ਼ ਚੀਨ ਦੇ ਵਧ ਰਹੇ ਪ੍ਰਭਾਵ ਤੋਂ ਚਿੜ੍ਹੇ ਹੋਏ ਹਨ। ਇਸ ਦਾ ਸਭ ਤੋਂ ਵੱਡਾ ਸਬੂਤ ਹਮਾਸ ਤੇ ਫਤਿਹ ਵਿੱਚ ਹੋਏ ਸਮਝੌਤੇ ਤੋਂ ਇੱਕ ਹਫ਼ਤੇ ਬਾਅਦ ਹੀ ਹਮਾਸ ਆਗੂ ਇਸਮਾਈਲ ਹਨੀਯੇਹ ਦੀ ਈਰਾਨ ਵਿੱਚ ਕੀਤੀ ਗਈ ਹੱਤਿਆ ਤੋਂ ਮਿਲਦਾ ਹੈ। ਭਾਵੇਂ ਇਜ਼ਰਾਈਲ ਨੇ ਹਨੀਯੇਹ ਦੀ ਹੱਤਿਆ ਤੋਂ ਇਨਕਾਰ ਕੀਤਾ ਹੈ, ਪਰ ਹਮਾਸ ਨੇ ਇਸ ਦਾ ਦੋਸ਼ ਇਜ਼ਰਾਈਲ ਸਿਰ ਮੜ੍ਹਿਆ ਹੈ। ਇਸ ਹੱਤਿਆ ਦਾ ਮਕਸਦ ਚੀਨ ਦੀਆਂ ਇਜ਼ਰਾਈਲ-ਫਲਸਤੀਨ ਮੁੱਦੇ ਨੂੰ ਸੁਲਝਾਉਣ ਦੀਆਂ ਕੋਸ਼ਿਸ਼ਾਂ ਨੂੰ ਤਾਰਪੀਡੋ ਕਰਨਾ ਜਾਪਦਾ ਹੈ।

ਮਾਮਲਾ ਅਕਾਲੀ ਸੰਕਟ ਦਾ

# ਸਿੱਖ ਸੇਵਕ ਸੁਸਾਇਟੀ ਵਲੋਂ ਅਕਾਲ ਤਖਤ ਸਾਹਿਬ ਨੂੰ ਦਿੱਤਾ ਬੇਨਤੀ ਪੱਤਰ

**○ ਦਾਗੀ ਅਕਾਲੀ ਲੀਡਰਸ਼ਿਪ ਤੋਂ ਅਸਤੀਫੇ ਲਏ ਜਾਣ ○ ਅਕਾਲੀ ਸੰਕਟ ਦੇ ਹਲ ਲਈ ਪੰਥਕ ਜਥੇਬੰਦੀਆਂ ਤੇ ਸਿਖ ਚਿੰਤਕਾਂ ਦਾ ਨੁਮਾਇੰਦਾ ਇਕਠ ਸਦਿਆ ਜਾਵੇ ○ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਪੰਥਕ ਕੌਂਸਲ ਬਣਾਈ ਜਾਵੇ ○ ਨਿਸ਼ਾਨ ਸਾਹਿਬ ਦੇ ਰੰਗ ਨਿਸ਼ਚਿਤ ਕਰਨ ਦੀ ਸ਼ਲਾਘਾ**

ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀਓ !

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

ਸ੍ਰੀ ਅੰਮ੍ਰਿਤਸਰ ਸਾਹਿਬ।

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫਤਹਿ॥

ਸਭ ਤੋਂ ਪਹਿਲਾਂ ਤੁਸੀਂ ਵਧਾਈ ਦੇ ਪਾਤਰ ਹੋ ਕਿ ਤੁਸੀਂ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਰੰਗ ਬਾਰੇ ਯਾਦਗਾਰੀ ਇਤਿਹਾਸਕ ਫੈਸਲਾ ਲਿਆ ਜੋ ਤੁਹਾਡੇ ਤੋਂ ਪਹਿਲਾਂ ਨਹੀਂ ਹੋ ਸਕਿਆ। ਦੇਸ਼ਾਂ ਵਿਦੇਸ਼ਾਂ ਦੀਆਂ ਸਿਖ ਸੰਗਤਾਂ ਇਸ ਮਸਲੇ ਵਿਚ ਤੁਹਾਡੇ ਹਕ ਵਿਚ ਹਨ। ਇਸ ਤਰ੍ਹਾਂ ਜਾਤ ਪਾਤ ਵਿਰੁਧ ਗੁਰਮਤਿ ਰੋਸ਼ਨੀ ਵਿਚ ਅਕਾਲ ਤਖਤ ਸਾਹਿਬ ਤੋਂ ਫੈਸਲਾ ਕਰਨ ਦੀ ਬੇਨਤੀ ਹੈ ਤਾਂ ਜੋ ਸਿਖੀ ਦਾ ਅਕਸ ਨਸਲਵਾਦ ਵਿਰੁੱਧ ਉਭਰ ਸਕੇ। ਸਿੱਖ ਪੰਥ ਵੀ ਦੇਸਾਂ-ਵਿਦੇਸ਼ਾਂ ਵਿਚ ਨਸਲਵਾਦ, ਫਿਰਕੂਵਾਦ ਦਾ ਦੁਖਾਂਤ ਭੋਗ ਰਿਹਾ ਹੈ।

ਸਨਿਮਰ ਬੇਨਤੀ ਹੈ ਕਿ ਪਿਛਲੇ ਲੰਮੇ ਅਰਸੇ ਤੋਂ ਅਕਾਲੀ ਸਿਆਸਤ ਵਿਚ ਅਤਿ ਤਰਸਯੋਗ ਤੇ ਗਿਲਾਨੀ ਭਰੀਆਂ ਘਟਨਾਵਾਂ, ਸਿਆਸੀ ਹਾਰਾਂ ਦਾ ਦੌਰ ਚੱਲ ਰਿਹਾ ਹੈ ਜਿਸ ਨੇ ਸਮੁੱਚੇ ਖ਼ਾਲਸਾ ਪੰਥ ਨੂੰ ਵਿਆਕੁਲਤਾ ਭਰੇ ਸੰਤਾਪ ਦਾ ਭਾਗੀ ਬਣਾ ਦਿੱਤਾ ਹੈ।ਅਕਾਲੀ ਦਲ ਖਾਲਸਾ ਜੀ ਦੇ ਬੋਲਬਾਲੇ ਮਿਸ਼ਨ ਤੇ ਪੰਜਾਬ ਦੀ ਖੇਤਰੀ ਪਾਰਟੀ ਦੀ ਜਰੂਰਤ ਲਈ ਅਕਾਲ ਤਖਤ ਸਾਹਿਬ ਵਿਖੇ ਸਥਾਪਿਤ ਹੋਇਆ ਸੀ। ਸਾਡੇ ਪੁਰਖਿਆਂ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ ਆਦਿ ਨੇ ਮੋਰਚੇ ਲਗਾਕੇ, ਕੁਰਬਾਨੀਆਂ ਦੇਕੇ ਇਸ ਨੂੰ ਮਜਬੂਤ ਕੀਤਾ ਸੀ ਪਰ ਸੰਤ ਫਤਹਿ ਸਿੰਘ ਤੋਂ ਪ੍ਰਕਾਸ਼ ਸਿੰਘ ਬਾਦਲ ਨੇ ਇਸ ਦਾ ਸਿਧਾਂਤ ਤੇ ਵਿਰਾਸਤ ਬਦਲਕੇ ਸਿਖ ਪੰਥ ਨਾਲ ਧੋਖਾ ਕੀਤਾ ਤੇ ਗੁਰੂ ਦੀ ਵਿਰਾਸਤ ਦੀ ਥਾਂ ਜਾਗੀਰੂ, ਕਾਰਪੋਰੇਟ ਸਿਸਟਮ ਉਸਾਰਿਆ। ਸਿਧਾਂਤਹੀਣ ਸਮਝੌਤੇ ਕਰਕੇ ਸਤਾ ਪ੍ਰਾਪਤ ਕਰਕੇ ਨਿਜੀ ਫਾਇਦੇ ਲਏ। ਕਿਰਤੀ ਸਮਾਜ ਨੂੰ ਅਖੋਂ ਪਰੋਖੇ ਕੀਤਾ।

ਇਸੇ ਲੜੀ ਵਿਚ ਅਜੋਕੀ ਅਕਾਲੀ ਲੀਡਰਸ਼ਿਪ ਟਕਸਾਲੀ ਅਕਾਲੀ ਵਿਰਾਸਤ 1920 ਤੋਂ ਭਗੌੜੀ ਹੈ ਤੇ ਪੰਜਾਬੀ ਪਾਰਟੀ ਬਣ ਚੁਕੀ ਹੈ, ਜਿਸ ਦੇ ਹਥਾਂ ਵਿਚ ਸ਼ੋਮਣੀ ਅਕਾਲੀ ਦਲ, ਅਕਾਲ ਤਖਤ, ਸ਼੍ਰੋਮਣੀ ਕਮੇਟੀ ਸੁਰਖਿਅਤ ਨਹੀਂ। ਇਹ ਲੀਡਰਸ਼ਿਪ ਅਕਾਲੀ ਵਿਰਾਸਤ ਨੂੰ ਸੰਭਾਲਣ ਵਿਚ ਨਖਿਧ ਸਾਬਤ ਹੋਈ ਹੈ ਜਿਸਦਾ ਸਿਖ ਪੰਥ ਤੇ ਪੰਜਾਬ ਨੂੰ ਵਡਾ ਨੁਕਸਾਨ ਹੋਇਆ ਹੈ। ਬਹੁਤ ਸਾਰੇ ਮੌਕਾਪ੍ਰਸਤ ਅਕਾਲੀ ਆਗੂ ਇਸ ਸੰਕਟ ਮੌਕੇ ਦੂਜੀਆਂ ਪਾਰਟੀਆਂ ਵਿਚ ਜਾ ਚੁਕੇ ਹਨ। ਕੁਛ ਹੋਰ ਜਾਣ ਦੀਆਂ ਤਿਆਰੀਆਂ ਵਿਚ ਹਨ। ਸਿਖ ਪੰਥ ਦੀ ਰਾਜਸੀ ਪਾਰਟੀ ਅਕਾਲੀ ਦਲ ਦਾ ਉਦੇਸ਼ ਰਾਜਸੀ ਲਾਲਸਾ ਨਹੀਂ ਹੈ, ਸਰਬਤ ਦਾ ਭਲਾ, ਸਭਨਾਂ ਲਈ ਨਿਆਂ ਸਥਾਪਿਤ ਕਰਨਾ ਤੇ ਪੰਥ ਦੀ ਵਖਰੀ ਸ਼ਾਨ ਤੇ ਪੰਜਾਬ ਦੀ ਸਾਂਝੀ ਵਿਰਾਸਤ ਤੇ ਹਕਾਂ ਨੂੰ ਬਹਾਲ ਰਖਣਾ ਹੈ ਜੋ ਗੁਰਮਤਿ ਦੇ ਸੰਕਲਪ ਹਲੇਮੀ ਰਾਜ, ਬੇਗਮਪੁਰਾ ਦਾ ਉਦੇਸ਼ ਹੈ।

ਪਰ ਪੰਥਕ ਕਹਾਉਣ ਵਾਲੀ ਇਹ ਲੀਡਰਸ਼ਿਪ 'ਬੱਚੇ ਖਾਣੀ ਅਵਸਥਾ' ਤੋਂ ਚੱਲ ਕੇ 'ਆਤਮਘਾਤੀ ਅਵਸਥਾ' ਤੱਕ ਪਹੁੰਚ ਚੁੱਕੀ ਹੈ। ਗੁਨਾਹਗਾਰ ਅਕਾਲੀ ਲੀਡਰਸ਼ਿਪ ਦੀ ਦਿਖਾਵੇ ਵਾਲੀ ਲੀਪਾ-ਪੋਚੀ ਅਤੇ ਆਪਣੀਆਂ ਭੁੱਲਾਂ ਨੂੰ ਦੂਜਿਆਂ 'ਤੇ ਥੋਪ ਕੇ ਆਪਣੇ-ਆਪ ਨੂੰ ਸੁਰਖਰੂ



ਕਰਨ ਦੀ ਚਤੁਰਾਈ ਸਿਖ ਪੰਥ ਨੂੰ ਸਵੀਕਾਰ ਨਹੀਂ। ਗੁਰੂ ਗ੍ਰੰਥ ਸਾਹਿਬ ਦੀਆਂ ਹੋ ਰਹੀਆਂ ਬੇਅਦਬੀਆਂ, ਸਿਖ ਬੱਚੇ-ਬੱਚੀਆਂ ਦਾ ਆਏ ਦਿਨ ਨਵੇਂ ਨਸ਼ਿਆਂ 'ਚ ਗਰਕਣਾ, ਵਿੱਦਿਅਕ ਤੇ ਆਰਥਿਕ ਸਮੱਸਿਆਵਾਂ ਤੋਂ ਬਚਣ ਲਈ ਮਾਤ-ਭੂਮੀ ਅਤੇ ਮਾਂ ਜਾਇਆਂ ਤੋਂ ਵਿਛੜ ਕੇ ਵਿਦੇਸ਼ਾਂ ਵਿਚ ਨਮੋਸ਼ੀ ਭਰੀ ਹਾਲਤ ਵਿਚ ਦਿਨ-ਕਟੀ ਕਰਨਾ, ਇਨ੍ਹਾਂ ਖ਼ੁਦਗਰਜ਼ੀ ਮਾਰੇ ਅਕਾਲੀ ਆਗੂਆਂ ਦੀ ਆਤਮਾ ਨੂੰ ਨਹੀਂ ਝੰਜੋੜਦਾ ਜੋ ਪੰਜਾਬ ਤੇ ਪੰਥ ਦਾ ਦਰਦ ਹੈ।ਅਕਾਲੀ ਆਗੂ ਕਹਾਉਂਦੇ ਇਨ੍ਹਾਂ ਦੋਹਾਂ ਧੜਿਆਂ ਨੂੰ ਲੰਬੇ ਸਮੇਂ ਤੋਂ ਕੁਰਸੀ ਦੀ ਲਾਲਸਾ ਹੈ ਜੋ ਸਿਖ ਪੰਥ ਦੀ ਵਿਰਾਸਤ ਤੇ ਸਿਧਾਂਤ ਨੂੰ ਬੇਦਾਵਾ ਦੇ ਰਹੀ ਹੈ।

ਸਿਖ ਪੰਥ ਦਾ ਅਜੋਕੀ ਅਕਾਲੀ ਲੀਡਰਸ਼ਿਪ ਉਪਰ ਵਿਸ਼ਵਾਸ ਨਹੀਂ ਰਿਹਾ ਜਿਸਨੇ ਬੇਅਦਬੀਆਂ ਕਰਾਉਣ ਵਾਲੇ ਸੌਦਾ ਸਾਧ ਨਾਲ ਗਠਜੋੜ ਜਾਰੀ ਰਖਿਆ ,ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਹੋਈਆਂ, ਬਹਿਬਲ, ਕੋਟਕਪੂਰਾ ਗੋਲੀ ਕਾਂਡ ਵਾਪਰਿਆ ਜੋ ਬਾਦਲ ਦੇ ਰਾਜ ਵਿਚ ਵਾਪਰੇ ਨਿੰਰਕਾਰੀ ਕਾਂਡ ਦਾ ਦੁਹਰਾਉ ਸੀ। 2024 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੀ ਹੋਈ ਨਮੋਸ਼ੀ ਭਰੀ ਹਾਰ, ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ ਹਾਰ ਇਸ ਦਾ ਪ੍ਰਮਾਣ ਹੈ।

ਇਹਨਾਂ ਚੋਣਾਂ ਤੋਂ ਬਾਅਦ ਅਕਾਲੀ ਦਲ ਦੀ ਲੀਡਰਸ਼ਿਪ ਵਿੱਚ ਮੱਤਭੇਦ ਪੈਦਾ ਹੋ ਗਏ ਹਨ। ਕੁਝ ਸੀਨੀਅਰ ਅਕਾਲੀ ਆਗੂਆਂ ਨੇ ਤੁਹਾਨੂੰ ਪਹੁੰਚ ਕਰਕੇ ਪਾਰਟੀ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੀ ਅਗਵਾਈ ਬਾਰੇ ਅਤੇ ਕੁਝ ਮੁੱਦਿਆਂ ਦਾ ਹਵਾਲਾ ਦੇ ਕੇ ਸ. ਬਾਦਲ ਦੀ ਲੀਡਰਸ਼ਿਪ ਵਿੱਚ ਬੇਭਰੋਸਗੀ ਪ੍ਰਗਟ ਕੀਤੀ ਹੈ। ਤੁਸੀਂ ਉਹਨਾਂ ਦੇ ਬੇਨਤੀ ਪੱਤਰ ਅਨੁਸਾਰ ਹੁਣ ਸ. ਸੁਖਬੀਰ ਸਿੰਘ ਬਾਦਲ ਤੋਂ ਕੁਝ ਸਪੱਸ਼ਟੀਕਰਨ ਮੰਗੇ ਸਨ। ਸ. ਬਾਦਲ ਨੇ 24-7-2024 ਨੂੰ ਆਪਣਾ ਸਪੱਸ਼ਟੀਕਰਨ ਇੱਕ ਬੰਦ ਲਿਫਾਫੇ ਵਿੱਚ ਤੁਹਾਨੂੰ ਸੌਂਪ ਦਿੱਤਾ ਹੈ, ਜਿਸ ਉੱਤੇ ਤੁਸੀਂ ਅਤੇ ਹੋਰ ਸਿੰਘ ਸਾਹਿਬਾਨ ਨੇ ਫੈਸਲਾ ਲੈਣਾ ਹੈ।

ਸਿੰਘ ਸਾਹਿਬ ਜੀਓ! ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਮਸਲਾ ਹੁਣ ਮਹਿਜ਼ ਅਕਾਲੀ ਦਲ ਅਤੇ ਇਸ ਦੇ ਆਗੂਆਂ ਦੇ ਆਪਸੀ ਮਤਭੇਦਾਂ ਜਾਂ ਰਾਜਨੀਤਿਕ ਪਹੁੰਚ ਵਿਧੀਆਂ ਦਾ ਨਹੀਂ ਰਹਿ ਗਿਆ। ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਹੁਣ ਇਹ ਮਸਲਾ ਆਗੂਆਂ ਕੋਲੋਂ ਧਾਰਮਿਕ ਅਵੱਗਿਆਵਾਂ ਹੋਣ ਅਤੇ ਉਹਨਾਂ ਨੂੰ ਕੋਈ ਧਾਰਮਿਕ ਸਜ਼ਾ ਜਾਂ ਤਨਖਾਹ ਲਗਾਉਣ ਤੱਕ ਵੀ ਸੀਮਿਤ ਨਹੀਂ ਰਹਿ ਗਿਆ। ਹੁਣ ਮਸਲਾ ਅਕਾਲੀ ਦਲ ਦੇ ਦੋਨੋਂ ਧੜਿਆਂ ਦੇ ਆਗੂਆਂ ਦੀ ਪੰਥ ਅਤੇ ਪੰਜਾਬ ਦੀ ਜਨਤਾ ਵਿੱਚ ਵਿਸ਼ਵਾਸ ਬਹਾਲੀ ਦਾ ਬਣ ਗਿਆ ਹੈ। ਇਹਨਾਂ ਹਾਲਾਤ ਵਿੱਚ ਇਹ ਮਸਲਾ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪੰਥ ਵਿਚ ਮਾਣ ਸਤਿਕਾਰ ਅਤੇ ਇਤਿਹਾਸਿਕ ਪਰੰਪਰਾਵਾਂ ਦੀ ਮਾਨਤਾ ਦਾ ਵੀ ਬਣ ਗਿਆ ਹੈ। ਹੁਣ ਸਿਰਫ ਅਕਾਲੀ ਦਲ ਹੀ ਸੰਕਟ ਵਿਚ ਨਹੀਂ, ਸਗੋਂ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਵਜੂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਸਿਖ ਪੰਥ ਗੁਨਾਹਗਾਰ ਅਕਾਲੀ ਲੀਡਰਸ਼ਿਪ ਨੂੰ ਨਹੀਂ ਆਪਣੀ ਪੰਥਕ ਜਮਾਤ ਪੰਥਕ ਸੰਸਥਾਵਾਂ ਦੇ ਵਾਜੂਦ ਬਚਾਉਣਾ ਚਾਹੁੰਦਾ ਹੈ। ਸਮੁਚਾ ਸਿਖ ਪੰਥ ਇਸ ਗਲ ਉਪਰ ਇਕਮੁਠ ਹੈ ਕਿ ਅਕਾਲੀ ਦਲ ਹੀ ਸਿਰਫ ਪੰਥ ਤੇ ਪੰਜਾਬ ਦੀ ਨੁਮਾਇੰਦਾ ਜਥੇਬੰਦੀ ਹੈ ਪਰ ਬਾਦਲ ਪਰਿਵਾਰ ਜਾਂ ਬਾਗੀ ਧੜਾ ਨਹੀਂ।

ਦੂਸਰਾ, ਹੁਣ ਇਹ ਮਸਲਾ ਚੂੰਕਿ ਅਕਾਲ ਤਖਤ ਸਾਹਿਬ ਵਿਖੇ ਪਹੁੰਚ ਗਿਆ ਹੈ, ਇਸ ਲਈ ਸਾਰੇ ਪੰਥ ਦੀਆਂ ਨਜ਼ਰਾਂ ਤੁਹਾਡੇ ਵੱਲੋਂ ਵਿਚਾਰ ਕਰਨ ਉਪਰੰਤ ਕੀਤੇ ਜਾਣ ਵਾਲੇ ਫੈਸਲੇ ਉੱਤੇ ਲੱਗ ਗਈਆਂ ਹਨ।

ਇਹਨਾਂ ਸਾਰੀਆਂ ਸਥਿਤੀਆਂ ਨੂੰ ਵੇਖਦੇ ਹੋਏ ਅਸੀਂ ਆਪ ਜੀ ਨੂੰ ਕੁਝ ਸੁਝਾਅ ਦਿੰਦੇ ਹਾਂ:

1. ਅਸੀਂ ਬੇਨਤੀ ਕਰਦੇ ਹਾਂ ਕਿ ਇਹ ਮਸਲਾ ਕੇਵਲ ਧਾਰਮਿਕ ਤਨਖਾਹ ਲਗਾਉਣ ਤੇ ਆਗੂਆਂ ਵੱਲੋਂ ਮੁਆਫੀ ਮੰਗ ਲਏ ਜਾਣ ਤਕ ਸੀਮਤ ਨਾ ਰਖਿਆ ਜਾਵੇ। ਇਹਨਾਂ ਦੋਸ਼ਾਂ ਦੇ ਫੈਸਲਿਆਂ ਬਾਰੇ ਸਿਖ ਪੰਥ ਦਾ ਨੁਮਾਇੰਦਾ ਇਕਠ 250 ਜਾਂ 300 ਦਾ ਬੁਲਾਇਆ ਜਾਵੇ ਤੇ ਇਸ ਸੰਕਟ ਦਾ ਠੋਸ ਸਿਟਾ ਕਢਿਆ ਜਾਵੇ। ਉਸ ਤੋਂ ਬਾਅਦ ਵਿਸ਼ਾਲ ਪੰਥਕ ਇਕਠ ਸਰਬੱਤ ਖਾਲਸਾ ਦੇ ਰੂਪ ਵਿਚ ਕਰਕੇ ਸਮੁਚੇ ਸਿਖ ਪੰਥ ਨੂੰ ਇਸ ਦੀ ਜਾਣਕਾਰੀ ਦੇਕੇ ਇਨ੍ਹਾਂ ਫੈਸਲਿਆਂ ਉਪਰ ਸਮਰਥਨ ਲਿਆ ਜਾਵੇ। ਇਸ ਵਿਚ ਅਕਾਲੀ ਦਲ ਪੁਨਰ ਸੁਰਜੀਤੀ,ਪੰਥਕ ਏਜੰਡੇ, ਅਕਾਲੀ ਦਲ ਦੀ ਲੀਡਰਸ਼ਿਪ ਦਾ ਫੈਸਲਾ ਪੰਥਕ ਮਾਨਸਿਕਤਾ ਅਨੁਸਾਰ ਕਰਨ ਦੀ ਬੇਨਤੀ ਹੈ। ਇਸ ਸੰਬੰਧ ਵਿਚ ਤੁਹਾਨੂੰ ਇਤਿਹਾਸਕ ਭੂਮਿਕਾ ਨਿਭਾਉਣ ਦੀ ਲੋੜ ਹੈ।

ਇਸ ਸੰਕਟ ਬਾਰੇ ਸਿਖ ਪੰਥ ਦੀਆਂ ਸਰਬਪ੍ਰਵਾਨਿਤ ਸਖਸ਼ੀਅਤਾਂ ਬਾਬਾ ਸਰਬਜੋਤ ਸਿੰਘ ਬੇਦੀ, ਸਰਦਾਰ ਗੁਰਤੇਜ ਸਿੰਘ ਆਈ ਏ ਐਸ, ਬੀਬੀ ਪਰਮਜੀਤ ਕੌਰ ਖਾਲੜਾ,ਜਥੇਦਾਰ ਸੁਖਦੇਵ ਸਿੰਘ ਭੌਰ, ਸਰਦਾਰ ਹਰਸਿਮਰਨ ਸਿੰਘ, ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਹਰਵਿੰਦਰ ਸਿੰਘ ਫੂਲਕਾ ਐਡਵੋਕੇਟ ਪ੍ਰੋਫੈਸਰ ਸੁਖਦਿਆਲ ਸਿੰਘ, ਰਜਿੰਦਰ ਸਿੰਘ ਪੁਰੇਵਾਲ ਡਰਬੀ ਯੂਕੇ, ਪਰਮਜੀਤ ਸਿੰਘ ਸਰਨਾ ਦਿੱਲੀ ਦਾ ਸਹਿਯੋਗ ਲਿਆ ਜਾਵੇ। ਪੰਥਕ ਸੰਕਟ ਦੇ ਹਲ ਲਈ ਇਹ ਸੁਪਰੀਮ ਪੰਥਕ ਕੌਂਸਲ ਬਣਾਈ ਜਾਵੇ ,ਜਿਸਨੂੰ ਸ਼੍ਰੋਮਣੀ ਕਮੇਟੀ ਤੇ ਸਮੁਚੀਆਂ ਪੰਥਕ ਧਿਰਾਂ ਸਮਰਥਨ ਦੇਣ। ਇਹ ਪੰਥਕ ਕੌਂਸਲ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਕੰਮ ਕਰੇ। ਇਸ ਤਰ੍ਹਾਂ ਕਰਨ ਨਾਲ ਜਿੱਥੇ ਤੁਹਾਨੂੰ ਸ਼ਕਤੀ ਮਿਲੇਗੀ, ਉੱਥੇ ਪੰਥ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਦੇਖ-ਰੇਖ ਹੇਠ ਪੰਥਕ ਏਕਤਾ ਕਰਨ ਦਾ ਰਸਤਾ ਵੀ ਸਾਫ ਹੋ ਜਾਏਗਾ।

2. ਅਕਾਲੀ ਦਲ ਦੇ ਸਾਰੇ ਜਥੇਬੰਦਕ ਢਾਂਚੇ ਅਤੇ ਪ੍ਰਧਾਨ ਸਮੇਤ ਸਾਰੇ ਅਹੁਦੇਦਾਰਾਂ ਨੂੰ ਆਪਣੀਆਂ ਜਿੰਮੇਵਾਰੀਆਂ ਤੋਂ ਪਾਸੇ ਕਰ ਦਿੱਤਾ ਜਾਵੇ। ਇਸ ਦੀ ਸਾਰੀ ਜਿੰਮੇਵਾਰੀ ਸਰਬਤ ਖਾਲਸਾ ਵਲੋਂ ਥਾਪੀ ਸੁਪਰੀਮ ਖਾਲਸਾ ਕੌਂਸਲ ਨੂੰ ਦਿਤੀ ਜਾਵੇ। ਇਹ ਸਮਾਂਬੱਧ ਤਰੀਕੇ ਨਾਲ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਅਕਾਲੀ ਦਲ ਦੀ ਪੁਨਰ ਸਥਾਪਨਾ ਨੂੰ ਨੇਪਰੇ ਚਾੜਨ ਦੀ ਜਿੰਮੇਵਾਰੀ ਨਿਭਾਵੇ।ਅਕਾਲੀ ਦਲ ਕਾਰਪੋਰੇਟ ਫੰਡਾਂ ਦੀ ਥਾਂ ਸਿਖ ਪੰਥ ਦੀ ਦਸਵੰਧ ਨਾਲ ਚਲੇ। ਇਹ ਕਿਰਤੀਆਂ, ਦਬੇ ਕੁਚਲਿਆਂ ਘਟਗਿਣਤੀਆਂ, ਪੰਜਾਬ ਦੀ ਪ੍ਰਤੀਨਿਧ ਬਣਕੇ ਸਾਹਮਣੇ ਆਏ। ਪਰਿਵਾਰਵਾਦ ਤੇ ਜਾਤੀਵਾਦ ਦੀ ਇਸ ਵਿਚ ਕੋਈ ਥਾਂ ਨਾ ਹੋਵੇ।

3. ਇਸ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਿਕ ਤੇ ਰਾਜਨੀਤਿਕ ਉਦੇਸ਼ਾਂ ਪਰਥਾਇ ਅਨੰਦਪੁਰ ਸਾਹਿਬ ਦੇ ਮਤੇ 'ਤੇ ਆਧਾਰਿਤ ਗੁਰੂ ਗਰੰਥ ਸਾਹਿਬ ਦੇ ਰਾਜਨੀਤਕ ਸਿਧਾਂਤ ਪੰਥ ਅਤੇ ਪੰਜਾਬ ਨੂੰ ਇੱਕ ਨਵੀਂ ਪੰਥਕ ਦਸਤਾਵੇਜ਼ ਦੇਣ ਲਈ ਯੋਗ ਉਪਰਾਲੇ ਕਰਨ ਦੀ ਵੀ ਬੇਨਤੀ ਕੀਤੀ ਜਾਂਦੀ ਹੈ। ਇਸ ਦੇ ਨਾਲ ਸਿਖ ਸਟੂਡੈਂਟਸ ਫੈਡਰੇਸ਼ਨ, ਯੂਥ ਅਕਾਲੀ ਦਲ, ਬੀਰ ਖਾਲਸਾ ਦਲ ਦੀ ਬਹਾਲੀ ਕੀਤੀ ਜਾਵੇ। ਪੰਜਾਬ ਦੇ ਕਿਸਾਨਾਂ ਨੂੰ ਅਕਾਲ ਤਖਤ ਸਾਹਿਬ ਨਾਲ ਜੋੜਿਆ ਜਾਵੇ।

4. ਤਖ਼ਤ ਸਾਹਿਬਾਨ ਦੇ ਜਥੇਦਾਰ ਤੇ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਿਨਾਂ ਦੇਰੀ ਤੋਂ ਧਰਮ ਪ੍ਰਚਾਰ ਅਕਾਲੀ ਦਲ ਦੀ ਪੁਨਰ ਉਸਾਰੀ ਤੇ ਵਿੱਦਿਅਕ ਚੇਤਨਾ ਦੀ ਲਹਿਰ ਆਰੰਭ ਕਰਨ।

5. ਸ਼੍ਰੋਮਣੀ ਕਮੇਟੀ ਅਧੀਨ ਸੇਵਾ ਨਿਭਾ ਰਹੇ ਪ੍ਰਚਾਰਕਾਂ, ਢਾਡੀਆਂ, ਕਵੀਸ਼ਰਾਂ ਤੇ ਰਾਗੀ ਸਿੰਘਾਂ ਦੇ ਕਾਫ਼ਲੇ ਲੈ ਕੇ ਪੂਰੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ 'ਚ ਅੰਮ੍ਰਿਤ ਸੰਚਾਰ ਦੀਆਂ ਵਹੀਰਾਂ ਤੋਰੀਆਂ ਜਾਣ।

6. ਰਾਜਸੀ, ਵਿੱਦਿਅਕ, ਧਾਰਮਿਕ ਜਾਂ ਆਰਥਿਕ ਖੇਤਰ 'ਚ ਪੰਜਾਬ ਦੀ ਜਵਾਨੀ ਦੇ ਸੰਤੁਸ਼ਟੀ ਭਰੇ ਭਵਿੱਖ ਲਈ ਵਿਦਵਾਨ ਸ਼੍ਰੇਣੀ ਨੂੰ ਬਣਦਾ ਮਾਣ-ਸਨਮਾਨ ਦੇ ਕੇ ਆਵਾਜ਼ ਮਾਰੀ ਜਾਵੇ ਤੇ ਇਨ੍ਹਾਂ ਦਾ ਪੂਰਨ ਸਹਿਯੋਗ ਲਿਆ ਜਾਵੇ।

7. ਇਸ ਵਹੀਰ 'ਚ ਰਾਜਸੀ ਆਗੂਆਂ ਦੀ ਸ਼ਮੂਲੀਅਤ ਤੋਂ ਪੂਰਨ ਸੰਕੋਚ ਕੀਤਾ ਜਾਵੇ।

ਆਸ ਹੈ ਆਪ ਜੀ ਸਾਡੀ ਇਸ ਯਾਚਨਾ ਦੀ ਭਾਵਨਾ ਅਨੁਸਾਰ ਫੈਸਲਾ ਲਵੋਗੇ ਜੀ।

ਗੁਰੂ ਪੰਥ ਦੇ ਦਾਸ

ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ- ਪ੍ਰਧਾਨ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਭਾਈ ਹਰਿਸਿਮਰਨ ਸਿੰਘ ਮੁਖੀ, ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼, ਸ੍ਰੀ ਅਨੰਦਪੁਰ ਸਾਹਿਬ, ਪ੍ਰੋ. ਬਲਵਿੰਦਰ ਪਾਲ ਸਿੰਘ ਰੈਜੀਡੈਂਟ ਐਡੀਟਰ ਪੰਜਾਬ ਟਾਈਮਜ਼ ਡਰਬੀ ਯੂਕੇ, ਸੰਤੋਖ ਸਿੰਘ ਦਿਲੀ ਪੇਂਟ, ਸਰਪ੍ਰਸਤ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ, ਭਾਈ ਬਲਜੀਤ ਸਿੰਘ ਸਿਖ ਮਿਸ਼ਨਰੀ ਕਾਲਜ, ਮਨਜੀਤ ਸਿੰਘ ਗਤਕਾ ਮਾਸਟਰ, ਸੰਦੀਪ ਸਿੰਘ ਚਾਵਲਾ, ਠੇਕੇਦਾਰ ਹਰਦੇਵ ਸਿੰਘ, ਹਰਿਭਜਨ ਸਿੰਘ ਬੈਂਸ, ਸਾਹਿਬ ਸਿੰਘ ਆਰਟਿਸਟ।

# ਕਿਸਮਤ ਦੇ ਸਿਤਾਰੇ

**ਵੀਰਵਾਰ 8 ਅਗਸਤ ਬੁੱਧਵਾਰ 14 ਅਗਸਤ 2024 ਤੱਕ**

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। –ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਇਸ ਹਫਤੇ ਧਨ ਲਾਭ ਦੇ ਮੌਕੇ ਘੱਟ ਹੀ ਮਿਲਣਗੇ। ਆਪਣੀ ਮਿਹਨਤ ਅਤੇ ਉਤਸ਼ਾਹ ਨਾਲ ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮ ਵੀ ਹੋਣਗੇ। ਗੁੱਸਾ ਅਤੇ ਘਬਰਾਹਟ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਪਹਿਲਾਂ ਕੀਤੇ ਯਤਨਾਂ ਸਦਕਾ ਤਰੱਕੀ ਦੇ ਰਸਤੇ ਖੁੱਲਣਗੇ। ਵਾਹਨ ਆਦਿ ਖਰੀਦਣ-ਵੇਚਣ ਦਾ ਕੰਮ ਵੀ ਹੋ ਸਕਦਾ ਹੈ। ਕਾਰਜ-ਖੇਤਰ ਵਿੱਚ ਰੁਝੇਵੇਂ ਵੱਧਣਗੇ ਅਤੇ ਪਰਿਵਾਰ ਵਿੱਚ ਵੀ ਖੁਸ਼ੀ ਦੇ ਮੌਕੇ ਮਿਲਣਗੇ। ਨਜ਼ਦੀਕੀ ਭਾਈ-ਬੰਧੂਆਂ ਨਾਲ ਮਨ-ਮੁਟਾਵ ਰਹਿ ਸਕਦਾ ਹੈ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਸ਼ਾਂਤੀ ਆਵੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਉੱਚ ਅਹੁਦੇ ਦੇ ਲੋਕਾਂ ਨਾਲ ਮੇਲ-ਜੋਲ ਵਧੇਗਾ। ਵਪਾਰ/ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਆਪਣੀ ਯੋਗਤਾ ਅਤੇ ਸ਼ਖਸੀਅਤ ਦੇ ਮੁਤਾਬਕ ਲਾਭ ਲੈਣ ਦੀ ਕੋਸ਼ਿਸ਼ ਕਰੋ। ਭੱਜ-ਦੌੜ ਅਤੇ ਦਿਮਾਗੀ ਤਣਾਅ ਰਹੇਗਾ, ਪਰ ਸੰਯਮ ਨਾਲ ਕੰਮ ਕਰਨ ਦੀ ਲੋੜ ਹੈ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਭੋਜਨ ਜਰੂਰ ਕਰਾਉ,

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਵਪਾਰ ਵਿੱਚ ਰੁਕਾਵਟਾਂ, ਆਮਦਨ ਵਿੱਚ ਕਮੀ, ਦੁਸ਼ਮਣ ਦਾ ਡਰ, ਪਰਿਵਾਰਕ ਪ੍ਰੇਸ਼ਾਨੀ, ਗੁੱਸਾ ਅਤੇ ਉਤੇਜਨਾ ਨਾਲ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਆਪਣੀ ਮਿਹਨਤ ਅਤੇ ਲਗਨ ਨਾਲ ਲਾਭ ਦੇ ਯੋਗ ਹਨ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੁੰਗਲ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਅਚਾਨਕ ਧਨ ਲਾਭ ਅਤੇ ਕਾਰੋਬਾਰੀ ਹਾਲਾਤ ਕੁਝ ਅਨੁਕੂਲ ਹੋਣਗੇ। ਕਿਸੇ ਜਰੂਰੀ ਕੰਮ ਦੇ ਪੂਰੇ ਹੋਣ ਦੀ ਉਮੀਦ ਹੈ। ਸਿਹਤ ਸਬੰਧੀ ਪ੍ਰੇਸ਼ਾਨੀ, ਦਿਮਾਗੀ ਤਣਾਅ ਤੇ ਹਰ ਕੰਮ ਵਿੱਚ ਰੁਕਾਵਟਾਂ ਦਾ ਸਾਹਮਣਾ ਰਹੇਗਾ। ਪੂਰਾ ਹਫ਼ਤਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਲਾਭਕਾਰੀ ਹੋਵੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਉਮੀਦਾਂ ਵਿੱਚ ਕਾਮਯਾਬੀ ਅਤੇ ਰਾਜ ਪੱਖ ਤੋਂ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਵਪਾਰ ਤੇ ਨੌਕਰੀ ਵਿੱਚ ਦੋਸਤਾਂ ਅਤੇ ਸਬੰਧੀਆਂ ਦਾ ਪੂਰਾ ਸਹਿਯੋਗ ਮਿਲੇਗਾ, ਪਰ ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਤੇ ਪਰਿਵਾਰਕ ਉਲਝਣਾਂ ਪ੍ਰੇਸ਼ਾਨੀ ਦਾ ਕਾਰਨ ਬਣਨਗੀਆਂ। ਆਪਣੇ ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂਬਾਤਾਂ ਸਾਂਝੀਆਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਸ਼ਰੀਰਕ ਕਸ਼ਟ, ਦਿਮਾਗੀ ਤਣਾਅ, ਸਿਹਤ ਦਾ ਨੁਕਸਾਨ ਹੋਣ ਦੇ ਯੋਗ ਹਨ। ਲਾਭ ਘੱਟ ਅਤੇ ਖਰਚ ਜ਼ਿਆਦਾ ਹੋਣਗੇ। ਕਈ ਤਰ੍ਹਾਂ ਦੀਆਂ ਕਾਰੋਬਾਰੀ ਉਲਝਣਾਂ ਦਾ ਸਾਹਮਣਾ ਰਹੇਗਾ। ਗੁਜ਼ਾਰੇਯੋਗ ਆਮਦਨ ਦੇ ਸਾਧਨ ਅਤੇ ਕੁਝ ਵਿਗੜੇ ਕੰਮ ਬਣਨਗੇ। ਹਮੇਸ਼ਾ ਆਪਣੀ ਚਾਦਰ ਦੇਖ ਕੇ ਪੈਰ ਪਸਾਰੋ, ਉਲਝਣਾਂ ਤੋਂ ਬਚੇ ਰਹੋਗੇ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਰੁਕਾਵਟਾਂ ਦੇ ਬਾਵਜੂਦ ਕਾਰੋਬਾਰੀ ਕੰਮਾਂ ਵਿੱਚ ਸਫਲਤਾ ਮਿਲੇਗੀ। ਨਵੀਆਂ ਯੋਜਨਾਵਾਂ ਬਣਨਗੀਆਂ। ਮਿਹਨਤ ਕਰਨ 'ਤੇ ਕਾਰਜ ਸਿੱਧੀ ਹੋਵੇਗੀ। ਸ਼ੁੱਭ ਸਮਾਚਾਰਾਂ ਦਾ ਆਦਾਨ ਪ੍ਰਦਾਨ ਹੋਵੇਗਾ, ਪਰ ਨੌਕਰੀ ਵਿੱਚ ਕੁਝ ਉਲਝਣਾਂ ਰਹਿਣਗੀਆਂ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ, ਮਨ ਪ੍ਰਸੰਨ ਹੋਵੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਸਿਹਤ ਢਿੱਲੀ ਰਹਿਣ ਦੇ ਯੋਗ ਹਨ। ਵਿਵਾਹਿਕ ਜੀਵਨ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਆ ਸਕਦੀਆਂ ਹਨ ਅਤੇ ਆਰਥਿਕ ਖੇਤਰ ਵਿੱਚ ਉਥਲ-ਪੁਥਲ ਦੇ ਇਸ਼ਾਰੇ ਹਨ। ਫਿਰ ਵੀ ਧਨ ਲਾਭ ਤੇ ਆਮਦਨ ਦੇ ਸਾਧਨ ਬਣਦੇ ਰਹਿਣਗੇ। ਕਲਹ-ਕਲੇਸ਼ ਨਾਲ ਪ੍ਰੇਸ਼ਾਨੀ ਹੋਵੇਗੀ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਲਾਭਕਾਰੀ ਹੋਵੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਮਾਣ-ਇੱਜ਼ਤ ਵਿੱਚ ਵਾਧਾ ਅਤੇ ਆਮਦਨ ਦੇ ਵਸੀਲੇ ਵੱਧਣਗੇ। ਮਿਹਨਤ ਕਰਨ 'ਤੇ ਕਾਰਜ ਸਿੱਧੀ ਅਤੇ ਸ਼ੁੱਭ ਸਮਾਚਾਰ ਮਿਲਣਗੇ। ਆਮਦਨ ਨਾਲੋਂ ਖਰਚ ਜ਼ਿਆਦਾ ਤੇ ਕਈ ਤਰ੍ਹਾਂ ਦੀਆਂ ਪਰਿਵਾਰਕ ਉਲਝਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਿਨਾਂ ਜਰੂਰੀ ਕੰਮ ਤੋਂ ਕਿਸੇ ਨਾਲ ਨਾ ਬੋਲੋ, ਸਿਰਫ ਪ੍ਰਮਾਤਮਾ ਨੂੰ ਯਾਦ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਕੁਝ ਰੁਕੇ ਹੋਏ ਕੰਮਾਂ ਵਿੱਚ ਕਾਮਯਾਬੀ ਮਿਲੇਗੀ। ਮਿੱਤਰਾਂ ਦੀ ਮਦਦ ਨਾਲ ਕਿਸੇ ਮੁਸ਼ਕਿਲ ਕੰਮ ਦੀ ਸਿੱਧੀ ਹੋਵੇਗੀ। ਘਰੇਲੂ ਉਲਝਣਾਂ, ਧਨ ਦਾ ਫਜ਼ੂਲ ਖਰਚ, ਸਿਹਤ ਢਿੱਲੀ ਅਤੇ ਆਪਣੇ ਵੀ ਪਰਾਏ ਵਰਗਾ ਬਰਤਾਵ ਕਰਨਗੇ। ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਆਮਦਨ ਦੇ ਸਾਧਨ ਵੱਧਣਗੇ। ਪਰਿ-ਵਾਰਕ ਜੀਵਨ ਵਿੱਚ ਮਾਹੌਲ ਸੁਖਦ, ਨੌਕਰੀ ਵਿੱਚ ਤਰੱਕੀ ਅਤੇ ਜਗ੍ਹਾ ਦੀ ਤਬਦੀਲੀ ਦੇ ਵੀ ਯੋਗ ਹਨ। ਵਿਕਾਸ ਆਦਿ ਕੰਮਾਂ 'ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਪਿਤਾ/ਪੁੱਤਰ ਦਰਮਿਆਨ ਵੈਚਾਰਿਕ ਮੱਤਭੇਦ ਹੋ ਸਕਦੇ ਹਨ। ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਤੇ ਕਲਿਆਣਕਾਰੀ ਰਹੇਗਾ।

## ਹਾਸੇ ਦੀ ਪਟਾਰੀ

**ਮਹਿੰਦਰ,** ਮੈ ਤਾਂ ਪ੍ਰੇਸ਼ਾਨ ਹੋ ਗਿਆ ਹਾਂ।

ਸੁਨੀਲ, ਕਿਉਂ ਕੀ ਗੱਲ ਹੋਈ ?

ਮਹਿੰਦਰ, ਯਾਰ, ਘਰਵਾਲੀ ਦੇ ਮੇਕ-ਅੱਪ ਦਾ ਖਰਚਾ ਬਰਦਾਸ਼ਤ ਨਹੀਂ ਹੁੰਦਾ ਅਤੇ ਮੇਕਅੱਪ ਤੋਂ ਬਿਨਾਂ ਘਰਵਾਲੀ ਬਰਦਾਸ਼ਤ ਨਹੀਂ ਹੁੰਦੀ।

*----*----*

**ਜੱਜ,** ਤੈਨੂੰ ਕਿਸ ਜੁਰਮ ਵਿੱਚ ਸਜ਼ਾ ਦਿੱਤੀ ਗਈ ਹੈ ?

ਬੰਟੀ, ਕੁਝ ਖਾਸ ਨਹੀਂ ਸਾਹਿਬ, ਬੱਸ ਸਰਕਾਰ ਨਾਲ ਜਰਾ ਕੰਪੀਟੀਸ਼ਨ ਹੋ ਗਿਆ ਸੀ।

ਜੱਜ, ਕਿਸ ਗੱਲ ਦਾ ?

ਬੰਟੀ, ਨੋਟ ਛਾਪਣ ਦਾ।

*----*----*

**ਮੋਹਨ,** ਡਾਕਟਰ ਸਾਹਿਬ, ਐਨਕ ਲਾਉਣ ਤੋਂ ਬਾਅਦ ਮੈਂ ਪੜ੍ਹ ਤਾਂ ਸਕਾਂਗਾ ਨਾ।

ਡਾਕਟਰ, ਹਾਂ, ਹਾਂ ਬਿਲਕੁੱਲ।

ਮੋਹਨ, ਫਿਰ ਠੀਕ ਹੈ ਡਾਕਟਰ ਸਾਹਿਬ, ਨਹੀਂ ਤਾਂ ਅਨਪੜ੍ਹ ਆਦਮੀ ਦੀ ਜ਼ਿੰਦਗੀ ਵੀ ਕੋਈ ਜ਼ਿੰਦਗੀ ਹੈ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS.....................................................................
..............................................POST CODE..........................
TEL............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
TEL: 020 8570 8351
*Email:* Kingswaylondon@icloud.com, *www.kingswaybanqueting.com*

# ਐਡੀਟਰਜ ਗਿਲਡ ਨੇ ਨਵੇਂ ਅਪਰਾਧਿਕ ਕਨੂੰਨਾਂ ਬਾਰੇ ਪ੍ਰਗਟਾਈ ਚਿੰਤਾ

## ✪ ਕਿਹਾ ਕਿ ਇਹ ਕਨੂੰਨ ਪਰਿਵਰਤਨ ਏਜੰਸੀਆਂ ਦੀਆਂ ਸ਼ਕਤੀਆਂ ਵਧਾਉਣਗੇ

ਦਿੱਲੀ-ਐਡੀਟਰਸ ਗਿਲਡ ਆਫ ਇੰਡੀਆ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਨਵੇਂ ਅਪਰਾਧਿਕ ਕਾਨੂੰਨਾਂ 'ਤੇ ਚਿੰਤਾ ਜ਼ਾਹਰ ਕੀਤੀ ਹੈ। ਗਿਲਡ ਨੇ ਪੱਤਰਕਾਰਾਂ ਦੇ ਖਿਲਾਫ ਅਪਰਾਧਿਕ ਕਾਨੂੰਨਾਂ ਦਾ ਦੁਰਪ੍ਰਯੋਗ ਕਰਕੇ ਤੰਗ ਕਰਨ ਅਤੇ ਡਰਾਉਣ ਦੇ ਲਈ ਇਸ ਦੀ ਦੁਰਵਰਤੋਂ ਕਰਨ ਦੀ ਸ਼ੰਕਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਇਹ ਕਨੂੰਨ ਪਰਿਵਰਤਨ ਏਜੰਸੀਆਂ ਦੀਆਂ ਸ਼ਕਤੀਆਂ ਵਧਾਉਣਗੇ। ਐਡੀਟਰਸ ਗਿਲਡ ਆਫ ਇੰਡੀਆ ਨੇ ਪੱਤਰਕਾਰੀ ਦੇ ਕੰਮ ਦੇ ਸੰਦਰਭ ਵਿਚ ਪੱਤਰਕਾਰਾਂ ਵਿਰੁੱਧ ਅਪਰਾਧਿਕ ਸ਼ਿਕਾਇਤਾਂ ਦਰਜ਼ ਕੀਤੇ ਜਾਣ ਕਾਰਣ ਉਨ੍ਹਾਂ ਦੇ ਲਈ ਵਾਧੂ ਸੁਰੱਖਿਆ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਇਸ ਮਹੀਨੇ ਤੋਂ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਤੇ ਭਾਰਤੀ ਸਾਕਸ਼ਯ ਅਧਿਨਿਯਮ ਬਰਤਾਨਵੀ ਕਾਲ ਦੇ ਕ੍ਰਮਵਾਰ ਇੰਡੀਅਨ ਪੀਨਲ ਕੋਡ, ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲਈ ਹੈ।

ਪੱਤਰ ਵਿਚ ਕਿਹਾ ਗਿਆ ਹੈ, 'ਅਸੀਂ ਇਨ੍ਹਾਂ ਮੁੱਦਿਆਂ ਨੂੰ ਖਾਸ ਤੌਰ 'ਤੇ ਇਸ ਲਈ ਉਠਾ ਰਹੇ ਹਾਂ, ਕਿਉਂਕਿ ਸਾਨੂੰ ਡਰ ਹੈ ਕਿ ਇਹ ਸਾਰੀਆਂ ਵਿਵਸਥਾਵਾਂ ਪੱਤਰਕਾਰਾਂ ਵਿਰੁੱਧ ਵਰਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਆਈਪੀਸੀ ਅਤੇ ਸੀਆਰਪੀਸੀ ਦੇ ਤਹਿਤ




ਪਹਿਲਾਂ ਹੋਇਆ ਹੈ। ਪੱਤਰ ਵਿੱਚ ਕਿਹਾ ਗਿਆ ਹੈ, "ਸਾਡਾ ਇਹ ਵੀ ਮੰਨਣਾ ਹੈ ਕਿ ਇਨ੍ਹਾਂ ਅਪਰਾਧਿਕ ਕਾਨੂੰਨਾਂ ਨੂੰ ਪੱਤਰਕਾਰਾਂ ਦੇ ਖਿਲਾਫ ਪਰੇਸ਼ਾਨ ਕਰਨ ਅਤੇ ਡਰਾਉਣ ਦੇ ਲਈ ਵਰਤਿਆ ਜਾਵੇਗਾ।

ਗਿਲਡ ਨੇ ਇੱਕ ਅਜਿਹੀ ਪ੍ਰਣਾਲੀ ਦਾ ਸੁਝਾਅ ਦਿੱਤਾ ਹੈ ਜਿਸ ਦੇ ਤਹਿਤ ਮੀਡੀਆ ਦੇ ਕਿਸੇ ਮੈਂਬਰ ਦੇ ਵਿਰੁੱਧ ਅਜਿਹੀ ਕਿਸੇ ਵੀ ਸ਼ਿਕਾਇਤ ਦੀ ਉੱਚ-ਦਰਜੇ ਦੇ ਪੁਲਿਸ ਅਧਿਕਾਰੀ ਦੁਆਰਾ ਸਮੀਖਿਆ ਕੀਤੀ ਜਾਵੇ ਅਤੇ ਉਸਦੀ ਰਾਏ ਲਈ ਪ੍ਰੈਸ ਕੌਂਸਲ ਆਫ਼ ਇੰਡੀਆ ਦੇ ਧਿਆਨ ਵਿੱਚ ਲਿਆਂਦਾ ਜਾਵੇ ਤਾਂ ਕਿ ਕੀ ਸ਼ਿਕਾਇਤ/ਸੂਚਨਾ ਦੀ ਹੋਰ ਜਾਂਚ ਕੀਤੀ ਜਾਵੇ।

ਪੱਤਰ ਵਿੱਚ ਕਿਹਾ ਗਿਆ ਹੈ, 'ਇੱਕ ਆਜ਼ਾਦ ਪ੍ਰੈਸ ਲੋਕਤੰਤਰ ਦੀ ਪਛਾਣ ਹੈ ਅਤੇ ਇਸ ਨੂੰ ਆਪਣੀ ਡਿਊਟੀ ਦੌਰਾਨ ਕੀਤੇ ਗਏ ਕਾਰਜਾਂ ਦੇ ਲਈ ਝੂਠੇ ਮੁਕੱਦਮੇ ਤੋਂ ਬਚਾਇਆ ਜਾਣਾ ਚਾਹੀਦਾ ਹੈ। ਐਡਿਟਰਜ਼ ਗਿਲਡ ਨੇ ਇਹ ਵੀ ਕਿਹਾ ਕਿ ਅਸੀਂ ਸਰਕਾਰ ਨੂੰ ਇੱਕ ਸਰਗਰਮ ਲੋਕਤੰਤਰ ਵਿੱਚ ਅਜ਼ਾਦ ਮੀਡੀਆ ਦੇ ਮਹੱਤਵ ਦੀ ਯਾਦ ਦਿਵਾਉਂਦੇ ਹਾਂ ਅਤੇ ਇਹ ਯਕੀਨੀ ਬਣਾਉਣ ਦੀ ਬੇਨਤੀ ਕਰਦੇ ਹਾਂ ਕਿ ਚੌਥੇ ਥੰਮ ਦਾ ਸਤਿਕਾਰ, ਪੋਸ਼ਣ ਅਤੇ ਸੁਰੱਖਿਆ ਕੀਤੀ ਜਾਵੇ।

ਅਸਲ ਮਸਲਾ ਇਹ ਹੈ ਕਿ ਸਾਰੀਆਂ ਸਰਕਾਰਾਂ ਮੀਡੀਆ ਨੂੰ ਕਾਬੂ ਕਰਨਾ ਪਸੰਦ ਕਰਦੀਆਂ ਹਨ। ਕੁਝ ਅਜਿਹਾ ਜ਼ਿਆਦਾ ਜ਼ਾਲਮਾਨਾ ਤਰੀਕੇ ਨਾਲ ਕਰਦੇ ਹਨ ਤੇ ਕੁਝ ਘੱਟ ਨਾਲ। ਲੇਕਿਨ ਕੋਈ ਵੀ ਸਰਕਾਰ ਆਲੋਚਨਾ ਜਾਂ ਅਜ਼ਾਦ ਪੱਤਰਕਾਰੀ ਨੂੰ ਪਸੰਦ ਨਹੀਂ ਕਰਦੀ। ਭਾਵੇਂ ਖ਼ੁਦ ਨੂੰ ਲੋਕਤੰਤਰ ਕਹਿੰਦੀ ਹੋਵੇ। ਮੀਡੀਆ ਦਾ ਗਲ਼ਾ ਘੋਟ ਦਿੱਤਾ ਜਾਂਦਾ ਹੈ। ਜੇ ਪੱਤਰਕਾਰ ਗ਼ਲਤ ਹਨ ਅਤੇ ਸਰਕਾਰ ਨੂੰ ਲਗਦਾ ਹੈ ਕਿ ਉਨ੍ਹਾਂ ਨੇ ਕੋਈ ਖ਼ਬਰ ਠੀਕ ਨਹੀਂ ਕੀਤੀ ਤਾਂ ਸਰਕਾਰ ਨੂੰ ਉਸ ਖ਼ਬਰ ਦਾ ਖੰਡਨ ਕਰਨਾ ਚਾਹੀਦਾ ਹੈ ਪਰ ਕਾਲੇ ਕਾਨੂੰਨਾਂ ਦੇ ਤਹਿਤ ਪੱਤਰਕਾਰਾਂ ਨੂੰ ਬੰਦ ਕਰਨਾ ਧਮਕਾਉਣਾ ਸਰਾਸਰ ਗ਼ਲਤ ਹੈ। ਸੰਵਿਧਾਨ ਵਿੱਚ ਜੋ ਬੁਨਿਆਦੀ ਹੱਕ ਹਨ, ਉਨ੍ਹਾਂ ਵਿੱਚੋਂ ਇੱਕ ਮੌਲਿਕ ਹੱਕ ਪ੍ਰਗਟਾਵੇ ਦੀ ਅਜ਼ਾਦੀ ਹੈ ਅਤੇ ਭਾਰਤ ਦੇ ਨਾਗਰਿਕਾਂ ਨੂੰ ਪੱਤਰਕਾਰਾਂ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਆਪਣੀ ਅਵਾਜ਼ ਚੁੱਕਣੀ ਚਾਹੀਦੀ ਹੈ ਅਤੇ ਕਹਿਣਾ ਚਾਹੀਦਾ ਹੈ ਕਿ ਜੋ ਕੁਝ ਹੋ ਰਿਹਾ ਹੈ ਉਹ ਗ਼ਲਤ ਹੋ ਰਿਹਾ ਹੈ। ਭਾਰਤ ਪ੍ਰੈੱਸ ਦੀ ਅਜ਼ਾਦੀ ਅਤੇ ਨਾਗਰਿਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਬਾਰੇ ਹੋਰ ਦਰਜੇਬੰਦੀਆਂ ਵਿੱਚ ਹੇਠਾਂ ਵੱਲ ਜਾ ਰਿਹਾ ਹੈ ਅਤੇ ਮੀਡੀਆ ਦੇ ਖ਼ਿਲਾਫ਼ ਭਾਰਤ ਸਰਕਾਰ ਦਾ ਯੁੱਧ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਇੱਕ ਧੱਬਾ ਹੈ। ਦੁਨੀਆਂ ਪੱਧਰ 'ਤੇ ਮੀਡੀਆ ਨਿਗਰਾਨੀ ਸੰਸਥਾ ਰਿਪੋਰਟਰਸ ਵਿਦਾਊਟ ਬਾਰਡਰਸ (ਆਰਐਸਐਫ਼) ਦੀ ਮਈ 2023 ਵਿੱਚ ਜਾਰੀ ਰਿਪੋਰਟ ਦੇ ਮੁਤਾਬਕ ਵਿਸ਼ਵ ਪ੍ਰੈੱਸ ਅਜ਼ਾਦੀ ਸੂਚਕਅੰਕ ਵਿੱਚ ਵਿੱਚ ਭਾਰਤ ਦਾ ਦਰਜਾ 180 ਦੇਸਾਂ ਵਿੱਚੋਂ 161ਵੇਂ ਸਥਾਨ 'ਤੇ ਖਿਸਕ ਗਿਆ ਹੈ। ਸਾਲ 2002 ਵਿੱਚ ਭਾਰਤ ਇਸ ਸੂਚਕਅੰਕ ਵਿੱਚ 150ਵੇਂ ਨੰਬਰ 'ਤੇ ਸੀ।

# ਤਾਜ ਮਹਿਲ ਵਿਚ ਦੋ ਭਗਵੇਂ ਗੁੰਡਿਆਂ ਨੇ ਚੜ੍ਹਾਇਆ ਗੰਗਾ ਜਲ

## ✪ ਸੁਰੱਖਿਆ ਅਧਿਕਾਰੀਆਂ ਨੇ ਫੜਿਆ ✪ ਅਖਿਲ ਭਾਰਤੀ ਹਿੰਦੂ ਮਹਾਸਭਾ ਨੇ ਲਈ ਜ਼ਿੰਮੇਵਾਰੀ

ਆਗਰਾ-ਸਾਵਨ ਵਿਚ ਬੀਤੇ ਦਿਨੀਂ ਦੋ ਨੌਜਵਾਨਾਂ ਵਿਨੇਸ਼ ਚੌਧਰੀ ਅਤੇ ਸ਼ਿਆਮ ਨੇ ਤਾਜ ਮਹਿਲ ਵਿਚ ਗੰਗਾ ਜਲ ਚੜ੍ਹਾਇਆ। ਉਹ ਪਾਣੀ ਦੀ ਬੋਤਲ ਵਿੱਚ ਗੰਗਾ ਜਲ ਲੈ ਕੇ ਪਹੁੰਚਿਆ ਸੀ। ਨੌਜਵਾਨ ਨੇ ਮੁੱਖ ਸਮਾਧ 'ਚ ਸਥਿਤ ਬੇਸਮੈਂਟ ਦੇ ਦਰਵਾਜ਼ੇ 'ਤੇ ਗੰਗਾ ਜਲ ਚੜ੍ਹਾਇਆ। ਦਰਵਾਜ਼ੇ ਤੋਂ ਲੈ ਕੇ ਤਹਿਖਾਨੇ ਵਿੱਚ ਸਥਿਤ ਮਕਬਰੇ ਤੱਕ ਜਾਣ ਵਾਲੀਆਂ ਪੌੜੀਆਂ ਹਨ।

ਹਿੰਦੂ ਸੰਗਠਨ ਤਾਜ ਮਹਿਲ ਨੂੰ ਸ਼ਿਵ ਮੰਦਰ ਤੇਜੋਮਹਾਲਿਆ ਮੰਨਦੇ ਹਨ। ਇਸ ਸਬੰਧੀ ਕਈ ਪਟੀਸ਼ਨਾਂ ਅਦਾਲਤ ਵਿੱਚ ਪੈਂਡਿੰਗ ਹਨ। ਸਾਵਣ ਵਿਚ ਤਾਜ ਮਹਿਲ ਇਸ ਨੂੰ ਹਿੰਦੂ ਮੰਦਰ ਕਹਿ ਕੇ ਆਰਤੀ ਅਤੇ ਜਲਾਭਿਸ਼ੇਕ ਕਰਨ ਦੀ ਮੰਗ ਕਟੜ ਹਿੰਦੂਤਵੀਆਂ ਵਲੋਂ ਸਮੇਂ-ਸਮੇਂ 'ਤੇ ਉਠਦੀ ਰਹੀ ਹੈ, ਕੁਝ ਸਾਲ ਪਹਿਲਾਂ ਤੱਕ ਸਾਵਣ ਦੇ ਸੋਮਵਾਰ ਨੂੰ ਸ਼ਿਵ ਸੈਨਿਕ ਯਮੁਨਾ ਦੇ ਕੰਢੇ ਤੋਂ ਤਾਜ ਮਹਿਲ ਦੀ ਆਰਤੀ ਕਰਦੇ ਸਨ।

### ਕਾਂਵੜ ਲੈ ਕੇ ਪਹੁੰਚੀ ਸੀ ਔਰਤ

ਸੋਮਵਾਰ ਨੂੰ ਅਖਿਲ ਭਾਰਤ ਹਿੰਦੂ ਮਹਾਸਭਾ ਦੀ ਮੀਰਾ ਰਾਠੌਰ ਕਾਂਵੜ ਨਾਲ ਤਾਜ ਮਹਿਲ ਪਹੁੰਚੀ ਸੀ। ਪੁਲਿਸ ਨੇ ਉਨ੍ਹਾਂ ਨੂੰ ਆਰਕੇ ਫੋਟੋ ਸਟੂਡੀਓ ਬੈਰੀਅਰ ਤੋਂ ਪਾਰ ਨਹੀਂ ਜਾਣ ਦਿੱਤਾ।



ਦੋ ਨੌਜਵਾਨ ਤਾਜ ਮਹਿਲ ਪਹੁੰਚੇ। ਇੱਕ ਦੇ ਹੱਥ ਵਿੱਚ ਪਾਣੀ ਦੀ ਬੋਤਲ ਸੀ ਅਤੇ ਦੂਜਾ ਵੀਡੀਓ ਬਣਾ ਰਿਹਾ ਸੀ।

ਮੁੱਖ ਮਕਬਰੇ ਵਿੱਚ ਕਬਰਾਂ ਵਾਲੇ ਚੈਂਬਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ, ਨੌਜਵਾਨ ਕ੍ਰਿਪਟ ਦੇ ਦਰਵਾਜ਼ੇ 'ਤੇ ਰੁਕ ਗਿਆ। ਇੱਥੇ ਉਨ੍ਹਾਂ ਨੇ ਬੋਤਲ ਵਿੱਚ ਭਰੇ ਗੰਗਾ ਜਲ ਨਾਲ ਅਭਿਸ਼ੇਕਮ ਕੀਤਾ। ਸੁਰੱਖਿਆ ਜਵਾਨਾਂ ਨੇ ਨੌਜਵਾਨ ਨੂੰ ਅਜਿਹਾ ਕਰਦੇ ਦੇਖ ਕੇ ਅਤੇ ਕਿਸੇ ਹੋਰ ਨੂੰ ਵੀਡੀਓ ਬਣਾਉਂਦੇ ਹੋਏ ਫੜ ਲਿਆ। ਪੁੱਛਗਿੱਛ ਤੋਂ ਬਾਅਦ ਦੋਵਾਂ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ।

### ਅਖਿਲ ਭਾਰਤੀ ਹਿੰਦੂ ਮਹਾਸਭਾ ਨੇ ਇਸ ਦੀ ਜ਼ਿੰਮੇਵਾਰੀ ਲਈ

ਹਿੰਦੂ ਮਹਾਸਭਾ ਦੇ ਮੰਡਲ ਪ੍ਰਧਾਨ ਮਨੀਸ਼ ਪੰਡਿਤ ਅਤੇ ਰਾਸ਼ਟਰੀ ਬੁਲਾਰੇ ਸੰਜੇ ਜਾਟ ਨੇ ਕਿਹਾ ਕਿ ਤੇਜੋਮਹਾਲਿਆ 'ਚ ਗੰਗਾ ਜਲ ਚੜ੍ਹਾਉਣਾ ਹਿੰਦੂ ਮਹਾਸਭਾ ਦਾ ਜਨਮ ਸਿੱਧ ਅਧਿਕਾਰ ਹੈ।

ਭਵਿੱਖ ਵਿੱਚ ਵੀ ਤੇਜੋਮਹਾਲਿਆ ਵਿੱਚ ਕੰਵਰ ਅਤੇ ਗੰਗਾ ਜਲ ਨਾਲ ਅਭਿਸ਼ੇਕਮ ਕੀਤਾ ਜਾਵੇਗਾ।

ਤਾਜ ਮਹਿਲ ਵਿਚ ਖਾਣ-ਪੀਣ ਦੀਆਂ ਵਸਤੂਆਂ ਲੈ ਕੇ ਜਾਣ ਦੀ ਮਨਾਹੀ ਹੈ ਪਰ ਪਾਣੀ ਦੀਆਂ ਬੋਤਲਾਂ ਲੈ ਕੇ ਜਾਣ 'ਤੇ ਕੋਈ ਪਾਬੰਦੀ ਨਹੀਂ ਹੈ। ਨੌਜਵਾਨਾਂ ਨੇ ਇਸ ਦਾ ਫਾਇਦਾ ਉਠਾਇਆ। ਉਸ ਨੇ ਪਾਣੀ ਦੀ ਬੋਤਲ ਵਿੱਚ ਗੰਗਾ ਜਲ ਲਿਆਇਆ ਅਤੇ ਕਿਸੇ ਨੂੰ ਇਸ ਬਾਰੇ ਪਤਾ ਨਹੀਂ ਲੱਗ ਸਕਿਆ।

## ਪਾਗਲ ਬੱਸ ਡਰਾਈਵਰ ਨੇ ਹੱਥ ਵੱਢ ਖ਼ੂਨ ਨਾਲ ਭਰੀ ਲੜਕੀ ਦੀ ਮਾਂਗ, ਫਿਰ ਕੀਤੀ ਛੇੜਛਾੜ

ਹਾਪੁੜ-ਉੱਤਰ ਪ੍ਰਦੇਸ਼ ਦੇ ਹਾਪੁੜ ਤੋਂ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਪਾਗਲ ਬੱਸ ਡਰਾਈਵਰ ਨੇ ਆਪਣਾ ਹੱਥ ਵੱਢ ਕੇ ਖ਼ੂਨ ਨਾਲ ਲੜਕੀ ਦੀ ਮਾਂਗ ਭਰ ਦਿੱਤੀ। ਲੜਕੀ ਦੇ ਮਨ੍ਹਾ ਕਰਨ ਤੋਂ ਬਾਅਦ ਵੀ ਬੱਸ ਡਰਾਈਵਰ ਨਹੀਂ ਮੰਨਿਆ ਅਤੇ ਲੜਕੀ ਨਾਲ ਛੇੜਛਾੜ ਕੀਤੀ। ਵਿਰੋਧ ਕਰਨ ਕਾਰਣ ਉਸ ਦੀ ਕੁੱਟਮਾਰ ਕੀਤੀ ਪੁਲਸ ਨੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਲੜਕੀ ਨੋਇਡਾ ਦੀ ਓਰੀਐਂਟ ਫੈਸ਼ਨ ਕੰਪਨੀ ਵਿੱਚ ਕੰਮ ਕਰਦੀ ਹੈ।

# ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਕਬੱਡੀ ਸੀਜ਼ਨ 2024 ਸਮਾਪਤ

## ਡਰਬੀ ਸ਼ਹੀਦੀ ਕਬੱਡੀ ਕੱਪ 2024 ਦਾ ਆਖਰੀ ਕਬੱਡੀ ਟੂਰਨਾਮੈਂਟ ਲੈਸਟਰ/ਡਰਬੀ/ਸਲੋਹ ਦੀ ਸਾਂਝੀ ਟੀਮ ਨੇ ਜਿੱਤਿਆ

### ਕਵੈਂਟਰੀ/ਬ੍ਰਮਿੰਘਮ ਉੱਪ ਜੇਤੂ ਬਣੀ, ਸਿੰਮੂ ਕੰਗ ਸਰਬੋਤਮ ਧਾਵੀ ਅਤੇ ਭੇਲੂ ਬਰਸਾਲ ਸਰਬੋਤਮ ਜਾਫੀ ਬਣਿਆ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿੱਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk



ਇੰਗਲੈਂਡ ਕਬੱਡੀ ਫੇਡਰੇਸ਼ਨ ਦੀ ਰਹਿਨੁਮਾਈ ਹੇਠ ਕਬੱਡੀ ਸੀਜ਼ਨ 2024 ਦੀ ਸਮਾਪਤੀ ਡਰਬੀ ਵਿਖੇ ਹੋਏ ਆਖਰੀ ਕਬੱਡੀ ਟੂਰਨਾਮੈਂਟ ਨਾਲ ਹੋ ਗਈ ਹੈ। ਗਿਆਨੀ ਹਰਜਿੰਦਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਖਿਡਾਰੀਆਂ, ਪ੍ਰਬੰਧਕਾਂ ਅਤੇ ਦਰਸ਼ਕਾਂ ਦੇ ਸਿਰ ਮੇਹਰ ਰੱਖਣ ਲਈ ਜੋਦੜੀ ਕੀਤੀ। ਭਾਵੇਂ ਡਰਬੀ ਦੇ ਪ੍ਰਬੰਧਕਾਂ ਨੂੰ ਇਹ ਟੂਰਨਾਮੈਂਟ ਸ਼ਹਿਰ ਤੋਂ ਕੁਝ ਦੂਰੀ ਤੇ ਹੈਂਕਲੀ (ਲੈਸਟਰ) ਵਿਖੇ ਕਰਵਾਉਣਾ ਪਿਆ। ਪਰ ਉਹਨਾਂ ਆਪਣੇ ਸਿਰੜ ਨੂੰ ਕਾਇਮ ਰੱਖਿਆ ਅਤੇ ਹਰ ਹਾਲ ਵਿੱਚ ਟੂਰਨਾਮੈਂਟ ਨੇਪਰੇ ਚਾੜ੍ਹਿਆ।

ਹਰਜਿੰਦਰ ਸਿੰਘ ਬੋਈ, ਸੁਖਦੇਵ ਸਿੰਘ ਅਟਵਾਲ ਉਦੋਪੁਰ, ਜਸਵੀਰ ਸਿੰਘ ਢਿਲੋਂ, ਨਛੱਤਰ ਸਿੰਘ ਛੋਕਰ ਆਏ ਮਹਿਮਾਨਾਂ ਦਾ ਸਵਾਗਤ ਕਰ ਰਹੇ ਸੀ। ਬਿਕਰ ਸਿੰਘ ਗੁਰਦੁ-ਆਰਾ ਸਾਹਿਬ ਦੇ ਸੇਵਾਦਾਰਾਂ ਨਾਲ ਮਿਲ ਕੇ ਲੰਗਰਾਂ ਦੀ ਸੇਵਾ ਕਰਨ ਲੱਗੇ। ਕੁਲਵਿੰਦਰ ਸਿੰਘ ਛੋਕਰ ਸਿਹਤ ਖਰਾਬੀ ਕਾਰਨ ਪਹੁੰਚ ਨਹੀਂ ਸਕੇ। ਲੇਕਨ ਟੂਰਨਾਮੈਂਟ ਦੀ ਕਾਮਯਾਬੀ ਲਈ ਸਾਰੇ ਭੱਜਨੱਠ ਕਰ ਰਹੇ ਸੀ। ਟੂਰਨਾਮੈਂਟ ਦੀ ਕਾਮਯਾਬੀ ਲਈ ਲੈਸਟਰ ਕਬੱਡੀ ਕਲੱਬ ਵੱਲੋਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਜਨਰਲ ਸਕੱਤਰ ਕੁਲਵੰਤ ਸਿੰਘ ਸੰਘਾ, ਕੁਲਬੀਰ ਸਿੰਘ ਖੱਖ, ਨਿਰਮਲ ਸਿੰਘ ਲੱਡੂ, ਪਿਆਰਾ ਸਿੰਘ ਰੰਧਾਵਾ ਅਤੇ ਸਾਥੀਆਂ ਨੇ ਭਰਪੂਰ ਸਾਥ ਦਿੱਤਾ।

ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਖੀਰਾਂਵਾਲੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਟੂਰਨਾਮੈਂਟ ਦਾ ਪਹਿਲਾ ਮੈਚ ਲੈਸਟਰ/ਡਰਬੀ/ਸਲੋਹ ਅਤੇ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਬ੍ਰਮਿੰਘਮ ਵਿਚਕਾਰ ਖੇਡਿਆ ਗਿਆ। ਡਰਬੀ ਵੱਲੋਂ ਸਿੰਮੂ ਕੰਗ, ਸੁੱਕੀ, ਗੋਰਾ, ਰਾਣਾ ਹੈਦਰ ਕੌਢੀਆਂ ਪਾ ਰਹੇ ਸੀ ਤੇ ਦੂਜੇ ਪਾਸੇ ਲਖਵੀਰ, ਲੱਡੂ, ਸ਼ੇਰਾ, ਚਰਨਜੀਤ ਵਲੈਤੀ ਗੱਭਰੂ ਜ਼ੋਰ ਅਜ਼ਾਮਈ ਕਰ ਰਹੇ ਸੀ, ਫਰਿਆਦ ਨੇ ਲੱਡੂ ਨੂੰ ਹਾਣੋ ਹਾਣੀ ਹੋ ਕੇ ਮੁਲਾਕਾਤ ਕੀਤੀ, ਬ੍ਰਮਿੰਘਮ ਦੇ ਜਾਫੀ ਲੱਖੇ ਨੇ ਗੋਰਾ ਡੱਕਿਆ, ਲਵਪ੍ਰੀਤ, ਮਨਪ੍ਰੀਤ ਤੇ ਕੁਲਬੀਰ ਪੂਰਾ ਜ਼ੋਰ ਲਾਉਂਦੇ ਰਹੇ, ਪਰ ਸਾਹਮਣੇ ਅਜ਼ਰਬਾ ਵੱਡਾ ਸੀ, ਏਕਮ, ਰਾਜਾ ਪੱਧਰੀ, ਭੇਲੂ ਬਰਸਾਲ ਸਾਹਮਣੇ ਜਿਆਦਾ ਟਿਕ ਨਹੀਂ ਸਕੇ ਅਤੇ ਆਖਿਰ ਲੈਸਟਰ/ਡਰਬੀ/ਸਲੋਹ ਨੇ 39.5 ਅੰਕ ਲੈ ਕੇ ਜਿੱਤ ਦਰਜ਼ ਕੀਤੀ ਅਤੇ ਸ਼ਹੀਦ ਬਾਬਾ ਦੀਪ ਸਿੰਘ ਬ੍ਰਮਿੰਘਮ ਨੇ 27 ਅੰਕ ਪ੍ਰਾਪਤ ਕੀਤੇ। ਪਾਲਾ ਮੋਰਾਂਵਾਲੀ ਨੇ ਆਪਣੇ ਚੋਬਰਾਂ ਨੂੰ ਸ਼ਾਬਾਸ਼ ਦਿੱਤੀ ਕਿ ਇਸ ਵਾਰ ਉਹਨਾਂ ਨੇ ਹਰ ਟੂਰਨਾਮੈਂਟ ਤੇ ਚੰਗੀ ਖੇਡ ਦਾ ਪ੍ਰਦਰਸ਼ਨ ਕੀਤਾ ਹੈ।







ਦੂਜਾ ਮੈਚ ਕਵੈਂਟਰੀ/ਬ੍ਰਮਿੰਘਮ ਅਤੇ ਬਰੈਡਫੋਰਡ ਵਿਚਕਾਰ ਖੇਡਿਆ ਗਿਆ ਸਵਰਨੇ ਅਤੇ ਗੋਪੀ ਹੁਸ਼ਿਆਰਪੁਰੀਏ ਨੇ ਟਾਸ ਕਰਵਾਈ ਤੇ ਕੇਸਰ ਸਿੰਘ ਧਾਲੀਵਾਲ ਨੰਬਰਾਂ ਵਾਲੀ ਕਾਪੀ ਖੋਲ੍ਹ ਕੇ ਰੇਡਾਂ ਤੇ ਜੱਫਿਆਂ ਦਾ ਹਿਸਾਬ ਕਿਤਾਬ ਕਰਨ ਲੱਗਿਆ। ਕਵੈਂਟਰੀ ਬ੍ਰਮਿੰਘਮ ਵੱਲੋਂ ਘੋੜਾ, ਸੁੱਖੀ ਬਾਜਵਾ, ਨੰਨੀ, ਦੁੱਲਾ ਚੱਠਿਆਂ ਵਾਲਾ ਰੇਡਾਂ ਪਾ ਰਹੇ ਸੀ ਤੇ ਅੰਮ੍ਰਿਤ ਦੁੱਗਾ, ਨਵੀ ਔਜਲਾ, ਲੱਭੂ ਸੀਚੇਵਾਲ, ਵਿੱਕੀ ਦੇਦਣਾ ਜੱਫਿਆਂ ਤੇ ਬਰੈਡਫੋਰਡ ਵੱਲੋਂ ਬੱਗਾ ਭਡਾਣਾ ਨੇ ਚੜ੍ਹ ਚੜ੍ਹ ਕੌਢੀਆ ਪਾਈਆਂ, ਕਰਨ ਪਾਸਲਾ ਦੀ ਫੁਰਤੀ, ਤੇ ਗੁਜ਼ਲਾਰੀ ਲੱਖਣ ਕਲਾਂ ਦੇ ਨਾਲ ਪ੍ਰਿਤਪਾਲ ਸਾਥ ਦੇ ਰਹੇ ਸੀ, ਜੱਗਾ ਮੂਲੇਵਾਲ ਖਹਿਰਾ, ਭਿੰਦਾ, ਬੂਟਾ ਸਾਰੇ ਖੇਡ ਵਿਖਾ ਰਹੇ ਸੀ। ਪਰ ਦੋਵਾਂ ਟੀਮਾਂ ਦਾ ਅੰਤਰ ਵੀ ਵੱਡਾ ਸੀ, ਅੱਧੇ ਸਮੇਂ ਤੱਕ 19.5-14 ਅੰਕਾਂ ਦਾ ਫਰਕ ਸੀ, ਜੋ ਆਖਰੀ ਵਿਸਲ ਵੱਜਣ ਤੱਕ ਕਵੈਂਟਰੀ/ਬ੍ਰਮਿੰਘਮ ਦੇ 38.5 ਜੇਤੂ ਅੰਕਾਂ ਅਤੇ ਬਰੈਡਫੋਰਡ ਦੇ 28 ਅੰਕਾਂ ਨਾਲ ਸਮਾਪਤ ਹੋਇਆ। ਦਲਬੀਰ ਸੈਂਹਬੀ, ਦਲਬੀਰ ਸਿੱਧੂ, ਹਰਜਿੰਦਰ ਨਿੱਝਰ ਅਤੇ ਗੁਰਜੀਤ ਸੈਂਬੀ ਨੇ ਖਿਡਾਰੀਆਂ ਦੀ ਹੌਂਸਲਾ ਹਫਜ਼ਾਈ ਵੀ ਕੀਤੀ।

ਤੀਜਾ ਮੈਚ ਈਰਥ ਵੂਲਿਚ ਸਾਊਥਾਲ ਅਤੇ ਹੇਜ਼ ਵਿਚਕਾਰ ਖੇਡਿਆ ਗਿਆ, ਇਸ ਮੈਚ ਵਿੱਚ ਖੁਬ ਖੜਕਾ ਦਰੜਕਾ ਹੋਇਆ ਈਰਥ ਵੂਲਿਚ ਸਾਊਥਾਲ ਵੱਲੋਂ ਭੀਮ, ਸ਼ੀਰਾ ਚੱਲ ਅਲੀ ਸ਼ੇਰ, ਗੱਗੀ ਤੁੰਗਵਾਲੀਆ ਦੇ ਨਾਲ ਜੱਫਿਆਂ ਤੇ ਫੌਜੀ, ਰੂਬੀ, ਧਾਕੜ, ਮੱਲ ਡਟੇ ਹੇਜ਼ ਵੱਲੋਂ ਕੁਲਜੀਤ, ਅਮਿਤ ਧਨੌਰੀ, ਸੁਖਵੀਰ, ਹਰਮਨ ਗੋਲੀਆ, ਅਮਨ ਲੁਹਾਰਾ, ਸੱਤੀ ਸਮਾਓ ਵਰਗੇ ਖਿਡਾਰੀ ਬਰਾਬਰ ਦਾ ਮੁਕਾਬਲਾ ਕਰ ਰਹੇ ਸੀ। ਲਾਲਾ, ਜ਼ੈਲਾ ਜੇ ਹੱਲਾ ਸ਼ੇਰੀ ਦਿੰਦਾ ਤਾਂ ਦੂਜੇ ਪਾਸੇ ਕੱਥੂ ਪੱਤੋ ਸਾਥੀਆਂ ਨਾਲ ਜ਼ੋਰ ਲਾ ਰਿਹਾ ਸੀ। ਇਸ ਮੈਚ ਦੇ ਅਖੀਰ ਵਿੱਚ ਹੇਜ਼ ਨੇ ਸਿਰਫ ਅੱਧੇ ਅੰਕ ਦੇ ਫਰਕ ਨਾਲ 31/31.5 ਨਾਲ ਜਿੱਤ ਹਾਸਿਲ ਕੀਤੀ।

ਚੌਥਾ ਅਤੇ ਪਹਿਲਾ ਸੈਮੀਫਾਈਨਲ ਮੈਚ ਲੈਸਟਰ/ਡਰਬੀ/ਸਲੋਹ ਅਤੇ ਬਰੈਡਫੋਰਡ/ਈਰਥ ਵੂਲਿਚ ਸਾਊਥਾਲ ਵਿਚਕਾਰ ਖੇਡਿਆ ਗਿਆ। ਟੀਮਾਂ ਘੱਟ ਹੋਣ ਕਰਕੇ ਰਲੇਵਾਂ ਜਿਆਦਾ ਕਰਨਾ ਪਿਆ। ਜਿਸ ਨੂੰ ਲੈ ਕੇ ਡਰਬੀ ਵਾਲੇ ਨਰਾਜ਼ ਵੀ ਸਨ। ਕਿਉਂਕਿ ਕੁਝ ਕਈ ਕਲੱਬਾਂ ਦੇ ਖਿਡਾਰੀ ਪਹਿਲਾਂ ਚਲੇ ਗਏ ਸੀ। ਇਸ ਮੈਚ ਵਿੱਚ ਜੱਫਿਆਂ ਦਾ ਮੀਂਹ ਵਰਦਾ ਰਿਹਾ। ਪੱਟਾਂ ਤੇ ਵੱਜਦੀਆਂ ਥਾਪੀਆਂ ਨੂੰ ਵੇਖ ਕੇ ਦਰਸ਼ਕ ਖੁਬ ਅਨੰਦ ਲੈ ਰਹੇ ਸੀ। ਰਾਜਾ ਪੱਧਰੀ ਨੇ ਬੱਗਾ, ਕਰਨ, ਭੀਮ ਰੋਕੇ, ਏਕਮ ਨੇ ਭੀਮ, ਤੁੰਗਵਾਲੀਆ, ਬੱਗਾ ਭਡਾਣਾ, ਕਰਨ, ਗੁਲਜ਼ਾਰੀ ਰੋਕੇ, ਮੱਛੋ ਜੱਟ ਨੇ ਵੀ ਭੀਮ, ਭੇਲੂ ਬਰਸਾਲ ਨੇ ਕਰਨ, ਸ਼ਫੀ ਰਸ਼ੀਨ, ਫਰਿਆਦ ਵੀ ਮੁੜਕੋ ਮੁੜਕੀ ਹੁੰਦੇ ਰਹੇ। ਦੂਜੇ ਪਾਸੇ ਭਿੰਡੇ ਮੂਲੇਵਾਲ ਖਹਿਰਾ ਨੇ ਸੁੱਖੀ, ਫੌਜੀ ਨੇ ਸਿੰਮੂ, ਸੁੱਖੀ ਪਿੰਦੂ ਦੁਤਾਲ ਨੂੰ ਡੱਕਿਆ, ਜੋਗਾ ਮੂਲੇਵਾਲ ਖਹਿਰਾ, ਕੀਪਾ ਜੋਗੇਵਾਲ ਖੁਬ ਜ਼ੋਰ ਲਗਾਉਂਦੇ ਰਹੇ। ਪਰ ਅੱਜ ਦਿਨ ਲੈਸਟਰ/ਡਰਬੀ/ਸਲੋਹ ਦਾ ਸੀ ਕੁਲਵੰਤ ਸੰਘਾ, ਹਰਜਿੰਦਰ ਬੋਈ, ਖੱਖ ਨੇ ਤਾਂ ਹੱਥ ਜੇਬ ਵਿੱਚ ਹੀ ਰੱਖਿਆ। ਅੱਜ ਪੂਰੇ ਬਾਗੋ ਬਾਗ ਸੀ ਕਿਉਂਕਿ ਟੀਮ ਨੇ 19 ਜੱਫੇ ਲਾ ਕੇ 55 ਅੰਕ ਹਾਸਿਲ ਕਰਕੇ ਜਿੱਤ ਦਰਜ਼ ਕਰ ਲਈ ਸੀ, ਜਦ ਕਿ ਲਾਲਾ, ਦੀਲਾ, ਸੈਂਟੀ ਅਤੇ ਸਾਥੀਆਂ ਦੀ ਟੀਮ ਆਖਿਰ ਵਿੱਚ 30.5 ਅੰਕ ਹਾਸਿਲ ਕਰਕੇ ਮੁਕਾਬਲੇ 'ਚੋਂ ਬਾਹਰ ਹੋ ਗਈ।

ਦੂਜਾ ਸੈਮੀਫਾਈਨਲ ਮੈਚ ਹੇਜ਼ ਅਤੇ ਕਵੈਂਟਰੀ/ਬ੍ਰਮਿੰਘਮ ਵਿਚਕਾਰ ਵੀ ਖੂਬ ਫਸਿਆ। ਕੁਲਜੀਤ ਘਰਾਚੋ, ਗੱਗੀ ਸੇਲਵਰਾ, ਅਮਿਤ ਧਨੌਰੀ ਤੇ ਸੁਖਵੀਰ ਗੁਰੂਸਰੀਆ ਚੜ੍ਹ ਚੜ੍ਹ ਕੇ ਰੇਡਾਂ ਪਾਉਂਦੇ ਤੇ ਹਰਮਨ ਘੋਲੀਆ, ਸ਼ਫੀਕ, ਅਮਨ ਲੁਹਾਰਾ, ਸੱਤੀ ਸਮਾਓ ਨੇ ਤਕੜੀ ਜਾਫ ਲਾਇਨ ਕਰਨ ਦੀ ਕੋਸ਼ਿਸ਼ ਕੀਤੀ। ਸੱਤੀ ਸਮਾਓ ਦਾ ਨੰਨੀ ਨੂੰ ਜੱਫਾ ਦਰਸ਼ਕਾਂ ਲਈ ਯਾਦਗਰੀ ਸੀ। ਕਵੈਂਟਰੀ/ਬ੍ਰਮਿੰਘਮ ਵੱਲੋਂ ਦੁੱਲਾ ਚੱਠਾ, ਸੁੱਖਾ ਬਾਜਵਾ, ਨੰਨੀ ਕੱਟਾਂ, ਘੋੜਾ ਪ੍ਰਮਜੀਤਪੁਰਾ ਉੱਡੂੰ ਉਡੂੰ ਕਰਦਾ, ਅੰਮ੍ਰਿਤ ਦੁੱਗਾ ਨੇ ਕੁਲਜੀਤ, ਲੱਭੂ ਸੀਚੇਵਾਲ ਨੇ ਕੁਲਜੀਤ ਰੋਕਿਆ, ਨਵੀ ਔਜਲਾ ਨੇ ਵੀ ਕਮਾਲਾਂ ਕੀਤੀਆਂ। ਇਸ ਮੈਚ ਵਿੱਚ ਕਵੈਂਟਰੀ ਬ੍ਰਮਿੰਘਮ ਨੇ 45.5 ਦੇ ਅੰਕਾਂ ਨਾਲ ਜਿੱਤ ਦਰਜ਼ ਕੀਤੀ ਅਤੇ ਹੇਜ਼ ਨੇ 41 ਅੰਕ ਹਾਸਿਲ ਕੀਤੇ।

ਸਵਰਨਾ ਗ੍ਰੇਵਜ਼ੈਂਡ, ਮਨੀ ਧੂੜ, ਗੋਪੀ ਹੁਸ਼ਿਆਰਪੁਰੀਆ, ਸੁੱਚਾ ਮੁਠੱਡਾ, ਕੱਥੂ ਪੱਤੋ, ਲਾਲਾ, ਸ਼ਿੰਦਰ ਸਿੰਘ ਪਾਹਲ, ਕੇਸਰ ਸਿੰਘ ਧਾਲੀਵਾਲ, ਟੋਨੀ, ਬਲਜਿੰਦਰ ਸਿੰਘ, ਸਤਵਿੰਦਰ ਸਿੰਘ ਸੱਤੀ, ਸੋਖਾ ਢੇਸੀ, ਦਵਿੰਦਰ ਚੜਿੱਕ, ਮਿੱਠਾ ਦੁਰਗਾਪੁਰ, ਤੇਲੂ, ਜੈਂਗੋ, ਈਸੀ, ਕਲੇਰ, ਸੋਖਾ ਕੰਡਿਆਲ ਸਮੇਤ ਸਭ ਨੇ ਆਪੋ ਆਪਣੀਆਂ ਸੇਵਾਵਾਂ ਨਿਭਾਈਆਂ।

ਫਾਈਨਲ ਮੈਚ ਅੱਜ ਲੈਸਟਰ/ਡਰਬੀ/ਸਲੋਹ ਅਤੇ ਕਵੈਂਟਰੀ ਬ੍ਰਮਿੰਘਮ ਵਿਚਕਾਰ ਖੇਡਿਆ ਗਿਆ। ਰਾਜਾ ਪੱਧਰੀ ਸ਼ੁਰੂ ਤੋਂ ਹੀ ਹਾਵੀ ਹੋਇਆ ਫਿਰਦਾ ਸੀ ਨੰਨੀ ਕੱਟਾਂ ਵਾਲੇ ਨੂੰ ਲਾਏ ਜੱਫਿਆਂ ਤੋਂ ਬਾਅਦ ਰਾਜਾ ਪੱਧਰੀ ਤੋਂ ਨੋਟ ਸਾਂਭੇ ਨਹੀਂ ਸੀ ਜਾਂਦੇ, ਏਕਮ ਨੇ ਘੋੜਾ ਰੋਕਿਆ, ਫਰਿਆਦ ਨੇ ਸੁੱਖਾ ਬਾਜਵਾ ਅਤੇ ਭੇਲੂ ਨੇ ਸੁੱਖੇ ਸਮੇਤ ਕੁੱਲ ਤਿੰਨ ਜੱਫੇ ਲਾ ਕੇ ਜਿੱਥੇ ਸਰਬੋਤਮ ਧਾਵੀ ਬਣਿਆ, ਉੱਥੇ ਕੱਪ ਜਿਤਾਉਣ ਵਿੱਚ ਅਹਿਮ ਰੋਲ ਅਦਾ ਕੀਤਾ। ਹੈਪੀ ਸਭਰਾਵਾਂ ਨੇ ਸਿੰਮੂ ਕੰਗ, ਲੱਭੂ ਨੇ ਪਿੰਦੂ, ਵਿੱਕੀ ਦੇਦਣਾ ਨੇ ਸੁੱਖੀ ਅਤੇ ਅੰਮ੍ਰਿਤ ਦੁੱਗਾ ਨੇ ਪਿੰਦੂ ਰੋਕਿਆ।

**ਬਾਕੀ ਹਿਸਾ ਸਫਾ 25 'ਤੇ ਪੜ੍ਹੋ** →

# ਓਲੰਪਿਕ ਖੇਡਾਂ ਦਾ ਸਿੱਧਾ ਪ੍ਰਸਾਰਨ

ਪ੍ਰੋ. ਕੁਲਬੀਰ ਸਿੰਘ



ਪੈਰਿਸ ਉਲੰਪਿਕ ਵਿਚ ਭਾਰਤ ਦੇ 117 ਖਿਡਾਰੀ ਵੱਖ ਵੱਖ ਖੇਡਾਂ ਵਿਚ ਆਪਣੀ ਕਾਰਗੁਜ਼ਾਰੀ ਵਿਖਾ ਰਹੇ ਹਨ। ਫਰਾਂਸ ਦੀ ਰਾਜਧਾਨੀ ਪੈਰਿਸ ਵਿਖੇ ਹੋ ਰਹੀਆਂ ਇਨ੍ਹਾਂ ਖੇਡਾਂ ਵਿਚ 45 ਖੇਡਾਂ ਸ਼ਾਮਲ ਹਨ। ਟੋਕੀਓ ਉਲੰਪਿਕ ਖੇਡਾਂ ਵਿਚ ਭਾਰਤ ਦੇ 119 ਖਿਡਾਰੀ ਸ਼ਾਮਲ ਹੋਏ ਸਨ ਜਿਨ੍ਹਾਂ ਨੇ 7 ਮੈਡਲ ਜਿੱਤੇ ਸਨ।



ਉਲੰਪਿਕ ਖੇਡਾਂ ਦਾ ਸਿੱਧਾ ਪ੍ਰਸਾਰਨ ਵੇਖਣ ਦਾ ਆਕਰਸ਼ਨ ਦੁਨੀਆਂ ਭਰ ਦੇ ਖੇਡ-ਪ੍ਰੇਮੀਆਂ ਨੂੰ ਹੁੰਦਾ ਹੈ। ਭਾਰਤ ਵਿਚ ਪੈਰਿਸ ਉਲੰਪਿਕ ਖੇਡਾਂ ਦੇ ਸਿੱਧੇ ਪ੍ਰਸਾਰਨ ਦੇ ਅਧਿਕਾਰ ਜੀਓ ਕੋਲ ਹਨ। ਸਪੋਰਟਸ 18-1; ਸਪੋਰਟਸ 18-2; ਸਪੋਰਟਸ 18-3 ਇਹ ਪ੍ਰਸਾਰਨ ਕਰ ਰਹੇ ਹਨ। ਭਾਰਤੀ ਦਰਸ਼ਕ ਜੀਓ ਸਿਨੇਮਾ 'ਤੇ ਇਨ੍ਹਾਂ ਖੇਡਾਂ ਦੇ ਸਿਧੇ ਪ੍ਰਸਾਰਨ ਦਾ ਮੁਫ਼ਤ ਵਿਚ ਲੁਤਫ਼ ਉਠਾ ਰਹੇ ਹਨ। ਖੇਡ-ਪ੍ਰੇਮੀ ਸਮਾਰਟ ਫੋਨ, ਆਈ ਪੈਡ, ਲੈਪਟਾਪ ਅਤੇ ਸਮਾਰਟ ਟੀ.ਵੀ. 'ਤੇ ਵੀ ਜੀਓ ਸਿਨੇਮਾ ਐਪ ਰਾਹੀਂ ਉਲੰਪਿਕ ਖੇਡਾਂ ਵੇਖ ਰਹੇ ਹਨ। ਉਲੰਪਿਕ ਖੇਡਾਂ ਨਾਲ ਸੰਬੰਧਿਤ ਖ਼ਬਰਾਂ ਲਈ ਖੇਡ-ਪ੍ਰੇਮੀ ਲਾਈਵ ਹਿੰਦੋਸਤਾਨ ਚੈਨਲ ਵੇਖ ਰਹੇ ਹਨ।




ਪੈਰਿਸ ਉਲੰਪਿਕ ਖੇਡਾਂ ਦੇ ਉਦਘਾਟਨੀ ਸਮਾਰੋਹ ਦਾ ਸਿੱਧਾ ਪ੍ਰਸਾਰਨ ਵੀ ਵਿਲੱਖਣ ਤੇ ਵੇਖਣਯੋਗ ਸੀ ਕਿਉਂਕਿ ਉਲੰਪਿਕ ਖੇਡਾਂ ਦੇ 128 ਸਾਲਾ ਇਤਿਹਾਸ ਵਿਚ ਪਹਿਲੀ ਵਾਰ ਉਦਘਾਟਨੀ ਸਮਾਰੋਹ ਸਮੇਂ ਖਿਡਾਰੀਆਂ ਦੀ ਪਰੇਡ ਸਟੇਡੀਅਮ ਤੋਂ ਬਾਹਰ ਸੀ। ਪੈਰਿਸ ਦੇ ਵਿਚੋ ਵਿਚ ਲੰਘਦੀ ਸੀਨ ਨਦੀ 'ਤੇ। ਦੁਨੀਆਂ ਭਰ ਤੋਂ ਪਹੁੰਚੇ 6800 ਤੋਂ ਵੱਧ ਖਿਡਾਰੀ 90 ਬੇੜੀਆਂ 'ਤੇ ਸਵਾਰ ਹੋ ਕੇ ਪੈਰਿਸ ਦੀਆਂ ਮਹੱਤਵਪੂਰਨ ਥਾਵਾਂ ਤੋਂ ਲੰਘੇ ਅਤੇ ਉਨ੍ਹਾਂ ਪਲਾਂ ਨੂੰ ਯਾਦਗਾਰੀ ਬਣਾ ਗਏ। ਉਨ੍ਹਾਂ 6 ਕਿਲੋਮੀਟਰ ਦਾ ਰਸਤਾ ਤੈਅ ਕੀਤਾ। ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋ ਨੇ ਰਾਸ਼ਟਰਪਤੀ ਪੈਲੇਸ ਵਿਚ ਮਹਿਮਾਨਾਂ ਦਾ ਸੁਆਗਤ ਕੀਤਾ। ਦਿਲਚਸਪ ਪਹਿਲੂ ਹੈ ਕਿ ਪੈਰਿਸ ਨੇ 100 ਸਾਲ ਪਹਿਲਾਂ 1924 ਵਿਚ ਵੀ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕੀਤੀ ਸੀ।

ਉਲੰਪਿਕ ਮਸ਼ਾਲ ਨੂੰ ਗਰਮ ਹਵਾ ਦੇ ਗੁਬਾਰੇ ਰਾਹੀਂ ਆਕਾਸ਼ ਵਿਚ ਭੇਜਿਆ ਗਿਆ। ਉਦਘਾਟਨੀ ਸਮਾਰੋਹ ਸਮੇਂ ਸੀਨ ਨਦੀ ਦੇ ਪੁਲਾਂ, ਕਿਨਾਰਿਆਂ ਅਤੇ ਆਸ ਪਾਸ ਛੱਤਾਂ 'ਤੇ ਕਲਾਕਾਰਾਂ ਦੁਆਰਾ ਪੇਸ਼ਕਾਰੀਆਂ ਹੋ ਰਹੀਆਂ ਸਨ। ਇਹ ਰੰਗਾ ਰੰਗ, ਦਿਲਚਸਪ ਤੇ ਬੇਹੱਦ ਆਕਰਸ਼ਕ ਉਦਘਾਟਨੀ ਸਮਾਰੋਹ ਲਗਾਤਾਰ 4 ਘੰਟੇ ਚੱਲਿਆ। ਸੀਨ ਨਦੀ ਦੇ ਆਸ ਪਾਸ ਦਾ ਇਲਾਕਾ ਚਿੱਟੇ, ਲਾਲ ਅਤੇ ਨੀਲੇ ਰੰਗ ਦੀ ਆਤਿਸ਼ਬਾਜ਼ੀ ਨਾਲ ਜਗਮਗਾ ਉੱਠਿਆ।

ਅਮਰੀਕਾ ਅਤੇ ਕੈਨੇਡਾ ਦੇ ਗਾਇਕ ਕਲਾਕਾਰਾਂ ਦੀ ਮੌਜੂਦਗੀ ਅਕਰਸ਼ਨ ਦਾ ਕੇਂਦਰ ਬਣੀ ਰਹੀ। ਵਰਖਾ ਦੀ ਵਜ੍ਹਾ ਕਰਕੇ ਇਸ ਰੰਗਾ ਰੰਗ ਪ੍ਰੋਗਰਾਮ ਵਿਚ ਵਿਘਨ ਵੀ ਪਿਆ ਪਰ ਖਿਡਾਰੀਆਂ ਨੇ ਰੇਨਕੋਟ ਪਹਿਨ ਲਏ ਅਤੇ ਆਪਣੇ ਉਤਸ਼ਾਹ ਨੂੰ ਉਵੇਂ ਬਰਕਰਾਰ ਰੱਖਿਆ।


2000 ਦੇ ਕਰੀਬ ਸੰਗੀਤਕਾਰਾਂ ਅਤੇ ਨਾਚ-ਕਲਾਕਾਰਾਂ ਨੇ ਫਰਾਂਸ ਦੇ ਇਤਿਹਾਸ, ਕਲਾ ਅਤੇ ਖੇਡਾਂ ਬਾਰੇ ਨਿਵੇਕਲੇ ਢੰਗ ਨਾਲ ਸਮਝਾਇਆ ਦਰਸਾਇਆ। ਬੇੜੀਆਂ ਵਿਚ ਸਟਾਰ ਵੱਖ ਵੱਖ ਦੇਸ਼ਾਂ ਦੇ ਖਿਡਾਰੀਆਂ ਦਾ ਨਜ਼ਾਰਾ ਵੇਖਣ ਵਾਲਾ ਸੀ। ਅਖ਼ੀਰ ਵਿਚ ਫਰਾਂਸ ਦੀ ਬੇੜੀ ਬੜੀ ਦਿਲਕਸ਼ ਸੀ ਅਤੇ ਉਸ ਵਿਚ ਖਿਡਾਰੀਆਂ ਦਾ ਸੱਭ ਤੋਂ ਵੱਡਾ ਦਲ ਸਵਾਰ ਸੀ। ਸਟੇਡੀਅਮ ਤੋਂ ਬਾਹਰ ਖੁਲ੍ਹੀ ਥਾਂ 'ਤੇ ਨਦੀ ਕਿਨਾਰੇ 6 ਕਿਲੋਮੀਟਰ ਤੱਕ ਫੈਲੇ ਉਦਘਾਟਨੀ ਸਮਾਰੋਹ ਨੂੰ ਸ਼ਾਨਦਾਰ ਢੰਗ ਨਾਲ ਨੇਪਰੇ ਲਗਾਉਣਾ ਭਾਵੇਂ ਬੇਹੱਦ ਚੁਣੌਤੀ ਸੀ ਪਰੰਤੂ ਫਰਾਂਸ ਨੇ ਇਹ ਕਰ ਵਿਖਾਇਆ। ਸੀਨ ਨਦੀ ਦੇ ਆਰ ਪਾਰ ਹਜ਼ਾਰਾਂ ਪੁਲਿਸ ਕਰਮਚਾਰੀ ਮੌਜੂਦ ਸਨ।

ਭਾਰਤੀ ਖਿਡਾਰੀਆਂ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਹੈ ਪਰੰਤੂ ਮੈਡਲਾਂ ਦੀ ਗਿਣਤੀ ਵਧਾਉਣ, ਮੁਕਾਬਲਿਆਂ ਵਿਚ ਬਣੇ ਰਹਿਣ ਅਤੇ ਹਾਕੀ ਟੀਮ ਦੇ ਅੱਗੇ ਵਧਣ 'ਤੇ ਪੂਰੇ ਭਾਰਤ ਦੀ ਨਜ਼ਰ ਰਹੇਗੀ।

ਦੁਨੀਆਂ ਦਾ ਧਿਆਨ ਜਿਸ ਵੇਲੇ ਯੁੱਧਾਂ ਜੰਗਾਂ ਵਿਚ ਬਿਖਰਿਆ ਹੋਇਆ ਹੈ ਉਸ ਸਮੇਂ ਪੈਰਿਸ ਉਲੰਪਿਕ ਖੇਡਾਂ ਏਕਤਾ ਦਾ ਸੰਦੇਸ਼ ਦੇ ਰਹੀਆਂ ਹਨ ਕਿ ਅਸੀਂ ਸਾਰੇ ਇਕ ਹਾਂ, ਇਕੱਠੇ ਹਾਂ। ਸਮਾਰੋਹ ਦੌਰਾਨ ਸ਼ਾਂਤੀ ਦੇ ਗੀਤ ਨੇ ਵੀ ਏਕਤਾ ਤੇ ਸਹਿਨਸ਼ੀਲਤਾ ਦਾ ਸੰਦੇਸ਼ ਦਿੱਤਾ। ਇਸ ਸਮਾਰੋਹ ਦੌਰਾਨ 100 ਤੋਂ ਵੱਧ ਸਰਕਾਰਾਂ ਦੇ ਮੁਖੀ ਮੌਜੂਦ ਸਨ।

ਅਮਰੀਕੀ ਪੌਪ ਸਟਾਰ ਲੇਡੀ ਗਾਗਾ ਦੀਆਂ ਸੁਰਾਂ ਨਾਲ ਜਿਵੇਂ ਸਮਾਂ ਠਹਿਰ ਗਿਆ। ਇਸ ਸਮੁੱਚੇ ਪ੍ਰੋਗਰਾਮ ਦੇ ਨਿਰਦੇਸ਼ਕ ਥੌਮਸ ਜੌਲੀ ਸਨ। ਉਦਘਾਟਨੀ ਸਮਾਰੋਹ ਦੀ ਰੌਣਕ ਵਧਾਉਣ ਲਈ ਦੋ ਲੱਖ ਟਿਕਟਾਂ ਮੁਫ਼ਤ ਵੰਡੀਆਂ ਗਈਆਂ ਸਨ ਅਤੇ ਇਕ ਲੱਖ ਦੇ ਕਰੀਬ ਵੇਚੀਆਂ ਗਈਆਂ ਸਨ। ਇਸ ਤੋਂ ਇਲਾਵਾ ਅਰਬਾਂ ਲੋਕਾਂ ਨੇ ਇਸ ਵਿਲੱਖਣ ਤੇ ਦਿਲਕਸ਼ ਸਮਾਰੋਹ ਨੂੰ ਟੈਲੀਵਿਜ਼ਨ ਪਰਦੇ 'ਤੇ ਵੇਖਿਆ। ਉਲੰਪਿਕ ਖੇਡਾਂ ਦੇ ਇਤਿਹਾਸ ਵਿਚ ਪੈਰਿਸ ਉਲੰਪਿਕ 2024 ਦੇ ਉਦਘਾਟਨੀ ਸਮਾਰੋਹ ਦਾ ਜ਼ਿਕਰ ਸੁਨਿਹਰੀ ਅੱਖਰਾਂ ਵਿਚ ਹੋਵੇਗਾ ਕਿਉਂ ਕਿ 128 ਸਾਲਾਂ ਦੇ ਇਤਿਹਾਸ ਨੂੰ ਬਦਲਦਿਆਂ ਇਹ ਸਮਾਰੋਹ ਸਟੇਡੀਅਮ ਤੋਂ ਬਾਹਰ ਨਦੀ ਵਿਚ ਬੇੜੀਆਂ ਦੀ ਪਰੇਡ ਦੁਆਰਾ ਕੀਤਾ ਗਿਆ ਅਤੇ ਦੁਨੀਆਂ ਦੇਖਦੀ ਰਹਿ ਗਈ।

## ਸਾਬਕਾ ਐਫ ਬੀ ਆਈ ਏਜੰਟ ਨੂੰ ਬੱਚੇ ਨਾਲ ਬਦਫੈਲੀ ਦੇ ਮਾਮਲੇ ਵਿਚ ਹੋਈ ਉਮਰ ਕੈਦ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਸਾਬਕਾ ਐਫ ਬੀ ਆਈ ਏਜੰਟ ਤੇ ਅਲਾਬਾਮਾ ਸਟੇਟ ਸੈਨਿਕ ਨੂੰ ਬੱਚੇ ਨਾਲ ਬਦਫੈਲੀ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਕ੍ਰਿਸਟੋਫਰ ਬੌਰ (45) ਨੂੰ ਇਕ 12 ਸਾਲ ਤੋਂ ਵੀ ਘੱਟ ਉਮਰ ਦੇ ਬੱਚੇ ਨਾਲ ਤੀਸਰਾ ਦਰਜਾ ਬਦਫੈਲੀ ਤੇ ਸਰੀਰਕ ਸੋਸ਼ਣ ਦੇ ਦੋਸ਼ਾਂ ਤਹਿਤ ਅਲਾਬਾਮਾ ਸਰਕਟ ਕੋਰਟ ਨੇ ਸਜ਼ਾ ਸੁਣਾਈ। ਮੌਂਗੋਮਰੀ ਡਿਸਟ੍ਰਿਕਟ ਅਟਾਰਨੀ ਡੇਰਾਇਲ ਬੇਲੇ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ "ਇਹ ਗੱਲ ਹਮੇਸ਼ਾਂ ਚੁੱਭਦੀ ਹੈ ਤੇ ਨਿਰਾਸ਼ਾਜਨਕ ਹੈ ਕਿ ਕੋਈ ਵਿਅਕਤੀ ਜਿਸ ਨੇ ਕਾਨੂੰਨ ਦੀ ਰਖਿਆ ਕਰਨੀ ਹੁੰਦੀ ਹੈ, ਉਹ ਹੀ ਲੋਕਾਂ ਵਿਰੁੱਧ ਅਪਰਾਧ ਕਰਦਾ ਹੈ ਜਿਨਾਂ ਨੂੰ ਬਚਾਉਣ ਦੀ ਉਸ ਨੇ ਕਸਮ ਖਾਧੀ ਹੁੰਦੀ ਹੈ।" ਉਨਾਂ ਕਿਹਾ ਕਿ "ਉਹ ਬੁਰਾ ਵਿਅਕਤੀ ਹੈ, ਇਕ ਦੁਰਾਚਾਰੀ ਰਾਖਸ਼ਸ਼ ਜਿਸ ਨੇ ਆਪਣੀ ਤਾਕਤ ਦੀ ਵਰਤੋਂ ਇਕ ਨਿਰਦੋਸ਼ ਤੇ ਲਾਚਾਰ ਬੱਚੇ ਨੂੰ ਨੁਕਸਾਨ ਪਹੁੰਚਾਉਣ ਲਈ ਕੀਤੀ। ਬੌਰਾ ਨੇ ਆਪਣੀ ਸਜ਼ਾ ਉਪਰ ਕੋਈ ਟਿੱਪਣੀ ਨਹੀਂ ਕੀਤੀ ਤੇ ਨਾ ਹੀ ਅਲਾਬਾਮਾ ਲਾਅ ਇਨਫੋਰਸਮੈਂਟ ਏਜੰਸੀ ਦੇ ਕਿਸੇ ਅਧਿਕਾਰੀ ਨੇ ਸਜ਼ਾ ਉਪਰ ਪ੍ਰਤੀਕਰਮ ਪ੍ਰਗਟ ਕੀਤਾ ਹੈ।

## ਡਰਬੀ ਕਬੱਡੀ ਟੂਰਨਾਮੈਂਟ

24 ਸਫੇ ਦੀ ਬਾਕੀ

ਅੱਧੇ ਸਮੇਂ ਤੱਕ 28.5/15 ਨਾਲ ਅੱਗੇ ਚੱਲ ਰਹੀ ਲੈਸਟਰ/ਡਰਬੀ/ਸਲੋਹ ਦੀ ਟੀਮ ਨੇ 47.5 ਅੰਕ ਪ੍ਰਾਪਤ ਕਰਦਿਆਂ ਕਵੈਂਟਰੀ/ਬ੍ਰਮਿੰਘਮ ਨੂੰ 39 ਅੰਕਾਂ ਤੇ ਰੋਕ ਕੇ ਅੱਜ ਦਾ ਜੇਤੂ ਕੱਪ ਹਾਸਿਲ ਕੀਤਾ। ਹਰਜਿੰਦਰ ਬੋਈ, ਸੋਖਾ ਅਟਵਾਲ, ਜਸਬੀਰ ਦਿਲੋਂ, ਨਛੱਤਰ ਛੋਕਰ, ਕੁਲਵੰਤ ਸੰਘਾ, ਕੁਲਬੀਰ ਖੱਖ, ਨਿਰਮਲ ਲੱਡੂ, ਪਿਆਰਾ ਰੰਧਾਵਾ, ਬਿਕਰ ਚਾਹਲ ਸਭ ਬਾਗੋ ਬਾਗ ਸਨ ਕਿ ਅੱਜ ਆਖਰੀ ਟੂਰਨਾਮੈਂਟ ਦਾ ਕੱਪ ਘਰੇ ਰੱਖ ਲਿਆ ਸੀ ਅਤੇ ਕਵੈਂਟਰੀ ਬ੍ਰਮਿੰਘਮ ਵਾਲੇ ਗੁਰਦੀਪ ਸਿੰਘ ਸੋਮਲ, ਸਤਨਾਮ ਸਿੰਘ ਗਿੱਲ, ਭਜਨ ਸਿੰਘ ਸਮਰਾ, ਸੁਖਦੇਵ ਸਿੰਘ ਸਿੱਧੂ, ਮਨਜੀਤ ਸਿੰਘ ਢੰਡਾ, ਅਮਰਜੀਤ ਸਿੰਘ ਖੰਗੂੜਾ ਵੀ ਰਨਰ ਅੱਪ ਕੱਪ ਜਿੱਤ ਕੇ ਫੁੱਲੇ ਨਹੀਂ ਸਮਾ ਰਹੇ ਸਨ। ਭਾਵੇਂ ਡਰਬੀ ਟੂਰਨਾਮੈਂਟ ਤੇ ਕਬੱਡੀ ਖਿਡਾਰੀਆਂ ਅਤੇ ਕਲੱਬਾਂ ਦੀਆਂ ਪੂਰੀਆਂ ਟੀਮਾਂ ਨਾ ਪਹੁੰਚਣ ਕਾਰਨ ਨਿਰਾਸ਼ ਸਨ, ਪਰ ਜੋ ਵੀ ਮੁਕਾਬਲੇ ਹੋਏ ਉਹਨਾਂ ਖੂਬ ਰੰਗ ਬੰਨਿਆ ਅਤੇ ਦਰਸ਼ਕਾਂ ਦਾ ਭਰਪੂਰ ਮਨੋਰੰਜਣ ਕੀਤਾ। ਗੁਰਦੀਪ ਸਿੰਘ ਸੋਮਲ ਅਤੇ ਕੁਲਵੰਤ ਸਿੰਘ ਸੰਘਾ ਨੇ ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਖੇਡ ਪ੍ਰੇਮੀਆਂ ਦਾ ਧੰਨਵਾਦ ਕੀਤਾ।

ਅਗਲੇ ਵਰ੍ਹੇ ਮੁੜ ਮਿਲਣ ਦਾ ਵਾਅਦਾ ਕਰਦਿਆਂ, ਹਰ ਕੋਈ ਘੁੱਟ ਘੁੱਟ ਜੱਫੀਆਂ ਪਾ ਰਿਹਾ ਸੀ। ਆਖਿਰ ਵਿੱਚ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ ਗਏ। ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ ਨੇ ਕੈਨੇਡਾ ਤੋਂ ਸਮੂਹ ਕਬੱਡੀ ਕਲੱਬਾਂ, ਖਿਡਾਰੀਆਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ।

# ਲੱਖਾਂ ਭਾਰਤੀ ਕਿਉਂ ਛੱਡ ਰਹੇ ਨੇ ਭਾਰਤੀ ਨਾਗਰਿਕਤਾ

ਖਾਸ ਖਬਰ

## ✪ ਅਮਰੀਕਾ, ਕੈਨੇਡਾ ਤੇ ਆਸਟ੍ਰੇਲੀਆ ਵਲ ਜਾਰੀ ਹੈ ਧੜਲੇ ਨਾਲ ਪਰਵਾਸ





ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਭਾਰਤ ਤੋਂ ਬਾਹਰ ਜਾਣ ਵਾਲਿਆਂ ਲਈ ਸੁਰੱਖਿਆ ਵੀ ਇੱਕ ਵੱਡਾ ਕਾਰਨ ਹੈ। ਇਸ ਤੋਂ ਇਲਾਵਾ ਟੈਕਸ ਲਾਭ ਵੀ ਅਹਿਮ ਭੂਮਿਕਾ ਨਿਭਾ ਰਹੇ ਹਨ। ਸੈਕੂਲਰ ਭਾਰਤ ਵਿਚ ਵਧ ਰਹੀ ਬੇਰੁਜ਼ਗਾਰੀ ਭੁੱਖਮਰੀ, ਕਰਾਈਮ ਅਮੀਰ-ਗਰੀਬ ਦੇ ਪਾੜੇ, ਧੱਕਾ ਧੌਂਸ ਦੀ ਸਿਆਸਤ ਅਤੇ ਆਮ ਲੋਕਾਂ ਦੇ ਜੀਵਨ ਦੀ ਅਸੁਰੱਖਿਆ ਨੇ ਇਥੋਂ ਦੇ ਸ਼ਹਿਰੀਆਂ 'ਚ ਇੱਕ ਡਰ ਪੈਦਾ ਕੀਤਾ ਹੈ। ਇਹ ਡਰ ਸਿਰਫ਼ ਕਾਰੋਬਾਰੀਆਂ ਵਿਚ ਹੀ ਨਹੀਂ ਹੈ, ਜਿਹੜੇ ਕਾਰੋਬਾਰਾਂ ਸਮੇਤ ਦੁਨੀਆਂ 'ਚ ਕੋਈ ਸੁਰੱਖਿਅਤ ਕੋਨਾ ਲੱਭ ਰਹੇ ਹਨ, ਇਹ ਹੇਠਲੇ ਮੱਧ ਵਰਗ ਵਿੱਚ ਜ਼ਿਆਦਾ ਹੈ, ਜਿਹਨਾਂ ਨੂੰ ਆਪਣੇ ਭਵਿੱਖ ਵਿਚ ਬਿਹਤਰ ਜੀਵਨ ਦੀ ਵੱਧ ਤਮੰਨਾ ਹੁੰਦੀ ਹੈ। ਇਹ ਲੋਕ ਹਰ ਹੀਲਾ ਵਸੀਲਾ ਵਰਤਕੇ, ਆਪਣੀ ਜਮ੍ਹਾਂ ਪੂੰਜੀ, ਆਪਣੀ ਛੋਟੀ ਮੋਟੀ ਜਾਇਦਾਦ ਗਿਰਵੀ ਰੱਖਕੇ ਆਪਣੇ ਬੱਚਿਆਂ ਨੂੰ ਅਤੇ ਫਿਰ ਆਪ ਬਾਹਰ ਜਾ ਰਹੇ ਹਨ। ਮੁੱਖ ਤੌਰ ਤੇ ਪੰਜਾਬ ਦੀ ਨਪੀੜੀ ਜਾ ਰਹੀ ਛੋਟੀ ਕਿਸਾਨੀ ਆਰਥਿਕ ਤੰਗੀ ਕਾਰਨ ਵਧੇਰੇ ਕਰਕੇ ਇਸੇ ਰਾਹ ਪੈ ਰਹੀ ਹੈ। ਗੱਲ ਹਰਿਆਣਾ ਦੀ ਵੀ ਇਹੋ ਹੈ ਅਤੇ ਦੱਖਣੀ ਸੂਬਿਆਂ ਦੀ ਵੀ ਇਹੋ ਹੈ। ਦੇਸ਼ ਦੀ ਹਕੂਮਤ ਨੌਜਵਾਨਾਂ ਲਈ ਦੋ ਕਰੋੜ ਨੌਕਰੀਆਂ ਦਾ ਵਾਇਦਾ ਪਰੋਸਦੀ ਹੈ, ਪਰ ਪੱਲੇ ਕੁਝ ਨਹੀਂ ਪਾਉਂਦੀ। ਦੇਸ਼ ਦੀ ਹਕੂਮਤ "ਵਿਸ਼ਵ ਗੁਰੂ" ਦਾ ਨਾਹਰਾ ਦਿੰਦੀ ਹੈ, ਪਰ ਪੱਲੇ ਗਰੀਬਾਂ ਲਈ ਹੋਰ ਗਰੀਬੀ ਪਾਉਂਦੀ ਹੈ। ਹਿੰਦੂਤਵੀ ਏਜੰਡਾ ਅਤੇ ਸਿਰਫ ਵੋਟਾਂ ਦੀ ਨੀਤ ਅਤੇ ਨੀਤੀ ਚਮਕਾਉਂਦੀ ਹੈ।

ਭਾਰਤ ਦੇਸ਼ ਨੂੰ ਛੱਡਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਸ ਦੀ ਜਾਣਕਾਰੀ ਖ਼ੁਦ ਵਿਦੇਸ਼ ਮੰਤਰਾਲੇ ਨੇ ਸਾਂਝੀ ਕੀਤੀ ਹੈ। ਇਸ ਮੌਕੇ ਉਨ੍ਹਾਂ ਨੇ ਨਾਗਰਿਕਤਾ ਛੱਡਣ ਦੇ ਪਿਛੇ ਦੇ ਕਾਰਨ ਦੱਸੇ ਹਨ। ਦੱਸ ਦਈਏ ਕਿ ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਪੰਜਾਬ ਦੇ ਸਾਂਸਦ ਮੈਂਬਰ ਰਾਘਵ ਚੱਢਾ ਵਲੋਂ ਰਾਜ ਸਭਾ ਵਿੱਚ ਪੁਛੇ ਗਏ ਸਵਾਲ ਦੇ ਜਵਾਬ ਦਿਤੀ ਹੈ।

ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ 2019 ਵਿੱਚ 1,44,017 ਭਾਰਤੀਆਂ ਨੇ ਨਾਗਰਿਕਤਾ ਛੱਡੀ ਹੈ ਜਦੋਂਕਿ 2020 ਵਿੱਚ 85256, 2021 ਵਿੱਚ 1,63,370 ਤੇ 2022 ਵਿੱਚ 2,25,620 ਲੋਕਾਂ ਨੇ ਨਾਗਰਿਕਤਾ ਛੱਡੀ ਹੈ।

ਪਿਛਲੇ ਸਾਲ ਦੀ ਗੱਲ ਕੀਤੀ ਜਾਵੇ ਤਾਂ 2 ਲੱਖ 16 ਹਜ਼ਾਰਾ ਲੋਕਾਂ ਨੇ ਭਾਰਤ ਦੇਸ਼ ਦੀ ਨਾਗਰਿਕਤਾ ਛੱਡੀ ਹੈ।

ਜ਼ਿਆਦਾਤਰ ਭਾਰਤੀ ਆਪਣੀ ਨਾਗਰਿਕਤਾ ਤਿਆਗ ਕੇ ਅਮਰੀਕਾ ਜਾ ਰਹੇ ਹਨ। 2018 ਤੋਂ 2023 ਦੇ ਮੱਧ ਤੱਕ ਭਾਰਤ ਤੋਂ 3,28,619 ਭਾਰਤੀਆਂ ਨੇ ਅਮਰੀਕਾ ਦੀ ਨਾਗਰਿਕਤਾ ਲਈ। ਜਦਕਿ 1,61,917 ਨੇ ਕੈਨੇਡੀਅਨ ਅਤੇ 1,31,883 ਨੇ ਆਸਟ੍ਰੇਲੀਆ ਦੀ ਨਾਗਰਿਕਤਾ ਹਾਸਲ ਕੀਤੀ ਹੈ।

### ਕਿਹੜੀ ਵਜ੍ਹਾ ਕਰਕੇ ਨਾਗਰਿਕਤਾ ਛੱਡ ਰਹੇ ਨੇ ਲੋਕ ?

ਗਲੋਬਲ ਵਾਰਮਿੰਗ ਕਾਰਨ ਵਧਦੇ ਭਾਰਤੀ ਤਾਪਮਾਨ ਨੂੰ ਵੀ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਮਾਹਿਰਾਂ ਨੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਹਨ ਕਿ ਕੀ ਆਉਣ ਵਾਲੇ 10 ਸਾਲਾਂ ਵਿੱਚ ਦਿੱਲੀ, ਮੁੰਬਈ ਅਤੇ ਬੈਂਗਲੁਰੂ ਵਰਗੇ ਵੱਡੇ ਸ਼ਹਿਰ ਰਹਿਣ ਯੋਗ ਰਹਿਣਗੇ ਜਾਂ ਨਹੀਂ। ਇਸ ਤੋਂ ਇਲਾਵਾ ਆਈਟੀ ਅਤੇ ਇੰਜਨੀਅਰਿੰਗ ਖੇਤਰ ਵਿੱਚ ਵਿਦੇਸ਼ਾਂ ਵਿੱਚ ਬਿਹਤਰ ਨੌਕਰੀਆਂ ਉਪਲਬਧ ਹਨ। ਇਨ੍ਹਾਂ ਵਿੱਚ ਲੋਕਾਂ ਨੂੰ ਚੰਗੀ ਤਨਖਾਹ ਵੀ ਮਿਲਦੀ ਹੈ। ਅਮਰੀਕਾ ਤੇ ਬ੍ਰਿਟੇਨ ਵਰਗੇ ਦੇਸ਼ਾਂ ਵਿੱਚ ਜੀਵਨ ਦੀ ਗੁਣਵੱਤਾ ਵੀ ਬਿਹਤਰ ਹੈ। ਕਾਰੋਬਾਰ ਲਈ ਚੰਗੀਆਂ ਸੰਭਾਵਨਾਵਾਂ ਹਨ। ਇਸ ਤੋਂ ਇਲਾਵਾ ਮਿਆਰੀ ਸਿਹਤ ਸੇਵਾਵਾਂ ਵੀ ਉਪਲਬਧ ਹਨ।



## ਖਾਲਿਸਤਾਨੀ ਰੈਫ਼ਰੈਂਡਮ ਬਾਰੇ ਭਾਰਤ ਸਰਕਾਰ ਸਖਤ

### ○ ਦੋ ਕੈਨੇਡੀਅਨ ਪੱਤਰਕਾਰਾਂ ਦੇ ਅਕਾਊਂਟ ਭਾਰਤ ਵਿਚ ਐਕਸ ਉਪਰ ਹੋਣਗੇ ਬਲਾਕ




ਟਰਾਂਟੋ-ਕੈਨੇਡਾ ਵਿੱਚ ਖਾਲਿਸਤਾਨ ਸਮਰਥਕ ਲਗਾਤਾਰ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ ਅਤੇ ਪਿਛਲੇ ਸਮੇਂ ਵਿੱਚ ਇਸ ਵਿੱਚ ਵਾਧਾ ਹੋਇਆ ਹੈ। ਭਾਰਤ ਸਰਕਾਰ ਇਸ ਬਾਰੇ ਕਈ ਵਾਰ ਕੈਨੇਡਾ ਨੂੰ ਚੇਤਾਵਨੀ ਦੇ ਚੁੱਕੀ ਹੈ। ਹਾਲਾਂਕਿ ਹੁਣ ਕੇਂਦਰ ਸਰਕਾਰ ਨੇ ਹੈਰਾਨ ਕਰਨ ਵਾਲਾ ਕਦਮ ਚੁੱਕਿਆ ਹੈ। ਸਰਕਾਰ ਨੇ ਸੋਸ਼ਲ ਮੀਡੀਆ ਕੰਪਨੀ ਨੂੰ ਕਿਹਾ ਹੈ ਇਹ ਖਾਤੇ ਪੱਤਰਕਾਰਾਂ ਦੇ ਹਨ ਅਤੇ ਕੰਪਨੀ ਨੇ ਪੁਸ਼ਟੀ ਕੀਤੀ ਹੈ ਕਿ ਉਸ ਨੂੰ ਇਹ ਬੇਨਤੀ ਸਰਕਾਰ ਤੋਂ ਮਿਲੀ ਸੀ ਕਿ ਇਨ੍ਹਾਂ ਨੂੰ ਬਲਾਕ ਕੀਤਾ ਜਾਵੇ।

ਬਲੌਕ ਕੀਤੇ ਗਏ ਹੈਂਡਲ ਕੈਲਗਰੀ-ਅਧਾਰਿਤ ਫ੍ਰੀਲਾਂਸ ਪੱਤਰਕਾਰ ਮੋਚਾ ਬੇਜ਼ੀਰਗਨ ਅਤੇ ਪੱਤਰਕਾਰ 'ਵੀ' ਦੇ ਹਨ ਜੋ ਟੋਰਾਂਟੋ ਅਤੇ ਕੈਲੀਫੋਰਨੀਆ ਵਿੱਚ ਸਥਿਤ ਹਨ। ਉਨ੍ਹਾਂ ਨੂੰ ਬੀਤੇ ਦਿਨੀਂ ਇਸ ਨੋਟਿਸ ਦੀ ਜਾਣਕਾਰੀ ਮਿਲੀ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਇਹ ਮੰਗ ਇਸ ਲਈ ਕੀਤੀ ਗਈ ਹੈ ਕਿਉਂਕਿ ਮੰਨਿਆ ਜਾ ਰਿਹਾ ਸੀ ਕਿ ਖਾਤੇ ਦੀ ਸਮੱਗਰੀ ਭਾਰਤ ਦੇ ਸੂਚਨਾ ਤਕਨਾਲੋਜੀ ਐਕਟ, 2000 ਦੀ ਉਲੰਘਣਾ ਕਰਦੀ ਹੈ। ਐਕਸ ਨੇ ਉਸ ਨੂੰ ਦੱਸਿਆ ਕਿ ਇਸ ਕਾਨੂੰਨ ਕਾਰਨ ਉਸ 'ਤੇ ਭਾਰਤ ਵਿਚ ਪਾਬੰਦੀ ਲੱਗ ਜਾਵੇਗੀ। ਹਾਲਾਂਕਿ ਇਹ ਦੂਜੇ ਦੇਸ਼ਾਂ ਵਿੱਚ ਮੌਜੂਦ ਹੋਵੇਗਾ।

ਪੱਤਰਕਾਰ ਮੋਜ਼ਾ ਕੈਨੇਡਾ ਵਿੱਚ ਖਾਲਿਸਤਾਨ ਪੱਖੀ ਪ੍ਰੋਗਰਾਮਾਂ ਦੀ ਰਿਪੋਰਟਿੰਗ ਕਰ ਰਿਹਾ ਹੈ। ਉਨ੍ਹਾਂ ਪਿਛਲੇ ਐਤਵਾਰ ਕੈਲਗਰੀ ਵਿੱਚ ਸਿੱਖਸ ਫਾਰ ਜਸਟਿਸ ਵੱਲੋਂ ਕਰਵਾਏ ਖਾਲਿਸਤਾਨ ਰੈਫ਼ਰੈਂਡਮ ਬਾਰੇ ਵੀ ਜਾਣਕਾਰੀ ਦਿੱਤੀ। ਕੈਨੇਡਾ ਨੇ ਉਸ 'ਤੇ ਭਾਰਤ ਵੱਲੋਂ ਚਲਾਏ ਜਾ ਰਹੇ ਜਾਸੂਸੀ ਨੈੱਟਵਰਕ ਦਾ ਹਿੱਸਾ ਹੋਣ ਦਾ ਵੀ ਦੋਸ਼ ਲਾਇਆ ਹੈ।

# ਚਿੜੀ ਵਿਚਾਰੀ ਕੀ ਕਰੇ ?

ਇਕਬਾਲ ਸਿੰਘ ਲਾਲਪੁਰਾ



ਦਸਮ ਪਿਤਾ ਦਾ ਇਹ ਹੁਕਮ "ਚਿੜੀਆਂ ਤੋਂ ਮੈਂ ਬਾਜ਼ ਤੜਾਉ, ਗਿੱਦੜਾਂ ਤੋਂ ਮੈਂ ਸ਼ੇਰ ਬਣਾਉ। ਸਵਾ ਲੱਖ ਸੇ ਏਕ ਲੜਾਉ, ਤਬੈ ਗੋਬਿੰਦ ਸਿੰਘ ਨਾਮ ਕਹਾਉਂ।", ਸਿੱਖ ਕੌਮ ਦੀ ਦ੍ਰਿੜਤਾ, ਆਤਮ ਵਿਸ਼ਵਾਸ ਤੇ ਬਹਾਦੁਰੀ ਦਾ ਪ੍ਰਤੀਕ ਹੈ। ਪੰਦਰਵੀਂ ਸਦੀ ਤੱਕ ਵਿਦੇਸ਼ੀ ਹਮਲਿਆਂ ਕਾਰਨ ਭਾਰਤ ਜੋ ਸੋਨੇ ਦੀ ਚਿੜੀ ਕਰਕੇ ਜਾਣਿਆ ਜਾਂਦਾ ਸੀ, ਲੁੱਟਿਆ ਜਾ ਰਿਹਾ ਸੀ, ਵਿਦੇਸ਼ੀ ਧਾੜਵੀ ਜਾਂ ਤਾਂ ਇੱਥੇ ਕਾਬਜ਼ ਹੋ ਗਏ ਜਾ ਲੁੱਟ ਕੇ ਆਪਣੇ ਮੁਲਕ ਵਾਪਸ ਪਰਤ ਜਾਂਦੇ ਸਨ। ਪੰਦਰਾਂ ਸੋ ਸਾਲ ਤੱਕ ਸਿਕੰਦਰ ਨੂੰ ਰੋਕਣ ਵਾਲਾ ਦੂਜਾ ਪੋਰਸ ਪੈਦਾ ਨਹੀ ਹੋਇਆ ।

ਗੁਰੂ ਨਾਨਕ ਦੇ ਫਲਸਫੇ "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਨੇ ਇੱਕ ਨਵੀਂ ਚੇਤਨਾ ਪੈਦਾ ਕੀਤੀ, ਸੀਸ ਕਟਵਾ ਕੇ ਤਿਲਕ ਜੰਞੂ ਦੀ ਰਾਖੀ ਕਰਨ ਤੇ ਜ਼ੁਲਮ ਵਿੱਧ ਖੜੇ ਹੋਣ ਵਾਲੇ ਅਣਖੀਲੇ ਸਿੰਘ ਸੂਰਮੇ ਪੈਦਾ ਕੀਤੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ, ਦਿਲਾਂ ਵਿੱਚ ਵਸਾਉਣ ਲਈ, ਦੋ ਸੋ ਉੱਤਾਲੀ ਸਾਲ, ਦਸ ਗੁਰੂ ਸਾਹਿਬਾਨ ਨੇ ਬਾਬਰ ਨੂੰ ਪਾਪ ਦੀ ਜੰਞ ਵਾਲਾ ਧਾੜਵੀ ਦਸ, ਹਮਾਯੂੰ ਨੂੰ ਬੁਜਦਿਲ ਤੇ ਚਾਰ ਪੁੱਤਰ ਸ਼ਹੀਦ ਕਰਵਾ ਕੇ, ਔਰੰਗਜੇਬ ਨੂੰ ਜੀਵਤ ਕਈ ਹਜ਼ਾਰ ਦਸ ਕੇ ਵੰਗਾਰਿਆ। ਇਸੇ ਇਤਿਹਾਸ ਨੂੰ ਬਾਬਾ ਬੰਦਾ ਸਿੰਘ ਬਹਾਦੁਰ, ਨਵਾਬ ਕਪੂਰ ਸਿੰਘ, ਸੁਲਤਾਨ ਉਲ ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜੀਆ ਤੇ ਸਰਦਾਰ ਚੜਤ ਸਿੰਘ ਆਦਿ ਨੇ ਬਹਾਦੁਰੀ ਨਾਲ ਅੱਗੇ ਤੋਰਿਆ। ਗੁਰੂ ਕਾਲ ਵਿਚ ਕੇਵਲ ਫ਼ਲਸਫ਼ੇ ਨੂੰ ਅੱਗੇ ਵਧਾਉਣ ਦੀ ਯੋਜਨਾਬੰਦੀ ਹੁੰਦੀ ਰਹੀ ਤੇ ਗੁਰੂ ਸਾਹਿਬ ਜੀਵਨ ਰਾਹੀਂ ਇਸਦੀਆਂ ਉਦਾਹਰਣਾਂ ਪੇਸ਼ ਕਰਦੇ ਰਹੇ।

ਬਾਬਾ ਬੰਦਾ ਸਿੰਘ ਬਹਾਦੁਰ ਨੇ ਪਾਹੁਲ ਦੀ ਗੁੜਤੀ ਨਾਲ ਜਾਬਰ ਹਕੂਮਤ ਦੀਆਂ ਜੜਾਂ ਪੁੱਟ, ਆਦਰਸ਼ ਹਲੀਮੀ ਰਾਜ ਦੀ ਸਥਾਪਨਾ ਕੀਤੀ, ਫੇਰ ਤਾਂ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਅਜ਼ਾਦੀ ਹੀ ਨਹੀਂ ਪ੍ਰਾਪਤ ਕੀਤੀ, ਦੁਨੀਆ ਨੂੰ ਇਕ ਮਿਸਾਲੀ ਰਾਜ ਪ੍ਰਬੰਧ ਵੀ ਦਿੱਤਾ। ਇਹ ਵਾਰਤਾ ਸ਼ੇਰੇ ਪੰਜਾਬ ਦੇ ਅਕਾਲ ਚਲਾਣੇ ਤੋਂ ਵਾਦ ਕੰਮਜੋਰ ਪੈ ਗਈ। 1846 ਈ ਦੀ ਭਰੋਵਾਲ ਦੀ ਸੰਧੀ ਨੇ ਲਹੌਰ ਦੇ ਤਖ਼ਤ ਤੇ ਅੰਗਰੇਜ ਦਾ ਕਬਜ਼ਾ ਕਰਵਾ



ਦਿੱਤਾ। ਪੰਜ ਹਜ਼ਾਰ ਪਰਿਵਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਵਿੱਚ ਹਰ ਸਾਲ ਪਾਹੁਲ ਲੈ ਸਿੰਘ ਸਜਦੇ ਸਨ। ਇਸ ਸਮੇਂ ਵਿੱਚ ਕਿਸੇ ਸਿੱਖ ਆਗੂ ਨੇ ਵੀ ਕਿਸੇ ਗੁਰੂ ਘਰ ਤੇ ਨਾ ਕਬਜ਼ਾ ਕੀਤਾ ਤੇ ਨਾ ਹੀ ਪ੍ਰਬੰਧ ਵਿੱਚ ਦਖਲ ਦਿੱਤਾ। ਦਿਦਾਰ ਖਾਲਸੇ ਤੇ ਪੰਜ ਪਿਆਰਿਆਂ ਦੀ ਸੰਸਥਾ ਮਜ਼ਬੂਤ ਸੀ, ਜੋ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੜੀ ਛੱਡਣ ਦਾ ਆਦੇਸ਼ ਦੇ ਸਕਦੇ ਸਨ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਇਮਲੀ ਦੇ ਖ ਨਾਲ ਬੰਨ ਵੀ ਸਕਦੇ ਸਨ। ਪੰਜ ਪਿਆਰੇ ਆਪ ਸਿਰ ਕੁਰਬਾਨ ਕਰਨ ਵਾਲੇ ਬਹਾਦੁਰ ਤੇ ਵਿਦਵਾਨ ਆਗੂ ਹੁੰਦੇ ਸਨ ।

ਮੁਗਲਾਂ ਨੇ ਸ਼੍ਰੀ ਗੁਰੂ ਅਰਜਣ ਦੇਵ ਜੀ ਨੂੰ ਸ਼ਹੀਦ ਕਰ ਤਲਵਾਰ ਨਾਲ ਇਸ ਫ਼ਲਸਫ਼ੇ ਨੂੰ ਖਤਮ ਕਰਨ ਦਾ ਯਤਨ ਕੀਤਾ, ਪਰ ਚਰਖੜੀਆਂ ਤੇ ਚੜ੍ਹ, ਆਰਿਆਂ ਨਾਲ ਚੀਰ ਹੋ ਕੇ ਤੇ ਘੱਲੂਘਾਰਿਆਂ ਨੂੰ ਕਬੂਲਦਿਆਂ ਖਾਲਸਾ ਪੰਥ ਅੱਗੇ ਵਧਦਾ ਗਿਆ। ਪਰ ਅੰਗਰੇਜ ਨੇ ਸਿੱਖ ਆਗੂਆਂ ਵਿੱਚ ਫੁੱਟ ਪਾ, ਗੁਰਧਾਮਾਂ ਤੇ ਕਬਜ਼ਾ ਕਰ, ਸਿੱਖ ਰਾਜਿਆਂ ਨੂੰ ਇਸਾਈ ਬਣਾ ਕੇ, ਸਿੱਖ ਧਰਮ ਦੇ ਮੂਲ ਸਿਧਾਂਤ ਨੂੰ ਸੱਟ ਮਾਰ, ਕੌਮ ਨੂੰ ਸਿਧਾਂਤ ਹੀਨ ਕਰਨ ਦੀ ਨੀਤੀ ਅਪਨਾਈ।

ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖ ਕੌਮ ਨੂੰ ਜਾਗ੍ਰਿਤ ਕਰਨ ਦਾ ਕੰਮ ਕੀਤਾ, ਉਸ ਸਮੇਂ ਅੰਗਰੇਜ ਹਮਾਇਤੀ ਸਿੱਖ ਵੀ ਘੱਟ ਮਜ਼ਬੂਤ ਨਹੀਂ ਸਨ। ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਸਹਾਇਤੀ ਲਈ ਅਕਾਲੀ ਦਲ ਕਾਇਮ ਕੀਤਾ ਸੀ। ਅੰਗਰੇਜ ਨੇ ਗੁਰਦੁਆਰਾ ਪ੍ਰਬੰਧ ਲਈ ਚੋਣਾਂ ਦਾ ਰਾਹ ਦੱਸ, ਧਰਮ ਨੂੰ ਰਾਜਨੀਤੀ ਦੇ ਰਾਹ ਪਾ ਦਿੱਤਾ, ਨਵਾਂ ਗੁਰਦੁਆਰਾ ਪ੍ਰਬੰਧ ਕੇਵਲ ਮਹੰਤਾਂ ਦੇ ਕਬਜ਼ੇ ਵਾਲੇ ਗੁਰਦੁਆਰਿਆਂ ਤੱਕ ਸੀਮਤ ਕਰ ਦਿੱਤਾ। ਗੁਰਦੁਆਰਾ ਪ੍ਰਬੰਧ ਵਿੱਚ ਸੁਧਾਰ ਕਰਨ ਤੇ ਧਰਮ ਪ੍ਰਚਾਰ ਲਈ ਇਕੱਠੇ ਹੋਏ ਸਿੱਖ ਜਲਦੀ ਹੀ ਕਾਂਗਰਸ ਦੇ ਸਾਥੀ ਬਣ, ਅਜ਼ਾਦੀ ਘੁਲਾਟੀਏ ਬਣ ਗਏ। ਧਰਮ ਵਿੱਚ ਰਾਜਨੀਤੀ ਦੀ ਦਖਲ ਅੰਦਾਜੀ ਨੂੰ ਜਾਇਜ਼ ਸਾਬਤ ਕਰਨ ਲਈ, "ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ॥" ਵਾਲਾ ਹੁਕਮ ਭੁੱਲ, ਮੀਰੀ ਤੇ ਪੀਰੀ ਦੀ ਗੱਲ ਕਰਨ ਲੱਗ ਪਏ, ਅਤੇ ਪੀਰੀ ਤੇ ਮੀਰੀ ਦੀ ਸਰਦਾਰੀ ਸਾਬੁਤ ਕਰਨ ਦੇ ਰਾਹ ਪੈ ਗਏ। ਅਜ਼ਾਦੀ ਤੋਂ ਬਾਅਦ ਸ਼ਾਇਦ ਹੀ ਕਦੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਨਾਲ ਹੋਈਆਂ ਹੋਣ, ਪ੍ਰਬੰਧਕਾਂ ਦਾ ਸਬੰਧ ਰਾਜਨੀਤੀ ਨਾਲ ਹੋਣ ਕਾਰਨ ਪੰਜਾਬ ਦੇ ਰਾਜਨੀਤਿਕ ਲੋਕ ਮੁੱਢ ਤੋਂ ਹੀ ਗੁਰਦਵਾਰਾ ਚੋਣਾਂ ਵਿੱਚ ਸਿਧੇ ਜਾ ਅਸਿਧੇ ਢੰਗ ਨਾਲ ਦਖ਼ਲਅੰਦਾਜੀ ਕਰਦੇ ਰਹੇ ਹਨ।


ਅਜ਼ਾਦੀ ਤੋਂ ਬਾਅਦ ਬਹੁਤੇ ਮੋਰਚੇ ਜੋ ਪੰਜਾਬ, ਪੰਜਾਬੀ ਤੇ ਸਿੱਖ ਰਾਜਨੀਤੀ ਨਾਲ ਸੰਬੰਧਤ ਸਨ, ਦਾ ਕੇਂਦਰ ਵੀ ਗੁਰੂ ਘਰ ਹੀ ਰਹੇ ਹਨ, ਪਰ ਇਹਨਾਂ ਮੋਰਚਿਆਂ ਦੀ ਪ੍ਰਾਪਤੀ ਨਾਂ ਦੇ ਬਰਾਬਰ ਹੀ ਰਹੀ ਹੈ, ਜਿਸ ਕਾਰਨ "ਨਿਸਚੈ ਕਰ ਅਪੁਨੀ ਜੀਤ ਕਰੋਂ" ਦਾ ਸੰਕਲਪ, ਗੁਰੂ ਘਰ ਅੰਦਰ ਅਰਦਾਸ ਤੋਂ ਬਾਅਦ ਵੀ, ਅਧੂਰਾ ਹੀ ਰਿਹਾ। ਜਿਸ ਨਾਲ ਕੌਮ ਲਈ ਨਿਰਾਸ਼ਾ ਜਨਕ ਸਥਿਤੀ ਬਣ ਗਈ। ਜੋ ਕੰਮ ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ, ਪੰਜਾਬ ਦੇ ਵਿਕਾਸ, ਇਨਸਾਫ ਤੇ ਨੌਜਵਾਨਾਂ ਲਈ ਹੋ ਸਕਦੇ ਸਨ, ਉਹ ਵੀ ਪੰਥਕ ਸਰਕਾਰਾਂ, ਜਿਨਾਂ ਇਸ ਦੇ ਲਈ ਸੰਘਰਸ਼ ਵਿਡੇ ਸਨ, ਪੂਰਾ ਨਹੀ ਕਰ ਸਕੀਆਂ।

ਚਿੰਤਨ ਦਾ ਵਿਸ਼ਾ ਹੈ ਕਿ ਜਿਥੇ 2011 ਦੀ ਭਾਰਤੀ ਜਨਗਣਨਾ ਸਮੇਂ 1.60 ਕਰੋੜ ਸਿੱਖ ਪੰਜਾਬ ਵਿੱਚ ਸਨ ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੋਟਰਾਂ ਦੀ ਗਿਣਤੀ ਇਸ ਵਾਰ 28 ਲੱਖ ਪਾਰ ਨਹੀਂ ਕਰ ਸਕੀ, ਜੋ ਕਿ ਕੁੱਲ ਵੋਟਾਂ ਦਾ 18 ਪ੍ਰਤੀਸ਼ਤ ਤੋਂ ਵੀ ਘੱਟ ਬਣਦੀ ਹੈ। 2011 ਦੀਆਂ ਚੋਣਾ ਸਮੇਂ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ 55 ਲੱਖ ਦੇ ਕਰੀਬ ਸਨ। ਇਹ ਆਂਕੜੇ ਸਪੱਸ਼ਟ ਕਰਦੇ ਹਨ ਕਿ ਸਿੱਖ ਧਰਮ ਦਾ ਪ੍ਰਸਾਰ ਵਧਣ ਦੀ ਥਾਂ ਸਿੱਖਾਂ ਦੀ ਗਿਣਤੀ ਹੀ ਘਟ ਗਈ ਹੈ ਜਾਂ ਸਿੱਖ ਵੋਟ ਪਾਉਣ ਦੇ ਯੋਗ ਹੀ ਨਹੀਂ ਰਹੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਬਹੁਤ ਸਾਰਿਆਂ ਸੰਪਰਦਾਵਾਂ, ਧਰਮ ਪ੍ਰਚਾਰ ਤੇ ਅੰਮ੍ਰਿਤ ਛਕਾਉਣ ਦੀ ਗੱਲ ਕਰਦੀਆਂ ਹਨ, ਪਰ ਉਸਦਾ ਪ੍ਰਭਾਵ ਆਂਕੜਿਆਂ ਵਿੱਚ ਕਿਧਰੇ ਸਪੱਸ਼ਟ ਨਹੀਂ ਹੁੰਦਾ। ਇਹੀ ਹਾਲ ਹਰਿਆਣਾ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਹੋ ਰਿਹਾ ਹੈ। ਕਾਰਨ ਸਿੱਖ ਧਰਮ ਵਿੱਚ ਪੂਰਨ ਪਰਪੱਕਤਾ ਜਾਂ ਧਰਮ ਦੀ ਮਰਿਆਦਾ ਅਨੁਸਾਰ ਜੀਵਨ ਦੀ ਜੁਗਤ ਕਮਜੋਰ ਹੋਈ ਜਾਪਦੀ ਹੈ, ਜਾਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਕੰਮ ਤੋਂ ਨਿਰਾਸ਼ ਹੋਇਆ ਵੋਟਰ ਹੀ ਨਹੀਂ ਬਣਨਾ ਚਾਹੁੰਦਾ। ਜੇਕਰ ਸਿੱਖ ਕੌਮ ਨਿਰਾਸ਼ਤਾ ਦੇ ਆਲਸ ਵਿੱਚ ਚਲੀ ਜਾਵੇਗੀ, ਤਾਂ ਚੜ੍ਹਦੀ ਕਲਾ ਜਾਂ ਸੰਕਲਪ ਕਮਜ਼ੋਰ ਹੋ ਜਾਵੇਗਾ।

ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਨਸਾਨ ਤੋਂ ਦੇਵਤਾ ਬਨਾਉਣ ਦੀ ਵਿਧੀ ਆਰੰਭ ਕੀਤੀ ਸੀ ਜਿਸਦਾ ਨਤੀਜਾ ਸੰਤ ਸਿਪਾਹੀ ਦੇ ਰੂਪ ਵਿੱਚ ਪ੍ਰਗਟ ਹੋਇਆ, ਸੰਤ ਜ਼ੋ ਪ੍ਰਭੂ ਭਗਤੀ ਵਿੱਚ ਲੀਨ ਹੋਵੇ ਤੇ ਦੇਵਤਾ ਜੋ ਦਾਨਵਾ ਤੋਂ ਭਾਵ ਜੁਲਮ ਤੋਂ ਮਨੁੱਖਤਾ ਦੀ ਰਾਖੀ ਤੇ ਸੇਵਾ ਕਰੇ। ਧਰਮ ਦੇ ਇਤਿਹਾਸ ਵਿੱਚ ਕਦੇ ਵੀ ਦੇਵਤਿਆਂ ਦੀ ਹਾਰ ਨਹੀਂ ਹੋਈ, ਪਰ ਕੌਮ ਅੰਦਰ ਕਮਜੋਰੀ ਦਾ ਕਾਰਣ ਦੇਵਤਾਪਨ ਦੇ ਨਿਯਮ ਤੋਂ ਦੂਰ ਹੋ ਜਾਣਾ ਤਾਂ ਨਹੀਂ ?

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰ ਸ਼ਾਹ ਨਾਲ ਇਤਿਹਾਸਿਕ ਗੱਲਬਾਤ ਸਮੇਂ ਤਿੰਨ ਸ਼ਕਤੀਆਂ ਦਾ ਵਰਨਣ ਕੀਤਾ ਸੀ, ਰਾਜ ਸ਼ਕਤੀ, ਧਨ ਸ਼ਕਤੀ ਤੇ ਸਰੀਰਿਕ ਸ਼ਕਤੀ ਤੇ ਸਿੱਖ ਲਈ ਇਹ ਤਿਨਾਂ ਦੀ ਪ੍ਰਾਪਤੀ ਲਾਜ਼ਮੀ ਕਰਾਰ ਦਿੱਤੀ ਗਈ ਹੈ, ਦੁਨੀਆ ਭਰ ਵਿੱਚ ਲੋਕ ਰਾਜ ਹੈ ਕਿਸੇ ਵੀ ਸੂਬੇ ਦੀਆਂ ਸਰਕਾਰ ਦਾ ਆਪਣਾ ਅਧਿਕਾਰ ਖੇਤਰ ਹੁੰਦਾ ਹੈ, ਪੰਜਾਬ ਵਿੱਚ ਪਿਛਲੇ 68 ਸਾਲਾਂ ਵਿੱਚ ਜਿਆਦਾ ਸਮੇਂ ਸਿੱਖ ਧਰਮ ਨੂੰ ਮੰਨਣ ਵਾਲੇ ਹੀ ਮੁੱਖ ਮੰਤਰੀ ਰਹੇ ਹਨ, ਪਰ ਵਿਕਾਸ ਦੇ ਪੱਖੋਂ, ਪੰਜਾਬ ਬਹੁਤ ਪਿੱਛੇ ਚਲਾ ਗਿਆ ਹੈ।

ਬਾਕੀ ਹਿਸਾ ਸਫਾ 28 ਤੇ ਪੜ੍ਹੋ



27 ਸਫ਼ੇ ਦੀ ਬਾਕੀ

ਬਦਕਿਸਮਤੀ ਦੀ ਗੱਲ ਹੈ ਕਿ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਵਾਲੀ ਧਰਤੀ ਤੇ ਹੁਣ ਇੰਨਕਲਾਬ ਜ਼ਿੰਦਾਬਾਦ ਦੀ ਗੱਲ ਕਰਨ ਵਾਲੇ ਅੱਗੇ ਲੱਗੇ ਹੋਏ ਹਨ। ਪੰਜਾਬ ਵਿੱਚ ਪਿਛਲੀ ਅੱਧੀ ਸਦੀ ਤੋਂ ਜ਼ਿਆਦਾ ਸਮੇਂ ਤੋਂ ਹੋ ਰਹੇ ਅੰਦੋਲਨਾ/ਸੰਘਰਸ਼ਾਂ ਨੇ ਵਿਕਾਸ ਨੂੰ ਹੀ ਨਹੀਂ ਰੋਕਿਆ ਸਗੋਂ ਸਿੱਖਾਂ ਦੀ ਮਾਨਸਿਕਤਾ ਨੂੰ ਵੀ ਸੱਟ ਮਾਰ ਕੇ ਧਰਮ ਸਥਾਨਾਂ ਨੂੰ ਨੁਕਸਾਨ ਪਹੁੰਚਾਇਆ ਹੈ।

ਸਿੱਖ ਕੌਮ ਗੁਰਮਤਿ ਦੇ ਮਹਾਨ ਫਲਸਫੇ ਸੇਵਾ ਕਾਰਨ ਦੁਨੀਆ ਭਰ ਵਿੱਚ ਆਪਣੀ ਥਾਂ ਬਣਾ ਚੁੱਕੀ ਹੈ, ਸਿੱਖ ਮਿਹਨਤ ਕਰਨ ਵਾਲੇ, ਦੇਸ਼ ਭਗਤ ਤੇ ਬਹਾਦਰ ਹੋਣ ਕਾਰਨ, ਦੁਨੀਆ ਭਰ ਵਿੱਚ ਵਿਅਕਤੀ ਗਤ ਰੂਪ ਵਿੱਚ ਨਾਮਨਾ ਖੱਟ ਰਹੇ ਹਨ, ਪਰ ਜਮਾਤੀ ਰੂਪ ਵਿੱਚ ਉਥੇ ਵੀ ਗੁਰਦਵਾਰਾ ਪ੍ਰਬੰਧ ਤੇ ਕਬਜ਼ੇ ਦੀ ਲੜਾਈਆਂ ਕਾਰਨ, ਸੰਗਤੀ ਰੂਪ ਨਾ ਤਾਂ ਸਿੱਖ ਧਰਮ ਦਾ ਅਮੀਰ ਫ਼ਲਸਫ਼ਾ ਹੀ ਪ੍ਰਚਾਰ ਸਕੇ ਹਨ ਤੇ ਨਾ ਹੀ ਸੰਤ ਰੂਪ ਹੀ ਪਰਗਟ ਕਰਨ ਵਿੱਚ ਕਾਮਯਾਬ ਹੋ ਰਹੇ ਹਨ।

ਗੁਰੂ ਘਰਾਂ ਅੰਦਿਰ ਗੁਰਬਾਣੀ ਪਾਠ, ਕੀਰਤਨ ਤੋਂ ਬਿਨਾ ਹੋਰ ਕੋਈ ਗੱਲ ਨਹੀ ਹੋਣੀ ਚਾਹੀਦੀ, ਪਰ ਉੱਥੇ ਵੀ ਇਤਿਹਾਸਕ ਪਾਤਰਾਂ ਦੀਆਂ ਫੋਟੋਆਂ ਲਾ ਕੇ ਉਸਨੂੰ ਮਿਊਜ਼ਿਅਮ ਤੇ ਗੁਰੂ ਘਰ ਵਿੱਚ ਰਲਗਡ ਕਰਨ ਦਾ ਯਤਨ ਹੋ ਰਿਹਾ ਹੈ। ਹੁਕਮ ਤਾਂ ਇਹ ਹੈ ਕਿ ਸਤਿਸੰਗ ਵਿੱਚ ਗਰੀਬ ਪਾਸ ਬੈਠਣ ਤੋਂ ਗੁਰੇਜ਼ ਨਹੀਂ ਕਰਨਾ, ਗੁਰੂ ਦੇ ਬਚਨ ਸ਼ਬਦ ਤੋਂ ਬਿਨਾ ਹੋਰ ਕੋਈ ਗੀਤ ਨਾ ਗਾਏ ਜਾਣ, ਸਾਧ ਸੰਗਤ ਇਕੱਤਰ ਹੋਵੇ ਅਤੇ ਗੁਰੂ ਪੰਥ ਦੀਆਂ ਵਡਿਆਈਆਂ ਬਾਰੇ ਚਿੰਤਨ ਵੀ ਹੋਵੇ। ਸਿੱਖਾਂ ਦਾ ਮਸਲਾ ਸਿੱਖਾਂ ਵਿੱਚ ਹੀ ਨਿਬੜੇ। ਸਿਧਾਂਤ ਹੈ "ਰਹਿਤ ਬਿਨਾਂ ਸੁਖ ਕਬਹੂੰ ਨ ਲਹੈ, ਤਾਂਤੇ ਰਹਿਤ ਸੁ ਦ੍ਰਿੜ੍ਹ ਕਰ ਰਹੈ॥"

ਵਿਦੇਸ਼ ਵਸਦੇ ਪੰਜਾਬੀਆਂ ਨੇ ਦੁਨੀਆ ਭਰ ਵਿੱਚ ਨੋਬਲ ਪੁਰਸਕਾਰ ਵੀ ਜਿੱਤੇ ਹਨ ਤੇ ਹਰ ਖੇਤਰ ਵਿੱਚ ਨਾਮ ਵੀ ਚਮਕਾਇਆ ਹੈ, ਜਮਾਤੀ ਰੂਪ ਵਿੱਚ ਇਹ ਸਾਰੇ ਪੰਜਾਬੀ ਇਕੱਠੇ ਹੋ ਕੇ, ਕਿਵੇਂ ਵਿਕਾਸ ਦੇ ਰਾਹ ਵਿੱਚ ਸਹਾਇਕ ਹੋ ਸਕਦੇ ਹਨ ਇਸ ਬਾਰੇ ਚਿੰਤਨ ਕਰਨ ਦੀ ਲੋੜ ਹੈ। ਕੁਝ ਤਾਕਤਾਂ ਜੋ ਭਾਰਤ ਵਿਰੋਧੀ ਸੋਚ ਰੱਖਦੀਆਂ ਹਨ ਨੇ, ਸਿੱਖ ਕੌਮ ਦੀ ਦੇਸ਼ ਭਗਤੀ ਬਾਰੇ ਹੀ ਸ਼ੰਕਾ ਪੈਦਾ ਕਰਨ ਦੇ ਯਤਨ ਕੀਤੇ ਹਨ, ਜਿਨਾਂ ਦੇ ਆਖੇ ਲੱਗੇ ਕੁਝ ਮੁੱਠੀਭਰ ਲੋਕ ਦੇਸ਼ ਵਿਰੋਧੀ ਕਾਰਵਾਈਆਂ ਕਰਕੇ, ਭਾਰਤ ਵਿੱਚ ਸਿੱਖ ਕੌਮ ਦੀ ਛਵੀ ਨੂੰ ਹੀ ਖਰਾਬ ਨਹੀਂ ਕਰ ਰਹੇ, ਪੰਜਾਬ ਦੇ ਵਿਕਾਸ ਵਿੱਚ ਵੀ ਰੋੜਾ ਅਟਕਾ ਰਹੇ ਹਨ।

ਪੰਜਾਬ ਬਾਰੇ ਲਿਖਿਆ ਗਿਆ ਹੈ ਕਿ ਇਹ ਧਰਤੀ ਗੁਰੂਆਂ ਦੇ ਨਾਂ ਨਾਲ ਜਿਉਂਦੀ ਹੈ ਤੇ ਇਥੇ ਖੁਸ਼ਹਾਲੀ ਦਾ ਰਾਹ ਵੀ ਗੁਰਮਤਿ ਅਨੁਸਾਰ ਹੀ ਅੱਗੇ ਵਧਣ ਨਾਲ ਹੋ ਸਕਦਾ ਹੈ। ਗੁਰੂ ਸਾਹਿਬ ਨੇ ਤਾਂ ਚਿੜੀਆਂ ਤੋਂ ਬਾਜ ਤੁੜਵਾ ਕੇ ਦਬੇ ਕੁਚਲੇ ਲੋਕਾਂ ਨੂੰ ਸਿੰਘ ਸੂਰਮੇ ਬਣਾ ਦਿੱਤਾ ਸੀ ਤੇ ਜਿਨਾਂ ਨੇ ਜਾਬਰ ਮੁਗ਼ਲ ਰਾਜ ਦਾ ਖਾਤਮਾ ਕਰ ਦਿੱਤਾ ਸੀ, ਅੱਜ ਇਸੇ ਧਰਤੀ ਤੇ ਸਿੰਘ ਸੂਰਮੇ ਖੁਦ ਚਿੜੀਆਂ ਬਣੇ ਹੋਏ ਹਨ, ਬਾਜ ਨੂੰ ਤੋੜਨ ਦੀ ਥਾਂ ਆਪਣੀ ਧਰਤੀ ਛੱਡ ਵਿਦੇਸ਼ਾਂ ਵੱਲ ਭੱਜ ਰਹੇ ਹਨ, ਸਮਾਂ ਚਿੰਤਾ ਦਾ ਵੀ ਹੈ ਤੇ ਚਿੰਤਨ ਦਾ ਵੀ।


ਜੇਕਰ ਨਿਸ਼ਚੈ ਕਰ ਅਪੁਨੀ ਜੀਤ ਕਰੋ ਦੀ ਨੀਤੀ ਨੂੰ ਹੀ ਮੁੜ ਅਪਣਾਇਆ ਜਾਵੇ ਤਾਂ ਕੌਮ ਨੂੰ ਨਿਰਾਸ਼ਤਾ ਦੇ ਆਲਮ ਤੋਂ ਕਢਣਾ ਔਖਾ ਨਹੀਂ, ਪਹਿਲਾ ਕੰਮ ਤਾ ਹਰ ਸਿੱਖ ਨੂੰ ਆਪਣਾ ਫਰਜ ਸਮਝ ਕੇ ਪੰਜਾਬ ਤੇ ਪੰਜਾਬ ਤੋਂ ਬਾਹਰ ਗੁਰਦੁਆਰਾ ਪ੍ਰਬੰਧ ਦੀ ਚੋਣ ਲਈ ਆਪਣੀ ਵੋਟ ਬਨਾਉਣੀ ਚਾਹੀਦੀ ਹੈ, ਇਸ ਵਿੱਚ ਧਰਮ ਪ੍ਰਚਾਰ-ਪ੍ਰਸਾਰ ਵਿੱਚ ਲੱਗੀਆਂ ਸਾਰੀਆਂ ਸੰਸਥਾਵਾਂ ਨੂੰ ਵੀ ਅੱਗੇ ਲਗਣਾ ਪਵੇਗਾ। ਦੂਜੀ ਗੱਲ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਮੁੜ ਸਹੀ ਰਾਹ ਤੇ ਲਿਆਉਣ ਲਈ, ਪਿੰਡ ਨੂੰ ਇਕਾਈ ਮੰਨ ਕੇ ਗੁਰਮਤਿ ਅਨੁਸਾਰ ਗਿਆਨ ਤੇ ਸੇਵਾ ਦਾ ਮਾਰਗ ਚੁਨਣਾ ਪਵੇਗਾ। ਤੀਜੀ ਗੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਰਾਗੁ ਦੇ ਆਰੰਭਤਾ ਵਿੱਚ ਹੀ "ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" ਗੁਰਮਤਿ ਦੇ ਚਾਨਣ ਨੂੰ ਆਇਆਂ 550 ਸਾਲ ਤੋਂ ਜ਼ਿਆਦਾ ਦਾ ਸਮਾਂ ਹੋ ਚੁੱਕਿਆ ਹੈ। ਇਸ ਲਈ ਹਾਲੇ ਵੀ ਕੋਈ ਸਿੱਖ ਲੋੜਵੰਦ ਹੈ ਤਾਂ ਉਸਦੀ ਮਦਦ ਦਾ ਪ੍ਰਬੰਧ ਪਿੰਡ, ਕਸਬੇ ਤੇ ਸ਼ਹਿਰ ਪੱਧਰ ਤੇ ਸਿੱਖ ਸੰਸਥਾਵਾਂ ਨੂੰ ਹੀ ਕਰਨਾ ਚਾਹੀਦਾ ਹੈ। ਜਿਸਦੀ ਯੋਜਨਾ ਬੰਦੀ ਦੀ ਲੋੜ ਹੈ। ਚੌਥਾ ਉੱਤਮ ਵਿੱਦਿਆ ਦਾ ਪ੍ਰਬੰਧ ਕਰਨ ਲਈ ਵੀ, ਸਰਕਾਰ ਨਾਲ ਮਿਲ ਕੇ ਅਤੇ ਬਾਹਰ ਬੈਠੇ ਵੀਰਾਂ ਦੇ ਸਹਿਯੋਗ ਨਾਲ ਚੰਗੀ ਵਿਵਸਥਾ ਬਨਾਉਣੀ ਚਾਹੀਦੀ ਹੈ। ਵਿਦੇਸ਼ਾਂ ਵਿੱਚ ਬੈਠੇ ਸਿੱਖ ਆਪਣੇ ਪਿੰਡ ਦੇ ਵਿਕਾਸ ਲਈ ਕੰਮ ਕਰਦੇ ਹਨ ਉਹਨਾਂ ਨੂੰ ਸ਼ਾਬਾਸ਼ ਅਤੇ ਹੋਰਾਂ ਨੂੰ ਵੀ ਅੱਗੇ ਆਉਣ ਲਈ ਬੇਨਤੀ ਹੈ। ਪੰਜਵਾਂ ਗੁਰਮਤਿ ਨਸ਼ਾ ਵਿਰੋਧੀ ਹੈ। ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇਂ ਦਰਜ ਹੈ "ਹੁੱਕਾ, ਚਰਸ, ਤਮਾਕੂ ਕੁਠਾ, ਗਾਂਜ਼ਾ, ਟੋਪੀ ਤਾੜੀ, ਖਾਕੂ ਦੇ ਨਸ਼ਿਆ ਦਾ ਸੇਵਨ ਨਹੀਂ ਕਰਨਾ, ਜੂਆ, ਮਦਿਰਾ, ਚੋਰੀ ਤੇ ਪਰਾਈ ਇਸਤਰੀ ਤੋਂ ਦੂਰ ਰਹਿਣਾ। ਜੇਕਰ ਸਿੱਖ ਬਾਦਸ਼ਾਹ ਹੋਵੇ ਤਾਂ ਗਰੀਬ ਸਿੰਘਾਂ ਦੀ ਪਾਲਣਾ ਕਰੇ, ਉਹਨਾਂ ਨੂੰ ਹੀ ਨੌਕਰ ਰੱਖੇ ਅਤੇ ਪਰਦੇਸੀ ਸਿੰਘਾਂ ਦੀ ਸੇਵਾ ਵੀ ਕਰੇ।" ਇਸ ਦੀ ਪਾਲਨਾ ਲਈ ਆਪ ਅੱਗੇ ਆਉਣ। ਗੁਰਮਤਿ ਅਗਿਆਨਤਾ ਦਾ ਹਨੇਰਾ ਦੂਰ ਕਰ ਗਿਆਨ ਦਾ ਪ੍ਰਕਾਸ਼ ਕਰਨ ਦੇ ਸਮਰਥ ਹੈ। ਸਿੱਖ ਕੌਮ ਲਈ ਅੱਗੇ ਵਧਣ ਦਾ ਰਾਹ ਕੇਵਲ ਤੇ ਕੇਵਲ ਗੁਰਮਤਿ ਦੀ ਪਾਲਣਾ ਹੈ ਜਿਸ ਲਈ ਆਪਣੀ ਧਰਤੀ ਨੂੰ ਪੂਰਨ ਤੌਰ ਤੇ ਪੁਰ ਅਮਨ ਕਰਕੇ ਵਿਰੋਧੀ ਤਾਕਤਾਂ ਦੇ ਮਨਸੂਬੇ ਫੇਲ ਕਰਨੇ ਹੋਣਗੇ। ਜਿਸ ਨਾਲ ਸਿੱਖ ਧਰਮ ਤੇ ਪੰਜਾਬ ਦੋਵੇਂ ਤਰੱਕੀ ਕਰ ਸਕਣਗੇ।

ਸਿੱਖ ਕੌਮ ਹਮੇਸ਼ਾ ਭਲਾ ਕਰਨ ਵਾਲੇ ਨੂੰ ਭੁਲਦੀ ਨਹੀਂ ਤੇ ਉਸਦਾ ਧੰਨਵਾਦ ਹੀ ਨਹੀਂ ਕਰਦੀ, ਸੁਰੱਖਿਆ ਵੀ ਕਰਦੀ ਹੈ। ਪਰ ਅੱਜ ਦਿੱਲੀ ਦੰਗਿਆਂ ਦੇ ਦੋਸ਼ਿਆਂ ਤੇ ਉਹਨਾਂ ਨੂੰ ਸਜਾ ਦੁਆਉਣ ਵਾਲੇ ਦੋਵਾਂ ਨੂੰ ਇੱਕੋ ਰੱਸੇ ਲਾਲ ਬਨਣ ਦਾ ਯਤਨ ਹੋ ਰਿਹਾ ਹੈ।

(ਚੇਅਰਮੈਨ, ਕੌਮੀ ਘੱਟਗਿਣਤੀ ਕਮਿਸ਼ਨ, ਭਾਰਤ ਸਰਕਾਰ)

# ਇਕ ਪ੍ਰਵਾਸੀ ਸਿੱਖ ਦਾ ਪ੍ਰਵਾਸੀ ਸਿੱਖਾਂ ਪ੍ਰਤੀ ਸ਼ਿਕਵਾ !

ਤਰਲੋਚਨ ਸਿੰਘ 'ਦੁਪਾਲ ਪੁਰ'
ਸਾਬਕਾ ਮੈਂਬਰ ਸ਼੍ਰੋਮਣੀ
ਗੁਰਦੁਆਰਾ ਪ੍ਰਬੰਧਕ ਕਮੇਟੀ
001-408-915-1268
tsdupalpuri@yahoo.com



ਗੈਰਾਂ ਨਾਲ਼ ਨਹੀਂ ਸਗੋਂ ਗਿਲੇ ਸ਼ਿਕਵੇ ਹਮੇਸ਼ਾਂ ਆਪਣਿਆਂ ਨਾਲ਼ ਹੀ ਹੁੰਦੇ ਨੇ ਜੀ। ਗੱਲ ਕਰਨ ਜਾ ਰਿਹਾ ਹਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਦੇਸ਼ੀ ਦੌਰਿਆਂ ਬਾਰੇ। ਜਦੋਂ ਤੋਂ ਪੰਥਕ ਕੇਂਦਰ (ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਉੱਤੇ ਬਾਦਲ ਪ੍ਰਵਾਰ (ਪਹਿਲਾਂ ਮਰਹੂਮ ਵੱਡੇ ਬਾਦਲ ਤੇ ਹੁਣ ਸੁਖਬੀਰ ਬਾਦਲ) ਦਾ ਕਬਜਾ ਹੋਇਆ ਹੋਇਆ ਹੈ, ਉਦੋਂ ਦਾ ਹੀ ਸਾਰਾ ਸਿੱਖ ਜਗਤ ਇਸ ਕਬਜੇ ਦੇ ਵਿਰੋਧ ਵਿੱਚ ਤੜਪਦਾ ਤੇ ਕਲ਼ਪਦਾ ਆ ਰਿਹਾ ਹੈ। ਉਸੇ ਟੱਬਰ ਵਲੋਂ ਹੀ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਜਾਂ ਲੋੜਾਂ ਕਹਿ ਲਉ, ਨੂੰ ਮੁੱਖ ਰੱਖ ਕੇ ਕਈ ਦਹਾਕਿਆਂ ਤੋਂ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰਾਂ ਦੀ ਅਦਲਾ-ਬਦਲੀ ਕੀਤੀ ਜਾ ਰਹੀ ਹੈ। ਜਿਸ ਨੂੰ ਪੰਥ ਬੇਬਸੀ ਨਾਲ਼ ਦੇਖਦਾ ਆ ਰਿਹਾ ਹੈ।

ਸੰਨ 1999 ਵਿਚ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਜਬਰੀ ਬਰਖਾਸਤ ਕਰਨ ਤੋਂ ਲੈ ਕੇ ਮੌਜੂਦਾ ਜਥੇਦਾਰ ਭਾਈ ਰਘਬੀਰ ਸਿੰਘ ਤੋਂ ਪਹਿਲੇ ਗਿਆਨੀ ਹਰਪ੍ਰੀਤ ਸਿੰਘ ਤੱਕ ਹਰੇਕ ਜਥੇਦਾਰ ਦੀ ਚੁੱਪ ਚੁਪੀਤੇ ਬਰਖਾਸਤਗੀ ਕਰਨ ਵੇਲੇ ਕਦੇ ਸਿੱਖ ਪੰਥ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਜਾਂਦੀ ਕਿ ਜਥੇਦਾਰ ਨੂੰ ਕਿਹੜੇ ਕਾਰਨਾਂ ਕਰਕੇ ਅਹੁਦਾ-ਮੁਕਤ ਕੀਤਾ ਗਿਆ ਹੈ।

ਇਸੇ ਤਰਾਂ ਨਵਾਂ ਜਥੇਦਾਰ ਥਾਪਣ ਵੇਲੇ ਕੁੱਝ ਨਹੀਂ ਦੱਸਿਆ ਜਾਂਦਾ ਕਿ ਉਸਨੂੰ ਕਿਸ ਕਿਸ ਸਿੱਖ ਜਥੇਬੰਦੀ ਨੇ ਨਿਯੁਕਤ ਕਰਨ ਲਈ ਸਹਿਮਤੀ ਦਿੱਤੀ ਹੈ! ਜਾਂ ਉਸਦੀ ਕਿਸ ਪ੍ਰਕਿਰਿਆ ਰਾਹੀਂ ਚੋਣ ਕੀਤੀ ਗਈ ਹੈ? ਜਾਣੀ ਕਿ ਕੁੱਲ ਮਿਲ਼ਾ ਕੇ ਖਾਲਸਾ ਪੰਥ ਦੀ ਇਸ ਸਰਬੋਤਮ ਪਦਵੀ ਲਈ ਇੱਕੋ ਟੱਬਰ ਹੀ 'ਬੁੱਕਲ਼ ਵਿਚ ਗੁੜ ਭੋਰਦਾ' ਆ ਰਿਹਾ ਹੈ!

ਇੱਥੇ ਇਹ ਵੀ ਜੱਗ ਜਾਹਰ ਸੱਚ ਹੈ ਕਿ ਅਜਿਹੀ ਅਦਲਾ-ਬਦਲੀ ਵੇਲੇ ਦੇਸ ਵਿਦੇਸ਼ ਦੇ ਸਿੱਖਾਂ ਵਲੋਂ ਇਸ ਗੁਪਤੋ-ਗੁਪਤੀ ਦੀ ਕਾਰਵਾਈ ਵਿਰੁੱਧ ਤਕੜਾ ਵਿਰੋਧ ਪ੍ਰਗਟਾਇਆ ਜਾਂਦਾ ਹੈ। ਖਾਸ ਕਰਕੇ ਵਿਦੇਸ਼ਾਂ ਦੀਆਂ ਅਜ਼ਾਦ ਫਿਜ਼ਾਵਾਂ ਵਿਚ ਵਸਦੇ ਜਾਗਰੂਕ ਪ੍ਰਵਾਸੀ ਸਿੱਖਾਂ ਵਲੋਂ ਪੰਥਕ ਕੇਂਦਰ ਦੀ ਗੁਲਾਮੀ ਵਿਰੁੱਧ ਡਟ ਕੇ ਅਵਾਜ਼ ਬੁਲੰਦ ਕੀਤੀ ਜਾਂਦੀ ਹੈ! ਪਰ ਉਦੋਂ ਬਹੁਤ ਹੈਰਾਨੀ ਹੁੰਦੀ ਹੈ ਜਦ ਏਹੀ ਪ੍ਰਵਾਸੀ ਸਿੱਖ ਭਰਾ ਬਾਦਲੀ-ਗੁਲਾਮੀ ਵਾਲ਼ੀ ਪ੍ਰਕਿਰਿਆ 'ਚੋਂ ਨਿਕਲ਼ੇ ਹੋਏ 'ਜਥੇਦਾਰਾਂ' ਨੂੰ ਵਿਦੇਸ਼ਾਂ ਵਿਚ ਹੋਣ ਵਾਲ਼ੇ ਧਾਰਮਿਕ ਸਮਾਗਮਾਂ ਵਿਚ ਸੱਦ ਸੱਦ ਕੇ 'ਲਫਾਫੇ' ਅਤੇ ਸਿਰੋਪੇ ਭੇਂਟ ਕਰਦੇ ਹਨ!

ਸਵਾਲ ਪੈਦਾ ਹੁੰਦਾ ਹੈ ਕਿ ਕੀ ਪ੍ਰਵਾਸੀ ਸਿੱਖ ਅਜਿਹਾ ਕਰਦਿਆਂ ਬਾਦਲੀ ਪ੍ਰਕਿਰਿਆ ਨੂੰ ਮਾਨਤਾ ਨਹੀਂ ਦੇ ਰਹੇ ਹੁੰਦੇ?

ਇਕ ਪਾਸੇ 'ਹਾਏ ਪੰਥਕ ਕੇਂਦਰ ਗੁਲਾਮ!' ਦਾ ਦਰਦ ਪਰ ਨਾਲ਼ ਹੀ ਬਾਦਲਾਂ ਦੁਆਰਾ ਥਾਪਿਆ (ਅਸਲ ਵਿਚ ਥੋਪਿਆ) ਹਰੇਕ ਜਥੇਦਾਰ ਸਾਡਾ 'ਵਿਸ਼ੇਸ਼ ਮਹਿਮਾਨ' ਬਣਿਆਂ ਹੁੰਦਾ ਐ ! ਜਿਸਨੂੰ ਸਮਾਗਮਾਂ ਦੀਆਂ ਖਬਰਾਂ/ਇਸ਼ਤਿਹਾਰਾਂ ਆਦਿ ਵਿਚ ਜਥੇਦਾਰ ਫਲਾਣਾ ਸਿੰਘ ਜੀ 'ਉਚੇਚੇ ਤੌਰ 'ਤੇ ਸ਼ਾਮਲ' ਹੋਇਆ ਲਿਖਿਆ ਹੁੰਦਾ ਹੈ! ਪਤਾ ਨਹੀਂ ਕਿਹੜੇ ਹੀਰੇ ਮੋਤੀਆਂ ਨਾਲ਼ ਸ਼ਿੰਗਾਰੇ ਹੋਏ ਹਾਥੀ ਦੀ ਸਵਾਰੀ ਕਰਕੇ ਉਹ ਵਿਦੇਸ਼ੀ ਇਕੱਠਾਂ ਵਿੱਚ 'ਉਚੇਚਾ' ਸ਼ਾਮਲ ਹੋਇਆ ਹੁੰਦਾ ਐ!! ਕੀ ਅਜਿਹੇ ਦੋਹਰੇ ਕਿਰਦਾਰ ਕਾਰਨ ਅਸੀਂ ਪ੍ਰਵਾਸੀ ਸਿੱਖ ਖੁਦ ਉੱਤੇ 'ਦੋਗਲੇ' ਹੋਣ ਦਾ ਠੱਪਾ ਨਹੀਂ ਲਗਵਾ ਰਹੇ ਹੁੰਦੇ?

ਮਿਸਾਲ ਵਜੋਂ ਆਪ ਜੀ ਦੀ ਸੁਯੋਗ ਸੰਪਾਦਨਾ ਹੇਠ ਛਪਦੀ ਪੰਥਕ ਅਖਬਾਰ 'ਪੰਜਾਬ ਟਾਈਮਜ਼' (25 ਜੁਲਾਈ-1 ਅਗਸਤ 2024 ਸਫਾ 10) ਵਿਚ ਫੋਟੋ ਸਮੇਤ ਖਬਰ ਛਪੀ ਹੋਈ ਹੈ ਅਖੇ ਗਿਆਨੀ ਰਘਬੀਰ ਸਿੰਘ ਨੇ ਸਾਊਥਾਲ ਦੇ ਗੁਰਮਤਿ ਸਮਾਗਮ ਵਿਚ ਕੀਤੀ ਸ਼ਮੂਲੀਅਤ! ਇਸ ਖਬਰ ਵਿਚ ਵੀ 'ਉਚੇਚੇ ਤੌਰ ਤੇ ਪਹੁੰਚੇ' ਲਿਖਿਆ ਹੋਇਆ ਹੈ! ਵਾਹ!!

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਪੰਥ ਵਿੱਚ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੀ ਪਦ-ਪਦਵੀ ਸਰਬੋਤਮ ਹੈ ਪਰ ਜਦੋਂ ਤੱਕ ਪੰਥਕ ਕੇਂਦਰ ਅਜ਼ਾਦ ਨਹੀਂ ਹੋ ਜਾਂਦਾ ਤਦ ਤੱਕ ਵਿਦੇਸ਼ੀ ਧਰਤੀ 'ਤੇ ਆਯੋਜਤ ਕੀਤੇ ਜਾਣ ਵਾਲ਼ੇ ਧਾਰਮਿਕ ਸਮਾਗਮਾਂ ਦੇ ਮੁੱਖ ਬੁਲਾਰੇ ਵਾਸਤੇ, ਸਿੱਖੀ ਰਹੁਰੀਤਾਂ ਅਨੁਸਾਰ ਜੀਵਨ ਬਿਤਾ ਰਹੇ ਕਿਸੇ ਸਥਾਨਕ ਕਿਰਤੀ ਸਿੱਖ ਦੀ ਚੋਣ ਕਰ ਲੈਣੀ ਚਾਹੀਦੀ ਹੈ ਜਾਂ ਫਿਰ ਵਿਦੇਸ਼ ਦੇ ਗੁਰਦੁਆਰਿਆਂ ਵਿਚ ਪੰਜਾਬ ਤੋਂ ਆਏ ਹੋਏ ਰਾਗੀਆਂ, ਕਥਾਵਾਚਕਾਂ ਜਾਂ ਪਾਠੀ ਸਿੰਘਾਂ ਵਿੱਚੋਂ ਹੀ ਕਿਸੇ ਇਕ ਤੋਂ ਇਹ ਸੇਵਾ ਲਈ ਜਾ ਸਕਦੀ ਹੈ।

ਮੱਤ ਕੋਈ ਸਮਝੇ ਕਿ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਕਿਸੇ ਇਕ ਸਿੱਖ ਸਖਸ਼ੀਅਤ ਜਾਂ ਜਥੇਦਾਰ ਨਾਲ਼ ਕੋਈ ਨਿੱਜੀ ਰੰਜਿਸ਼ ਹੈ! ਅਜਿਹਾ ਬਿਲਕੁਲ ਨਹੀਂ ਹੈ। ਸਿਰਫ ਤੇ ਸਿਰਫ ਪੰਥਕ ਕੇਂਦਰ ਖਾਸ ਕਰ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਰੁਤਬੇ ਦੀ ਨਿਰਾਲੀ ਸ਼ਾਨ ਅਤੇ ਪ੍ਰਭੁਤਾ ਦਾ ਮੁਤਲਾਸ਼ੀ ਹੋਣ ਸਦਕਾ ਇਹ ਵਿਚਾਰ ਪ੍ਰਗਟਾਏ ਹਨ!!

********

# ਜਿਉਂਦੇ ਹੋਣ ਦਾ ਸਰਟੀਫਿਕੇਟ

**ਹਾਸ ਵਿਅੰਗ**

**ਕੇ.ਐਲ. ਗਰਗ**

"ਕੀ ਹਾਲ ਹੈ?" ਅਸੀਂ ਆਪਣੇ ਇੱਕ ਮਿੱਤਰ ਨੂੰ ਪੁੱਛਦੇ ਹਾਂ। "ਮਰੇ ਪਏ ਆਂ, ਬੱਸ, ਮਰੇ ਈ ਪਏ ਆਂ।" ਉਸ ਨੇ ਦੁਖੀ ਲਹਿਜ਼ੇ 'ਚ ਇਉਂ ਕਿਹਾ ਜਿਵੇਂ ਹੁਣੇ-ਹੁਣੇ ਆਪਣੇ ਪਿਉ ਦਾ ਦਾਹ-ਸੰਸਕਾਰ ਕਰ ਕੇ ਆਇਆ ਹੋਵੇ।

"ਮਰੇ ਕਿੱਥੇ ਓ? ਤੁਸੀਂ ਤਾਂ ਚੰਗੇ ਭਲੇ ਓ, ਜਿਉਂਦੇ ਜਾਗਦੇ।" ਅਸੀਂ ਆਖਿਆ।

"ਇਹਨੂੰ ਤੁਸੀਂ ਜਿਉਣਾ ਕਹਿੰਨੇ ਆਂ? ਇਹ ਤਾਂ ਮਰਲ ਤੋਂ ਵੀ ਭੈੜਾ ਐ।" ਮਿੱਤਰ ਨੇ ਉਸੇ ਦੁਖੀ ਲਹਿਜ਼ੇ 'ਚ ਉੱਤਰ ਦਿੱਤਾ।

"ਭੁੱਖ ਲੱਗਦੀ ਐ?" ਅਸੀਂ ਸਿੱਧਾ ਸਵਾਲ ਪੁੱਛਿਆ।

"ਭੁੱਖ ਭੱਖ ਕਾਹਦੀ ਲੱਗਣੀ ਐ। ਬੱਸ ਧੱਕ ਧਕਾ ਕੇ ਖਾ ਲਈਦੀਆਂ ਪੰਜ-ਚਾਰ ਫੁਲਕੀਆਂ।" ਉਸ ਨੇ ਰੋਂਦੂ ਜਿਹੀ ਆਵਾਜ਼ 'ਚ ਕਿਹਾ।

"ਸਾਹ ਆਉਂਦੈ?" ਅਸੀਂ ਪੁੱਛਿਆ।

"ਸਾਹ ਵੀ ਕਾਹਦਾ ਆਉਂਦੈ, ਐਵੇਂ ਸਾਹੋ-ਸਾਹ ਹੋਏ ਪਏ ਆਂ। ਸਾਹ ਲੈਣਾ ਔਖਾ ਹੋਇਆ ਪਿਐ।" ਮਿੱਤਰ ਦੀ ਆਵਾਜ਼ 'ਚ ਨਾਕਾਮ ਆਸ਼ਕਾਂ ਜਿਹਾ ਦਰਦ ਭਰਿਆ ਹੋਇਆ ਸੀ।

"ਤੁਸੀਂ ਖਾਣਾ ਖਾ ਲੈਂਦੇ ਹੋ, ਸਾਹ ਲੈਂਦੇ ਹੋ, ਫੇਰ ਵੀ ਮਰੇ ਕਿਉਂ ਪਏ ਓ? ਅਸੀਂ ਤੁਹਾਨੂੰ ਜਿਉਂਦੇ ਹੋਣ ਦਾ ਸਰਟੀਫਿਕੇਟ ਜਾਰੀ ਕਰ ਸਕਦੇ ਆਂ। ਸ਼ਰਤੀਆ ਜਿਉਂਦੇ ਹੋਣ ਦਾ।" ਅਸੀਂ ਹੱਸ ਕੇ ਆਖਿਆ।

ਇਹੋ ਸਵਾਲ ਅਸੀਂ ਆਪਣੇ ਇੱਕ ਹੋਰ ਪੱਕੇ ਮਿੱਤਰ ਨੂੰ ਪੁੱਛਿਆ ਤਾਂ ਉਸ ਦੀ ਆਵਾਜ਼ ਵੀ ਟੁੱਟੇ ਘੜੇ ਵਰਗੀ ਸੀ, " ਮਰੇ ਪਏ ਆਂ ਯਾਰ। ਕਾਹਦਾ ਜਿਉਣ ਐ ਹੁਣ?"

"ਨੀਂਦ ਆਉਂਦੀ ਐ?" ਅਸੀਂ ਪੁੱਛਿਆ।

"ਨੀਂਦ ਨੂੰਦ ਕਾਹਦੀ ਆਉਣੀ ਐਂ, ਬੱਸ ਐਵੇਂ ਬਰੜਾ-ਬਰੜਾ ਉੱਠੀਦੈ ਰਾਤ ਨੂੰ। ਘੋੜੇ ਵੇਚ ਕੇ ਸੌਣ ਦੇ ਦਿਨ ਲੱਦ ਗਏ ਹੁਣ।" ਉਸ ਲੰਮੀ ਉਬਾਸੀ ਲੈਣ ਲਈ ਪੂਰਾ ਮੂੰਹ ਟੱਡ ਕੇ ਆਖਿਆ।

"ਵਿਹਲੇ ਰਹਿਨੇ ਓ? ਅਸੀਂ ਪੁੱਛਿਆ।

"ਵਿਹਲੇ ਵੂਹਲੇ ਕਾਹਦੇ, ਮਰਨ ਦੀ ਵਿਹਲ ਨੀਂ।" ਉਸ ਆਖਿਆ।

"ਜੇ ਮਰਨ ਦੀ ਵਿਹਲ ਨੀ ਤਾਂ ਫੇਰ ਮਰੇ ਕਿਵੇਂ ਪਏ ਆਂ? ਫੇਰ ਤਾਂ ਜਿਉਂਦੇ ਹੋਏ ਤੁਸੀਂ। ਅਸੀਂ ਸ਼ਰਤ ਲਾ ਕੇ ਕਹਿ ਸਕਦੇ ਆਂ ਕਿ ਤੁਸੀਂ ਸੈਂਟ ਪਰਸੈਂਟ ਜਿਉਂਦੇ ਓ!" ਅਸੀਂ ਉਸ ਨੂੰ ਹੱਲਾਸ਼ੇਰੀ ਦਿੰਦਿਆਂ ਆਖਿਆ।

"ਐਵੇਂ ਸ਼ਹੀਦਾਂ ਨੂੰ ਮਖੌਲ ਨੀ ਕਰੀਦਾ। ਜਿਉਣਾ ਤਾਂ ਚੀਜ਼ ਈ ਹੋਰ ਹੁੰਦੀ ਐ, ਉਹ ਮਾਹਤੜਾਂ ਕੋਲ ਕਿੱਥੇ?" ਆਖ ਉਹ ਮਿੱਤਰ ਵੀ ਆਪਣੇ ਹੱਥੀਂ ਬੁਣੇ ਖੋਲ 'ਚ ਜਾ ਵੜਿਆ ਸੀ।

ਇਹੋ ਜਿਹੇ ਮੁਰਦਾ ਬੰਦਿਆਂ ਲਈ ਸਾਡੇ ਇੱਕ ਅਦਾਕਾਰ ਨੇਤਾ ਨੇ ਜਿਉਣ ਦਾ ਸਰਟੀਫਿਕੇਟ ਸਿਰਫ਼ ਪੰਦਰਾਂ ਰੁਪਏ ਵਿੱਚ ਜਾਰੀ ਕੀਤਾ ਸੀ। ਅਖੇ: "ਪੰਦਰਾਂ ਰੁਪਏ 'ਚ ਬੰਦਾ ਰੱਜ ਕੇ ਰੋਟੀ ਖਾ ਸਕਦੈ ਤੇ ਭੁੱਖਮਰੀ ਤੋਂ ਬਚ ਸਕਦੈ।"

ਇੱਕ ਹੋਰ ਵੱਡੀ ਤੋਂਦ ਵਾਲੇ ਨੇਤਾ ਜੀ ਨੇ ਮੁਕਾਬਲੇ ਦੀ ਭਾਵਨਾ ਨਾਲ ਕਿਹਾ, "ਇੱਕ



ਆਮ ਆਦਮੀ ਪੰਜ ਰੁਪਏ ਵਿੱਚ ਖਾਣੇ ਦੀ ਥਾਲੀ ਲੈ ਕੇ ਰੱਜ ਸਕਦਾ ਹੈ। ਭੁੱਖਮਰੀ ਦਾ ਸਵਾਲ ਹੀ ਕਿੱਥੇ ਐ?"

ਤੋਂਦ ਵਾਲੇ ਨੇਤਾ ਜੀ ਦੇ ਬਿਆਨ ਨੂੰ ਸੁਣ ਕੇ ਬਾਬੂ ਬੇਚੈਨੀ ਮੱਲ ਨੇ ਪ੍ਰਸ਼ਨ ਕੀਤਾ, "ਏਨੀਆਂ ਤੋਪਾਂ, ਕੋਲਾ, ਖੇਡਾਂ ਦਾ ਸਾਮਾਨ ਖਾ ਕੇ ਜੋ ਨੇਤਾ ਜੀ ਨਹੀਂ ਰੱਜੇ ਤਾਂ ਭਾਰਤ ਦਾ ਔਸਤ ਆਦਮੀ ਪੰਜ ਰੁਪਏ 'ਚ ਕਿਵੇਂ ਰੱਜ ਸਕਦਾ ਹੈ?"

"ਲੋਕਾਂ ਵਿੱਚ ਸਬਰ ਹੈ ਨ੍ਹੀਂ। ਸੰਤੋਖ਼ ਹੈ ਨ੍ਹੀਂ। ਨਹੀਂ ਤਾਂ ਬੰਦਾ ਭੋਰਾ ਸ਼ਰਮ ਖਾਣ ਨਾਲ ਵੀ ਰੱਜ ਸਕਦਾ ਹੈ।" ਨੇਤਾ ਜੀ ਨੇ ਗੁੱਸੇ 'ਚ ਲਾਲ-ਪੀਲੇ ਹੋ ਕੇ ਕਹਿ ਦਿੱਤਾ ਸੀ।

"ਲੋਕ ਮਰੇ ਵੀ ਤਾਂ ਹੀ ਪਏ ਐ ਬਈ ਸਬਰ ਸੰਤੋਖ਼ ਮੁੱਕ ਗਿਐ।" ਇੱਕ ਹੋਰ ਨੇਤਾ ਦਾ ਬਿਆਨ ਸੀ।

ਇੱਕ ਨੇਤਾ ਨੇ ਏਦੂੰ ਵੀ ਵੱਡੀ ਛਲਾਂਗ ਮਾਰਦਿਆਂ ਇੱਕ ਹੋਰ ਸਰਟੀਫਿਕੇਟ ਜਾਰੀ ਕਰ ਦਿੱਤਾ ਸੀ: "ਆਮ ਆਦਮੀ ਦੇ ਜਿਉਣ ਦਾ ਕੀ ਐ? ਉਹ ਤਾਂ ਇੱਕ ਰੁਪਏ 'ਚ ਰੱਜ ਕੇ ਖਾਣਾ ਖਾ ਕੇ ਜਿਉਂਦਾ ਰਹਿ ਸਕਦਾ ਹੈ।" ਬਿਆਨ ਦੇ ਕੇ ਨੇਤਾ ਜੀ ਨੇ ਆਪਣੀ ਜਾਕਟ ਦੀਆਂ ਜੇਬਾਂ ਵਿੱਚ ਦੋਵੇਂ ਹੱਥ ਤੁੰਨ ਲਏ ਸਨ।

"ਸਰ, ਇੱਕ ਰੁਪਏ 'ਚ ਤਾਂ ਇੱਕ ਦੇਸੀ ਖੀਰਾ, ਇੱਕ ਪਿਆਜ਼, ਦੋ ਆਲੂ ਵੀ ਨ੍ਹੀਂ ਆਉਂਦੇ? ਇੱਕ ਰੁਪਏ 'ਚ ਰੱਜ ਜਾਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।"

"ਤੁਸੀਂ ਥੋਕ ਦੀਆਂ ਦੁਕਾਨਾਂ ਤੋਂ ਲਉ ਨਾ ਇਹ ਚੀਜ਼ਾਂ। ਮਾਰਕੀਟ ਤੀਕ ਆਉਂਦੇ ਆਉਂਦੇ ਇਨ੍ਹਾਂ ਦੇ ਭਾਅ ਅਸਮਾਨੀਂ ਚੜ੍ਹ ਜਾਂਦੇ ਹਨ।"

ਨੇਤਾ ਜੀ ਨਾਲ ਬਹਿਸ ਕਰਨ ਦਾ ਕੋਈ ਸਿੱਟਾ ਨਹੀਂ ਨਿਕਲਦਾ ਕਿਉਂਕਿ 'ਕੀ ਗੰਗੀ ਨਹਾਊ ਤੇ ਕੀ ਨਿਚੋੜੂ' ਵਾਲੇ ਮੁਹਾਵਰੇ ਦੇ ਅਰਥ ਉਨ੍ਹਾਂ ਨੂੰ ਨਹੀਂ ਆਉਂਦੇ। ਅਧਿਆਪਕ ਦੀ ਗੱਲ ਉਨ੍ਹਾਂ ਕਦੇ ਸੁਣੀ ਹੀ ਨਹੀਂ ਸੀ।

ਬਾਬੂ ਬੱਚੂ ਮੱਲ ਪਹਿਲੀ ਤਾਰੀਖ ਨੂੰ ਨਹਾ ਧੋ, ਵਾਲ ਵਾਹ ਕੇ ਪੈਨਸ਼ਨ ਲੈਣ ਲਈ ਬੈਂਕ ਗਏ ਤਾਂ ਬੈਂਕ ਬਾਬੂ ਕਹਿਣ ਲੱਗੇ: " ਬੱਚੂ ਮੱਲ ਜੀ, ਇਸ ਵਾਰ ਤੁਹਾਡੀ ਪੈਨਸ਼ਨ ਤੁਹਾਡੇ ਖਾਤੇ 'ਚ ਜਮ੍ਹਾਂ ਨਹੀਂ ਹੋਈ।"

"ਕਿਉਂ ਜੀ?" ਬਾਬੂ ਬੱਚੂ ਮੱਲ ਨੇ ਹਕਲਾਉਂਦਿਆਂ ਪੁੱਛਿਆ।

"ਤੁਸੀਂ ਆਪਣੇ ਜਿਉਂਦੇ ਹੋਣ ਦਾ ਸਰਟੀਫਿਕੇਟ ਟਾਈਮ 'ਤੇ ਜਮ੍ਹਾਂ ਨ੍ਹੀਂ ਕਰਵਾਇਆ।" ਬਾਬੂ ਨੇ ਕਹਿ ਦਿੱਤਾ।

"ਤੁਹਾਡੇ ਸਾਹਮਣੇ ਤਾਂ ਖੜ੍ਹੇ ਆਂ ਜਿਉਂਦੇ ਜਾਗਦੇ, ਥ੍ਰੀ ਨੌਟ ਥ੍ਰੀ ਦੀ ਗੋਲੀ ਵਰਗੇ।" ਬਾਬੂ ਬੱਚੂ ਮੱਲ ਨੇ ਤਲਖ਼ੀ ਜਿਹੀ ਨਾਲ ਆਖਿਆ।

" ਖੜ੍ਹਨ ਬੈਠਣ ਦਾ ਨ੍ਹੀਂ ਸਾਨੂੰ ਪਤਾ। ਤੁਹਾਡੇ ਜਿਉਂਦੇ ਹੋਣ ਦਾ ਸਰਟੀਫਿਕੇਟ ਇਸ ਵਾਰ ਜਮ੍ਹਾਂ ਨ੍ਹੀਂ ਹੋਇਆ। ਸਾਡੀ ਫਾਈਲ ਦਾ ਢਿੱਡ ਪੂਰਾ ਨੀ ਹੋਇਆ। ਫਾਈਲ 'ਚ ਤੁਸੀਂ ਜਿਉਂਦੇ ਨੀਂ। ਇਸ ਲਈ ਤੁਹਾਡੀ ਪੈਨਸ਼ਨ ਤੁਹਾਡੇ ਖਾਤੇ 'ਚ ਨਹੀਂ ਪੈ ਸਕਦੀ।" ਬਾਬੂ ਦਾ ਜਵਾਬ ਸਿੱਧਾ ਸਪਾਟ ਸੀ, ਲੱਕੜ ਦੀ ਸ਼ਤੀਰੀ ਜਿਹਾ।

ਪਲ ਦੀ ਪਲ ਤਾਂ ਬਾਬੂ ਬੱਚੂ ਰਾਮ ਦੀ ਹਾਲਤ ਮੁਰਦਿਆਂ ਤੋਂ ਵੀ ਭੈੜੀ ਹੋ ਗਈ ਸੀ। ਬੱਚੂ ਰਾਮ ਤਾਂ ਜਿਉਂਦਾ ਹੀ ਪੈਨਸ਼ਨ 'ਤੇ ਸੀ। ਜੇ ਕੋਈ ਬਾਬੂ ਬੱਚੂ ਮੱਲ ਨੂੰ ਪੁੱਛਦਾ ਹੈ: "ਤੁਹਾਡੇ ਪਿਤਾ ਦਾ ਨਾਂ?"

"ਪੈਨਸ਼ਨ ਰਾਮ।" ਬੱਚੂ ਮੱਲ ਝੱਟ ਕਹਿ ਦਿੰਦਾ ਹੈ।

"ਮਾਤਾ ਦਾ ਨਾਂ?"

"ਪੈਨਸ਼ਨ ਦੇਵੀ।" ਬੱਚੂ ਮੱਲ ਦਾ ਉੱਤਰ ਹੁੰਦਾ।

"ਪੁੱਤਰ ਦਾ ਨਾਂ?"

"ਪੈਨਸ਼ਨ ਕੁਮਾਰ।" ਬੱਚੂ ਮੱਲ ਛਾਤੀ ਸੰਗੋੜਦਿਆਂ ਕਹਿ ਦਿੰਦਾ ਹੈ।

"ਪੈਨਸ਼ਨ ਹਮਰਾ ਮਾਈ ਬਾਪ ਹੈ, ਪੈਨਸ਼ਨ ਹਮਰਾ ਭਈਆ, ਥਾ ਥਈਆ, ਥਾ ਥਈਆ" ਬੈਂਕ ਬਾਬੂ ਦੀ ਨਾਂਹ-ਨੁੱਕਰ ਸੁਣ ਕੇ ਬਾਬੂ ਬੱਚੂ ਰਾਮ ਗਾਉਣ ਲੱਗ ਪਿਆ ਸੀ।

ਬਾਬੂ ਬੱਚੂ ਮੱਲ ਜਿਹੇ ਬਜ਼ੁਰਗਾਂ ਲਈ ਪੈਨਸ਼ਨ ਹੀ ਜਿਉਂਦੇ ਰਹਿਣ ਦਾ ਸਰਟੀਫਿਕੇਟ ਹੈ, ਨਹੀਂ ਤਾਂ ਉਹ ਕੱਲ੍ਹ ਵੀ ਮਰੇ ਤੇ ਅੱਜ ਵੀ ਉਨ੍ਹਾਂ ਨੂੰ ਮਰੇ ਹੀ ਸਮਝੋ।

* * * * * * * *

## ★ ਖਿੜ ਖਿੜ ਹੱਸੋ ★

*ਕਾਨਪੁਰ ਦੇ ਬਿਜਲੀ ਵਿਭਾਗ 'ਚ ਲਾਈਨਮੈਨ ਦੇ ਅਹੁਦੇ ਲਈ ਇੰਟਰਵਿਊ 'ਚ ਉਮੀਦਵਾਰ ਤੋਂ ਸਵਾਲ ਪੁੱਛਿਆ ਗਿਆ-"ਜੇ ਅਚਾਨਕ ਬਿਜਲੀ ਗੁੱਲ ਹੋ ਜਾਵੇ ਤਾਂ ਸਭ ਤੋਂ ਪਹਿਲਾਂ ਕੀ ਬੰਦ ਕਰਨਾ ਚਾਹੀਦਾ ਹੈ?"*

*ਉਮੀਦਵਾਰ, "ਪੁੱਛਗਿੱਛ ਦਾ ਫੋਨ।"*

○ ○ ○

*ਅਧਿਆਪਕ, "ਬੰਟੀ, ਤੂੰ ਕਾਲਜ ਕਿਸ ਲਈ ਆਉਂਦਾ ਏਂ?"*

*ਬੰਟੀ, "ਵਿੱਦਿਆ ਲਈ ਸਰ।"*

*ਅਧਿਆਪਕ, "ਤਾਂ ਅੱਜ ਤੂੰ ਸੌਂ ਕਿਉਂ ਰਿਹਾ ਏਂ?"*

*ਬੰਟੀ, "ਅੱਜ ਵਿੱਦਿਆ ਨਹੀਂ ਆਈ ਸਰ।"*

○ ○ ○

*ਸੁਣਿਆ ਹੈ ਤੁਹਾਡੇ ਘਰ ਵਿਚ ਵਿਸਫੋਟਕ ਸਮੱਗਰੀ ਹੈ...*

*ਪੁਲਿਸ, "ਅਸੀਂ ਤੁਹਾਡੇ ਘਰ ਦੀ ਤਲਾਸ਼ੀ ਲੈਣੀ ਹੈ। ਸੁਣਿਆ ਹੈ ਤੁਹਾਡੇ ਘਰ ਵਿਚ ਵਿਸਫੋਟਕ ਸਮੱਗਰੀ ਹੈ।"*

*ਰਵੀ, "ਜੀ, ਖਬਰ ਤਾਂ ਪੱਕੀ ਹੈ ਪਰ ਅਜੇ ਉਹ ਪੇਕੇ ਗਈ ਹੈ।"*

○ ○ ○

*ਪਤੀ ਨੇ ਪਤਨੀ ਨੂੰ ਮੈਸੇਜ ਕੀਤਾ, "ਮੇਰੀ ਜ਼ਿੰਦਗੀ ਇੰਨੀ ਪਿਆਰੀ, ਇੰਨੀ ਖੂਬਸੂਰਤ ਬਣਾਉਣ ਲਈ ਤੇਰਾ ਸ਼ੁਕਰੀਆ। ਮੈਂ ਅੱਜ ਜੋ ਵੀ ਹਾਂ, ਸਿਰਫ ਤੇਰੇ ਕਾਰਨ ਹੀ ਹਾਂ। ਤੂੰ ਮੇਰੀ ਜ਼ਿੰਦਗੀ ਵਿਚ ਇਕ ਫਰਿਸ਼ਤਾ ਬਣ ਕੇ ਆਈ ਏਂ ਅਤੇ ਮੈਨੂੰ ਜਿਊਣ ਦਾ ਮਕਸਦ ਦਿੱਤਾ ਹੈ... ਲਵ ਯੂ ਡਾਰਲਿੰਗ।"*

*ਪਤਨੀ ਨੇ ਰਿਪਲਾਈ ਕੀਤਾ, "ਮਾਰ ਲਿਆ ਚੌਥਾ ਪੈੱਗ? ਘਰ ਆ ਜਾ, ਕੁਝ ਨਹੀਂ ਕਹਾਂਗੀ।"*

○ ○ ○

*ਪਿੰਡ ਦੀ ਇਕ ਔਰਤ ਨੇ ਤੇਜ਼ੀ ਨਾਲ ਆ ਰਹੀ ਬੱਸ ਨੂੰ ਹੱਥ ਦਿਖਾ ਕੇ ਰੋਕਿਆ। ਡਰਾਈਵਰ ਨੇ ਅਚਾਨਕ ਬ੍ਰੇਕ ਲਗਾਈ ਅਤੇ ਪੁੱਛਿਆ, "ਕਿੱਥੇ ਜਾਣਾ ਹੈ?*

*ਔਰਤ ਬੋਲੀ, "ਜਾਣਾ ਕਿਤੇ ਨਹੀਂ, ਬੱਚਾ ਰੋ ਰਿਹਾ ਹੈ ਜ਼ਰਾ ਪੋਂ-ਪੋਂ ਵਜਾ ਦਿਓ।"*

○ ○ ○

# ਅਕਾਲੀ ਸੰਕਟ : ਜਥੇਦਾਰ ਜੀ, ਅਕਾਲੀ ਦਲ ਦੇ ਦੋਵੇਂ ਧੜੇ ਭੰਗ ਹੋਣ

**ਕੇਵਲ ਸਿੰਘ**
9592093472





ਨਿਰਸੰਦੇਹ ਇਸ ਵਕਤ ਸੰਸਾਰ ਭਰ ਵਿਚ ਵੱਸਦੇ ਚੇਤੰਨ ਸਿੱਖ ਇਕ ਵੱਡੇ ਫ਼ਿਕਰ ਵਿਚ ਗੁਜ਼ਰ ਰਹੇ ਹਨ ਕਿ ਸਿੱਖ ਕੌਮ ਦਾ ਸਿਆਸੀ ਭਵਿੱਖ ਕੀ ਹੈ? ਇਸ ਦੀ ਸਿਆਸਤ ਦਾ ਨਿਸ਼ਾਨਾ ਕੀ ਹੈ? ਇਹ ਵਰਤਮਾਨ ਦੀ ਭਿਅੰਕਰ ਘੁੰਮਣਘੇਰੀ ਵਿਚੋਂ ਬਾਹਰ ਕਿਵੇਂ ਨਿਕਲ ਸਕੇਗੀ? ਇਸ ਤਰ੍ਹਾਂ ਦੇ ਹੋਰ ਢੇਰ ਸਵਾਲ ਹਨ ਜੋ ਸਿੱਖ ਚਿੰਤਕਾਂ ਦੇ ਦਿਮਾਗਾਂ ਅੰਦਰ ਅਜੀਬ ਤਰ੍ਹਾਂ ਗਾਹ ਪਾਈ ਬੈਠੇ ਹਨ।

ਸ਼੍ਰੋਮਣੀ ਅਕਾਲੀ ਦਲ ਕਿਵੇਂ ਸੌ ਸਾਲ ਪਹਿਲਾਂ ਸਮੇਂ ਦੇ ਸਿੱਖਾਂ ਨੇ ਵੱਡਾ ਨਿਸ਼ਾਨਾ ਮਿੱਥ ਕੇ ਹੋਂਦ ਵਿਚ ਲਿਆਂਦਾ ਸੀ? ਕੀ ਨਹੀਂ ਕੀਤਾ ਉਸ ਵਕਤ ਦੇ ਅਕਾਲੀਆਂ ਨੇ ਇਹ ਅਕਾਲੀ ਮੋਰਚਿਆਂ ਦਾ ਇਤਿਹਾਸ ਪੜ੍ਹ ਸਮਝ ਕੇ ਪਤਾ ਲੱਗਦਾ ਹੈ। ਕਈ ਵਾਰ ਅਸੀਂ ਵਰਤਮਾਨ ਦੀ ਨਿਰਾਸ਼ਤਾ ਵਿਚੋਂ ਆਪਣੇ ਵਿਰਸੇ ਨੂੰ ਕਮਜ਼ੋਰ ਅੱਖਾਂ ਰਾਹੀਂ ਵੇਖਣ ਦੀ ਕੁਤਾਹੀ ਕਰਨ ਲੱਗਦੇ ਹਾਂ। ਇਹ ਸਾਡੀ ਵੱਡੀ ਬੇਸਮਝੀ ਹੁੰਦੀ ਹੈ ਸੱਚ ਦੇ ਸਾਹਮਣੇ ਖੜ੍ਹੇ ਹੋਣ ਤੋਂ ਭੱਜਣ ਵਾਲੀ ਕਾਇਰਤਾ!

ਸਾਡੀ ਓਹ ਸੌ ਸਾਲ ਪਹਿਲਾਂ ਵਾਲੀ ਜੱਥੇਬੰਦੀ ਅੱਜ ਹੋਂਦ ਦੀ ਆਖਰ ਲੜਾਈ ਕਿਉਂ ਲੜ ਰਹੀ ਹੈ? ਇਥੇ ਪੁੱਜ ਜਾਣ ਪਿਛੇ ਕਾਰਣ ਕਿਹੜੇ ਕਿਹੜੇ ਹਨ? ਕੀ ਸਾਡੀ ਇਸ ਕੌਮੀ ਜੱਥੇਬੰਦੀ ਦਾ ਪ੍ਰਬੰਧਕੀ ਢਾਂਚਾ ਹੀ ਜੀਰਨ ਹੋ ਗਿਆ ਹੈ ਜਾਂ ਸਾਡੇ ਪਾਸ ਉਸ ਕੱਦ ਦੇ ਪ੍ਰਭਾਵ ਤੇ ਆਗੂ ਨਾਲ ਨਾਲ ਪੈਦਾ ਕਰਨ ਵਾਲੀ ਜੁਗਤਿ ਹੀ ਨਹੀਂ ਰਹੀ?

ਹਾਲਾਤ 'ਡੁੱਬੀ ਕਿਉਂ ਸਾਹ ਨਹੀਂ ਆਇਆ' ਵਾਲੀ ਹੈ। ਪਦਾਰਥਵਾਦ ਦਾ ਮਾਰੂ ਪ੍ਰਭਾਵ ਜੋ ਸਿੱਖ ਕੌਮ ਦੇ ਵਾਰਸਾਂ 'ਤੇ ਬਿਲਕੁਲ ਨਹੀਂ ਪੈਣਾ ਚਾਹੀਦਾ ਉਸ ਨੇ ਸਾਨੂੰ ਬੁਰੀ ਤਰ੍ਹਾਂ ਆਪਣੇ ਵਿਚ ਗ੍ਰਸ ਲਿਆ ਹੈ। ਸਾਡੀਆਂ ਸੁਰਤਾਂ ਤੇ ਗੁਰਬਾਣੀ ਦਾ ਰੰਗ ਜਿਸ ਕਦਰ ਚੜ੍ਹਿਆ ਰਹਿਣਾ ਚਾਹੀਦਾ ਸੀ ਉਸ ਤੋਂ ਅਸੀਂ ਨਿਰੰਤਰ ਵਾਂਝੇ ਰਹਿਣ ਲੱਗੇ! ਸਾਡਾ ਕੌਮੀ ਆਪਾ ਸਤਿਗੁਰੂ ਸਾਹਿਬਾਨ ਦੇ ਦਿੱਤੇ ਜੀਵਨ ਆਦਰਸ਼ਾਂ ਤੋਂ ਡਿੱਗਣਾ ਆਰੰਭ ਹੁੰਦਾ ਹੋਇਆ ਵੇਖਦਿਆਂ ਵੇਖਦਿਆਂ ਵਰਤਮਾਨ ਦੇ ਰਸਾਤਲ 'ਤੇ ਆਣ ਪੁੱਜਾ ਹੈ।

ਸਾਡੇ ਪੁਰਖਿਆਂ ਦੀਆਂ ਨੇਕ ਨੀਤੀ ਨਾਲ ਖੜ੍ਹੀਆਂ ਕੀਤੀਆਂ ਸੰਸਥਾਵਾਂ ਸਾਡੀ ਸਤਿਗੁਰੂ ਜੀ ਵੱਲ ਧਾਰੀ ਬੇਮੁੱਖਤਾ ਨਾਲ ਪੈਦਾ ਹੋਈ ਨਿਰਾਸ਼ਤਾ, ਫ਼ਿਕਰ ਦੇ ਡੂੰਘੇ ਟੋਏ ਵਿਚ ਲੈ ਆਈ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਸਾਡੀ ਇਸ ਕੌਮੀ ਸਿਆਸੀ ਜੱਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵਿਚ ਬੀਤੇ ਕਈ ਦਹਾਕਿਆਂ ਤੋਂ ਮਤਭੇਦ ਪੈਦਾ ਹੁੰਦੇ ਆਏ ਹਨ ਕਦੇ ਕੌਮ ਦੇ ਦਾਨੇ ਤੇ ਤਖ਼ਤ ਸਾਹਿਬ ਦੇ ਸੇਵਕ ਇਨ੍ਹਾਂ ਹਾਲਾਤਾਂ ਵਿਚੋਂ ਇਸ ਜੱਥੇਬੰਦੀ ਨੂੰ ਬਚਾਉਣ ਲਈ ਸਹਾਇਕ ਹੁੰਦੇ ਰਹੇ ਹਨ। ਹੁਣ ਤੇ ਪਿਛਲੇ ੩੫-੪੦ ਸਾਲਾਂ ਤੋਂ ਇਸ ਦੇ ਆਗੂ ਸਿਧਾਂਤ ਮਰਯਾਦਾ ਨੂੰ ਪਿੱਠ ਦੇ ਕੇ ਨਿਜ ਤੇ ਧੜਿਆਂ ਮਗਰ ਐਸੇ ਭੱਜੇ ਹਨ ਇਨ੍ਹਾਂ ਸਭ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਮੂਲ ਭਾਵਨਾਵਾਂ ਤੋਂ ਪੂਰੀ ਤਰ੍ਹਾਂ ਕਿਨਾਰਾਕਸ਼ੀ ਹੀ ਕਰ ਲੈਣ ਦਾ ਜਿਵੇਂ ਠੇਕਾ ਹੀ ਲੈ ਲਿਆ ਹੋਵੇ। ਬਾਦਲ ਦਲ ਧੜਾ ਤਿਕੜਮ ਖੇਡਣ ਵਿਚ ਸਫ਼ਲ ਹੋ ਕੇ ਭਾਜਪਾ ਵਰਗੀ ਜਮਾਤ ਨਾਲ ਨਾਪਾਕ ਗੱਠਜੋੜ ਕਰਕੇ ਸੂਬਾ ਤੇ ਦੇਸ਼ ਪੱਧਰੀ ਸਤਾਅ ਦੇ ਸੁੱਖ ਭੋਗਣ ਵਿਚ ਲੱਗਾ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਦੇ ਸਿਧਾਂਤ ਹੀ ਇਕ ਅਕਾਲੀ ਸਦਵਾਉਂਦਾ ਵਾਲੇ ਦਾ ਜੀਵਨ ਆਧਾਰ ਬਣਦੇ ਹਨ। ਜੇ ਅਕਾਲੀ ਸਦਵਾਉਣ ਵਾਲਾ ਇਨ੍ਹਾਂ ਸਿਧਾਂਤਾਂ ਪ੍ਰਤੀ ਖੁਦ ਅਮਲੀ ਰੂਪ ਵਿਚ ਪਹਿਰੇਦਾਰ ਤਥਾ ਵਫ਼ਾਦਾਰ ਨਹੀਂ ਤਾਂ ਉਸ ਕੋਲ ਅਕਾਲੀ ਸਦਵਾਉਣ ਤੇ ਕਹਾਉਣ ਦਾ ਕੋਈ ਹੱਕ ਨਹੀਂ ਹੈ। ਬਹੁਤ ਅਫ਼ਸੋਸ ਹੈ ਸਿੱਖ ਜਗਤ ਵਿਚ ਗੁਰੂ ਬਖਸ਼ਿਸ਼ ਨੂੰ ਸਮਝਣ ਜਾਨਣ ਤੇ ਅਮਲਾਉਣ ਵਾਲੀ ਪਵਿੱਤਰਤਾ ਦਾ ਮਹੱਤਵ ਬੇਹੱਦ ਘੱਟ ਗਿਆ ਹੈ। ਰਵਾਇਤੀ ਤੌਰ ਤੇ ਸ਼ਬਦਾਂ ਦੀ ਵਰਤੋਂ ਦੀ ਆਦਤ ਪਾ ਕੇ ਵਰਤਣੇ ਪਰਚਲਤ ਰੱਖ ਲਏ ਹਨ।

ਸ਼੍ਰੋਮਣੀ ਅਕਾਲੀ ਦਲ ਕੋਈ ਰਵਾਇਤੀ ਜੀਵਨ ਵਾਲਿਆਂ ਦੀ ਜੱਥੇਬੰਦੀ ਨਹੀਂ ਸੀ ਨਹੀ ਹੋ ਸਕਦੀ ਹੈ! ਜੇ ਅਸੀਂ ਅੱਜ ਇਸ ਸੱਚ ਤੱਥ ਨੂੰ ਮਨ ਬਚਨ ਕਰਕੇ ਸਵੀਕਾਰ ਨਹੀਂ ਕਰਾਂਗੇ ਤਾਂ ਅਸੀਂ ਪੰਥਕ ਜੀਵਨ ਜੁਗਤਿ ਦਾ ਨਿਰਾਦਰ ਕਰਨ ਦੇ ਭਾਗੀ ਹੋਵਾਂਗੇ। ਸਾਡੇ ਸਤਿਗੁਰੂ ਜੀ ਦੀ ਸਾਡੇ ਪਬੀ ਪਰਤੀਤ ਨਹੀਂ ਹੋਵੇਗੀ।

ਵਰਤਮਾਨ ਸਮੇਂ ਕੌਮ ਦੇ ਅੰਦਰ ਕੌਮੀ ਸਿਆਸੀ ਜੱਥੇਬੰਦੀ ਨੂੰ ਲੈ ਕੇ ਪਰਸ ਰਹੀ ਉਦਾਸੀ ਵਾਜਬ ਹੈ। ਮਗਰ ਇਹ ਕੇਵਲ ਬੌਧਿਕ ਕਸਰਤ ਦਾ ਵਿਸ਼ਾ ਨਹੀਂ ਇਸ ਦਾ ਹੱਲ ਢੂੰਡਣਾ ਜਰੂਰੀ ਹੈ। ਉਸ ਪਬੀ ਕੌਮ ਅੰਦਰ ਗੰਭੀਰਤਾ ਤੇ ਚੇਤਨਾ ਦੀ ਲੋੜ ਹੈ ਉਹ ਕੌਮ ਦੇ ਕਿਹੜੇ ਹਿੱਸੇ ਵਿਚ ਹੈ! ਦਾਸ ਤਾਂ ਇਸ ਗੱਲ ਦਾ ਉੱਤਰ ਦੇਣ ਲਗਿਆ ਬਹੁਤ ਸ਼ਰਮਿੰਦਾ ਹੈ। ਧੜਿਆਂ, ਸਵਾਰਥ ਖੁਦਗਰਜ਼ੀ, ਹੋਂਦ ਦੀ ਭੁੱਖ ਭਿਆਨਕ ਰੂਪ ਵਿਚ ਕੌਮ ਦੇ ਚੌਗਿਰਦੇ ਪਸਰੀ ਹੋਈ ਇਸ ਨਿਰਾਸ਼ਾ ਦਾ ਜ਼ਾਹਰਾ ਪ੍ਰਗਟਾਅ ਹੈ।



ਜੱਥੇਦਾਰ ਜੀ ਕੀ ਕਰਨਗੇ? ਇਹ ਸਵਾਲ ਸਿੱਖ ਚੇਤਨਾ ਵਿਚ ਤੂਫ਼ਾਨ ਖੜ੍ਹਾ ਕਰ ਰਿਹਾ ਹੈ। ਕੀ ਜੱਥੇਦਾਰ ਜੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਦੇ ਸਹੀ ਸਿਧਾਤਾਂ ਨੂੰ ਮੱਦੇ-ਨਜ਼ਰ ਖੁਦ ਨੂੰ ਖੜਿਆਂ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਦੇ ਮਾਹੌਲ ਵਿਚ ਜਾ ਸਕਣਗੇ ਜਿਥੋਂ ਕੌਮ ਪ੍ਰਸਤਾਂ ਨੇ ਸਦੀ ਪਹਿਲਾਂ ਇਸ ਜੱਥੇਬੰਦੀ ਨੂੰ ਖੜ੍ਹਾ ਕੀਤਾ ਸੀ? ਕੀ ਜਥੇਦਾਰ ਜੀ ਕੌਮ ਦੀ ਸਿਆਸੀ ਲੋੜ ਤੋਂ ਚੰਗੀ ਤਰ੍ਹਾਂ ਵਾਕਫ਼ ਹਨ? ਕੀ ਜੱਥੇਦਾਰ ਜੀ ਇਸ ਮੱਸਲੇ ਦੀ ਗੰਭੀਰਤਾ ਨੂੰ ਸਮਝਣ ਵਾਸਤੇ ਖੁਦ ਤੇ ਸਹਿਯੋਗੀਆਂ ਰਾਹੀਂ ਪਹੁੰਚ ਸਥਾਪਿਤ ਕਰ ਸਕਣਗੇ? ਕੀ ਜੱਥੇਦਾਰ ਜੀ ਇਹ ਸਮਝਣਗੇ ਇਹ ਮਸਲਾ ਕੌਮ ਦੇ ਵਰਤਮਾਨ ਤੇ ਭਵਿੱਖ ਦਾ ਹੈ? ਕੀ ਇਹ ਵੀ ਸਮਝਣਗੇ ਜੋ ਧੜੇ ਇਸ ਮੌਕੇ ਗੁਨਾਹਗਾਰਾਂ ਦੇ ਰੂਪ ਵਿਚ ਸਾਹਮਣੇ ਹਨ ਇਨ੍ਹਾਂ ਵੱਲੋਂ ਕੀਤੇ ਗਏ ਗੁਨਾਹ ਕੌਮੀ ਧ੍ਰੋਹ ਦਾ ਦਰਜਾ ਰੱਖਦੇ ਹਨ? ਕੀ ਇਹ ਸਭ ਕੁਝ ਬਾਬਾ ਕਬੀਰ ਜੀ ਦੇ ਪੇਸ਼ ਵਰਤਾਰੇ ਦਾ ਹਿੱਸਾ ਤਾਂ ਨਹੀਂ ਹੈ "ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ॥ ਕਾਹੇ ਕੀ ਕੁਸਲਾਤ ਹਾਥ ਦੀਪੁ ਕੂਏ ਪਰੈ॥"

ਕੀ ਜਥੇਦਾਰ ਜੀ ਇਸ ਮਸਲੇ ਨੂੰ ਸਹੀ ਅਰਥਾਂ ਵਿਚ ਕੌਮੀ ਵਰਤਮਾਨ ਤੇ ਭਵਿੱਖ ਦਾ ਮਸਲਾ ਮੰਨ ਕੇ ਪੰਥਕ ਕਚਹਿਰੀ ਵਿਚ ਇਸ ਦੀ ਸੁਣਵਾਈ ਕਰਵਾਉਣ ਲਈ ਪਹਿਲ ਕਰਨਗੇ? ਕੀ ਜੱਥੇਦਾਰ ਜੀ ਪੰਥਕ ,ਸੇਵਾ ਮੁਕਤ ਸਿੱਖ ਜੱਜ ਲੱਭ ਕੇ ਇਨ੍ਹਾਂ ਗੁਨਾਹਗਾਰਾਂ ਦੀ ਕਪਟੀ ਮਨਸਾ ਦੀ ਤਹਿ ਤੱਕ ਜਾਣ ਦਾ ਕਦਮ ਪੁੱਟਣਗੇ? ਕੀ ਜੱਥੇਦਾਰ ਜੀ ਦੇ ਪੰਥਕ ਸੱਥਾਂ ਵਿਚੋਂ ਪੰਥਕ ਸੋਚ ਦੇ ਸਹੀ ਪਹਿਰੇਦਾਰ ਵਾਰਸ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਗੁਰੂ ਪੰਥ ਨੂੰ ਮਨ ਬਚਨ ਕਰਮ ਕਰਕੇ ਸਮਰਪਿਤ ਹਨ ਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਦੇ ਅਮਲੀ ਹਨ ਉਨ੍ਹਾਂ ਵਿਚੋਂ ,ਪੰਜ ਸੇਵਾ ਮੁਕਤ ਜੱਜਾਂ ਨਾਲ ਘੱਟ ਤੋਂ ਘੱਟ 21 ਸਿੱਖ ਜੋ ਵੱਖ ਵੱਖ ਪੱਖਾਂ ਤੋਂ ਭਲੀਭਾਂਤ ਵਾਕਫ਼ ਹੋਣ ਤੇ ਕੌਮੀ ਹਰ ਪੱਖ ਬਾਰੇ ਅਨੁਭਵ ਵੀ ਰੱਖਦੇ ਹੋਣ ਨਾਲ ਜੋੜ ਕੇ ਇਸ ਮੱਸਲੇ ਦੇ ਹੱਲ ਦੀ ਜ਼ਿੰਮੇਵਾਰੀ ਸੌਂਪ ਦੇਣਗੇ? ਇਕ ਗੱਲ ਬੜੀ ਸਪਸ਼ਟ ਹੈ ਇਸ ਮਸਲੇ ਦਾ ਹੱਲ ਕੌਮੀ ਪੱਧਰ ਤੇ ਪੰਥਕ ਜੁਗਤਿ ਵਿਚ ਹੀ ਹੋ ਸਕਦਾ ਹੈ। ਜੱਥੇਦਾਰ ਜਾਤੀ ਪੱਧਰ ਜੋ ਵੀ ਕਰਨਗੇ ਉਸ ਉੱਤੇ ਕਿੰਤੂ ਪਰੰਤੂ ਬਹੁਤ ਹੋਵੇਗਾ।

ਕਦੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਮਸਲਿਆਂ ਦੇ ਹੱਲ ਦੀ ਜੁਗਤਿ ਪੰਥਕ ਹੀ ਮਹੱਤਵਪੂਰਣ ਹੈ ਤੇ ਸਵੀਕਾਰਤ ਹੈ। ਜੋ ਵਰਤਮਾਨ ਵਿਚ ਗਵਾਚਿਆ ਹੋਇਆ ਕਰਦੀ ਸੀ। ਸਮੇਂ ਦੇ ਗੇੜ ਨਾਲ ਉਸ ਨੂੰ ਵਿਸਾਰ ਹੀ ਦਿੱਤਾ ਗਿਆ ਹੈ।

ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ ਇਸ ਮੌਕੇ ਸਿੱਖ ਸਿਆਸੀ ਹੋਣੀ ਨੂੰ ਦੁਬਾਰਾ ਸਿਰਜਿਆ ਜਾਣਾ ਵੀ ਬਹੁਤ ਜ਼ਰੂਰੀ ਹੈ ਮਾਹੌਲ ਵੀ ਸਾਜਗਾਰ ਹੈ। ਸਾਰੇ ਦਿਖਾਈ ਦੇਂਦੇ ਧੜੇ ਭੰਗ ਕਰ ਦੇਣੇ ਚਾਹੀਦੇ ਹਨ। ਜਿਨ੍ਹਾਂ ਨੇ ਹੁਣ ਤੱਕ ਕੌਮੀ ਬੇੜੀਆਂ ਵਿਚ ਵੱਟੇ ਪਾਏ ਹਨ ਉਨ੍ਹਾਂ ਸਭ ਨੂੰ ਬਾਹਰ ਕਰ ਦੇਣ ਦਾ ਨਿਰਣਾ ਬਹੁਤ ਜ਼ਰੂਰੀ ਹੈ।

ਭਾਵੇਂ ਇਹ ਕਦਮ ਸਖਤ ਦਿਖਾਈ ਦੇਂਦਾ ਹੋਵੇਗਾ। ਓਪਰੇਸ਼ਨ ਵੱਡਾ ਹੀ ਕਾਰਗਰ ਰਹਿਣਾ ਹੈ ਛੋਟੀਆਂ ਛੋਟੀਆਂ ਪਟੀਆਂ ਕਰਨ ਨਾਲ ਇਲਾਜ਼ ਨਹੀਂ ਹੋਣਾ।

ਜੇਕਰ ਅੱਜ ਇਸ ਮੌਕੇ ਨੂੰ ਪੰਥਕ ਪੱਧਰ ਤੇ ਨਹੀਂ ਲਿਆ ਜਾਂਦਾ ਤੇ ਧੜਿਆਂ ਦੀ ਲੇਪਾ ਪੋਚੀ ਹੀ ਕਰੀ ਜਾਵੇਗੀ ਪਛਤਾਵਾ ਨਾਲ ਹੀ ਚਿੰਬੜਿਆ ਰਹੇਗਾ।

ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ।
panthaknagara@gmail.com



# ਐਧਰਲੇ ਸਿਸਟਮ ਦਾ ਬਾਬਾ ਬਨਾਮ ਸੁਖਬੀਰ ਬਾਦਲ

ਬਘੇਲ ਸਿੰਘ ਧਾਲੀਵਾਲ
99142-58142



ਅੱਜ ਕੱਲ੍ਹ ਬਾਬਿਆਂ ਦਾ ਬੋਲਬਾਲਾ ਕੁੱਝ ਜਿਆਦਾ ਹੀ ਹੈ। ਇੱਥੋਂ ਤੱਕ ਕਿ ਸਿਆਸੀ ਪਾਰਟੀਆਂ ਦੇ ਆਗੂ ਆਪਣੇ ਆਪ ਨੂੰ ਬਤੌਰ ਪ੍ਰਧਾਨ ਓਨਾ ਤਾਕਤਵਾਰ ਅਤੇ ਇੱਜ਼ਤਦਾਰ ਮਹਿਸੂਸ ਨਹੀ ਕਰਦੇ, ਜਿੰਨਾਂ ਉਨ੍ਹਾਂ ਲਈ ਇੱਕ ਡੇਰੇਦਾਰ ਬਾਬਾ ਤਾਕਤਵਾਰ ਅਤੇ ਰਸੂਖ਼ਦਾਰ ਹੁੰਦਾ ਹੈ, ਇਹੋ ਕਾਰਨ ਹੈ ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ ਵੋਟਾਂ ਦੇ ਸਮੇ ਵੱਖ ਵੱਖ ਡੇਰਿਆਂ ਵਿੱਚ ਜੁੱਤੀਆਂ ਝਾੜਦੇ ਅਤੇ ਨੱਕ ਰਗੜਦੇ ਦੇਖੇ ਜਾ ਸਕਦੇ ਹਨ। ਕਈ ਵਾਰ ਇਹ ਡੇਰਾ ਮੋਹ ਐਨਾ ਭਾਰੀ ਪੈ ਜਾਂਦਾ ਹੈ, ਜਿਸ ਦਾ ਖਮਿਆਜਾ ਦੋਵਾਂ ਧਿਰਾਂ (ਸਿਆਸੀ ਆਗੂਆਂ ਅਤੇ ਲੋਕਾਂ) ਨੂੰ ਬਹੁਤ ਵੱਡੇ ਮੁੱਲ ਤਾਰਕੇ ਭੁਗਤਣਾ ਪੈਂਦਾ ਹੈ। ਕਿਸੇ ਵੀ ਕੌਮ ਲਈ, ਕਿਸੇ ਵੀ ਮਜ਼ਬ ਲਈ, ਕਿਸੇ ਫਿਰਕੇ ਲਈ ਇਸ ਤੋਂ ਵੱਡਾ ਦੁਖਾਂਤ ਹੋਰ ਕੀ ਹੋ ਸਕਦਾ ਹੈ ਕਿ ਜਦੋਂ ਉਨ੍ਹਾਂ ਦਾ ਸਭ ਤੋਂ ਵੱਡਾ ਤੇ ਤਾਕਤਵਰ ਆਗੂ ਖੁਦ ਹੀ ਆਪਣੀ ਕੌਮ ਅਤੇ ਆਪਣੇ ਧਰਮ ਨਾਲ ਬੇਵਫ਼ਾਈ ਕਰਨ ਦਾ ਸਭ ਤੋਂ ਵੱਡਾ ਗੁਨਾਹਗਾਰ ਸਾਬਤ ਹੋ ਜਾਵੇ।

ਇਹੋ ਜਿਹੇ ਦੁਖਾਂਤ ਨੂੰ ਸਿੱਖ ਕੌਮ ਪਿਛਲੇ ਲੰਮੇ ਅਰਸੇ ਤੋਂ ਆਪਣੇ ਤਨ ਮਨ ਤੇ ਹੰਢਾਉਂਦੀ ਆ ਰਹੀ ਹੈ। ਇਹ ਦੁਖਾਂਤ ਉਸ ਮੌਕੇ ਤਾਂ ਹੋਰ ਵੀ ਦੁਖਦਾਈ ਬਣ ਗਿਆ,ਜਦੋਂ ਇਸ ਕੌਮ ਦਾ ਖੈਰ ਖਵਾਹ,ਕੌਮ ਦਾ ਸਭ ਤੋਂ ਵੱਡਾ ਆਗੂ, ਕੌਮ ਦੀ ਨੁਮਾਇੰਦਾ ਪਾਰਟੀ ਦਾ ਮੁਖੀਆ ਮਹਿਜ ਸੱਤਾ ਦੀ ਭੁੱਖ ਨੂੰ ਪੂਰਾ ਕਰਨ ਖਾਤਰ ਭਾਵ ਪੰਜਾਬ ਸੂਬੇਦਾਰੀ ਲੈਣ ਖਾਤਰ ਸਿੱਖਾਂ ਦੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ,ਸਿੱਖਾਂ ਦੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖਾਂ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਅਤੇ ਸਿੱਖ ਕੌਮ ਦੇ ਹਾਜ਼ਰ ਨਾਜ਼ਰ ਗੁਰੂ ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਢਾਹ ਲਾਉਣ ਲਈ ਸਾਰੀਆਂ ਹੱਦਾਂ ਪਾਰ ਕਰ ਗਿਆ ਡੇਰਾ ਸਿਰਸਾ ਦੇ ਮੁਖੀ ਵੱਲੋਂ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਮਾਰਚ 1699 ਦੀ ਵਿਸਾਖੀ ਵਾਲੇ ਦਿਨ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਜ਼ਮੀਨ ਖਰੀਦ ਕੇ ਵਸਾਏ ਗਏ ਨਗਰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਪੰਜ ਸਿੱਖਾਂ ਦੇ ਸੀਸ ਲੈ ਕੇ ਖਾਲਸਾ ਪ੍ਰਗਟ ਕਰਨ ਹਿਤ ਤਿਆਰ ਕੀਤੇ ਖੰਡੇ ਬਾਟੇ ਦੀ ਪਾਹੁਲ ਦੇ ਅਲੌਕਿਕ ਸੰਕਲਪ ਦੀ ਨਕਲ ਕਰਦਿਆਂ ਗੁਰੂ ਸਾਹਿਬ ਵਰਗੀ ਪੁਸ਼ਾਕ ਪਾ ਕੇ ਤਿਆਰ ਕੀਤੇ 'ਜਾਮ ਏ ਇਨਸਾਂ' ਦੇ ਢੌਂਗ ਰਚਣ ਤੋਂ ਲੈ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੱਕ ਦੇ ਸਾਰੇ ਪ੍ਰਕਰਣ ਵਿੱਚ ਕਿਤੇ ਨਾ ਕਿਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਭਾਗੀਦਾਰੀ ਜੱਗ ਜਾਹਰ ਹੋ ਰਹੀ ਹੈ। ਬੀਤੇ ਦਿਨੀਂ ਹੀ ਟੈਲੀ ਮੀਡੀਆ ਵਿਚ ਪ੍ਰਸਾਰਿਤ ਹੋਈ ਬੇਅਦਬੀ ਮਾਮਲਿਆਂ ਵਿੱਚ ਮੁੱਖ ਗਵਾਹ ਬਣੇ ਡੇਰੇ ਦੇ ਸਿਆਸੀ ਵਿੰਗ ਦੇ ਤਤਕਾਲੀ ਮੁਖੀ ਪਰਦੀਪ ਕਲੇਰ ਦੀ ਇੰਟਰਵਿਊ ਨੇ ਜਿੱਥੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਕੀਤੇ ਹਨ ਅਤੇ ਬਹੁਤ ਸਾਰੇ ਲੋਕਾਂ ਦੇ ਚਿਹਰਿਆਂ ਤੋਂ ਮਖੌਟੇ ਵੀ ਉਤਾਰ ਦਿੱਤੇ ਹਨ,ਓਥੇ ਸਿੱਖ ਕੌਮ ਲਈ ਖਾਸ ਕਰਕੇ ਉਨ੍ਹਾਂ ਲੋਕਾਂ ਲਈ ਇਹ ਵੱਡੇ ਸਦਮੇ ਵਾਲੀ ਖਬਰ ਹੋਵੇਗੀ,ਜਿਹੜੇ ਹੁਣ ਤੱਕ ਅਕਾਲੀ ਦਲ ਦੇ ਉਪਰੋਕਤ ਆਗੂਆਂ ਨੂੰ ਹੀ ਅਸਲ ਪੰਥ ਸਮਝਕੇ ਕੌਮ ਦੀ ਹੋਣੀ ਉਨ੍ਹਾਂ ਉਪਰ ਛੱਡ ਦਿੰਦੇ ਰਹੇ ਹਨ। ਡੇਰੇ ਦੇ ਸਿਆਸੀ ਵਿੰਗ ਦਾ ਸਾਬਕਾ ਮੁਖੀ ਇਹ ਸਪੱਸ਼ਟ ਤੌਰ ਤੇ ਕਹਿ ਰਿਹਾ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਉਹਦੇ ਸਾਥੀ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਜੁਲਾਈ 2007 ਵਿੱਚ ਡੇਰਾ ਮੁਖੀ ਨਾਲ ਕਿਸੇ ਵੀ ਤਰ੍ਹਾਂ ਦਾ ਸਬੰਧ ਨਾ ਰੱਖਣ ਦੇ ਹੁਕਮਨਾਮੇ ਜਾਰੀ ਕੀਤੇ ਜਾਣ ਤੋਂ ਬਾਅਦ ਵੀ ਇੱਕ ਨਹੀਂ ਬਲਕਿ ਅਨੇਕਾਂ ਵਾਰ ਡੇਰਾ ਮੁਖੀ ਦੀ ਹਾਜ਼ਰੀ ਭਰਦੇ ਰਹੇ ਹਨ। ਉਹ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਡੇਰਾ ਮੁਖੀ ਨੂੰ ਦਿੱਤੀ ਗਈ ਮੁਆਫੀ ਦੇ ਮੁੱਦੇ ਤੇ ਗੱਲ ਕਰਦਿਆਂ ਦੱਸਦੇ ਹਨ ਕਿ ਡੇਰਾ ਮੁਖੀ ਦੇ ਸਾਰੇ ਪ੍ਰੋਗਰਾਮ ਪੰਜਾਬ ਅੰਦਰ ਸਿੱਖਾਂ ਨੇ ਬੰਦ ਕਰ ਦਿੱਤੇ ਸਨ ਅਤੇ ਉਸ ਦੀ ਪਹਿਲੀ ਫਿਲਮ ਵੀ ਪੰਜਾਬ ਵਿੱਚ ਚੱਲਣ ਨਹੀਂ ਸੀ ਦਿੱਤੀ ਅਤੇ ਜਦੋਂ ਡੇਰਾ ਮੁਖੀ ਦੀ ਦੂਜੀ ਫਿਲਮ ਆਈ ਤਾਂ ਪੰਜਾਬ ਵਿੱਚ ਫਿਲਮ ਨੂੰ ਚਲਾਉਣ ਲਈ ਉਸ ਮੌਕੇ ਉਹਨਾਂ (ਡੇਰਾ ਮੁਖੀ ਅਤੇ ਹਨੀਪ੍ਰੀਤ) ਨੇ ਸਾਨੂੰ (ਪ੍ਰਦੀਪ ਕਲੇਰ ਅਤੇ ਹਰਸ਼ ਧੂਰੀ) ਨੂੰ ਬੁਲਾ ਕੇ ਕਿਹਾ ਸੀ ਕਿ ਸੁਖਬੀਰ ਬਾਦਲ ਨਾਲ ਜਾਕੇ ਗੱਲ ਕਰੋ ਕਿ ਹੁਣ ਤੱਕ ਅਸੀ ਉਨ੍ਹਾਂ ਦੀ ਚੋਣਾਂ ਵਿੱਚ ਮੱਦਦ ਕਰਦੇ ਆ ਰਹੇ ਹਾਂ, ਹੁਣ ਉਹ ਸਾਡੀ ਮੱਦਦ ਕਰਨ ਅਤੇ ਕੁੱਝ ਵੀ ਹੱਲ ਕੱਢ ਕੇ ਮੇਰੇ ਪ੍ਰੋਗਰਾਮ ਪੰਜਾਬ ਵਿੱਚ ਕਰਨ ਲਈ ਮੱਦਦ ਕਰਨ ਅਤੇ ਫਿਲਮ ਨੂੰ ਪੰਜਾਬ ਵਿੱਚ ਚਲਾਉਣ ਦਾ ਇੰਤਜਾਮ ਕਰਨ। ਉਨ੍ਹਾਂ ਦੱਸਿਆ ਕਿ ਮੈਂ ਜ਼ਿਆਦਾ ਦਿੱਲੀ ਦੇ ਕੰਮ ਦੇਖਦਾ ਸੀ ਅਤੇ ਹਰਸ਼ ਦੀ ਜ਼ਿੰਮੇਵਾਰੀ ਪੰਜਾਬ ਦੇਖਣ ਦੀ ਸੀ, ਇਸ ਲਈ ਮੈ ਹਰਸ਼ ਨੂੰ ਨਾਲ ਲੈ ਕੇ ਸੁਖਬੀਰ ਦੀ ਕੋਠੀ 12 ਸਫਦਰਗੰਜ ਰੋਡ ਗਿਆ ਅਤੇ ਉਨ੍ਹਾਂ ਨਾਲ ਮਿਲਕੇ ਡੇਰਾ ਮੁਖੀ ਦਾ ਸੁਨੇਹਾ ਦਿੱਤਾ। ਉਸ ਮੌਕੇ ਸੁਖਬੀਰ ਨੇ ਹਿੱਕ ਤੇ ਹੱਥ ਮਾਰ ਕੇ ਕਿਹਾ ਸੀ ਕਿ ਜਿਸ ਤਰ੍ਹਾਂ ਤੁਹਾਡੇ ਵਾਲੇ ਸਿਸਟਮ ਦਾ ਉਹ ਬਾਬਾ ਹੈ, ਉਸ ਤਰ੍ਹਾਂ ਹੀ ਐਧਰਲੇ ਸਿਸਟਮ ਦਾ ਮੈਂ ਬਾਬਾ ਹਾਂ, ਕਹਿਣ ਤੋਂ ਭਾਵ ਕਿ ਸਿੱਖਾਂ ਵਾਲੇ ਸਿਸਟਮ ਦਾ ਬਾਬਾ ਮੈਂ ਹਾਂ, ਭਾਵ ਸੁਖਬੀਰ ਸਿੰਘ ਬਾਦਲ ਹੈ, ਇਸ ਲਈ ਤੁਸੀ ਕੋਈ ਫਿਕਰ ਜਾਂ ਪ੍ਰਵਾਹ ਨਾ ਕਰੋ ਮੈਂ ਸਾਰੇ ਇੰਤਜਾਮ ਕਰਾਂਗਾ, ਉਹਦੇ ਲਈ ਬਾਬੇ ਤੋਂ ਇੱਕ ਮੁਆਫੀਨਾਮੇ ਦਾ ਪੱਤਰ ਲਿਖਵਾ ਕੇ ਲੈ ਆਓ, ਜਿਸ ਦੇ ਜਰੀਏ ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਬੇ ਨੂੰ ਮੁਆਫ਼ੀ ਦਿਵਾ ਦੇਣਗੇ। ਉਹ ਅੱਗੇ ਦੱਸਦਾ ਹੈ ਕਿ ਅਸੀ ਸੁਖਬੀਰ ਦਾ ਇਹ ਸੁਨੇਹਾ ਲੈਕੇ ਬਾਬੇ ਨੂੰ ਬੰਬੇ ਜਾ ਕੇ ਮਿਲੇ ਅਤੇ ਸਾਰਾ ਕੁੱਝ ਦੱਸਿਆ, ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਇੱਕ ਸਪੱਸ਼ਟੀਕਰਨ ਹਿੰਦੀ ਵਿੱਚ ਲਿਖ ਕੇ ਸਾਨੂੰ ਦੇ ਦਿੱਤਾ ਗਿਆ, ਜਿਸ ਦੇ ਬਿਲਕੁਲ ਹੇਠਾਂ ਬਾਬੇ ਦੇ ਹਸਤਾਖ਼ਰ ਸਨ। ਉਹ ਦੱਸਦਾ ਹੈ ਕਿ ਦਲਜੀਤ ਚੀਮਾ ਅਤੇ ਸੁਖਬੀਰ ਨੇ ਉਸ ਸਪੱਸ਼ਟੀਕਰਨ ਦਾ ਪੰਜਾਬੀ ਅਨੁਵਾਦ ਕਰਨ ਸਮੇ ਉਸ ਪੱਤਰ ਅਤੇ ਹਸਤਾਖਰਾਂ ਦੇ ਵਿਚਕਾਰ ਬਚਦੀ ਕੁੱਝ ਥਾਂ ਵਿੱਚ ਖਿਮਾਂ ਦਾ ਜਾਚਕ ਸਬਦ ਆਪ ਹੀ ਲਿਖ ਦਿੱਤਾ ਅਤੇ ਜਦੋਂ ਦੂਜੇ ਦਿਨ ਅਖਬਾਰਾਂ ਵਿੱਚ ਇਹ ਖਬਰਾਂ ਛਪੀਆਂ ਤਾਂ ਬਾਬਾ ਇਸ ਗੱਲ ਤੇ ਪਹਿਲਾਂ ਸਾਡੇ ਨਾਲ ਨਰਾਜ਼ ਹੋਇਆ ਕਿ ਖਿਮਾਂ ਦਾ ਜਾਚਕ ਸ਼ਬਦ ਦੀ ਮੈਂ ਵਰਤੋਂ ਨਹੀ ਕੀਤੀ, ਕਿਉਂਕਿ ਮੈ ਸਪੱਸ਼ਟੀਕਰਨ ਦਿੱਤਾ ਹੈ। ਮੁਆਫੀਨਾਮਾ ਨਹੀ ਸੀ ਦਿੱਤਾ,ਉਹ ਦੱਸਦਾ ਹੈ ਕਿ ਸਾਨੂੰ ਇਹ ਸਪੱਸ਼ਟੀਕਰਨ ਬਾਬੇ ਨੂੰ ਦੇਣਾ ਪਿਆ ਕਿ ਇਹ ਸ਼ਬਦ ਖਿਮਾਂ ਦਾ ਜਾਚਕ ਅਸੀਂ ਨਹੀ ਬਲਕਿ ਖੁਦ ਸੁਖਬੀਰ ਅਤੇ ਦਲਜੀਤ ਚੀਮੇ ਨੇ ਲਿਖਿਆ ਹੈ। ਉਸ ਤੋਂ ਬਾਅਦ ਜਦੋ ਸਿੱਖ ਕੌਮ ਨੇ ਉਸ ਮੁਆਫੀਨਾਮੇ ਨੂੰ ਰੱਦ ਕਰ ਦਿੱਤਾ ਤਾਂ ਸੁਖਬੀਰ ਨੇ ਬਾਬੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਆਉਣ ਲਈ ਕਿਹਾ,ਪਰ ਬਾਬੇ ਨੇ ਸ੍ਰੀ ਅਕਾਲ ਤਖਤ ਸਾਹਿਬ ਆਉਣ ਤੋਂ ਜਵਾਬ ਦੇ ਦਿੱਤਾ। ਜਿਸ ਦਾ ਹੱਲ ਕੱਢਣ ਲਈ ਸੁਖਬੀਰ ਨੇ ਬਾਬੇ ਤੋਂ ਦੂਜਾ ਪੱਤਰ ਜਾਰੀ ਕਰਵਾਇਆ। ਉਹ ਇਹ ਵੀ ਸਾਫ ਦੱਸਦਾ ਹੈ ਕਿ ਸੁਖਬੀਰ 2012 ਦੀਆਂ ਚੋਣਾਂ ਸਮੇ ਵੀ ਗੁਪਤ ਤੌਰ 'ਤੇ ਡੇਰਾ ਸਿਰਸਾ ਵਿਖੇ ਜਾ ਕੇ ਬਾਬੇ ਨੂੰ ਮਿਲਿਆ,ਉਸ ਤੋ ਬਾਅਦ 2017 ਦੀਆਂ ਚੋਣਾਂ ਸਮੇ ਵੀ ਦੋ ਵਾਰ ਬਾਬੇ ਨੂੰ ਮਿਲਿਆ। ਉਹ ਦੱਸਦਾ ਹੈ ਕਿ ਡੇਰੇ ਵੱਲੋਂ 2017 ਵਿੱਚ ਵੀ ਖੁੱਲ ਕੇ ਅਕਾਲੀ ਦਲ ਦੀ ਮੱਦਦ ਕੀਤੀ ਗਈ ਅਤੇ 2019 ਵਿੱਚ ਵੀ ਸੁਖਬੀਰ ਅਤੇ ਹਰਸਿਮਰਤ ਦੀ ਮੱਦਦ ਕੀਤੀ ਗਈ ਸੀ। ਸੋ ਉਪਰੋਕਤ ਸਾਰੇ ਖੁਲਾਸਿਆਂ ਦੇ ਮੱਦੇਨਜਰ ਇਹ ਸੋਚਣਾ ਬਣਦਾ ਹੈ ਕਿ ਮੰਨ ਲਓ ਪ੍ਰਦੀਪ ਕਲੇਰ ਵੱਲੋਂ ਕੀਤੇ ਖੁਲਾਸਿਆਂ ਵਿੱਚ ਬਹੁਤ ਸਾਰਾ ਝੂਠ ਵੀ ਬੋਲਿਆ ਗਿਆ ਹੋਵੇ, ਜੇਕਰ ਸਾਰੇ ਖੁਲਾਸਿਆਂ ਵਿੱਚ ਅੱਧੀ ਸਚਾਈ ਵੀ ਹੋਵੇ, ਤਾਂ ਵੀ ਸੁਖਬੀਰ ਸਿੰਘ ਬਾਦਲ ਸਿੱਖ ਕੌਮ ਦੇ ਵੱਡੇ ਦੋਸ਼ੀ ਹਨ। ਕਿਉਂਕਿ ਉਹ ਕੌਮ ਦੇ ਵੱਡੇ ਆਗੂ ਹਨ। ਲੰਮਾ ਸਮਾਂ ਸਿੱਖ ਕੌਮ ਬਾਦਲ ਪਰਿਵਾਰ ਨੂੰ ਹੀ ਪੰਥ ਸਮਝ ਕੇ ਉਹਨਾਂ ਨੂੰ ਆਪਣੀ ਹੋਣੀ ਦੇ ਮਾਲਕ ਬਣਾਉਂਦੀ ਰਹੀ ਹੈ। ਜੇਕਰ ਅੱਧੇ ਤੋਂ ਵੀ ਘੱਟ ਸਚਾਈ ਹੋਵੇ, ਫਿਰ ਵੀ ਅਕਾਲੀ ਦਲ ਦੇ ਪ੍ਰਧਾਨ ਦੇ ਗੁਨਾਹ ਬਖਸ਼ਣ ਯੋਗ ਨਹੀ ਹਨ। ਉਨ੍ਹਾਂ ਨੇ ਕੌਮ ਦੇ ਭਰੋਸੇ ਨੂੰ ਵੀ ਤੋੜਿਆ ਹੈ ਅਤੇ ਆਪਣੇ ਗੁਰੂ ਨਾਲ ਵੀ ਧੋਖਾ ਕਰਨ ਅਤੇ ਮੀਰੀ ਪੀਰੀ ਦੇ ਸਿਧਾਂਤ ਨੂੰ ਵੱਡੀ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਵੱਲੋਂ ਬੋਲੇ ਗਏ ਇਹ ਸਬਦ:- ਕਿ "ਓਧਰਲੇ ਸਿਸਟਮ ਦਾ ਤੁਹਾਡਾ ਬਾਬਾ ਹੈ ਅਤੇ ਐਧਰਲੇ ਸਿਸਟਮ ਦਾ ਬਾਬਾ ਮੈਂ ਹਾਂ", ਸੁਖਬੀਰ ਨਹੀ ਬਲਕਿ ਉਹਨਾਂ ਦਾ ਸੱਤਾ ਦੇ ਨਸ਼ੇ ਵਿੱਚ ਹੰਕਾਰ ਬੋਲਿਆ ਹੈ। ਕਾਸ਼ ! ਕਿ ਮੌਜੂਦਾ ਸਮੇਂ ਵਿੱਚ ਵੀ ਜਥੇਦਾਰ ਬਾਬਾ ਫੂਲਾ ਸਿੰਘ ਅਕਾਲੀ ਵਰਗੇ ਜਥੇਦਾਰ ਹੁੰਦੇ, ਜਿਹੜੇ ਆਪਣੇ ਮਹਾਰਾਜੇ ਨੂੰ ਦਰੱਖਤ ਨਾਲ ਬੰਨਕੇ ਕੋੜੇ ਮਾਰਨ ਦੀ ਸਜ਼ਾ ਦੇਕੇ ਸਬਕ ਸਿਖਾਉਣ ਦੀ ਜੁਰਅਤ ਰੱਖਦੇ ਸਨ। ਪ੍ਰੰਤੂ ਮੌਜੂਦਾ ਜਥੇਦਾਰਾਂ ਤੋਂ ਇਹ ਆਸ ਨਹੀ ਕੀਤੀ ਜਾ ਸਕਦੀ ਕਿ ਉਹ ਸੁਖਬੀਰ ਸਿੰਘ ਬਾਦਲ ਦੀ ਅਕਲ ਟਿਕਾਣੇ ਕਰ ਸਕਣ। ਕਿਉਂਕਿ ਤਨਖਾਹ-ਦਾਰ ਮੁਲਾਜ਼ਮ ਨੇ ਹਮੇਸ਼ਾ ਆਪਣੇ ਮਾਲਕ ਪ੍ਰਤੀ ਵਫਾ ਹੀ ਪਾਲਣੀ ਹੈ, ਇਹਦੇ ਵਿੱਚ ਹੀ ਉਹਨਾਂ ਦੇ ਨਿੱਜੀ ਹਿਤਾਂ ਦੇ ਸੁਰੱਖਿਅਤ ਰਹਿਣ ਦੀ ਸੰਭਾਵਨਾ ਛੁਪੀ ਹੋਈ ਹੁੰਦੀ ਹੈ।

ਇਸ ਲਈ ਭਾਵੇਂ ਮੌਜੂਦਾ ਮੁਲਾਜ਼ਮ ਕੌਮ ਦੇ ਜਥੇਦਾਰ ਬਣਕੇ ਇਤਿਹਾਸ ਸਿਰਜਣ ਦੇ ਸਮਰੱਥ ਨਹੀ ਹੋ ਸਕਣਗੇ,ਪਰ ਮੌਜੂਦਾ ਜਥੇਦਾਰਾਂ ਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਮੀਰੀ ਪੀਰੀ ਦੇ ਤਖਤ ਤੇ ਬੈਠ ਕੇ ਲਏ ਗਏ ਗਲਤ ਫੈਸਲੇ ਕੌਮ ਲਈ ਤਾਂ ਘਾਤਕ ਹੋਣਗੇ ਹੀ,ਪ੍ਰੰਤੂ ਉਹਨਾਂ ਦੀਆਂ ਅਪਣੀਆਂ ਨਸਲਾਂ ਲਈ ਵੀ ਸਦੀਆਂ ਤੱਕ ਕੌਮੀ ਨਫਰਤ ਦੇ ਬੀਜ ਬੀਜਣ ਦੇ ਵੀ ਜ਼ਿੰਮੇਵਾਰ ਹੋਣਗੇ। ਇਸ ਸਾਰੇ ਘਟਨਾਕ੍ਰਮ ਵਿੱਚ ਇਕੱਲਾ ਸੁਖਬੀਰ ਸਿੰਘ ਬਾਦਲ ਦੋਸ਼ੀ ਨਹੀ,ਬਲਕਿ ਉਹ ਸਾਰੇ ਹੀ ਅਕਾਲੀ ਬਰਾਬਰ ਦੇ ਦੋਸ਼ੀ ਹਨ,ਜਿਹੜੇ ਜਾਂ ਤਾਂ ਸੱਤਾ ਸੁਖ ਦੇ ਲਾਲਚ ਵਿੱਚ ਮੂਕ ਦਰਸ਼ਕ ਬਣੇ ਰਹੇ ਅਤੇ ਜਾਂ ਫਿਰ ਬਾਦਲ ਪਰਿਵਾਰ ਦੀਆਂ ਆਪ ਹੁਦਰੀਆਂ ਤੇ ਸਹੀ ਪਾਉਂਦੇ ਰਹੇ ਹਨ। ਕੌਮ ਦੇ ਕਟਹਿਰੇ ਵਿੱਚ ਇਹ ਸਾਰੇ ਹੀ ਲੋਕ ਕਦੇ ਮੁਆਫ ਨਹੀ ਹੋ ਸਕਣਗੇ, ਭਾਵੇਂ ਉਹ ਹੁਣ ਆਪਣੇ ਆਪ ਨੂੰ ਬਾਦਲ ਪਰਿਵਾਰ ਤੋਂ ਵੱਖ ਕਰਨ ਦੀ ਕਿੰਨੀ ਵੀ ਕੋਸ਼ਿਸ਼ ਕਰ ਲੈਣ। ਅਗਲੀ ਗੱਲ ਉਸ ਵਾਅਦਾ ਮੁਆਫ ਗਵਾਹ ਪਰਦੀਪ ਕਲੇਰ ਦੀ ਕਰਦੇ ਹਾਂ, ਜਿਹੜਾ ਹੁਣ ਕਨੂੰਨੀ ਪ੍ਰਕਿਰਿਆ ਤੋਂ ਡਰਦਾ ਵਾਅਦਾ ਮੁਆਫ ਗਵਾਹ ਬਣਕੇ ਆਪਣੀ ਬੰਦ ਖਲਾਸੀ ਚਾਹੁੰਦਾ ਹੈ। ਉਹਦੇ ਵੱਲੋਂ ਡੇਰਾ ਸਿਰਸਾ ਅਤੇ ਅਕਾਲੀ ਦਲ ਦੇ ਪ੍ਰਧਾਨ ਦੇ ਆਪਸੀ ਸਬੰਧਾਂ ਅਤੇ ਸਾਰੇ ਘਟਨਾਕਰਮ ਤੋ ਪਰਦਾ ਚੁੱਕਣ ਤੋ ਬਾਅਦ ਜਿਸ ਤਰ੍ਹਾਂ ਸਿੱਖ ਕੌਮ ਤੋਂ ਹਮਦਰਦੀ ਦੀ ਆਸ ਰੱਖਦਿਆਂ ਹਮਾਇਤ ਦੀ ਮੰਗ ਕੀਤੀ ਗਈ ਹੈ, ਉਹ ਸਾਰਾ ਵਰਤਾਰਾ ਬਿਲਕੁਲ ਉਸ ਤਰਾਂ ਦਾ ਹੈ, ਜਿਸ ਤਰ੍ਹਾਂ ਪਿਛਲੇ ਕੁੱਝ ਸਾਲਾਂ ਵਿੱਚ ਪਿੰਕੀ ਕੈਟ ਦਾ ਵਰਤਾਰਾ ਰਿਹਾ ਹੈ।

ਪਿੰਕੀ ਕੈਟ ਸੈਂਕੜੇ ਸਿੱਖ ਨੌਜਵਾਨਾਂ ਨੂੰ ਕੋਹ ਕੋਹ ਮਾਰਨ ਦਾ ਦੋਸ਼ੀ ਰਿਹਾ ਹਾਂ।ਫਿਰ ਜਦੋਂ ਉਹਨੂੰ ਜਾਪਿਆ ਕਿ ਸਰਕਾਰ ਵੱਲੋਂ ਉਹਨੂੰ ਉਹ ਸਹੂਲਤਾਂ ਅਤੇ ਰੁਤਬਾ ਨਹੀ ਦਿੱਤਾ ਗਿਆ ਜਿਸਦੀ ਉਹ ਆਸ ਕਰਦਾ ਸੀ ਤਾਂ ਉਹਨੇ ਮੀਡੀਏ ਵਿੱਚ ਆਕੇ ਬੋਲਣਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਨੌਜਵਾਨੀ ਦਾ ਘਾਣ ਕਰਨ ਵਾਲੇ ਸੁਮੇਧ ਸੈਣੀ ਸਮੇਤ ਬਹੁਤ ਸਾਰੇ ਪੁਲਿਸ ਅਧਿਕਾਰੀਆਂ ਅਤੇ ਮੁਲਾਜਮਾਂ ਨੂੰ ਲੋਕ ਕਚਹਿਰੀ ਵਿੱਚ ਨੰਗਾ ਕਰ ਦਿੱਤਾ।

ਹੁਣ ਇੱਥੇ ਇਹ ਸੋਚਣਾ ਬਣਦਾ ਹੈ ਕਿ ਜਦੋ ਪਿੰਕੀ ਨੂੰ ਸਰਕਾਰ ਵੱਲੋਂ ਜਾਂ ਉਹਦੇ ਮਹਿਕਮੇ ਵੱਲੋਂ ਨਜ਼ਰਅੰਦਾਜ ਕਰ ਦਿੱਤਾ ਗਿਆ, ਫਿਰ ਹੀ ਉਹਨੇ ਇਹ ਖੁਲਾਸੇ ਕੀਤੇ, ਪਰ ਇਹ ਵੀ ਸੱਚ ਹੈ ਕਿ ਦਰਜਨਾਂ ਬੇਦੋਸ਼ੇ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰਨ ਦੇ ਦੋਸ਼ੀ ਕੌਮ ਦੀ ਹਮਦਰਦੀ ਅਤੇ ਹਮਾਇਤ ਦਾ ਹੱਕਦਾਰ ਕਿਵੇਂ ਬਣ ਸਕਦਾ ਸੀ, ਠੀਕ ਉਸੇ ਤਰ੍ਹਾਂ ਹੀ ਪ੍ਰਦੀਪ ਕਲੇਰ ਜਿਹੜਾ ਸਾਰੇ ਪਾਪਾਂ ਵਿੱਚ ਡੇਰਾ ਸਿਰਸਾ ਮੁਖੀ ਦੇ ਬਰਾਬਰ ਦੇ ਦੋਸ਼ੀਆਂ 'ਚੋਂ ਇੱਕ ਰਿਹਾ ਹੈ, ਉਹ ਸਿੱਖ ਕੌਮ ਦੀ ਹਮਦਰਦੀ ਅਤੇ ਹਮਾਇਤ ਦਾ ਹੱਕਦਾਰ ਕਿਵੇਂ ਹੋ ਸਕਦਾ ਹੈ ? ਅਜੇ ਤੱਕ ਉਕਤ ਵਾਅਦਾ ਮੁਆਫ ਗਵਾਹ ਨੇ ਸਿੱਖ ਕੌਮ ਦੇ ਹਿਰਦੇ ਵਲੂੰਧਰ ਰਹੀਆਂ ਧੰਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਸਬੰਧੀ ਇੱਕ ਸਬਦ ਤੱਕ ਤੱਕ ਨਹੀਂ ਬੋਲਿਆ। ਭਾਵੇਂ ਸਿੱਖਾਂ ਦੀ ਹਮਦਰਦੀ ਤਾਂ ਉਹਨੂੰ ਕਿਸੇ ਵੀ ਸ਼ਰਤ ਤੇ ਮਿਲਣੀ ਸੰਭਵ ਨਹੀਂ, ਪਰ ਫਿਰ ਵੀ ਜਦੋ ਉਹਨੇ ਮੀਡੀਏ ਨੂੰ ਇੱਥੋਂ ਤੱਕ ਦੱਸ ਹੀ ਦਿੱਤਾ ਹੈ, ਫਿਰ ਬੇਅਦਬੀਆਂ ਦੇ ਸਬੰਧ ਵਿੱਚ ਵੀ ਸੱਚੋ ਸੱਚ ਖੁਲਾਸੇ ਕਰ ਦੇਣੇ ਚਾਹੀਦੇ ਹਨ। ਜਿੰਨੀ ਦੇਰ ਸਾਰਾ ਕੁੱਝ ਸਪੱਸ਼ਟ ਨਹੀ ਹੁੰਦਾ, ਓਨੀ ਦੇਰ ਉਪਰੋਕਤ ਇੰਟਰਵਿਊ ਸਬੰਧੀ ਦੁਬਿਧਾ ਬਣੀ ਰਹੇਗੀ। ਸੋ ਉਪਰੋਕਤ ਪਾਪਾਂ ਦੇ ਘੜੇ ਦੇ ਭਰ ਭਰ ਕੇ ਉਛਲਣ ਨਾਲ ਹੋਰ ਕੌਣ ਕੌਣ ਲੋਕ ਕਟਹਿਰੇ ਵਿੱਚ ਨੰਗੇ ਹੋਣਗੇ, ਦੇਖਣ, ਵਿਚਾਰਨ ਅਤੇ ਚਿੰਤਾ ਵਾਲੀ ਗੱਲ ਇਹ ਵੀ ਹੋਵੇਗੀ।

* * * * * * * *

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**


ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)

ਫ਼ੋਨ : 07853 317 891
Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-63**

# ਕੋਸੀ ਧੁੱਪ ਦਾ ਨਿੱਘ




**ਬੱਗੇ ਦੀਆਂ ਘਤਿੱਤਾਂ ਕਰ ਕੇ ਉਸ ਦੀ ਰਾਤਾਂ ਦੀ ਨੀਂਦ ਹਰਾਮ ਹੋਈ ਪਈ ਸੀ। ਜਦੋਂ ਹੀ ਗੱਡੀ ਨੇ ਹਾਰਨ ਮਾਰਿਆ ਤਾਂ ਉਸ ਨੇ ਉਠ ਕੇ ਕੁੰਡਾ ਖੋਲ੍ਹ ਦਿੱਤਾ ਸੀ। ਜੇ ਕਿਤੇ ਅਮਰੋ ਪਹਿਲਾਂ ਵਾਲ਼ੀ ਹੁੰਦੀ, ਤਾਂ ਘੰਟਾ ਦਰਵਾਜਾ ਨਾ ਖੋਲ੍ਹਦੀ। ਅੱਬਲ ਤਾਂ ਕੌਰੇ ਨੂੰ ਗੁਆਂਢੀਆਂ ਦੇ ਘਰ ਵਿੱਚ ਦੀ ਕੋਠੇ ਟੱਪ ਕੇ ਘਰ ਉਤਰਨਾ ਪੈਂਦਾ! ਪਰ ਹੁਣ ਹੀਰੇ ਵਾਲ਼ੇ ਕਾਂਡ ਕਾਰਨ ਅਮਰੋ ਵਿੱਚ ਬਹੁਤ ਵੱਡਾ ਬਦਲਾਅ ਆਇਆ ਸੀ।**
**-"ਰੋਟੀ ਪਾਵਾਂ...?"**
**-"ਨਹੀਂ, ਰੋਟੀ ਰਾਹ 'ਚੋਂ ਖਾ ਲਈ ਸੀ..!"**
**-"ਪੇਕ ਸ਼ੇਕ ਲਾਉਣੈ ਤਾਂ ਪਾਣੀ ਦੇਵਾਂ...?"**
**-"ਨਹੀਂ ਪੈੱਗ ਨੂੰ ਵੀ ਚਿੱਤ ਨੀ ਕਰਦਾ...!"**

## ਕਾਂਡ 25

ਅਮਰੋ ਦਾ ਦਿਲ ਡੋਲ ਰਿਹਾ ਸੀ। ਬਖਤੌਰ ਦਾ ਉਸ ਨੂੰ ਬਾਹਵਾ ਆਸਰਾ ਹੋ ਗਿਆ ਸੀ। ਪਰ ਅਮਰੋ ਇੱਕ ਗੱਲੋਂ ਸ਼ਰਮਿੰਦੀ ਸੀ ਕਿ ਉਸ ਨੇ ਬਖਤੌਰ ਦਾ ਘਰ ਉਜਾੜਿਆ, ਸਕੀ ਭੈਣ ਸੱਦੋ ਮਾਰੀ। ਪਰ ਸਮੁੰਦਰ ਵਰਗੇ ਬੰਦੇ ਬਖਤੌਰ ਨੇ ਇੱਕ ਵਾਰ ਵੀ ਮੱਥੇ ਵੱਟ ਨਹੀਂ ਪਾਇਆ ਸੀ ਅਤੇ ਨਾ ਹੀ ਅੱਜ ਤੱਕ ਕੋਈ ਉਲਾਂਭਾ ਦਿੱਤਾ ਸੀ। ਉਲਾਂਭਾ ਤਾਂ ਕੀ ਦੇਣਾ ਸੀ...? ਗਿਲਾ ਸ਼ਿਕਵਾ ਤੱਕ ਨਹੀਂ ਕੀਤਾ ਸੀ। ਬਖਤੌਰ ਫ਼ੌਲਾਦੀ ਹਿੱਕ ਵਾਲਾ ਬੰਦਾ ਸੀ, ਜਿਸ ਨੇ ਐਡਾ ਜ਼ਖ਼ਮ ਖਾ ਕੇ ਵੀ "ਸੀ" ਨਹੀਂ ਸੀ ਕੀਤੀ।

-"ਅਮਰੋ ਫ਼ਿਕਰ ਨਾ ਕਰੀਂ, ਤੇ ਨਾ ਕੌਰੇ ਨੂੰ ਫ਼ਿਕਰ ਕਰਨ ਦੇਈਂ...! ਜਿੰਨਾਂ ਚਿਰ ਮੈਂ ਬੈਠੈਂ, ਥੋਨੂੰ ਕੋਈ ਵੀ ਟੈਨਸ਼ਨ ਲੈਣ ਦੀ ਲੋੜ ਨੀ...! ਹੀਰੇ ਦੇ ਇਲਾਜ਼ ਦਾ ਸਾਰਾ ਖਰਚਾ ਮੈਂ ਕਰੂੰ, ਇਹ ਮੈਂ ਕੌਰੇ ਨੂੰ ਪਹਿਲਾਂ ਕਹਿਤਾ..! ਜੋ ਬਿਪਤਾ ਸਿਰ ਪੈ ਗਈ, ਓਥੇ ਤਾਂ ਆਪਾਂ ਕੁਛ ਕਰ ਸਕਦੇ ਨੀ, ਪਰ ਖਰਚੇ ਬਰਚੇ ਵੱਲੋਂ ਚਿੰਤਾ ਨਾ ਕਰਿਓ...!" ਅਮਰੋ ਧਾਹ ਕੇ ਬਖਤੌਰ ਦੇ ਗੋਡਿਆਂ ਨੂੰ ਚਿੰਬੜ ਗਈ।

-"ਉਠ, ਕਮਲ਼ ਨੀ ਮਾਰੀਦਾ ਹੁੰਦਾ...!" ਬਖਤੌਰ ਦਾ ਮਨ ਵੀ ਭੈੜ੍ਹਾ ਹੋ ਗਿਆ।

ਉਹ ਅਮਰੋ ਤੋਂ ਗੋਡੇ ਛੁਡਾ ਕੇ ਹੀਰੇ ਕੋਲ਼ ਜਾ ਬੈਠਾ।

-"ਤੂੰ ਪੁੱਤ ਹੀਰਾ ਸਿਆਂ...! ਤੈਨੂੰ ਕਿਸੇ ਵੀ ਚੀਜ਼ ਦੀ ਲੋੜ ਹੋਵੇ, ਤਾਂ ਜਕਣਾ ਨੀ, ਤਾਇਆ ਜੀ ਨੂੰ ਦੱਸਣੈ, ਠੀਕ ਐ...?"

-"..........।" ਹੀਰੇ ਨੇ "ਹਾਂ" ਵਿੱਚ ਸਿਰ ਹਿਲਾਇਆ।

-"ਚੱਲ ਉਠ ਕੇ ਜੱਫੀ ਪਾਅ ਤਾਇਆ ਜੀ ਨੂੰ...!"

ਹੀਰੇ ਨੇ ਅੱਧਾ ਕੁ ਉਠ ਕੇ ਜੱਫੀ ਪਾ ਲਈ। ਨਾਲ਼ ਦੀ ਨਾਲ਼ ਉਹ ਅੱਖਾਂ ਭਰ ਆਇਆ।

-"ਸ਼ੇਰ ਬੱਗੇ ਰੋਂਦੇ ਨੀ ਹੁੰਦੇ...! ਹਰ ਮੁਸੀਬਤ ਦਾ ਖਿੜੇ ਮੱਥੇ ਟਾਕਰਾ ਕਰਨੈਂ ਸ਼ੇਰਾ...!"

ਅਜੇ ਉਹ ਤੁਰਨ ਹੀ ਲੱਗੇ ਸਨ ਕਿ ਕਿੱਧਰੋਂ ਬੱਗਾ ਨਸ਼ੇ ਨਾਲ ਰੱਜਿਆ ਸੱਪ ਵਾਂਗ ਮੇਲ੍ਹਦਾ ਆ ਵੱਜਿਆ।

-"ਤਾਇਆ ਸਾਸਰੀਕਾਲ....!" ਉਹ ਢੁੱਡ ਮਾਰਨ ਵਾਲਿਆਂ ਵਾਂਗ ਸਿੱਧਾ ਬਖਤੌਰ ਦੀ ਹਿੱਕ 'ਚ ਵੱਜਿਆ। ਬਖਤੌਰ ਉਸ ਨੂੰ ਜੱਫੀ ਪਾ ਕੇ ਮੰਜੇ 'ਤੇ ਬੈਠ ਗਿਆ।

-"ਇੱਕ ਵਾਅਦਾ ਕਰ ਮੇਰੇ ਨਾਲ਼...!"

-"ਬੋਲ ਤਾਇਆ...!"

-"ਜਾਨ ਮੰਗ, ਜਾਨ ਦਿਊਂਗਾ, ਪਰ ਨਸ਼ੇ ਬੰਦ ਕਰਦੇ ਪੁੱਤ...!"

-"ਤਾਇਆ, ਬੁਲਿਟ ਮੋਟਰ ਸਾਈਕਲ ਲੈ ਦੇ, ਨਸ਼ੇ ਬੰਦ...!"

-"ਪੱਕੀ ਗੱਲ ਆ...?"

-"ਉਰ੍ਹੇ ਆ ਅਮਰੋ...! ਤੂੰ ਵੀ ਆ ਬਈ ਕੌਰਿਆ...!"

ਸਾਰੇ ਕੋਲ਼ ਆ ਗਏ।

-"ਜਦੋਂ ਤੂੰ ਦਿੱਲੀਓਂ ਮੁੜਿਆ, ਆਪਣੇ ਬੱਗੇ ਸ਼ੇਰ ਨੂੰ ਬੁਲਿਟ ਲੈ ਕੇ ਦੇਣੈ, ਪੈਸੇ ਮੈਂ ਜਾਣ ਸਾਰ ਭੇਜ ਦਿਊਂਗਾ..! ਪਰ ਪੁੱਤ ਆਪਣਾ ਕੀਤਾ ਵਾਅਦਾ ਵੀ ਨਿਭਾਉਣੈ...! ਨਸ਼ੇ...!"

-"ਜਮਾਂ ਬੰਦ ਤਾਇਆ...! ਜਮਾਂ ਬੰਦ...!"

-"ਬੱਸ ਹੁਣ ਤੂੰ ਬੁਲਿਟ ਵਾਸਤੇ ਕਿਸੇ ਨੂੰ ਨੀ ਕਹਿਣਾ, ਅਗਲੇ ਹਫ਼ਤੇ ਤੇਰੇ ਹੇਠਾਂ ਬੁਲਿਟ ਹੋਊਗਾ, ਠੀਕ ਐ...?"

-"ਠੀਕ ਐ ਤਾਇਆ...!" ਉਸ ਨੇ ਫ਼ਿਰ ਬਖਤੌਰ ਨੂੰ ਜੱਫੀ ਪਾ ਲਈ। ਨਸ਼ੇ ਕਾਰਨ ਉਹ ਚੌੜੀਆਂ ਨਾਸਾਂ ਰਾਹੀਂ ਸਾਹ ਲੈਂਦਾ ਛੂਕਦਾ ਸੀ।

-"ਗੱਡੀ ਆਲ਼ੇ ਨੂੰ ਕਿੰਨੇ ਵਜੇ ਦਾ ਕਿਹਾ ਸੀ...?"

-"ਬੱਸ ਆਉਣ ਵਾਲ਼ਾ ਈ ਐ...!"

ਕਾਰ ਦਾ ਹਾਰਨ ਵੱਜਿਆ।

-"ਲੈ ਆ ਗਿਆ...!"

-"ਰਲ਼ ਮਿਲ਼ ਕੇ ਰਿਹਾ ਕਰੋ ਅਮਰੋ...! ਇਹ ਜ਼ਿੰਦਗੀ ਬਹੁਤ ਛੋਟੀ ਐ...! ਚੰਗਾ ਪੁੱਤ...!" ਹੀਰੇ ਦਾ ਸਿਰ ਪਲ਼ੋਸ ਕੇ ਬਖਤੌਰ ਨੇ ਬੈਗ ਗਲ਼ 'ਚ ਪਾਇਆ ਅਤੇ ਉਹ ਗੱਡੀ ਵਿੱਚ ਜਾ ਬੈਠੇ।

-"ਚਾਚੇ ਕੇਹਰੇ ਨੂੰ ਮਿਲ਼ ਕੇ ਚੱਲਣੈ ਮਾੜਾ ਜਿਆ...!"

ਗੱਡੀ ਕੇਹਰੇ ਚਾਚੇ ਦੇ ਘਰ ਨੂੰ ਸਿੱਧੀ ਹੋ ਗਈ।

-"ਮੈਂ ਸੋਚਿਆ ਬਿਨਾ ਮਿਲ਼ੇ ਈ ਨਿਕਲ਼ ਗਏ...?" ਚਾਚਾ ਕੇਹਰਾ ਦੇਖ ਕੇ ਖਿੜ ਗਿਆ।

-"ਤੈਨੂੰ ਮਿਲ਼ੇ ਬਿਨਾ ਕਿਵੇਂ ਨਿਕਲ਼ਜਾਂਗੇ ਚਾਚਾ...?" ਬਖਤੌਰ ਨੇ ਚਾਚੇ ਦੇ ਗੋਡੇ ਘੁੱਟ ਲਏ।

-"ਚੰਗਾ ਮੇਲੇ ਹੋਗੇ ਸ਼ੇਰਾ...! ਅਗਲੀ ਵਾਰੀ ਜਦੋਂ ਤੂੰ ਆਉਣੈ, ਪਤਾ ਨੀ ਮੈਂ ਹੋਣੈਂ, ਪਤਾ ਨੀ ਨਹੀਂ ਹੋਣਾ...!" ਚਾਚਾ ਉਦਾਸ ਹੋ ਗਿਆ।

-"ਚਾਚਾ, ਕਾਹਨੂੰ ਢਿੱਲੀਆਂ ਜੀਆਂ ਗੱਲਾਂ ਕਰੀ ਜਾਨੈਂ...? ਅਜੇ ਤਾਂ ਪੋਤਿਆਂ ਦੇ ਵਿਆਹਾਂ 'ਚ ਭੰਗੜੇ ਪਾਉਣੇ ਆਂ...!"

-"ਪੁੱਤ ਸਰੀਰ ਦੱਸੀ ਜਾਂਦੈ ਬਈ ਹੁਣ ਵਾਰੰਟ ਨੇੜੇ ਈ ਆ...!" ਚਾਚਾ ਹੱਸ ਪਿਆ।

-"ਲੈ ਚਾਚਾ, ਕੰਮ ਆਉਣਗੇ...!" ਬਖਤੌਰ ਨੇ ਪੰਜ ਹਜ਼ਾਰ ਰੁਪਏ ਚਾਚੇ ਦੀ ਮੁੱਠੀ ਵਿੱਚ ਘੁੱਟ ਦਿੱਤੇ ਅਤੇ ਹੱਥ ਦੱਬ ਕੇ ਚੁੱਪ ਰਹਿਣ ਲਈ ਇਸ਼ਾਰਾ ਕੀਤਾ। ਚਾਚਾ ਕੁਛ ਬੋਲਣ ਲੱਗਿਆ। ਪਰ ਬਖਤੌਰ ਨੇ ਅੱਖ ਦੱਬ ਦਿੱਤੀ ਅਤੇ ਖੇਸ ਵਿੱਚ ਦੀ ਚਾਚੇ ਦਾ ਹੱਥ ਫੇਰ ਘੁੱਟਿਆ। ਚਾਚੇ ਦਾ ਨਿੱਘਾ ਹੱਥ ਉਸ ਨੂੰ ਬਾਪੂ ਦਾ ਹੱਥ ਹੀ ਤਾਂ ਜਾਪਿਆ ਸੀ।

-"ਚਾਚਾ, ਅੱਜ ਫ਼ੇਰ ਇੱਕ ਪੈੱਗ ਨੀ ਸਾਂਝਾ ਕਰਨਾ...?"

-"ਅਜੇ ਦਿਨ ਜਿਆ ਖੜ੍ਹੈ ਪੁੱਤ...!"

-"ਦਿਨ ਖੜ੍ਹੇ ਨੂੰ ਕੀ ਐ ਚਾਚਾ...? ਲਿਆ ਕੌਰਿਆ ਪਾਣੀ ਫੜ ਕੇ...!"

ਕੌਰਾ ਪਾਣੀ ਲੈਣ ਚਲਿਆ ਗਿਆ। ਹੁਣ ਚਾਚਾ ਅਤੇ ਬਖਤੌਰ ਦੋਨੋਂ ਹੀ ਬੈਠਕ ਵਿੱਚ ਸਨ।

-"ਆਹ ਕੀ ਭਾਰ ਚੜ੍ਹਾ ਚੱਲਿਐਂ ਮੇਰੇ ਸਿਰ...? ਹੁਣ ਤਾਂ ਅਖੀਰਲੀ ਉਮਰੇ ਲਹਿਣਾ ਵੀ ਨੀ, ਜਦੋਂ ਤੂੰ ਅੱਗੇ ਨੂੰ ਆਉਣੈ, ਪਤਾ ਨੀ ਮੈਂ ਹੋਣੈਂ, ਪਤਾ ਨੀ ਨਹੀਂ..!" ਚਾਚੇ ਨੇ ਗੀਝੇ 'ਚੋਂ ਪੈਸੇ ਫ਼ੇਰ ਕੱਢ ਲਏ।

-"ਇਹ ਪੁੱਤ ਵੱਲੋਂ ਪਿਉ ਨੂੰ ਦਿੱਤੇ ਐ, ਭਾਰ ਕੋਈ ਨੀ ਚਾਚਾ...! ਇਹਨੂੰ ਜੇਬ 'ਚ ਈ ਰੱਖ..! ਕਿਤੇ ਕੰਮ ਆ ਜਾਂਦੇ ਆ...!" ਬਖਤੌਰ ਦੇ ਆਖਣ 'ਤੇ ਚਾਚੇ ਨੇ ਪੈਸੇ ਗੀਝੇ ਵਿੱਚ ਪਾ ਲਏ।

-"ਜੰਟਾ ਕਿੱਥੇ ਐ...?"

-"ਉਹ ਸਹੁਰੀਂ ਗਿਐ...! ਸੁਨੇਹਾਂ ਆਇਆ ਸੀ ਓਹਦੇ ਰਿਸ਼ਤੇਦਾਰ ਦਾ..! ਕੋਈ ਜਰੂਰੀ ਕੰਮ ਦੱਸਦਾ ਸੀ..!"

-"ਫ਼ੇਰ ਅੱਜ ਤਾਂ ਨੀ ਆਉਂਦਾ...!"

-"ਕਹਿੰਦਾ ਸੀ ਦੋ ਦਿਨ ਲਾ ਕੇ ਆਊ...!"

ਕੌਰਾ ਪਾਣੀ ਅਤੇ ਸਬਜ਼ੀ ਲੈ ਕੇ ਆ ਗਿਆ।

-"ਮੈਨੂੰ ਪਤੈ ਤੁਸੀਂ ਕਾਹਲ਼ੀ 'ਚ ਐਂ, ਪਰ ਪੈਕ ਲਾਉਣ ਤੋਂ ਪਹਿਲਾਂ ਇੱਕ ਹਾਸੇ ਆਲ਼ੀ ਗੱਲ ਸੁਣ ਲਓ...!"

-"ਸੁਣਾ ਚਾਚਾ...?" ਕੌਰਾ ਪੈੱਗ ਪਾਉਣ ਲੱਗ ਪਿਆ।

-"ਅੱਜ ਬਾਣੀਆਂ ਦਾ ਧਰਮੀਂ ਆ ਗਿਆ ਮੇਰੇ ਕੋਲ਼ੇ...! ਕਈ ਦਿਨ ਹੋਗੇ ਉਹਦਾ ਪਿਉ ਚੜ੍ਹਾਈ ਕਰ ਗਿਆ...! ਤੇ ਮੈਨੂੰ ਆ ਕੇ ਪੁੱਛਦੈ, ਕਹਿੰਦਾ ਤਾਇਆ, ਮੈਂ ਆਬਦੇ ਬਾਈ ਦੇ ਫ਼ੁੱਲ ਕਿੱਥੇ ਤਾਰ ਕੇ ਆਵਾਂ...? ਉਹ ਪਿਉ ਨੂੰ 'ਬਾਈ' ਤੇ ਮਾਂ ਨੂੰ 'ਝਾਈ' ਆਖਦਾ ਸੀ...! ਮੈਖਿਆ ਤੇਰੀ ਝਾਈ ਦੇ ਫ਼ੁੱਲ ਕਿੱਥ ਪਾਏ ਸੀ...? ਕਹਿੰਦਾ ਗੰਗਾ ਜੀ ਪਾ ਕੇ ਆਇਆ ਸੀ...! ਮੈਖਿਆ ਹੁਣ ਆਬਦੇ ਪਿਉ ਦੇ ਜਮਨਾ ਜੀ ਪਾ ਕੇ ਆ...! ਕਹਿੰਦਾ ਓਹ ਕਿਉਂ...? ਮੈਖਿਆ ਸਾਰੀ ਉਮਰ ਦੋਨੋਂ ਸੇਹੜੀਆਂ ਮਾਂਗੂੰ ਤਾਂ ਝਾਟਮ-ਝੀਟੀ ਹੁੰਦੇ ਰਹੇ ਐ, ਜੇ ਹੁਣ ਦੋਵਾਂ ਦੇ ਫ਼ੁੱਲ ਇੱਕ ਥਾਂ ਪਾਅਤੇ, ਕਿਤੇ ਓਥੇ ਵੀ ਨਾ ਛਿੱਤਰੋ ਛਿੱਤਰੀ ਹੋਣ ਲੱਗ ਪੈਣ...?"

ਸਾਰੇ ਹੱਸ ਪਏ।

ਉਹਨਾਂ ਇੱਕ-ਇੱਕ ਪੈੱਗ ਲਾ ਕੇ ਚਾਚੇ ਤੋਂ ਵਿਦਾਇਗੀ ਲਈ ਅਤੇ ਗੱਡੀ ਦਿੱਲੀ ਨੂੰ ਸਿੱਧੀ ਹੋ ਗਈ।

## ਕਾਂਡ 26

ਅਗਲੀ ਰਾਤ ਨੂੰ ਜਦੋਂ ਕੌਰਾ ਦਿੱਲੀਓਂ ਮੁੜਿਆ ਤਾਂ ਹੀਰਾ ਅਤੇ ਬੱਗਾ ਸੌਂ ਚੁੱਕੇ ਸਨ।

ਪਰ ਅਮਰੋ ਜਾਗਦੀ ਸੀ। ਬੱਗੇ ਦੀਆਂ ਘਤਿੱਤਾਂ ਕਰ ਕੇ ਉਸ ਦੀ ਰਾਤਾਂ ਦੀ ਨੀਂਦ ਹਰਾਮ ਹੋਈ ਪਈ ਸੀ। ਜਦੋਂ ਹੀ ਗੱਡੀ ਨੇ ਹਾਰਨ ਮਾਰਿਆ ਤਾਂ ਉਸ ਨੇ ਉਠ ਕੇ ਕੁੰਡਾ ਖੋਲ੍ਹ ਦਿੱਤਾ ਸੀ। ਜੇ ਕਿਤੇ ਅਮਰੋ ਪਹਿਲਾਂ ਵਾਲ਼ੀ ਹੁੰਦੀ, ਤਾਂ ਘੰਟਾ ਦਰਵਾਜਾ ਨਾ ਖੋਲ੍ਹਦੀ। ਅੱਬਲ ਤਾਂ ਕੌਰੇ ਨੂੰ ਗੁਆਂਢੀਆਂ ਦੇ ਘਰ ਵਿੱਚ ਦੀ ਕੋਠੇ ਟੱਪ ਕੇ ਘਰ ਉਤਰਨਾ ਪੈਂਦਾ! ਪਰ ਹੁਣ ਹੀਰੇ ਵਾਲ਼ੇ ਕਾਂਡ ਕਾਰਨ ਅਮਰੋ ਵਿੱਚ ਬਹੁਤ ਵੱਡਾ ਬਦਲਾਅ ਆਇਆ ਸੀ।

-"ਰੋਟੀ ਪਾਵਾਂ...?"

-"ਨਹੀਂ, ਰੋਟੀ ਰਾਹ 'ਚੋਂ ਖਾ ਲਈ ਸੀ..!"

-"ਪੇਕ ਸ਼ੇਕ ਲਾਉਣੈ ਤਾਂ ਪਾਣੀ ਦੇਵਾਂ...?"

-"ਨਹੀਂ ਪੈੱਗ ਨੂੰ ਵੀ ਚਿੱਤ ਨੀ ਕਰਦਾ...!"

-"ਮੈਨੂੰ ਪਤੈ ਤੂੰ ਬਖਤੌਰ ਗਏ ਕਰ ਕੇ ਉਦਾਸ ਐਂ...!"

-"............।" ਅਮਰੋ ਦੇ ਕਹਿਣ 'ਤੇ ਕੌਰੇ ਦੀਆਂ ਅੱਖਾਂ ਛਲਕ ਪਈਆਂ।

-"ਜਹਾਜ ਚੜ੍ਹਾ ਕੇ ਆਏ ਐਂ ਕਿ ਪਹਿਲਾਂ ਈ ਤੁਰ ਆਏ...?"

-"ਜਮਾਂ ਤੁਰੇ ਤੋਂ ਆਏ ਆਂ...! ਹੀਰੇ ਨੇ ਰੋਟੀ ਖਾ-ਲੀ ਸੀ...?"

-"ਆਹੋ, ਖਾ-ਲੀ..!"

-"ਤੇ ਬੱਗਾ...?"

-"ਉਹ ਤਾਂ ਆਇਆ ਈ ਨੀ ਰਾਤ ਦਾ...! ਮੈਂ ਉਹਦੇ ਬਾਰੇ ਈ ਤੇਰੇ ਨਾਲ਼ ਗੱਲ ਕਰਨੀ ਸੀ...!"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

"ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ॥ ਅੰਗ 685"। ਜੋ ਪਾਪ ਕਰਦਾ ਹੈ ਉਹ ਡਰਦਾ ਹੈ, ਜਦ ਕਿ ਧਰਮੀ ਬੰਦਾ ਖੇੜੇ 'ਚ ਹੁੰਦਾ ਹੈ । "ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਅੰਗ 84"। ਹੇ ਮੇਰੀ ਸੋਹਣੀ ਜਿੰਦੇ! ਪਰਮਾਤਮਾ ਸਭ ਕੁਝ ਹਰ ਰੋਜ਼ ਸਾਨੂੰ ਵੇਖਦਾ ਤੇ, ਸੁਣਦਾ ਰਹਿੰਦਾ ਹੈ । ਜਿਸ ਮਨੁੱਖ ਨੇ ਪਾਪ ਕਮਾਏ ਹੁੰਦੇ ਹਨ, ਉਹ ਡਰਦਾ ਹੈ । "ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ ਸੋ ਡਰੈ ਜਿਨਿ ਪਾਪ ਕਮਤੇ ਰਾਮ ॥ ਅੰਗ 540"। ਇਸ ਕਰਕੇ ਸਤਿਗੁਰੂ ਤੇਗ ਬਹਾਦਰ ਜੀ ਉਪਦੇਸ਼ ਕਰਦੇ ਹਨ ਹੇ ਗ਼ਾਫ਼ਿਲ ਮਨੁੱਖ ਪਾਪ ਤੋਂ ਡਰ ਤੇ (ਪਾਪਾਂ ਤੋਂ ਬਚਣ ਵਾਸਤੇ) ਉਸ ਪਰਮਾਤਮਾ ਦੀ ਸ਼ਰਨ ਪਿਆ ਰਹੁ, ਜੋ ਗ਼ਰੀਬਾਂ ਤੇ ਦਇਆ ਕਰਨ ਵਾਲ਼ਾ ਹੈ ਤੇ ਸਾਰੇ ਡਰ ਦੂਰ ਕਰਨ ਵਾਲ਼ਾ ਹੈ ।1।ਰਹਾਉ। "ਨਰ ਅਚੇਤ ਪਾਪ ਤੇ ਡਰੁ ਰੇ ॥ ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥1॥ ਰਹਾਉ ॥ ਅੰਗ 220"। ਜੁਆਨੀ ਜਾਣ ਦਾ ਡਰ ਵੀ ਬੰਦੇ ਦੇ ਮਨ 'ਚ ਹੁੰਦਾ ਹੈ । ਫਰੀਦ ਜੀ ਫੁਰਮਾਉਂਦੇ ਹਨ ਕਿ ਮੈਂ ਜੁਆਨੀ ਜਾਣ ਤੋਂ ਨਹੀਂ ਡਰਾਂਗਾ ਜੇਕਰ ਮੇਰੀ ਖਸਮ ਪ੍ਰਭੂ ਨਾਲ ਪ੍ਰੀਤ ਨਾ ਟੁੱਟੇ । "ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥ ਅੰਗ 1379" ।

ਬੰਦਾ ਤਾਂ ਕੀ, ਪਰਮੇਸ਼ਰ ਤੋਂ ਧਰਤੀ, ਆਕਾਸ਼, ਤਾਰੇ/ਨਖਿਅੱਤਰ, ਹਵਾ, ਪਾਣੀ, ਅੱਗ, ਵਿਚਾਰਾ ਇੰਦਰ, ਸਾਰੇ ਦੇਹਧਾਰੀ 84 ਲੱਖ ਜੂਨੀਆਂ ਦੇ ਜੀਵ, ਦੇਵਤੇ, ਸਿਧ, ਸਾਧਿਕ, ਰਾਜਸ, ਤਾਮਸ, ਸਾਤਕ, ਬੇਅੰਤ ਰੂਪਾਂ ਵਾਲ਼ੇ, ਵਿਚਾਰੀ ਛਲਣ ਵਾਲ਼ੀ ਮਾਇਆ, ਧਰਮ ਰਾਇ ਤੇ ਪ੍ਰਭੂ ਦੀ ਪੈਦਾ ਕੀਤੀ ਹੋਈ ਸਾਰੀ ਸਮਗ੍ਰੀ ਡਰਦੀ/ਡਰਦੇ ਹਨ; ਡਰ ਤੋਂ ਬਿਨਾ ਕੇਵਲ ਇਕ ਕਰਤਾਰ ਹੀ ਹੈ । ਪਰਮਾਤਮਾ ਆਪਣੇ ਭਗਤਾਂ ਦਾ ਸਾਥੀ ਹੁੰਦਾ ਹੈ, ਭਗਤ ਉਸ ਦੇ ਦਰਬਾਰ ਵਿਚ ਸਦਾ ਸੋਭਾ ਪਾਉਂਦੇ ਹਨ; ਭਾਵ ਭਗਤ ਡਰ ਰਹਿਤ ਹੁੰਦੇ ਹਨ । ਇਹਨਾਂ ਸ਼ਬਦਾਂ ਨੂੰ ਦਰਸਾਉਂਦਾ ਹੋਇਆ ਪੰਚਮ ਪਾਤਿਸ਼ਾਹ ਦਾ ਇਹ ਸੁੰਦਰ ਸ਼ਬਦ ਇਸ ਤਰ੍ਹਾਂ ਹੈ:

"ਮਾਰੂ ਮਹਲਾ 5 ਘਰੁ 2
ੴ ਸਤਿਗੁਰ ਪ੍ਰਸਾਦਿ ॥ ਡਰਪੈ ਧਰਤਿ ਅਕਾਸੁ ਨਖ੍ਹਤ੍ਰਾ ਸਿਰ ਊਪਰਿ ਅਮਰੁ ਕਰਾਰਾ ॥ ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥1॥ ਏਕਾ ਨਿਰਭਉ ਬਾਤ ਸੁਨੀ ॥ ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥1॥ ਰਹਾਉ॥ ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥ ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥2॥ ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥ ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ ॥3॥ ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥ ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥4॥1॥ ਅੰਗ 998-999" ।

ਡਰਦਾ ਕੌਣ ਨਹੀਂ? ਜੋ ਪਰਮੇਸ਼ਰ ਨਾਲ਼ ਜੁੜਿਆ (ਜੋਗੀ) ਹੁੰਦਾ ਹੈ, ਉਸਨੂੰ ਕਿਸੇ ਤਰ੍ਹਾਂ ਦਾ ਕੋਈ ਡਰ ਨਹੀਂ ਹੁੰਦਾ, ਕਿਉਂਕਿ ਉਸ ਨੂੰ ਰੁੱਖ ਬਿਰਖ ਵਿਚ, ਘਰ ਵਿਚ, ਤੇ ਬਾਹਰ ਭਾਵ ਹਰ ਥਾਂ ਉਹ ਪਰਮਾਤਮਾ ਨਜ਼ਰ ਆਉਂਦਾ ਹੈ । ਡਰ ਰਹਿਤ ਉਹ ਜੋਗੀ ਮਾਇਆ ਦੀ ਕਾਲਖ ਤੋਂ ਰਹਿਤ ਪ੍ਰਭੂ ਨੂੰ ਧਿਆਉਂਦਾ ਹੈ, ਰਾਤ ਦਿਨ ਮਾਇਆ/ਵਿਕਾਰਾਂ ਦੇ ਹੱਲਿਆਂ ਤੋਂ ਸੁਚੇਤ ਰਹਿੰਦਾ ਹੈ ਤੇ ਸੱਚੇ ਪ੍ਰਭੂ ਨਾਲ਼ ਅਟੁੱਟ ਪਿਆਰ ਪਾਈ ਰੱਖਦਾ ਹੈ । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹਾ ਜੋਗੀ ਮੇਰੇ ਮਨ ਨੂੰ ਭਾਉਂਦਾ ਹੈ । "ਜੋਗੀ ਕਉ ਕੈਸਾ ਡਰੁ ਹੋਇ ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥1॥ਰਹਾਉ॥ ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨੁ ਜਾਗੈ ਸਚਿ ਲਿਵ ਲਾਵੈ ॥ ਸੋ ਜੋਗੀ ਮੇਰੈ ਮਨਿ ਭਾਵੈ ॥2॥ ਅੰਗ 223"। ਪ੍ਰਭੂ ਦੇ ਭਗਤ ਕਿਸੇ ਦੇ ਡਰਾਇਆਂ ਡਰਦੇ ਨਹੀਂ! ਭਗਤ ਪ੍ਰਹਲਾਦ ਜੀ ਦੁਬਿਧਾ 'ਚ ਨਹੀਂ ਪੈਂਦੇ, ਉਹ ਪਰਮਾਤਮਾ ਦਾ ਨਾਮ ਨਹੀਂ ਸੀ ਛੱਡਦੇ ਤੇ ਉਹ ਕਿਸੇ ਦੇ ਡਰਾਏ ਡਰਦੇ ਨਹੀਂ ਸੀ । "ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ ॥ ਅੰਗ 1133"। ਭਗਤ ਜਨਾਂ ਦਾ ਮਨ ਪ੍ਰਭੂ ਦੇ ਚਰਨ ਕਮਲਾਂ ਵਿਚ ਸਮਾਇਆ ਰਹਿੰਦਾ ਹੈ। ਉਹਨਾਂ ਦਾ ਮਨ (ਕਿਸੇ ਕਸ਼ਟ ਵੇਲੇ) ਡੋਲਦਾ ਨਹੀਂ, ਉਹਨਾਂ ਦੇ ਸਰੀਰ ਨੂੰ (ਕਸ਼ਟ ਦੇ ਕੇ) ਕਿਉਂ ਡਰਾਉਂਦੇ ਹੋ? ਭਾਵ ਉਹ ਡਰਾਉਣ ਤੇ ਡਰਦੇ ਨਹੀਂ ਹਨ! ।ਰਹਾਉ। "ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥ ਅੰਗ 1162"। ਭਗਤ ਮੌਤ ਤੋਂ ਵੀ ਨਹੀਂ ਡਰਦੇ! ਕਬੀਰ ਜੀ ਦਾ ਸੁੰਦਰ ਫੁਰਮਾਨ ਹੈ ਕਿ ਜਿਸ ਮੌਤ ਤੋਂ ਜਗਤ ਡਰਦਾ ਹੈ, ਉਸ ਨਾਲ਼ ਮੇਰੇ ਮਨ ਵਿਚ ਅਨੰਦ ਪੈਦਾ ਹੁੰਦਾ ਹੈ । ਮਰਨ ਤੇ ਹੀ ਪੂਰਨ ਆਨੰਦ ਸਰੂਪ ਪਰਮਾਤਮਾ ਮਿਲਦਾ ਹੈ । "ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥22॥ ਅੰਗ 1365"। ਪ੍ਰਭੂ ਦੇ ਸੇਵਕ ਨੂੰ ਇਹ ਭਰੋਸਾ ਹੁੰਦਾ ਹੈ ਕਿ ਪ੍ਰਭੂ ਤੋਂ ਉੱਪਰ ਕੋਈ ਨਹੀਂ ਹੈ, ਇਸ ਕਰਕੇ ਫੇਰ ਕਉਣ ਡਰਦਾ ਹੈ ਤੇ ਕਿਹਦਾ ਡਰ ਹੁੰਦਾ ਹੈ? "ਤਿਸ ਤੇ ਊਪਰਿ ਨਾਹੀ ਕੋਇ ॥ ਕਉਣੁ ਡਰੈ ਡਰੁ ਕਿਸ ਕਾ ਹੋਇ ॥4॥ ਅੰਗ 842"। ਜਿਸ ਤੇ ਆਪਣਾ ਪ੍ਰਭੂ ਕਿਰਪਾ ਕਰਦਾ ਹੈ, ਉਹ (ਪ੍ਰਭੂ ਦਾ) ਸੇਵਕ ਦੱਸੋ ਕਿਸ ਤੋਂ ਡਰਦਾ ਹੈ? ਭਾਵ ਕਿਸੇ ਤੋਂ ਨਹੀਂ ਡਰਦਾ! "ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥ ਸੋ ਸੇਵਕੁ ਕਹੁ ਕਿਸ ਤੇ ਡਰੈ ॥ ਅੰਗ 281"। ਸੰਤ ਲੋਕ ਨਾ ਆਪ ਡਰਦੇ ਹਨ ਤੇ ਨਾ ਕਿਸੇ ਨੂੰ ਡਰਾਉਂਦੇ ਹਨ। ਭਗਤ ਕਬੀਰ ਜੀ ਦੇ ਸੁੰਦਰ ਬਚਨ ਹਨ "ਆਪ ਨ ਡਰਉ ਨ ਅਵਰ ਡਰਾਵਉ ॥ ਅੰਗ 326"। ਸਤਿਗੁਰੂ ਤੇਗ ਬਹਾਦਰ ਜੀ ਦਾ ਸੁੰਦਰ ਫੁਰਮਾਨ ਹੈ ਕਿ ਜੋ ਨਾ ਕਿਸੇ ਨੂੰ ਡਰਾਵੇ ਤੇ ਨਾ ਹੀ ਕਿਸੇ ਦੇ ਡਰ 'ਚ ਆਵੇ, ਹੇ ਮਨ ਸੁਣ ਉਸਨੂੰ ਗਿਆਨੀ (ਬ੍ਰਹਮ ਦਾ ਜਾਣਣ ਵਾਲ਼ਾ) ਕਹਿ/ਜਾਣ । "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥16॥ ਅੰਗ 1427"। ਹੇ ਮੇਰੀ ਸੋਹਣੀ ਜਿੰਦੇ! ਜਿਸ ਦਾ ਹਿਰਦਾ ਅੰਦਰੋਂ ਪਵਿਤ੍ਰ ਹੈ, ਉਸ ਮਨੁੱਖ ਨੇ ਸਾਰੇ ਡਰ ਲਾਹ ਦਿੱਤੇ ਹੁੰਦੇ ਹਨ; ਭਾਵ ਉਹਨੂੰ ਕੋਈ ਡਰ ਨਹੀਂ ਹੁੰਦਾ । "ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ ॥ ਅੰਗ 540"।

ਡਰਨਾ ਕਿਸ ਤੋਂ ਚਾਹੀਦਾ ਹੈ? ਜਿਨ੍ਹਾਂ ਨੂੰ ਪ੍ਰਭੂ ਨੇ ਭਗਤੀ ਤੋਂ ਵਾਂਝੇ ਰੱਖਿਆ ਹੈ ਉਹਨਾਂ ਤੋਂ ਸਦਾ ਡਰ ਕੇ ਰਹਿਣਾ ਚਾਹੀਦਾ ਹੈ; ਭਾਵ ਉਹਨਾਂ ਤੋਂ ਸਦਾ ਦੂਰ ਹੀ ਰਹਿਣਾ ਚਾਹੀਦਾ ਹੈ ।1।ਰਹਾਉ। "ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ ॥1॥ ਰਹਾਉ ॥ ਅੰਗ 332"।


ਪ੍ਰਭੂ ਦਾ ਜਨ (ਸੇਵਕ) ਕਿਸ ਚੀਜ਼ ਤੋਂ ਡਰਦਾ ਹੈ? ਪ੍ਰਭੂ ਦਾ ਸੇਵਕ ਪ੍ਰਭੂ ਨਾਲ਼ ਪ੍ਰੇਮ ਟੁੱਟਣ ਤੇ ਡਰਦਾ ਹੈ । "ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨ ॥1॥ ਅੰਗ 486"। ਵੈਸੇ ਉਹ ਨਹੀਂ ਡਰਦਾ, ਕਿਉਂਕਿ ਉਹ ਖਸਮ ਪ੍ਰਭੂ (ਦੇ ਨਾਮ) ਨੂੰ ਆਪਣੇ ਹਿਰਦੇ 'ਚ ਸੰਭਾਲ ਕੇ ਰੱਖਦਾ ਹੈ! "ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥ ਅੰਗ 677" ।

ਬਾਕੀ ਅਗਲੇ ਹਫ਼ਤੇ ਪੜ੍ਹੋ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੋਟ ਕੋਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ। ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ। ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ। ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

**PANJAB TIMES**

BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk


# ਸਿੰਗਾਪੁਰ ਵਿੱਚ 16 ਕਿਸਮ ਦੇ ਕੀੜੇ ਖਾਣ ਦੀ ਇਜਾਜ਼ਤ, ਇਨ੍ਹਾਂ ਵਿੱਚ ਝੀਂਗਰ, ਟਿੱਡੇ, ਮਧੂ ਮੱਖੀਆਂ ਸ਼ਾਮਿਲ

**ਸਿੰਗਾਪੁਰ:** ਸਿੰਗਾਪੁਰ 'ਚ 16 ਤਰ੍ਹਾਂ ਦੇ ਕੀੜਿਆਂ ਨੂੰ ਭੋਜਨ 'ਚ ਸ਼ਾਮਿਲ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਇਨ੍ਹਾਂ ਵਿੱਚ ਝੀਂਗਰ, ਟਿੱਡੇ, ਗਰਬ, ਮਧੂ ਮੱਖੀ ਦੀ ਇੱਕ ਪ੍ਰਜਾਤੀ ਅਤੇ ਅਨਾਜ ਵਿਚ ਪੈਦਾ ਕਰਨ ਵਾਲੇ ਕੀੜੇ ਸ਼ਾਮਿਲ ਹਨ। ਅਸਲ ਵਿੱਚ, ਕੀੜੇ ਪਹਿਲਾਂ ਹੀ ਬਹੁਤ ਸਾਰੇ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਸਟ੍ਰੀਟ ਫੂਡ ਦਾ ਇੱਕ ਹਿੱਸਾ ਹਨ। ਪਰ ਸਿੰਗਾਪੁਰ ਵਿੱਚ, ਸਫਾਈ ਅਤੇ ਸਿਹਤ ਦੇ ਕਾਰਨਾਂ ਕਰਕੇ ਕੀੜਿਆਂ ਨੂੰ ਖਾਣ ਦੀ ਆਗਿਆ ਨਹੀਂ ਸੀ। ਹਾਲਾਂਕਿ ਹੁਣ ਇੱਥੇ ਫੂਡ ਪਾਲਿਸੀ ਬਦਲ ਦਿੱਤੀ ਗਈ ਹੈ। ਸਿੰਗਾਪੁਰ ਦੀ ਫੂਡ ਏਜੰਸੀ ਨੇ ਹੁਕਮ ਦਿੱਤਾ ਹੈ ਕਿ ਖਪਤ ਲਈ ਪਾਸ ਕੀਤੇ ਗਏ ਕੀੜਿਆਂ ਨੂੰ ਮਾਹਿਰਾਂ ਦੀ ਨਿਗਰਾਨੀ ਹੇਠ ਹੀ ਪਾਲਿਆ ਜਾਵੇਗਾ। ਇਨ੍ਹਾਂ ਨੂੰ ਜੰਗਲੀ ਵਾਤਾਵਰਨ ਤੋਂ ਨਹੀਂ ਲਿਆਂਦਾ ਜਾਵੇਗਾ। ਦੇਖਭਾਲ ਦੌਰਾਨ ਉਹਨਾਂ ਨੂੰ ਖਰਾਬ ਭੋਜਨ ਨਹੀਂ ਦਿੱਤਾ ਜਾ ਸਕਦਾ ਜਾਣਕਾਰੀ ਮੁਤਾਬਕ ਸਿੰਗਾਪੁਰ ਵਿੱਚ ਸਮੁੰਦਰੀ ਭੋਜਨ ਵੇਚਣ ਵਾਲੇ ਇੱਕ ਰੈਸਟੋਰੈਂਟ ਨੇ ਇਨ੍ਹਾਂ ਕੀੜਿਆਂ ਨੂੰ ਪਰੋਸਣਾ ਸ਼ੁਰੂ ਕਰ ਦਿੱਤਾ ਹੈ। ਰੈਸਟੋਰੈਂਟ ਵਿੱਚ ਕੀੜੇ-ਮਕੌੜਿਆਂ ਨੂੰ ਫਿਸ਼ ਕਰੀ ਦੇ ਨਾਲ ਪ੍ਰੌਨ ਅਤੇ ਟੋਫੂ ਖੁਆਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਫਰਾਈਡ ਰਾਈਸ 'ਚ ਕੀੜੇ-ਮਕੌੜਿਆਂ ਦੀ ਟਾਪਿੰਗ ਵੀ ਪਾਈ ਜਾਂਦੀ ਹੈ। ਰੈਸਟੋਰੈਂਟ ਦੇ ਮੀਨੂ ਵਿੱਚ 30 ਅਜਿਹੇ ਪਕਵਾਨ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਇਹ ਕੀੜੇ ਪਰੋਸੇ ਜਾਣਗੇ।

TAIL PIECE

Dalip Singh Wasan, Advocate
Email: dalipsinghwassan@yahoo.co.in

## Rule of Absolute Majority is against the Verdict of the people

The Rule of Absolute Majority was estabolished and had been followed till date. But this time Parliament-2024 Elections, verdict of the people has come out otherwise where with simple majority rule, government has been formed and established. But this concept of Absolute Majority would not be operative because of the fact that Verdict of the People has come otherwise. Since verdict of the peopleis supreme, rule of absolute majority for passing a Bill, Project, Scheme and Pllicy too must come down in simple majority. Verdict of the people cannot be violated of no absolute majority.

Here in India, the people are not electing representatives of the people. All candidates are nominees of the contesting groups and even in Parliament they are divided into two groups Supporters and Oppositions and all supporters vote in favour of Bills, Projects, Schemes and Pllicies and same are declared passed and become law. And this tradition update would not work. When a governemnt is formed legally, this rule stops the government to work. Therefore, this old tradition of absolute majority cannot stand in way of functioning the government.

The Speaker may declare every Bill, Project, Scheme and Policy passed if it gets one vote above fifty per cent voters. Simple majority ruyle must become order of the day. Votes from the oppositions side are not expected because of the traditions established till date. Elections time and again are totally costly affair and none can say the results shall maintain old traditions.

## Age for fighting Elections be reduced from 25 to 21 years- Raghaw Chadha



The natin was waiting for the time when we shall prescribe educatin qualification, trainings, experience, past good record and mature age, a member has come forward demanding age reduction from 25 to 21 years only ignoring other demands. Administration of a country is totally different from old age history when a raja had been coming from the rajas families or who could fight and occupy and age, qualifications, experience were no conditions. That is all part of history which gave us no beter results. The British while ruling in India started running administration through Public servants and since all those were appointments, specific qualifications, experience were prescribed and even age was limitations were there. And when we attained independence and established democracy, we too adopted and continued with the same system estblished by the British. We also adopted all written laws, reulrs, regulations and even running police, armies and its wings and even judicial system established by the British continued and the same is running till date.

These political governments came inhands of politicians and we have noted that politicians heading governments started collecting people just for support in the house. We have noted that the Prime Ministers designate themselves had been selecting candidates and even had been talking with the people thqt please give this candidate to me for strengthening my hands. And members coming in the Parliament are divided into two parts supporters and the oppositions and on the strength basis governemnts are formed and run. And we have see at no stage these members could act as Representatives of the people. They are just utilized as voters.

If the present system continues, real democracy would not be establshed in India. We elect not only suporters and oppositions, but representatives and our representative must be a qualified person, mature in age, duly qualified, trained so that he knows problems of the people of his area and must try to get the sqme solved through the House. He must have independent conscience, will, power to use and should not be mere voter that too under whips.

Let this point be taken up in open public and let the nation decide what should be age, qualifications, trainings, experience and what is their knowledge about the prblems of the people and a spirit of serving the people must be duly judged before allowing them to contest in elections. Mere completing number in the House is not the purpose of Elections.

## BJP shall come in power in 2029 - Amit Shah Home Minister

Mr. Amit Shyah the Home Minister of BJP government this time has declared that his pary BJP and allies shall win elections in 2029. These calculations are based on the work performed by his government during the last tenure and till date there is no allegation of Scames, Scandals and Muddles against anyone of the leaders of the front side. He talks of peace in the country and because of peace they could come in line with developing countries and the Prime Minister has declared that they shall be in line with developed countries by 2047. They could become in the first twenty one big nations and in due course, they shall turn third power in the world. They could claim that at least 25 crore people have come out of poverty during their regime. They could give free ration to 81 crore poor people free ration and though Congress President had pronounced that they shall double the rqte of free ration if they come in power, had been ignored by the people.



In one way Shri Amit Shah has come out to thank the voters in this country who could save them in spite of huge gathering of oppositions. The Prime Minister of India Mr. Narender Modi too could hint at 2047 which could mean this BJP government shall take the country in line of developed countries because of their efforts and developing works in the country.

Here in INdia only those parties and groups can stay who could make such declarations, because the people are silent and they show their will only in elections. They are still voters and they are not electing their own representatives, but they vote in names of those who are nominated by contesting groups. The Elections-2024 could reduce the number of political groups from more numbers to only two and that is good indication. Number of political parties. had been rising and so many regional, religious and personal level parties could take their birth and that was not good indication in this democracy. Time is coming when people selected by contesting groups shall not be present in the Parliament like supporters and oppositions, but shall turn Representatives of the people and shall not be working under directions, but as per their own conscience, will, wisdom and free will. In democracy not only one man should rule, but all the representatives of the people must work as per their own conscience, will, wisdom and free will. And we are heading towards this direction.

## Some people still talk of Article 370 of Constitution of India



As per facts of history Thge British passed an Act giving freedom to India and later on another Act was psssed aned in that Act the states in India which were about 600 were given liberty to remain independent, join India or Pakistan and as per these provisions, Rajas used their discretion. The Maharaja of Kashmir Hari Singh though late, utilised his discretion and merged his state with India. The provisions of the Independence Act were used and at no stage the Maharaja of Kashmir said that some force has been used on him. When the UNO was considering the war like situations did not call Maharaja to make a statement. There was no need to take this invasion from Kabalies was decided otherwise and only war was stpped. The suggestions given by UNO wre just recommendatory because such provisions were not existing in Independence Act. There was no need of creating and maintaining Article 370 in the Constitution of India because it does not fall as per division of chapters in any chapter. Pakistan itself is the creation of Partition Act and that was also wrong. If at all we wanted, we could have created this Article 370 for creation of Pakistan which was later on divided into Pakistan and Bangla Desh. Now The area which is being called POK must be renamed as PO India. We can give notice to pakistan to vacate illegal occupation and ifneed be only a Blue Star Operation is enough.

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ – 29**

# ਮੈਂ ਤੰਦਰੁਸਤ ਕਿਵੇਂ ਹੋਇਆ ?



**ਇਸ ਵਕਤ ਭੁੱਖ ਵਧੀਆ ਲਗਦੀ ਹੈ, ਰੱਜਕੇ ਖਾਂਦਾ ਹਾਂ ਤੇ ਖਾਂਦਾ ਵੀ ਸਿਰਫ ਖਾਣਾ ਖਾਣ ਸਮੇਂ ਹੀ ਹਾਂ, ਏਧਰ ਉਧਰ ਜਾਂ ਹਰ ਵੇਲੇ ਖਾਣ ਤੋਂ ਸਖਤ ਪਰਹੇਜ ਕਰਦਾ ਹਾਂ, ਨਿਬਲਿੰਗ ਦੀ ਆਦਤ ਬਿਲਕੁਲ ਬੰਦ ਕਰ ਦਿੱਤੀ ਹੈ । ਮਿਠਿਆਈਆਂ ਖਾਣੀਆਂ ਬੰਦ ਕਰ ਦਿੱਤੀਆਂ ਹਨ, ਫਿਜੀ ਡਰਿੰਕਜ, ਕੋਕ ਵਗੈਰਾ ਪੀਣੇ ਬੀਤੇ ਦੀ ਗੱਲ ਹੋ ਗਏ ਹਨ, ਆਮ ਚਾਹ ਦੀ ਬਜਾਏ ਗਰੀਨ ਟੀਅ ਪੀਂਦਾ ਹਾਂ । ਰੋਜਾਨਾ 5-6 ਲੀਟਰ ਪਾਣੀ ਨੇਮ ਨਾਲ ਪੀਂਦਾ ਹਾਂ, ਫਲ ਫਰੂਟ, ਸਲਾਦ ਤੇ ਹਾਫ ਕੁਕਿੱਡ ਦਾਲਾਂ ਤੇ ਸਬਜੀਆਂ ਮੇਰੇ ਮਨ ਪਸੰਦੀਦਾ ਖਾਣੇ ਬਣ ਚੁੱਕੇ ਹਨ । ਸੇਬ, ਅਨਾਰ ਤੇ ਪਰੂਨ ਦਾ ਜੂਸ ਨੇਮ ਨਾਲ ਪੀਂਦਾ ਹਾਂ । ਪਪੀਤਾ, ਸ਼ੇਰੋਨ, ਸੰਤਰਾ ਅਤੇ ਕਿਵੀ ਮੇਰੀ ਰੋਜਾਨਾ ਦੀ ਖੁਰਾਕ ਦਾ ਹਿੱਸਾ ਬਣ ਚੁੱਕੇ ਹਨ ।**

ਇੰਸੂਲਿਨ ਰਿਜੈਸਟੈਂਸ ਮੇਰੇ ਵਾਸਤੇ ਹੀ ਨਹੀਂ ਸਗੋਂ ਮੇਰੇ ਵਰਗੇ ਹੋਰ ਬਹੁਤ ਸਾਰੇ ਲੋਕਾਂ ਦੇ ਵਾਸਤੇ ਇਕ ਨਵੀਂ ਬਿਮਾਰੀ ਹੈ । ਮੈਂ ਪਿਛਲੇ ਚਾਰ ਮਹੀਨੇ ਦੇ ਛੋਟੇ ਜਿਹਾ ਅਰਸੇ ਵਿਚ ਇਸ ਭਿਆਨਕ ਬਿਮਾਰੀ ਤੋਂ ਮੁਕਤ ਹੋਇਆਂ ਹਾਂ । ਇਸ ਬਿਮਾਰੀ ਸੰਬੰਧੀ ਮੈਂ ਵੱਖਰੇ ਤੌਰ ‘ਤੇ ਦੋ ਤਿੰਨ ਆਰਟੀਕਲ ਪਹਿਲਾਂ ਹੀ ਲਿਖ ਚੁੱਕਾ ਹਾਂ । ਸੋ ਉਸ ਵਿਸਥਾਰ ਨੂੰ ਹੁਣ ਇਥੇ ਦੁਬਾਰਾ ਦੁਹਰਾਉਣ ਦੀ ਲੋੜ ਨਹੀਂ ਹੈ । ਇਸ ਹਥਲੀ ਚਰਚਾ ਵਿਚ ਮੈਂ ਉਸ ਬਿਮਾਰੀ ਤੋਂ ਮੁਕਤ ਹੋ ਕੇ ਆਪਣੇ ਸਰੀਰ ਵਿਚ ਆਈ ਤਬਦੀਲੀ ਜਾਂ ਬਦਲਾਊ ਦੇ ਬਾਰੇ ਵਿਚ ਗੱਲ ਕਰਨੀ ਸਾਰਥਿਕ ਸਮਝਦਾ ਹਾਂ ।

ਇੰਸੂਲਿਨ ਰਿਦੈਸਟਿੰਸ ਤੋਂ ਛੁਟਕਾਰਾ ਪਾਉਣ ਵਾਸਤੇ ਮੈਂ ਸਿਹਤ ਮਾਹਿਰਾਂ ਦਾ ਸਹਿਯੋਗ ਨਾਲ ਜੋ ਪਲਾਨਿੰਗ ਕੀਤੀ ਅਤੇ ਉਸ ਪਲਾਨਿੰਗ ਨੂੰ ਜਿਸ ਦ੍ਰਿੜਤਾ ਨਾਲ ਨੇਪਰੇ ਚਾੜ੍ਹਿਆ, ਬੇਸ਼ੱਕ ਉਹ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ, ਪਰ ਜੇਕਰ ਆਪਣੇ ਆਪ ਨਾਲ ਅਥਾਹ ਪਿਆਰ ਹੈ, ਜਾਨ ਦੀ ਪ੍ਰਵਾਹ ਹੈ, ਜਿੰਦਗੀ ਪਿਆਰੀ ਲਗਦੀ ਹੈ ਤੇ ਦੁਨੀਆ ਸੋਹਣੀ ਲਗਦੀ ਹੈ ਤਾਂ ਬੰਦਾ ਕੁੱਝ ਵੀ ਕਰ ਸਕਦਾ ਹੈ । ਢੇਰੀ ਢਾਅ ਕੇ ਬੈਠਣ ਵਾਲੇ ਹਾਰੀ ਹੋਈ ਫੌਜ ਦੇ ਮੈਂਬਰ ਹੁੰਦੇ ਹਨ ਜਿਹਨਾਂ ਨੇ ਉਦਾਸੀ ਅਤੇ ਉਪਰਾਮਤਾ ਦਾ ਪੱਲਾ ਬਹੁਤ ਘੁੱਟਕੇ ਫੜਿਆ ਹੁੰਦਾ ਹੈ । ਫਿਰ ਸਿਆਣੇ ਵੀ ਕਹਿੰਦੇ ਹਨ ਕਿ “ਰੋਂਦਾ ਜਾਊ ਤੇ ਮਰੇ ਹੋਏ ਦੀ ਖਬਰ ਲਿਆਊ।” ਭਾਵ ਇਹ ਕਿ ਹਾਰ ਹੰਭਕੇ ਢਹਿੰਦੀ ਕਲਾ ਨਾਲ ਕੀਤਾ ਹੋਏ ਕਿਸੇ ਵੀ ਕਾਰਜ ਤੋਂ ਮਨ ਚਾਹਿਆ ਨਤੀਜਾ ਕਦੇ ਵੀ ਪਰਾਪਤ ਨਹੀਂ ਕੀਤਾ ਜਾ ਸਕਦਾ ।

ਸਿਆਣੇ ਇਹ ਵੀ ਕਹਿੰਦੇ ਹਨ ਕਿ ਕਿਸੇ ਕਾਰਜ ਨੂੰ ਪੂਰੇ ਜੋਸ਼ੋ ਖਰੋਸ਼ ਨਾਲ ਸ਼ੁਰੂ ਕਰੋ ਤਾਂ ਅੱਧਾ ਕਾਰਜ ਤਾਂ ਸ਼ੁਰੂ ਕਰਨ ਤੋਂ ਪਹਿਲਾਂ ਹੀ ਸਮਾਪਤ ਹੋ ਜਾਂਦਾ ਹੈ ਤੇ ਲੋੜ ਬਾਕੀ ਰਹਿੰਦੇ ਅੱਧੇ ਰਹਿੰਦੇ ਕਾਰਜ ਸਬੰਧੀ ਕੀਤੇ ਜਾਣ ਵਾਲੇ ਨਿੱਗਰ ਉੱਦਮ ਦੀ ਹੁੰਦੀ ਹੈ, ਜੋ ਕਿ ਕੋਈ ਬਹੁਤਾ ਔਖਾ ਕਾਰਜ ਨਹੀਂ ਹੁੰਦਾ ।

ਮੈਂ ਆਪਣੀ ਉਕਤ ਬਿਮਾਰੀ ਉੱਤੇ ਕਾਬੂ ਪਾਉਣ ਲਈ ਸਿਆਣਿਆ ਦੁਆਰਾ ਦੱਸੀਆਂ ਗਈਆਂ ਉਕਤ ਮੱਤਾਂ ਨੂੰ ਸਮਝਿਆ ਤੇ ਸਖਤ ਬਿਮਾਰ ਹੁੰਦਿਆ ਹੋਇਆਂ ਵੀ ਪੂਰੀ ਚੜ੍ਹਦੀ ਕਲਾ ਵਿਚ ਰਹਿ ਕੇ ਸਰੀਰਕ ਬਿਮਾਰੀ ਨੂੰ ਕਾਬੂ ਪਾਉਣ ਦੇ ਯਤਨ ਆਰੰਭੇ, ਸਾਰੇ ਕੰਮ ਛੱਡਕੇ, ਪੂਰਾ ਧਿਆਨ ਬਿਮਾਰੀ ਤੋਂ ਮੁਕਤ ਹੋਣ ਵੱਲ ਲਾ ਦਿੱਤਾ ਤੇ ਸਾਢੇ ਤਿੰਨ ਕੁ ਮਹੀਨਿਆ ਦੇ ਛੋਟੇ ਜਿਹੇ ਅਰਸੇ ਵਿਚ ਹੀ ਆਪਣੇ ਸਰੀਰ ਚ ਡੇਰਾ ਜਮਾਈ ਬੈਠੀ ਬਿਮਾਰੀ ਨੂੰ ਉਖਾੜ ਕੇ ਬਾਹਰ ਸੁੱਟਿਆ ।

ਇੰਸੂਲਿਨ ਰਿਜੈਸਟਿੰਸ ਦੀ ਬਿਮਾਰੀ ਤੋਂ ਮੁਕਤ ਹੋਣ ਤੋਂ ਬਾਅਦ ਮੇਰੇ ਸਰੀਰ ਵਿਚ ਬਹੁਤ ਸਾਰੇ ਬਦਲਾਵ ਆਏ । ਸਖਤ ਕਸਰਤ ਕਰਨ ਨਾਲ ਮਾਸਪੇਸ਼ੀਆਂ ਦੀ ਬਹੁਤ ਟੁੱਟ ਭੱਜ ਹੋਈ ਤੇ ਨਵੀਆਂ ਮਾਸਪੇਸ਼ੀਆਂ ਦੀ ਉਤਪਤੀ ਹੋਣ ਦੇ ਨਾਲ ਖਾਧੀ ਹੋਈ ਖੁਰਾਕ ਸਰੀਰ ਨੂੰ ਲੱਗਣ ਕਰਕੇ ਸਰੀਰ ਵਿਚ ਐਨਰਜੀ ਦੀ ਨਵੀਂ ਲਹਿਰ ਦੌੜਨ ਲੱਗੀ । ਚਿਹਰੇ ਉੱਤੇ ਗਲੋਅ ਆ ਗਿਆ, ਪਿੰਡੇ ਦੀ ਚਮੜੀ ਖੁਸ਼ਕ ਤੇ ਖੁਰਦਰੀ ਤੋਂ ਮੁਲਾਇਮ ਤੇ ਮਖਮਲੀ ਹੋ ਗਈ। ਅੱਖਾਂ ਦੀ ਨਿਗਾਹ ਵਾਪਸ ਨਾਰਮਲ ਹੋ ਗਈ, ਭੁੱਖ ਚਮਕ ਕੇ ਲੱਗਣ ਲੱਗੀ, ਥਕੇਵਾਂ ਇਕਦਮ ਪੰਖੇਰੂ ਹੋ ਗਿਆ।

ਇਸ ਬਿਮਾਰੀ ਤੋਂ ਮੁਕਤੀ ਦਾ ਇਕ ਅਸਰ ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਪਿੰਡਲੀਆਂ ਤੇ ਗਿੱਟਿਆਂ ਦੇ ਆਸ ਪਾਸ ਦੀ ਚਮੜੀ ਜੋ ਬਦਾਮੀ ਰੰਗ ਤੋਂ, ਬਿਮਾਰੀ ਦੇ ਕਾਰਨ ਤਿੱਤਰ ਖੰਭੀ ਬਣ ਚੁੱਕੀ ਸੀ, ਉਹ ਵਾਪਸ ਆਪਣੇ ਅਸਲੀ ਰੰਗ ਵਿਚ ਪਰਤ ਆਈ ਹੈ ।

ਗਰਦਨ ਅਤੇ ਕੱਛਾਂ ਵਿਚਲਾ ਕਾਲਾਪਨ, ਮੂੰਹ ਉੱਤੇ ਪਏ ਹੋਏ ਕਾਲੇ ਦਾਗ ਤੇ ਸਰੀਰ ‘ਤੇ ਬਣੇ ਹੋਏ ਮੋਹਕੇ ਆਦਿ ਸਭ ਉਸ ਬਿਮਾਰੀ ਤੋਂ ਮੁਕਤੀ ਪਾਉਣ ਦੇ ਨਾਲ ਹੀ ਚਲਦੇ ਬਣੇ ।

ਅੱਖਾਂ ਦੇ ਆਸ ਪਾਸ ਕਾਲਾਪਣ, ਝੁਰੜੀਆਂ ਤੇ ਪਫੀ ਘੇਰੇ ਸਭ ਫੁਰਰ ਹੋ ਗਏ ਹਨ ਤੇ ਉਹਨਾਂ ਦੀ ਜਗਾ ਚਮਕਦਾਰ ਅਤੇ ਸਿਹਤਮੰਦ ਚਮੜੀ ਨੇ ਮੱਲ ਲਈ ਹੈ ।

ਵਾਲਾਂ ਸਬੰਧੀ ਇਹ ਕਹਾਵਤ ਬੜੀ ਮਸ਼ਹੂਰ ਹੈ ਕਿ “ਕਦੇ ਬੱਗੇ ਹੋਣ ਕਾਲੇ” ਪਰ ਮੇਰੇ ਸੰਬੰਧ ਵਿਚ ਇਹ ਕਹਾਵਤ ਹੁਣ ਗਲਤ ਸਾਬਤ ਹੋ ਚੁੱਕੀ ਹੈ । ਮੈਂ ਵੀ ਵਾਲ ਹਰ ਮਹੀਨੇ ਇਕ ਦੋ ਵਾਰ ਕਾਲੇ ਕਰਦਾ ਰਿਹਾ ਹਾਂ, ਪਰ ਹੁਣ ਇਹ ਮੁੱਢੋਂ ਹੀ ਭੂਰੇ ਰੰਗ ਦੇ ਆ ਰਹੇ ਹਨ ਜਿਹਨਾਂ ਨੂੰ ਕਾਲੇ ਕਰਨ ਦੀ ਕੋਈ ਜਰੂਰਤ ਹੀ ਨਹੀਂ । ਇਥੇ ਹੀ ਬੱਸ ਨਹੀਂ ਬਲਕਿ ਗੰਜੇਪਨ ਦਾ ਸ਼ਿਕਾਰ ਹੋ ਕੇ ਸਿਰ ਦੇ ਮੱਧ ਵਿਚ ਬਣੇ ਪਹਾੜ ਗੰਜ ਏਰੀਏ ਵਿਚ ਵੀ ਵਾਲਾਂ ਦੀ ਹਰਿਆਲੀ ਨਜਰ ਆਉਣੀ ਸ਼ੁਰੂ ਹੋ ਗਈ ਹੈ । ਅੱਖਾਂ ਦੀ ਨਜਰ ਬਿਲਕੁਲ ਸਹੀ ਹੋ ਚੁੱਕੀ ਹੈ, ਚਸ਼ਮਾ ਉੱਤਰ ਚੁੱਕਾ ਹੈ ।

ਮੁਕਦੀ ਗੱਲ ਇਹ ਕਿ ਇਕ ਚੰਦਰੀ ਬਿਮਾਰੀ ਤੋਂ ਮੁਕਤੀ ਨਾਲ ਸਿਹਤ ਸਬੰਧੀ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦੀ ਹੱਲ ਹੋ ਗਿਆ ਹੈ ਤੇ ਇਕ ਬਿਮਾਰ ਬੰਦੇ ਦੀ ਤੰਦਰੁਸਤ ਹੋ ਕੇ ਕਾਇਆਕਲਪ ਹੋ ਗਈ ਹੈ ਤੇ ਇਹ ਪਰੋਸੈਸ ਅਜੇ ਜਾਰੀ ਹੈ।

ਇਸ ਵਕਤ ਭੁੱਖ ਵਧੀਆ ਲਗਦੀ ਹੈ, ਰੱਜਕੇ ਖਾਂਦਾ ਹਾਂ ਤੇ ਖਾਂਦਾ ਵੀ ਸਿਰਫ ਖਾਣਾ ਖਾਣ ਸਮੇਂ ਹੀ ਹਾਂ, ਏਧਰ ਉਧਰ ਜਾਂ ਹਰ ਵੇਲੇ ਖਾਣ ਤੋਂ ਸਖਤ ਪਰਹੇਜ ਕਰਦਾ ਹਾਂ, ਨਿਬਲਿੰਗ ਦੀ ਆਦਤ ਬਿਲਕੁਲ ਬੰਦ ਕਰ ਦਿੱਤੀ ਹੈ । ਮਿਠਿਆਈਆਂ ਖਾਣੀਆਂ ਬੰਦ ਕਰ ਦਿੱਤੀਆਂ ਹਨ, ਫਿਜੀ ਡਰਿੰਕਜ, ਕੋਕ ਵਗੈਰਾ ਪੀਣੇ ਬੀਤੇ ਦੀ ਗੱਲ ਹੋ ਗਏ ਹਨ, ਆਮ ਚਾਹ ਦੀ ਬਜਾਏ ਗਰੀਨ ਟੀਅ ਪੀਂਦਾ ਹਾਂ । ਰੋਜਾਨਾ 5-6 ਲੀਟਰ ਪਾਣੀ ਨੇਮ ਨਾਲ ਪੀਂਦਾ ਹਾਂ, ਫਲ ਫਰੂਟ, ਸਲਾਦ ਤੇ ਹਾਫ ਕੁਕਿੱਡ ਦਾਲਾਂ ਤੇ ਸਬਜੀਆਂ ਮੇਰੇ ਮਨ ਪਸੰਦੀਦਾ ਖਾਣੇ ਬਣ ਚੁੱਕੇ ਹਨ । ਸੇਬ, ਅਨਾਰ ਤੇ ਪਰੂਨ ਦਾ ਜੂਸ ਨੇਮ ਨਾਲ ਪੀਂਦਾ ਹਾਂ । ਪਪੀਤਾ, ਸ਼ੇਰੋਨ, ਸੰਤਰਾ ਅਤੇ ਕਿਵੀ ਮੇਰੀ ਰੋਜਾਨਾ ਦੀ ਖੁਰਾਕ ਦਾ ਹਿੱਸਾ ਬਣ ਚੁੱਕੇ ਹਨ ।

ਇਸ ਵਕਤ ਮੇਰੀ ਇਹ ਪੂਰੀ ਕੋਸ਼ਿਸ਼ ਹੈ ਕਿ ਵਾਹ ਲਗਦੀ ਨੂੰ ਭਵਿੱਖ ਵਿਚ ਬਿਮਾਰੀਆਂ ਤੋ ਮੁਕਤ ਤੇ ਹਮੇਸ਼ਾ ਤੰਦਰੁਸਤ ਹੀ ਰਹਾਂ ਤੇ ਇਸ ਸਬੰਧੀ ਪ੍ਰਣ ਕਰ ਲਿਆ ਹੈ ਕਿ ਕਦੇ ਵੀ ਕੋਈ ਸਮਝੌਤਾ ਨਹੀਂ ਕਰਾਂਗਾ।—— **ਚਲਦਾ**


## ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ

## ਦੋ ਧਾਰਮਿਕ ਸੇਵਾਦਾਰਾਂ ਦੀ ਲੋੜ

ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਡਰਬੀ ਵਿਖੇ ਦੋ (ਧਾਰਮਿਕ ਸੇਵਾਦਾਰਾਂ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ।

ਵਾਜਾ ਤਬਲਾ ਜਾਣਦੇ ਹੋਣ । ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਹਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ । ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ । ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ ।

ਸ਼ਰਤਾਂ :- ਤਬਲੇ ਦੇ ਮਾਹਿਰ ਹੋਣ । ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ ।

ਚਾਹਵਾਨ ਸੇਵਾਦਾਰ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰਨ ਜਾਂ ਦਿੱਤੇ ਪਤੇ ‘ਤੇ 6 ਸਤੰਬਰ 2024 ਤੋਂ ਪਹਿਲਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ ।

ਜਨਰਲ ਸੈਕਟਰੀ : ਲਹਿੰਬਰ ਸਿੰਘ – 07846 776698

## 2 VACANCIES FOR RELIGIOUS WORKERS AT GADG DERBY U.K.

**Two Religious workers urgently required at Guru Arjan Dev Gurdwara Derby, UK.**

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to homes, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to Email:admin@gadgderby.co.uk

**General Secretary** Mr. Lehmber Singh - **07846 776698**

**Closing date - 6th September, 2024**

**GURU ARJAN DEV GURDWARA SAHIB**

**Stanhope Street, Derby, DE23 6QJ, U.K.**

**Tel: 01332 776872 / 01332 270644**

# SIKHS OF HARYANA SEEKS YOUR VALUABLE ADVICE AND SUPPORT FOR THEIR INITIATIVE TO UNITE SIKHS OF THE STATE ON COMMON DEMANDS

**PRITPAL SINGH PANNU**

The campaign to unite the Sikh community in Haryana and raise their voices for their rights is gaining momentum. On the coming 8th of September, millions of Sikhs from Haryana will demonstrate their unity at the Haryana Sikh Maha Sammelan to be held in Karnal. Historically, the Akali Dal, due to its relations with the Chautala family, used its influence over the Sikhs in Haryana to gain political advantage, preventing the emergence of Sikh leadership in Haryana. As a result of this frustration, the demand for a separate Gurdwara Management Committee in Haryana began, and a separate committee was eventually formed. However, the Sikh leaders who fought for the separate committee were sidelined, and the BJP handed over the reins of the Haryana Sikh Gurdwara Management Committee to their special people, who openly started a campaign to connect Haryana's Sikh voters with the BJP. The Sikhs in Haryana feel that no one has ever thought about their rights, and personal greed and the race to become the president or member have overshadowed the community's interests. With this in mind, the Sikhs of Haryana are now throwing off the reins of Punjab and Delhi leaders and are unitedly charting their own path for their future. After the state-level meeting held in Karnal on July 7th, district-level meetings have been initiated, and meetings of prominent Sikhs and representatives of Sikh organizations have been called at block levels in Sikh-majority areas such as Hisar, Fatehabad, Sirsa, Kaithal, and Kurukshetra. In these meetings, everyone was urged to rise above factionalism and party politics and unite on the following minimum shared program:

1. In the upcoming assembly elections, Sikh candidates should be fielded from the 15-20 assembly seats in Haryana where Sikhs are present in large numbers. If any seat is reserved, a reserved Sikh such as a Mazhabi, Ravidassia, or Sikligar should be given the ticket.
2. In the next Lok Sabha elections, two representatives from the Sikh community should be given tickets, and the Sikh community of Haryana should also be represented in the Rajya Sabha.
3. Although Punjabi has the status of a second language, there are no Punjabi teachers in government and private schools. The recruitment results for Punjabi teachers are also pending. The previous results should be released, and posts should be allocated in schools where there are no Punjabi teachers.
4. The Punjabi Sahitya Academy should be given independent charge as before to facilitate the development of the Punjabi language.
5. An SIT should be formed in every district to take strict action against those who use social media to spread false propaganda about Sikhism, Guru Sahibans, and the Sikh community, and to target Sikhs using derogatory language.
6. Clear instructions should be given not to remove the five articles of faith (Kakaars) of Amritdhari children during exams, and legal and departmental action should be taken against any official who does so.
7. A Minority Commission should be formed in the state.
8. The Sikh community of Haryana should be given representation in the National Minority Commission.
9. Government land and grants similar to those given to other communities should be provided to build Sikh community centers in all districts with significant Sikh populations.
10. Elections for the Haryana Sikh Gurdwara Management Committee should be conducted as soon as possible, with instructions to create new voter lists and correct old voter lists before the elections. On the 8th of September, a state-level Sikh conference will be held where thousands of Sikhs from across the state will gather to demand their rights. The meeting will also raise the issue of the Sikh community's substantial contribution to the state's development through their hard work, tax participation, and sending their children to the army, yet never receiving their due rights. Currently, the Sikh community in Haryana has no representation in the Lok Sabha or Rajya Sabha. In the state assembly, they are only given empty promises, and there is not a single Sikh minister in the present state government. To address these issues, a 51-member committee of the Sikh community will engage with the government, opposition, and other stakeholders, and support will be given to whoever fulfills the demands of the Sikh community. The Sikh community has made it clear that if any party does not pay attention to them, they will strengthen their people politically by following the principle of "Ekla Chalo" (walk alone). The organizers of the meeting have clarified that none of them wants to contest elections, and they have come forward selflessly for the betterment of the community. The campaign to unite Sikhs above factionalism and party politics is gaining continuous momentum. In Kaithal, two Sikh leaders who contested elections against each other held a joint press conference to support this campaign, demonstrating that the Sikhs of Haryana will no longer fall victim to the policy of divide and rule.




* * * * * * *

# GURU NANAK PAINTING IN NEW PARLIAMENT BUILDING



India has a new Parliament building where both Lok Sabha and Rajya Sabha sessions are being held for the first time. Old building was built in 1930 during British Empire.

Today, I went to the new Parliament and was so pleased to see a life size painting of Siri Guru Nanak Dev Ji displayed in the Parliament office of S. Hardeep Singh Puri, Union Petroleum Minister. I must compliment S. Puri who put up life size paintings of Guru Nanak Dev ji and Guru Gobind Singh Ji in his office in Nirman Bhawan as Union Minister Urban Affairs. I may add here that we had many Sikh Ministers in Government of India perhaps S. Puri is the only one who has this devotion to Satguru. There is also Guru Nanak painting at his residence.

Tarlochan Singh Ex MP

## 5 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼

# ਮਾਨਵਤਾ ਦਾ ਅਮਰ ਪੁਜਾਰੀ ਭਗਤ ਪੂਰਨ ਸਿੰਘ ਪਿੰਗਲਵਾੜਾ

**ਭਗਵਾਨ ਸਿੰਘ ਜੌਹਲ**

ਸਮੁੱਚੀ ਮਨੁੱਖਤਾ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਕਰਨ ਵਾਲੇ ਅਤੇ ਮਨੁੱਖੀ ਦਰਦ ਨਾਲ ਓਤ-ਪ੍ਰੋਤ ਭਗਤ ਪੂਰਨ ਸਿੰਘ ਅਤੇ ਪਿੰਗਲਵਾੜਾ ਦੋਵੇਂ ਸ਼ਬਦ ਆਪਸ ਵਿੱਚ ਰਲਗੱਡ ਹੋ ਚੁੱਕੇ ਹਨ। ਜਦੋਂ ਪਿੰਗਲਵਾੜਾ ਸ਼ਬਦ ਸਹਿਜ-ਸੁਭਾਅ ਹੀ ਜ਼ਿਹਨ ਵਿੱਚ ਆਉਂਦਾ ਹੈ ਤਾਂ ਭਗਤ ਪੂਰਨ ਸਿੰਘ ਦਾ ਸਰੂਪ ਧਿਆਨ ਗੋਚਰੇ ਆ ਜਾਂਦਾ ਹੈ। ਉਨ੍ਹਾਂ 88 ਵਰ੍ਹੇ ਆਪਣਾ ਘਰ ਨਹੀਂ ਵਸਾਇਆ, ਬਿਨਾਂ ਕਿਸੇ ਜਾਤ, ਮਜ਼੍ਹਬ, ਨਸਲੀ ਵਿਤਕਰੇ ਤੋਂ ਮਨੁੱਖਤਾ ਦੀ ਸੇਵਾ ਲਈ ਸਮਰਪਿਤ ਕਰ ਦਿੱਤੇ। ਸਾਰੀ ਜ਼ਿੰਦਗੀ ਲੋਕ-ਭਲੇ ਦੇ ਦਰਦ ਨੂੰ ਹੰਢਾਉਂਦੇ ਸਨੇਹ ਤੇ ਪਿਆਰ ਦੀ ਖ਼ੁਸ਼ਬੂ ਵੰਡਦੇ ਰਹੇ। ਅੱਜ ਸਮੁੱਚੀ ਲੋਕਾਈ ਲਈ ਮੂੰਹ ਅੱਡੀ ਖੜ੍ਹੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੋ ਕੇ ਅੱਜ ਤੋਂ 60-65 ਸਾਲ ਪਹਿਲਾਂ ਸਮਾਜ ਨੂੰ ਜਾਗ੍ਰਿਤ ਕਰਨਾ ਸ਼ੁਰੂ ਕੀਤਾ। ਅੱਜ ਅਸੀਂ ਘੱਟ ਰਹੇ ਪਾਣੀ ਦੇ ਪੱਧਰ, ਪ੍ਰਦੂਸ਼ਣ, ਵੱਧ ਰਹੀ ਅਬਾਦੀ, ਦਰਖ਼ੱਤਾਂ ਤੋਂ ਸੱਖਣੀ ਧਰਤੀ ਦੀਆਂ ਗੰਭੀਰ ਸਮੱਸਿਆਵਾਂ ਦੇ ਖਤਰਿਆਂ ਤੋਂ ਆਪਣੀ ਆਉਣ ਵਾਲੀ ਨਸਲ ਨੂੰ ਸੁਚੇਤ ਕਰਦਿਆਂ ਭਗਤ ਜੀ ਨੂੰ ਯਾਦ ਕਰ ਰਹੇ ਹਾਂ। ਉਨ੍ਹਾਂ ਇਸ ਕਾਰਜ ਨੂੰ ਪੁਸਤਕ-ਟ੍ਰੈਕਟ ਅਤੇ ਲੇਖ ਆਦਿ ਲਿਖ ਕੇ ਤਾਂ ਕਾਰਜ ਕਰਨਾ ਹੀ ਸੀ, ਸਗੋਂ ਦੇਸ਼ ਭਰ ਦੇ ਸਕੂਲਾਂ, ਕਾਲਜਾਂ ਵਿੱਚ ਸਮਾਜ ਦੇ ਬੁੱਧੀਜੀਵੀ ਅਤੇ ਵਿੱਦਿਆਰਥੀ ਵਰਗ ਤੱਕ ਪੈਦਲ ਚੱਲ ਕੇ ਲਹਿਰ ਦਾ ਸੁਪਨਾ ਸਾਕਾਰ ਕਰਨ ਦੇ ਯਤਨ ਕੀਤੇ। ਭਗਤ ਜੀ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਜੇਵਾਲ ਰੋਹਣੋ ਦੇ ਇਕ ਹਿੰਦੂ ਪਰਿਵਾਰ ਦੇ ਲਾਲਾ ਸਿੱਬੂ ਮੱਲ ਖੱਤਰੀ ਦੇ ਘਰ ਮਾਤਾ ਮਹਿਤਾਬ ਕੌਰ ਦੀ ਕੁੱਖ ਤੋਂ 4 ਜੂਨ, 1904 ਈ: ਨੂੰ ਹੋਇਆ। ਪਿਤਾ ਜੀ ਸ਼ਾਹੂਕਾਰੇ ਦਾ ਧੰਦਾ ਕਰਦੇ ਸਨ। ਭਗਤ ਜੀ ਦਾ ਮੁੱਢਲਾ ਨਾਂਅ ਰਾਮਜੀ ਦਾਸ ਸੀ। 1914 ਈ: ਦੇ ਭਿਆਨਕ ਦਿਲ-ਕੰਬਾਊ ਕਾਲ ਨੇ ਭਗਤ ਜੀ ਦੇ ਪਰਿਵਾਰ ਨੂੰ ਬਰਬਾਦ ਕਰ ਦਿੱਤਾ। ਸਾਰਾ ਪਰਿਵਾਰ ਦਰ-ਦਰ ਭਟਕਣ ਲਈ ਮਜਬੂਰ ਹੋ ਗਿਆ। ਕੁਝ ਸਮਾਂ ਖੰਨਾ ਸ਼ਹਿਰ ਵਿੱਚ ਵੀ ਸਿੱਖਿਆ ਹਾਸਲ ਕੀਤੀ।

ਭਗਤ ਜੀ ਜ਼ਿਕਰ ਕਰਦੇ ਹੋਏ ਕਹਿੰਦੇ ਹੁੰਦੇ ਸਨ, ਇਕ ਵਾਰ ਉਨ੍ਹਾਂ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿੱਚ ਪਟਿਆਲਾ ਦੇ ਮਹਾਰਾਜਾ ਸ. ਭੁਪਿੰਦਰ ਸਿੰਘ ਨੂੰ ਗੁਰ-ਦੁਆਰਾ ਸਾਹਿਬ ਵਿਖੇ ਸਾਹਿਬਜ਼ਾਦਿਆਂ ਨੂੰ ਨਤਮਸਤਕ ਹੁੰਦਿਆਂ ਤੱਕਿਆ। ਉਨ੍ਹਾਂ ਦੇ ਸੁੰਦਰ ਸਰੂਪ, ਸ਼ਾਹੀ ਸੱਜ-ਧੱਜ ਨੂੰ ਦੇਖ ਕੇ ਅਤੇ ਉਨ੍ਹਾਂ ਦੇ ਨਾਲ ਆਏ ਸ਼ਾਹੀ ਅਹਿਲਕਾਰਾਂ ਦੇ ਸਿੱਖੀ ਸਰੂਪ ਨੂੰ ਦੇਖ ਕੇ ਮੇਰੇ ਬਾਲ-ਮਨ ਉਪਰ ਡੂੰਘਾ ਅਸਰ ਹੋਇਆ। ਹੁਣ ਉਨ੍ਹਾਂ ਦੇ ਮਨ ਹੀ ਮਨ ਅੰਦਰ ਸਿੱਖੀ ਸਰੂਪ ਧਾਰਨ ਕਰਨ ਲਈ ਚਾਅ ਪੈਦਾ ਹੋ ਗਿਆ। ਆਪ ਜੀ ਦੱਸਦੇ ਹੁੰਦੇ ਸਨ ਕਿ ਉਨ੍ਹਾਂ ਨੂੰ ਸਿੱਖੀ ਮਾਰਗ ਵੱਲ ਪ੍ਰੇਰਿਤ ਕਰਨ ਵਾਲਿਆਂ ਵਿੱਚ ਸ. ਤੇਜਾ ਸਿੰਘ ਸਮੁੰਦਰੀ, ਸ. ਬ. ਮਹਿਤਾਬ ਸਿੰਘ ਅਤੇ ਸ. ਤੇਜਾ ਸਿੰਘ ਚੂਹੜਕਾਣਾ ਵਰਗੀਆਂ ਸ਼ਖ਼ਸੀਅਤਾਂ ਦਾ ਵੀ ਯੋਗਦਾਨ ਹੈ। ਰਾਮਜੀ ਦਾਸ ਤੋਂ ਅੰਮ੍ਰਿਤ ਛੱਕ ਕੇ ਬਣੇ ਭਗਤ ਪੂਰਨ ਸਿੰਘ। ਬਚਪਨ ਵਿੱਚ ਪ੍ਰਭੂ ਦੀ ਪ੍ਰਾਪਤੀ ਦੀ ਇੱਛਾ ਵਿੱਚੋਂ ਹੀ ਮਨੁੱਖਤਾ ਦੀ ਸੇਵਾ ਦਾ ਅੰਕੁਰ ਪ੍ਰਗਟ ਹੋਇਆ। ਇਹ ਸੇਵਾ ਕਾਰਜ ਪੂਰਨ ਰੂਪ ਵਿੱਚ 1924 ਈ: ਵਿੱਚ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਤੋਂ ਆਰੰਭ ਹੋਇਆ। ਆਪ ਜੀ ਦਾ ਵਿਸ਼ਵਾਸ ਸੀ ਕਿ ਗੁਰਦੁਆਰਾ ਸਾਹਿਬਾਨ ਸੰਸਾਰ ਵਿੱਚ ਸਭ ਤੋਂ ਵੱਡੇ ਸਮਾਜਿਕ ਅਤੇ ਅਧਿਆਤਮਕ ਕੇਂਦਰ ਹਨ। ਪਿੰਗਲਿਆਂ, ਅਪਾਹਜਾਂ ਦੀ ਸੇਵਾ ਕਰਨ ਦੀ ਲਗਨ ਇਕ ਚਾਰ ਸਾਲਾ ਦੇ ਬੇਸਹਾਰਾ ਅਪਾਹਜ ਬਾਲਕ ਨੂੰ ਲਾਵਾਰਸ ਹਾਲਤ ਵਿੱਚ ਮਿਲਣ ਤੋਂ ਬਾਅਦ ਸ਼ੁਰੂ ਹੋਈ। ਇਹ ਬੱਚਾ ਗੁਰਦੁਆਰਾ ਡੇਹਰਾ ਸਾਹਿਬ ਤੋਂ ਲਾਵਾਰਸ ਹਾਲਤ ਵਿੱਚ ਮਿਲਿਆ। ਭਗਤ ਜੀ ਨੇ ਇਸ ਬੱਚੇ ਦਾ ਨਾਂਅ ਪਿਆਰਾ ਰੱਖਿਆ ਅਤੇ ਲਗਾਤਾਰ 14 ਸਾਲ ਉਸ ਨੂੰ ਮੋਢਿਆਂ 'ਤੇ ਚੁੱਕ ਕੇ ਪਾਲਿਆ ਅਤੇ ਵੱਡਾ ਕੀਤਾ। ਇਸ ਬਾਲਕ ਨੂੰ ਸੰਭਾਲਣ ਲਈ ਕੋਈ ਟਿਕਾਣਾ ਜਾਂ ਥਾਂ ਨਹੀਂ ਸੀ। ਦੇਸ਼ ਦੀ ਵੰਡ ਤੋਂ ਬਾਅਦ ਅੰਮ੍ਰਿਤਸਰ ਵਿਖੇ ਪੂਰਨ ਰੂਪ ਵਿੱਚ ਲੋਕ ਸੇਵਾ ਨੂੰ ਸਮਰਪਿਤ ਹੋ ਗਏ।

ਅੱਜ ਇਹੋ ਭਗਤ ਜੀ ਵੱਲੋਂ ਸਥਾਪਿਤ ਪਿੰਗਲਵਾੜਾ ਬੋਹੜ ਦੇ ਦਰੱਖਤ ਦਾ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ। ਭਗਤ ਜੀ ਵੱਲੋਂ ਕੀਤੇ ਇਨ੍ਹਾਂ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਪਦਮਸ਼੍ਰੀ ਐਵਾਰਡ, ਹਾਰਮਨੀ ਐਵਾਰਡ, ਲੋਕ ਰਤਨ ਐਵਾਰਡ, ਭਾਈ ਘਨੱਈਆ ਐਵਾਰਡ ਆਦਿ ਪ੍ਰਾਪਤ ਹੋਏ। 1984 ਈ: ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਫੌਜੀ ਹਮਲੇ ਸਮੇਂ ਭਗਤ ਜੀ ਨੇ ਪਦਮਸ਼੍ਰੀ ਐਵਾਰਡ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤਾ। ਭਗਤ ਜੀ 5 ਅਗਸਤ, 1992 ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਨੇ ਆਪਣੀ ਹਯਾਤੀ ਦੌਰਾਨ ਪਿੰਗਲਵਾੜੇ ਦੀ ਸੇਵਾ ਡਾ: ਇੰਦਰਜੀਤ ਕੌਰ ਨੂੰ ਸੰਭਾਲ ਦਿੱਤੀ। ਅੱਜ ਡਾ: ਬੀਬੀ ਇੰਦਰਜੀਤ ਪਿੰਗਲਵਾੜਾ ਸੰਸਥਾ ਦੇ ਸਮੂਹ ਟਰੱਸਟੀਜ਼ ਦੇ ਸਹਿਯੋਗ ਨਾਲ ਪਿੰਗਲਵਾੜਾ ਸੰਸਥਾ ਨੂੰ ਵਿਸ਼ਾਲ ਸੰਸਥਾ ਦਾ ਰੂਪ ਦੇ ਚੁੱਕੇ ਹਨ। ਅੱਜ ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਸੰਗਰੂਰ, ਪਲਸੌਰ (ਚੰਡੀਗੜ੍ਹ) ਗੋਇੰਦਵਾਲ ਸਾਹਿਬ, ਜਲੰਧਰ, ਪੰਡੋਰੀ ਵੜੈਚ ਵਿਖੇ ਸਾਰੀਆਂ ਬਰਾਂਚਾਂ ਵਿੱਚ ਬੇਸਹਾਰਾ ਲੋਕਾਂ ਨੂੰ ਸੰਭਾਲਿਆ ਜਾ ਰਿਹਾ ਹੈ। ਮਾਨਾਂਵਾਲਾ ਜੀ. ਟੀ. ਰੋਡ (ਅੰਮ੍ਰਿਤਸਰ) ਵਿਖੇ ਆਧੁਨਿਕ ਇਮਾਰਤਾਂ ਵਿੱਚ ਫਿਜ਼ਿਉਥੈਰੇਪੀ, ਬਨਾਵਟੀ ਅੰਗ ਕੇਂਦਰ, ਭਗਤ ਪੂਰਨ ਸਿੰਘ ਆਦਰਸ਼ ਸਕੂਲ, ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮੰਦ ਬੁੱਧੀ ਬੱਚਿਆਂ ਦਾ ਕੇਂਦਰ, ਗਊਸ਼ਾਲਾ, ਵਿਸ਼ਾਲ ਨਰਸਰੀ ਕਾਰਜਸ਼ੀਲ ਹਨ।




ਭਗਤ ਪੂਰਨ ਸਿੰਘ

ਪਿੰਗਲਵਾੜਾ ਅੰਮ੍ਰਿਤਸਰ ਵਿਖੇ ਡਿਸਪੈਂਸਰੀ, ਮਾਤਾ ਮਹਿਤਾਬ ਕੌਰ, ਭਾਈ ਪਿਆਰਾ ਸਿੰਘ ਵਾਰਡਾਂ, ਟਰੌਮਾ ਵੈਨ ਦੀ ਸਹੂਲਤ, ਲਾਵਾਰਸ, ਅਪਾਹਜ, ਮੰਦਬੁੱਧੀ ਰੋਗੀਆਂ ਦੀ ਸੇਵਾ ਨਿਭਾਈ ਜਾ ਰਹੀ ਹੈ। ਇਨ੍ਹਾਂ ਸਾਰੀਆਂ ਬਰਾਂਚਾਂ ਵਿੱਚ ਹਜ਼ਾਰਾਂ ਲੋੜਵੰਦ ਰੋਗੀਆਂ ਦੀ ਸੇਵਾ ਲਈ ਵੱਡੀ ਗਿਣਤੀ ਵਿੱਚ ਸਟਾਫ ਡਾ: ਬੀਬੀ ਇੰਦਰਜੀਤ ਕੌਰ ਦੀ ਅਗਵਾਈ ਵਿੱਚ ਸੇਵਾ ਨਿਭਾਅ ਰਿਹਾ ਹੈ। ਭਗਤ ਜੀ ਦੀ ਯਾਦ ਵਿੱਚ ਲਗਾਤਾਰ ਵੱਖ-ਵੱਖ ਸਮਾਗਮ ਰਚੇ ਜਾ ਰਹੇ ਹਨ। 5 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਤੇ ਸ਼ਰਧਾਂਜਲੀ ਸਮਾਗਮ ਹੋਵੇਗਾ।

Email: bhagwansinghjohal@gmail.com

## ਗੈਂਗਸਟਰ ਜੱਗੂ ਭਗਵਾਨਪੁਰੀਆ ਹਥਿਆਰ ਤਸਕਰੀ ਮਾਮਲੇ ਵਿਚ ਗ੍ਰਿਫ਼ਤਾਰ

ਜੈਪੁਰ-ਪੰਜਾਬ 'ਚ ਸਾਲ 2022 'ਚ ਸਿੱਧੂ ਮੂਸੇਵਾਲਾ ਹੱਤਿਆਕਾਂਡ 'ਚ ਸ਼ਾਮਲ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਰਾਜਸਥਾਨ ਦੀ ਦੌਸਾ ਜ਼ਿਲ੍ਹਾ ਪੁਲਿਸ ਨੇ ਹਥਿਆਰ ਤਸਕਰੀ ਦੇ ਮਾਮਲੇ 'ਚ ਬਠਿੰਡਾ ਸੈਂਟਰਲ ਜੇਲ੍ਹ ਤੋਂ ਗ੍ਰਿਫ਼ਤਾਰ ਕੀਤਾ ਤੇ ਸਖ਼ਤ ਸੁਰੱਖਿਆ 'ਚ ਪੁੱਛਗਿੱਛ ਲਈ ਆਪਣੇ ਨਾਲ ਲੈ ਗਈ। ਜੱਗੂ 'ਤੇ ਹੱਤਿਆ, ਹਥਿਆਰਾਂ ਦੀ ਖ਼ਰੀਦ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਸਮੇਤ ਕਈ ਮਾਮਲਿਆਂ 'ਚ ਸੌ ਤੋਂ ਵੱਧ ਮੁਕੱਦਮੇ ਦਰਜ ਹਨ।




**EXPERIENCED SIKH RELIGIOUS WORKERS REQUIRED - 3 POSITIONS**

- Perform daily duties including tending to the holy scriptures
- Prepare Parshaad (sweet offering)
- Assist in Paath seva (reading scriptures) and other seva at darbar hall in a Non-pastoral role
- Change Maharaaj Ji bastar daily
- Maintain a clean and tidy Darbar Sahib (main prayer hall) and Sachkhand Sahib (residence for holy scriptures)
- Undertake duties both within the Gurdwara Sahib and at the instruction of the management externally
- Ensure that the use of utilities / facilities / equipment of SGSSH (by them or others) is not excessive and / or abusive
- Must have the right to work in the UK.

**Closing Date:** *Please send your application before 6th September 2024.*

PLEASE MAKE YOUR APPLICATION IN WRITING BY EMAIL TO
pritpal_singh_khaira@hotmail.com

CENTRAL GURDWARA GLASGOW
174 BERKELEY STREET, GLASGOW G3 7HY

# ਉੱਘੇ ਸਿੱਖ ਬੁੱਧੀਜੀਵੀ ਪ੍ਰਸ਼ਾਸਕ ਤੇ ਸਾਂਸਦ ਸਿਰਦਾਰ ਕਪੂਰ ਸਿੰਘ ਨੂੰ ਯਾਦ ਕਰਦਿਆਂ

13 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਜਦੋਂ ਕਦੇ ਕਿਸੇ ਉੱਘੇ ਸਿੱਖ ਬੁੱਧੀਜੀਵੀ, ਸਿੱਖ ਕੌਮ ਦੀ ਪ੍ਰਭੁਸੱਤਾ ਲਈ ਤਾਅ ਜ਼ਿੰਦਗੀ ਸੰਘਰਸ਼ਸ਼ੀਲ ਰਹਿਣ ਵਾਲੇ, ਯੋਗ ਪ੍ਰਬੰਧਕ ਤੇ ਸਾਂਸਦ ਦੀ ਗੱਲ ਚੱਲਦੀ ਹੈ ਤਾਂ ਸਰਬਗੁਣ ਸੰਪੰਨ ਸਿਰਦਾਰ ਕਪੂਰ ਸਿੰਘ ਆਈ. ਪੀ. ਐਸ. ਦਾ ਚਿਹਰਾ ਮੁਹਰਾ ਆਪ ਮੁਹਾਰੇ ਅੱਖਾਂ ਸਾਹਵੇਂ ਆ ਜਾਂਦਾ ਹੈ। ਇਸ ਮਹਾਨ ਬੁੱਧੀਜੀਵੀ ਦਾ ਜਨਮ ਜਗਰਾਉਂ (ਲੁਧਿਆਣਾ) ਦੇ ਇਕ ਨੇੜਲੇ ਪਿੰਡ ਵਿਚ 2 ਮਾਰਚ 1909 ਈ: ਨੂੰ ਸ. ਦੀਦਾਰ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ ਮਾਤਾ ਹਰਨਾਮ ਕੌਰ ਦੀ ਕੁੱਖ ਤੋਂ ਹੋਇਆ। ਇਨ੍ਹਾਂ ਦੇ ਜਨਮ ਤੋਂ ਥੋੜ੍ਹੇ ਸਮੇਂ ਤੋਂ ਪਿੱਛੋਂ ਇਹ ਪਰਿਵਾਰ ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ: 531 ਵਿਚ ਜਾ ਵਸਿਆ। ਬਚਪਨ ਤੋਂ ਤੇਜ਼ ਤਰਾਰ ਬੁੱਧੀ ਦੇ ਮਾਲਕ ਸਿਰਦਾਰ ਕਪੂਰ ਸਿੰਘ ਨੇ ਦੱਸਵੀਂ ਤੱਕ ਦੀ ਸਿੱਖਿਆ ਖ਼ਾਲਸਾ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਆਪ ਨੇ ਲਾਹੌਰ ਤੋਂ ਪ੍ਰਾਪਤ ਕੀਤੀ।

ਦੇਸ਼ ਦੀ ਅਜ਼ਾਦੀ ਤੋਂ ਪਿੱਛੋਂ ਜਦੋਂ ਦੋ ਦੇਸ਼ ਧਰਮ 'ਤੇ ਆਧਾਰਿਤ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਪੰਜਾਬ ਦੀ ਧਰਤੀ ਨੂੰ ਵੰਡ ਕੇ ਬੈਠ ਗਏ। ਇਸ ਤੋਂ ਬਾਅਦ ਹਿੰਦੁਸਤਾਨ ਦੀ ਸਰਕਾਰ ਵੱਲੋਂ ਸਿੱਖਾਂ ਪ੍ਰਤੀ ਪੱਖਪਾਤੀ ਰਵੱਈਏ ਤੋਂ ਆਪ ਹਮੇਸ਼ਾਂ ਚਿੰਤਤ ਰਹਿੰਦੇ ਸਨ। ਪੰਜਾਬ ਦੇ ਗਵਰਨਰ ਸ੍ਰੀ ਚੰਦੂ ਲਾਲ ਤ੍ਰਿਵੇਦੀ ਵੱਲੋਂ 10 ਅਕਤੂਬਰ, 1947 ਨੂੰ ਦੇਸ਼ ਦੇ ਬਟਵਾਰੇ ਤੋਂ ਚੰਦ ਕੁ ਦਿਨਾਂ ਬਾਅਦ ਇਕ ਗਸ਼ਤੀ ਚਿੱਠੀ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਕੀਤੀ ਗਈ। ਇਸ ਚਿੱਠੀ ਵਿੱਚ ਸਮੁੱਚੀ ਸਿੱਖ ਕੌਮ ਨੂੰ ਮੁਜਰਮਾਨਾ ਬਿਰਤੀ ਦੇ ਆਖ ਕੇ ਇਨ੍ਹਾਂ ਦੀਆਂ ਗਤੀਵਿਧੀਆਂ ਨੂੰ ਵਾਚਣ ਲਈ ਕਿਹਾ ਗਿਆ। ਇਸ ਗਸ਼ਤੀ ਪੱਤਰ ਨੇ ਇਨ੍ਹਾਂ ਦੇ ਹਿਰਦੇ 'ਤੇ ਡੂੰਘੀ ਸੱਟ ਮਾਰੀ। ਬਤੌਰ ਡਿਪਟੀ ਕਮਿਸ਼ਨਰ ਇਨ੍ਹਾਂ ਵੱਲੋਂ ਇਸ ਪੱਤਰ ਦੇ ਉੱਤਰ ਵਜੋਂ ਭਾਰਤ ਸਰਕਾਰ ਪ੍ਰਤੀ ਸਖ਼ਤ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਚਿੱਠੀ ਦੇ ਸਖ਼ਤ ਉੱਤਰ ਪਿੱਛੋਂ ਸਿਰਦਾਰ ਕਪੂਰ ਸਿੰਘ 'ਤੇ ਨਿਗੂਣੇ ਜਿਹੇ ਦੋਸ਼ ਆਇਦ ਕਰਕੇ ਮੁਕੱਦਮਾ ਚਲਾਇਆ ਗਿਆ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਉਸ ਸਮੇਂ ਦੇਸ਼ ਨਵਾਂ-ਨਵਾਂ ਅੰਗ੍ਰੇਜ਼ ਹਕੂਮਤ ਵੱਲੋਂ ਅਜ਼ਾਦ ਹੋਇਆ ਸੀ, ਸਮੁੱਚੇ ਦੇਸ਼ ਵਿਚ ਆਈ. ਸੀ. ਐਸ. ਵਜੋਂ ਸੇਵਾ ਨਿਭਾਉਣ ਵਾਲੇ ਬਹੁਤ ਥੋੜ੍ਹੇ ਸਿੱਖ ਅਫ਼ਸਰ ਸਨ। ਸਰਕਾਰੀ ਨੌਕਰੀ ਤੋਂ ਬਰਖ਼ਾਸਤ ਹੋਣ ਤੋਂ ਪਿੱਛੋਂ ਆਪ ਨੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਅਤੇ ਬੇਇਨਸਾਫ਼ੀ ਨੂੰ ਖ਼ਤਮ ਕਰਨ ਲਈ ਪੂਰਨ ਰੂਪ ਵਿਚ ਖ਼ੁਦ ਨੂੰ ਸਮਰਪਿਤ ਕਰਕੇ ਕਾਰਜ ਕਰਨਾ ਆਰੰਭ ਕਰ ਦਿੱਤਾ। ਉਨ੍ਹਾਂ ਜ਼ਿੰਦਗੀ ਭਰ ਸਿੱਖਾਂ ਦੇ ਵਿਰੁੱਧ ਚੱਲ ਰਹੀਆਂ ਕੂਟਨੀਤਿਕ ਚਾਲਾਂ ਵਿਚ ਲੜਨ ਦਾ ਮਨ ਬਣਾ ਲਿਆ। ਹੁਣ ਉਨ੍ਹਾਂ ਇਕ ਉੱਘੇ ਸਿੱਖ ਬੁੱਧੀਜੀਵੀ ਵਾਲੀ ਭੂਮਿਕਾ ਨਿਭਾਉਂਦਿਆਂ ਸੰਘਰਸ਼ਸ਼ੀਲ ਤਾਕਤਾਂ ਦੇ ਹੱਕ ਵਿੱਚ ਅਵਾਜ਼ ਉਠਾਉਣ ਲਈ ਬੀੜਾ ਚੁੱਕ ਲਿਆ। 1973 ਈ: ਵਿੱਚ ਸਿਰਦਾਰ ਕਪੂਰ ਸਿੰਘ ਨੂੰ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ ਦੀ ਉਪਾਧੀ ਨਾਲ ਪੂਰੇ ਸਿੱਖ ਸੰਸਾਰ ਵੱਲੋਂ ਸਨਮਾਨਿਆ ਗਿਆ।



ਸਿਰਦਾਰ ਕਪੂਰ ਸਿੰਘ

ਉਨ੍ਹਾਂ ਬਤੌਰ ਡਿਪਟੀ ਕਮਿਸ਼ਨਰ ਕਾਰਜਸ਼ੀਲ ਰਹਿੰਦਿਆਂ ਇਸ ਗੱਲ ਨੂੰ ਭਲੀਭਾਂਤ ਅਨੁਭਵ ਕਰ ਲਿਆ ਕਿ ਰਾਜਨੀਤਿਕ ਵਿਤਕਰੇ ਕਰਕੇ ਸਿੱਖ ਜੀਵਨ ਦੇ ਹਰ ਖੇਤਰ ਵਿੱਚ ਮਾਰ ਖਾ ਰਹੇ ਹਨ। ਇਸੇ ਰਾਜਨੀਤਿਕ ਵਿਤਕਰੇ ਨੂੰ ਦੇਖਦਿਆਂ ਹੀ ਇਸ ਮਹਾਨ ਬੁੱਧੀਜੀਵੀ ਹਸਤੀ ਨੇ 1962 ਈ: ਵਿੱਚ ਲੁਧਿਆਣਾ ਤੋਂ ਅਕਾਲੀ ਦਲ ਦੀ ਟਿਕਟ ਲੈ ਕੇ ਲੋਕ ਸਭਾ ਦੀ ਚੋਣ ਜਿੱਤੀ। ਲੋਕ ਸਭਾ ਦੀ ਕਾਰਵਾਈ ਦੌਰਾਨ ਬੜੇ ਬੇਬਾਕ ਸ਼ਬਦਾਂ ਵਿੱਚ ਸਿੱਖਾਂ ਪ੍ਰਤੀ ਹਰ ਖੇਤਰ ਵਿੱਚ ਹੋ ਰਹੇ ਵਿਤਕਰੇ ਦੇ ਕੱਚੇ ਚਿੱਠੇ ਨੂੰ ਬਾਖ਼ੂਬੀ ਪੇਸ਼ ਕੀਤਾ। ਜੋ ਅੱਜ ਵੀ ਲੋਕ ਸਭਾ ਦੇ ਸਰਕਾਰੀ ਰਿਕਾਰਡ ਵਿੱਚ ਵੇਖਿਆ ਜਾ ਸਕਦਾ ਹੈ।

ਸਿਰਦਾਰ ਕਪੂਰ ਸਿੰਘ ਨੇ ਸਾਹਿਤਕ ਖੇਤਰ ਵਿੱਚ ਵੀ ਵੱਡਾ ਯੋਗਦਾਨ ਪਾਇਆ। ਸਪੱਸ਼ਟਵਾਦੀ ਤੇ ਨਿਧੜਕ ਲੇਖਕ ਵਜੋਂ 1952 ਈ: ਵਿੱਚ ਬਹੁਵਿਸਥਾਰ ਅਤੇ ਪੁੰਦਰੀਕ ਨਾਂਅ ਦੇ ਲੇਖ ਸੰਗ੍ਰਹਿ ਪ੍ਰਕਾਸ਼ਤ ਕੀਤੇ। ਸਪਤਸ੍ਰਿੰਗ ਪੁਸਤਕ ਵਿੱਚ ਉਨ੍ਹਾਂ ਵੱਲੋਂ ਸੱਤ ਉੱਚ ਹਸਤੀਆਂ ਦੀਆਂ ਜੀਵਨੀਆਂ ਪਾਠਕਾਂ ਦੇ ਸਨਮੁੱਖ ਪੇਸ਼ ਕੀਤੀਆਂ ਗਈਆਂ। ਅੰਗ੍ਰੇਜ਼ੀ ਪੁਸਤਕ ਪਰਾਸ਼ਰ ਪ੍ਰਸਨਾ-ਵਿਸਾਖੀ ਆਫ਼ ਗੁਰੂ ਗੋਬਿੰਦ ਸਿੰਘ ਸਿੱਖ ਫਿਲਾਸਫ਼ੀ ਦੀ ਸ਼ਾਹਕਾਰ ਰਚਨਾ ਹੈ। ਸਾਚੀ ਸਾਖੀ ਪੁਸਤਕ ਸਿੱਖ ਕੌਮ ਨਾਲ ਹੋ ਰਹੇ ਰਾਜਨੀਤਿਕ ਵਿਤਕਰੇ ਦੇ ਸੱਚ ਨੂੰ ਪ੍ਰਗਟ ਕਰਦੀ ਹੈ। ਇਸ ਪੁਸਤਕ ਦੇ ਪਾਠਕਾਂ ਦੇ ਸਨਮੁੱਖ ਆਉਣ ਸਮੇਂ ਸਰਕਾਰ ਵੱਲੋਂ ਇਸ ਉਪਰ ਪਾਬੰਦੀ ਲਾ ਦਿੱਤੀ ਗਈ। ਅੰਗ੍ਰੇਜ਼ੀ ਦੀਆਂ ਤਿੰਨ ਪੁਸਤਕਾਂ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਪਿੱਛੋਂ ਡਾ: ਪਿਆਰ ਸਿੰਘ ਤੇ ਡਾ: ਮਦਨਜੀਤ ਕੌਰ ਨੇ ਸੰਪਾਦਿਤ ਕੀਤੀਆਂ। ਸਿੱਖ ਬੁੱਧੀਜੀਵੀਆਂ ਵਿੱਚੋਂ ਉਹ ਬਹੁ-ਭਾਸ਼ਾਈ ਵਿਦਵਾਨ ਵਜੋਂ ਰਹਿੰਦੀ ਦੁਨੀਆਂ ਤੱਕ ਸਤਿਕਾਰ ਪ੍ਰਾਪਤ ਕਰਦੇ ਰਹਿਣਗੇ।

ਇਹ ਮਹਾਨ ਸ਼ਖ਼ਸੀਅਤ 1984 ਦੇ ਘੱਲੂਘਾਰੇ ਦੇ ਪਿੱਛੋਂ ਹੋ ਰਹੀ ਸਿੱਖ ਨਸਲਕੁਸ਼ੀ ਦੇ ਦਿਨਾਂ ਵਿੱਚ 13 ਅਗਸਤ, 1986 ਈ: ਜਗਰਾਉਂ (ਲੁਧਿਆਣਾ) ਵਿਖੇ ਆਪਣੇ ਸਨੇਹੀਆਂ ਤੇ ਪ੍ਰਸ਼ੰਸਕਾਂ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਯਾਦ ਨੂੰ ਸਾਡਾ ਪ੍ਰਣਾਮ।

## ਅਮਰੀਕਾ ਦੇ ਫਲੋਰਿਡਾ ਰਾਜ ਵਿਚ ਹੋਈ ਗੋਲੀਬਾਰੀ ਵਿੱਚ ਇਕ ਪੁਲਿਸ ਅਫਸਰ ਦੀ ਮੌਤ 2 ਹੋਰ ਜ਼ਖਮੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਕੇਂਦਰੀ ਫਲੋਰਿਡਾ ਰਾਜ ਵਿਚ ਇਕ ਘਰ ਵਿੱਚ ਕੁਝ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੀ ਪੁਲਿਸ ਉਪਰ ਕੀਤੇ ਘਾਤ ਲਾ ਕੇ ਹਮਲੇ ਵਿੱਚ ਇਕ ਪੁਲਿਸ ਅਫਸਰ ਦੀ ਮੌਤ ਹੋ ਗਈ ਤੇ 2 ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਲੇਕ ਕਾਊਂਟੀ ਸ਼ੈਰਿਫ ਪੇਟੋਨ ਗ੍ਰਿਨੈਲ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਉਨਾਂ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਰਾਤ 8 ਵਜੇ ਦੇ ਆਸ ਪਾਸ ਓਰਲੈਂਡ ਦੇ ਉੱਤਰ ਵਿਚ 40 ਮੀਲ ਦੂਰ ਈਊਸਟਿਸ ਵਿਖੇ ਇਕ ਘਰ ਵਿਚ ਵਾਪਰੀ। ਗ੍ਰਿਨੈਲ ਅਨੁਸਾਰ ਇਕ ਘਰ ਵਿਚ ਗੜਬੜ ਹੋਣ ਦੀ ਸੂਚਨਾ ਮਿਲਣ 'ਤੇ ਜਦੋਂ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਥੇ ਮੌਜੂਦ ਕਿਸੇ ਵਿਅਕਤੀ ਨੇ ਕਿਹਾ ਕਿ ਜਿਸ ਘਰ ਵਿਚ ਗੜਬੜ ਹੋਈ ਹੈ, ਉਹ ਹੋਰ ਹੈ। ਜਦੋਂ ਲੇਕ ਕਾਊਂਟੀ ਦੇ ਪੁਲਿਸ ਅਫਸਰ ਦੂਸਰੇ ਘਰ ਪੁੱਜੇ ਤਾਂ ਘਰ ਦੇ ਅੰਦਰ ਹੰਗਾਮਾ ਹੋ ਰਿਹਾ ਸੀ। ਪੁਲਿਸ ਅਫਸਰ ਪਿਛਲੇ ਦਰਵਾਜ਼ੇ ਰਾਹੀਂ ਅੰਦਰ ਦਾਖਲ ਹੋਏ ਤਾਂ ਉਨਾਂ ਨੂੰ ਅਗਿਊਂ ਗੋਲੀਆਂ ਦਾ ਸਾਹਮਣਾ ਕਰਨਾ ਪਿਆ। ਇਕ ਪੁਲਿਸ ਅਫਸਰ ਅੰਦਰ ਹੀ ਫਸ ਗਿਆ ਜਦ ਕਿ ਇਕ ਹੋਰ ਬਾਹਰ ਆਉਣ ਵਿੱਚ ਸਫਲ ਹੋ ਗਿਆ। ਸ਼ੈਰਿਫ ਨੇ ਕਿਹਾ ਕਿ ਇਸ ਦੌਰਾਨ ਹੋਰ ਪੁਲਿਸ ਅਫਸਰ ਮੌਕੇ 'ਤੇ ਪਹੁੰਚ ਗਏ। ਜਦੋਂ ਉਹ ਅੰਦਰ ਫਸੇ ਪੁਲਿਸ ਅਫਸਰ ਨੂੰ ਬਚਾਉਣ ਲਈ ਅੱਗੇ ਵਧੇ ਤਾਂ ਉਨਾਂ ਉਪਰ ਵੀ ਗੋਲੀਆਂ ਚਲਾਈਆਂ ਗਈਆਂ। ਪੁਲਿਸ ਅਫਸਰਾਂ ਵੱਲੋਂ ਜਵਾਬੀ ਕਾਰਵਾਈ ਵਿਚ ਅੰਦਰ ਮੌਜੂਦ ਦੋ ਸ਼ੱਕੀਆਂ ਦੀ ਮੌਤ ਗਈ ਜਦ ਕਿ ਇਕ ਜ਼ਖਮੀ ਹੋ ਗਿਆ ਜਿਸ ਨੂੰ ਖੇਤਰ ਵਿਚਲੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਸ਼ੈਰਿਫ ਅਨੁਸਾਰ ਅੰਦਰ ਫੱਸਿਆ ਪੁਲਿਸ ਅਫਸਰ ਵੀ ਦਮ ਤੋੜ ਗਿਆ ਜਦ ਕਿ ਇਕ ਹੋਰ ਪੁਲਿਸ ਅਫਸਰ ਵੀ ਗੋਲੀ ਵੱਜਣ ਕਾਰਨ ਜ਼ਖਮੀ ਹੋਇਆ ਹੈ। ਪੁਲਿਸ ਨੇ ਮਾਰੇ ਗਏ ਤੇ ਜ਼ਖਮੀ ਹੋਏ ਪੁਲਿਸ ਅਫਸਰ ਦਾ ਨਾਂ ਜਾਰੀ ਨਹੀਂ ਕੀਤਾ ਹੈ ਤੇ ਨਾ ਹੀ ਮਾਰੇ ਗਏ ਸ਼ੱਕੀ ਵਿਅਕਤੀਆਂ ਦੇ ਨਾਂ ਦੱਸੇ ਹਨ। ਸ਼ੈਰਿਫ ਨੇ ਕਿਹਾ ਕਿ ਮਾਮਲੇ ਦੀ ਜਾਂਚ ਹੋ ਰਹੀ ਹੈ ਤੇ ਇਸ ਵਾਪਰੀ ਗੋਲੀਬਾਰੀ ਦੀ ਘਟਨਾ ਬਾਰੇ ਅਜੇ ਉਹ ਹੋਰ ਕੁਝ ਨਹੀਂ ਜਾਣਦੇ।

## ਅਮਰੀਕਾ ਵਿਚ ਯਹੂਦੀ ਦੇ ਘਰ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਵਿਰੁੱਧੀ ਨਫਰਤੀ ਅਪਰਾਧ ਤਹਿਤ ਕਾਰਵਾਈ, ਕੀਤਾ ਗ੍ਰਿਫਤਾਰ



ਘਰ ਉਪਰ ਫੇਰਿਆ ਲਾਲ ਰੰਗ, ਲਿੱਖੀ ਨਫਰਤੀ ਭਾਸ਼ਾ ਤੇ ਬਣਾਇਆ ਚਿੰਨ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵਿਚ ਬਰੁੱਕਲਿਨ ਆਰਟ ਮਿਊਜੀਅਮ ਡਾਇਰੈਕਟਰ ਦੇ ਘਰ ਨੂੰ ਅਪਮਾਣਜਨਕ ਢੰਗ ਨਾਲ ਨੁਕਸਾਨ ਪਹੁੰਚਾਉਣ ਤੇ ਯਹੂਦੀ ਵਿਰੋਧੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਸ਼ੱਕੀ ਦੋਸ਼ੀ ਨੂੰ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ ਕਰਨ ਦੀ ਖਬਰ ਹੈ। ਇਸ ਸਬੰਧੀ ਜਾਣਕਾਰੀ ਨਿਊਯਾਰਕ ਪੁਲਿਸ ਵਿਭਾਗ ਨੇ ਦਿੱਤੀ ਹੈ। ਪੁਲਿਸ ਵਿਭਾਗ ਦੇ ਡੀਟੈਕਟਿਵ ਗਰੇਗੋਰੀ ਗਰੀਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜਾਂਚ ਉਪਰੰਤ ਕੁਈਨਜ਼ ਵਾਸੀ ਟੇਰਲਰ ਪੈਲਟਨ (28) ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਸ ਵਿਰੁੱਧ ਬਰੁੱਕਲਿਨ ਮਿਊਜੀਅਮ ਡਾਇਰੈਕਟਰ ਐਨੀ ਪਾਸਟਰਨਕ ਦੇ ਘਰ ਨੂੰ ਨੁਕਸਾਨ ਪਹੁੰਚਾਉਣ ਤੇ ਯਹੂਦੀ ਵਿਰੋਧੀ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਨਫਰਤੀ ਅਪਰਾਧ ਵਜੋਂ ਅਪਰਾਧਿਕ ਮਾਮਲਾ ਦਰਜ ਕੀਤਾ ਗਿਆ ਹੈ। ਸ਼ੱਕੀ ਦੋਸ਼ੀ ਨੇ ਘਰ ਦੇ ਮੋਹਰਲੇ ਦਰਵਾਜ਼ੇ ਤੇ ਖਿੜਕੀਆਂ ਉਪਰ ਲਾਲ ਰੰਗ ਫੇਰ ਕੇ ਇਕ ਤਖਤੀ ਲਟਕਾ ਦਿੱਤੀ ਸੀ ਜਿਸ ਉਪਰ ਲਾਲ ਅੱਖਰਾਂ ਨਾਲ "ਐਨੇ ਪਾਸਟਰਨਕ ਬਰੁੱਕਲਿਨ ਮਿਊਜੀਅਮ ਗੋਰਾ ਫਿਰਕੂ ਯਹੂਦੀ" ਲਿੱਖ ਦਿੱਤਾ ਸੀ। ਇਸ ਤੋਂ ਇਲਾਵਾ ਇਕ ਲਾਲ ਤਿਕੋਨਾ ਚਿੰਨ ਵੀ ਉਕਰ ਦਿੱਤਾ ਸੀ ਜੋ ਚਿੰਨ ਹਮਾਸ ਦੇ ਫੌਜੀ ਵਿੰਗ ਵੱਲੋਂ ਵਰਤਿਆ ਜਾਂਦਾ ਹੈ।

### ਜੋੜ ਮੇਲੇ 'ਤੇ ਵਿਸ਼ੇਸ਼

# ਬਿਧੀ ਚੰਦ ਛੀਨਾ

**ਰਮੇਸ਼ ਬੱਗਾ ਚੋਹਲਾ**

ਕਬੀਰ ਮਾਨਸ ਜਨਮੁ ਦੁਲੰਭੁ ਹੈ
ਹੋਇ ਨ ਬਾਰੈ ਬਾਰ ॥
ਜਿਉ ਬਨ ਫਲ ਪਾਕੇ ਭੁਇ
ਗਿਰਹਿ ਬਹੁਰਿ ਨ ਲਾਗਹਿ ਡਾਰ ॥

ਇਨ੍ਹਾਂ ਪਾਵਨ ਪੰਕਤੀਆਂ ਵਿਚ ਕਬੀਰ ਸਾਹਿਬ ਨੇ ਜਿਥੇ ਮਾਨਵ-ਜੀਵਨ ਦੀ ਵੱਡਮੁੱਲਤਾ ਦੀ ਗੱਲ ਕੀਤੀ ਹੈ,ਉਥੇ ਨਾਲ ਹੀ ਇਸ ਦੀ ਮੁੜ-ਪ੍ਰਾਪਤੀ ਦੀ ਆਸਵੰਦਤਾ ਨੂੰ ਵੀ



ਰੱਦ ਕਰ ਦਿੱਤਾ ਹੈ। ਆਪਣੇ ਖਿਆਲ ਨੂੰ ਦ੍ਰਿੜ੍ਹ ਕਰਵਾਉਂਦਿਆਂ ਭਗਤ ਸਾਹਿਬ ਨੇ ਉਸ ਪੱਕੇ ਹੋਏ ਫ਼ਲ ਦੀ ਉਦਾਹਰਣ ਵੀ ਦਿੱਤੀ ਹੈ ਜਿਹੜਾ ਇੱਕ ਵਾਰ ਦਰਖਤ ਦੀ ਟਹਿਣੀ ਨਾਲੋਂ ਟੁੱਟ ਜਾਵੇ ਤਾਂ ਦੁਬਾਰਾ ਉਸ ਨਾਲ ਨਹੀਂ ਜੁੜ ਸਕਦਾ।

ਸੱਚਮੁੱਚ ਮਨੁੱਖੀ ਜੀਵਨ ਬੇਸ਼ਕੀਮਤੀ ਹੈ ਪਰ ਕਈ ਵਿਅਕਤੀ ਇਸ ਦੀ ਸਹੀ ਅਤੇ ਸਾਰਥਿਕ ਕੀਮਤ ਨਾ ਪਾ ਕੇ ਇਸ ਨੂੰ ਕੌਡੀਆਂ ਦੇ ਭਾਅ ਹੀ ਗੁਆ ਦਿੰਦੇ ਹਨ। ਭੰਗ ਦੇ ਭਾੜੇ ਗੁਆਏ ਜਾ ਰਹੇ ਹੀਰੇ ਜਨਮ ਤੋਂ ਬੇਖ਼ਬਰ ਇਹ ਪ੍ਰਾਣੀ ਜੀਵਨ ਦੇ ਅਸਲ ਮਨੋਰਥ ਤੋਂ ਭਟਕ ਜਾਂਦੇ ਹਨ। ਇਸ ਭਟਕਣ ਦੇ ਕਾਰਨ ਕਈ ਵਾਰ ਉਹ ਕਿਸੇ (ਸਮਾਜਿਕ ਤੌਰ 'ਤੇ) ਅਸਵੀਕਾਰਨ ਯੋਗ ਕਾਰ ਵਿਚ ਗ਼ਲਤਾਨ ਹੋਣ ਕਰਕੇ ਜਿਥੇ ਕਿਸੇ ਬਦਨਾਮੀ ਦੇ ਭਾਗੀਦਾਰ ਬਣ ਜਾਂਦੇ ਹਨ ਉਥੇ ਆਪਣੀ ਭਰੋਸੇਯੋਗਤਾ ਨੂੰ ਖ਼ੋਰਾ ਵੀ ਲਗਾ ਲੈਂਦੇ ਹਨ। ਸਮਾਜ ਦੀਆਂ ਸਨਮਾਨਜਨਕ ਸੱਥਾਂ ਵਿਚ ਇਨ੍ਹਾਂ ਵਿਅਕਤੀਆਂ ਦੀ ਕਦੇ ਸਤਿਕਾਰਤ ਨਾਮ-ਚਰਚਾ ਨਹੀਂ ਹੁੰਦੀ ਸਗੋਂ ਲੋਕ ਇਨ੍ਹਾਂ ਨੂੰ ਨਿੰਦਦੇ, ਭੰਡਦੇ ਅਤੇ ਕੋਸਦੇ ਰਹਿੰਦੇ ਹਨ। ਪਰ ਕਈ ਵਾਰ ਇਨ੍ਹਾਂ ਅਸਤਿਕਾਰੇ ਮਨੁੱਖਾਂ ਦੇ ਜੀਵਨ ਵਿਚ ਕੋਈ ਅਜਿਹਾ ਮੋੜ ਵੀ ਆ ਜਾਂਦਾ ਹੈ ਜਿਹੜਾ ਉਨ੍ਹਾਂ ਦੇ ਲੀਹੋਂ ਲੱਥੇ ਜੀਵਨ ਨੂੰ ਨਾ ਸਿਰਫ ਲੀਹ ਉੱਪਰ ਪਾ ਦਿੰਦਾ ਹੈ ਸਗੋਂ ਉਨ੍ਹਾਂ ਦੀ ਵੱਖਰੀ ਤੇ ਇਤਿਹਾਸਕ ਪਹਿਚਾਣ ਵੀ ਕਾਇਮ ਦਿੰਦਾ ਹੈ। ਇਸੇ ਤਰ੍ਹਾਂ ਦੀ ਪਹਿਚਾਣ ਕਾਇਮ ਕਰਨ ਵਿਚ ਹੀ ਸ਼ਾਮਿਲ ਹੈ ਭਾਈ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ ਦਾ ਨਾਮ।

ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਸਮੇਂ ਗੁਰ-ਘਰ ਲਈ ਵੱਡੀਆਂ ਮੱਲਾਂ ਮਾਰਨ ਵਾਲੇ ਭਾਈ ਬਿਧੀ ਚੰਦ ਦਾ ਜਨਮ ਪਿੰਡ ਸੁਰ ਸਿੰਘ ਦੇ ਵਸਨੀਕ ਭਾਈ ਵੱਸਣ ਸਿੰਘ ਦੇ ਘਰ ਹੋਇਆ। ਮਹਾਨਕੋਸ਼ ਦੇ ਹਵਾਲੇ ਨਾਲ ਭਾਈ ਬਿਧੀ ਚੰਦ ਭਾਈ ਭਿਖੀ ਦੇ ਪੋਤੇ ਸਨ ਅਤੇ ਇਨ੍ਹਾਂ ਦਾ ਪਹਿਲਾਂ ਨਾਮ ਬਿਧੀਆ ਸੀ। ਬਿਧੀਆ ਸਿਰਫ ਕੱਦ-ਕਾਠ ਪੱਖੋਂ ਹੀ ਵੱਡਾ ਨਹੀਂ ਸਗੋਂ ਉਸ ਦਾ ਦਿਲ (ਦਲੇਰੀ ਪੱਖੋਂ) ਵੀ ਬਹੁਤ ਵੱਡਾ ਸੀ।

ਭਾਈ ਬਿਧੀ ਚੰਦ ਦੇ ਨਾਨਕੇ ਮਾਝੇ ਦੇ ਪਿੰਡ ਸਰਹਾਲੀ ਕਲਾਂ (ਤਰਨ ਤਾਰਨ) ਵਿਚ ਸਨ। ਉਸ ਸਮੇਂ 'ਸਰਹਾਲੀ ਚੋਰਾਂ ਵਾਲੀ' ਕਰਕੇ ਜਾਣੀ ਜਾਂਦੀ ਸੀ। ਬਿਧੀ ਚੰਦ ਦੇ ਬਚਪਨ ਦਾ ਵਧੇਰੇ ਸਮਾਂ ਇਸ ਪਿੰਡ (ਨਾਨਕੇ) ਵਿਚ ਬਤੀਤ ਹੋਣ ਕਰਕੇ ਉਹ ਵੀ ਇਸ ਬਾਣ ਦਾ ਸ਼ਿਕਾਰ ਹੋ ਗਿਆ ਅਤੇ ਆਸ-ਪਾਸ ਦੇ ਪਿੰਡਾਂ ਵਿਚ ਹੱਥ-ਪੱਲਾ ਮਾਰਨ ਲੱਗਾ। ਜਿਵੇਂ-ਜਿਵੇਂ ਉਹ ਜਵਾਨ ਹੋਣ ਲੱਗਾ ਤਿਵੇਂ-ਤਿਵੇਂ ਉਸ ਦਾ ਰੁਝਾਨ ਚੋਰੀਆਂ ਵੱਲ ਵੱਧਣ ਲੱਗਾ। ਇਸ ਵਧੇ ਹੋਏ ਰੁਝਾਨ ਕਰਕੇ ਇੱਕ ਦਿਨ ਉਸ ਨੇ ਦੁਆਬੇ ਦੇ ਪਿੰਡ ਆਲੀ ਤੋਂ ਕਿਸੇ ਦੀਆਂ ਮੱਝਾਂ ਖੋਲ੍ਹ ਲਈਆਂ। ਜਦੋਂ ਮੱਝਾਂ ਦੇ ਮਾਲਿਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਪੈੜ ਨੱਪ ਲਈ। ਇਹ ਨੱਪੀ ਹੋਈ ਪੈੜ ਉਨ੍ਹਾਂ ਨੂੰ ਪਿੰਡ ਭੈਣੀ ( ਚੋਹਲਾ ਸਾਹਿਬ) ਤੱਕ ਲੈ ਆਈ ਜਿਥੋਂ ਦੇ ਇੱਕ ਛੱਪੜ ਵਿਚ ਉਨ੍ਹਾਂ ਦੀਆਂ ਮੱਝਾ ਵੜੀਆਂ ਹੋਈਆਂ ਸਨ। ਇਸ ਛੱਪੜ ਤੋਂ ਥੋੜ੍ਹੀ ਦੂਰ ਗੁਰੂ ਰਾਮਦਾਸ ਪਾਤਸ਼ਾਹ ਦਾ ਇੱਕ ਸ਼ਰਧਾਲੂ ਬਾਬਾ ਅਦਲੀ ਰਹਿੰਦਾ ਸੀ ਜਿਸ ਨੇ ਬਿਧੀ ਚੰਦ ਨੂੰ ਮੱਝਾਂ ਦੇ ਮਾਲਕਾਂ ਦੀ ਮਾਰ ਤੋਂ ਬਚਾ ਲਿਆ। ਸਿੱਟੇ ਵਜੋਂ ਸਾਧੂ ਸੁਭਾਅ ਵਾਲੇ ਬਾਬਾ ਅਦਲੀ ਦੇ ਮਿਲਾਪ/ਪ੍ਰਭਾਵ ਕਾਰਨ ਬਿਧੀ ਚੰਦ ਨੇ ਚੋਰੀ ਤੋਂ ਤੋਬਾ ਕਰ ਲਈ।

ਭਾਈ ਬਿਧੀ ਚੰਦ ਵਿਚ ਆਏ ਇਸ ਬਦਲਾਵ ਨੂੰ ਦੇਖ ਕੇ ਬਾਬਾ ਅਦਲੀ ਜੀ ਨੇ ਉਸਨੂ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸਨਮੁੱਖ ਕੀਤਾ। ਜਦੋਂ ਗੁਰੂ ਸਾਹਿਬ ਨੇ ਉਸ ਨੂੰ ਕੰਮ-ਕਾਰ ਬਾਰੇ ਪੁੱਛਿਆ ਤਾਂ ਉਸ (ਬਿਧੀ ਚੰਦ) ਨੇ ਆਪਣਾ ਧੰਦਾ ਡਾਕੇ ਮਰਨਾ ਅਤੇ ਚੋਰੀਆਂ ਕਰਨ ਦੱਸਿਆ। ਨਾਲ ਹੀ ਬਿਧੀ ਚੰਦ ਕਹਿਣ ਲੱਗਾ ਕਿ ਤੁਸੀਂ ਮੈਨੂੰ ਆਪਣੇ ਘਰ ਦਾ ਚੋਰ-ਸਿੱਖ ਹੀ ਬਣਾ ਲਉ। ਉਸ ਦੀ ਗੱਲ ਸੁਣ ਕੇ ਗੁਰੂ ਅਰਜਨ ਦੇਵ ਜੀ ਮੁਸਕਰਾ ਪਏ ਅਤੇ ਪਰਉਪਕਾਰੀ ਤੇ ਸੱਚਾ-ਸੁੱਚਾ ਜੀਵਨ ਜਿਉਣ ਦਾ ਉਪਦੇਸ਼ ਦੇਣ ਲੱਗੇ। ਇਸ ਉਪਦੇਸ ਨਾਲ ਭਾਈ ਬਿਧੀ ਚੰਦ ਦੇ ਜੀਵਨ ਦਾ ਉਦੇਸ਼ ਹੀ ਬਦਲ ਗਿਆ ਅਤੇ ਉਹ ਗੁਰੂ-ਘਰ ਨੂੰ ਪੂਰਨ ਰੂਪ ਵਿਚ ਸਪਰਪਿਤ ਹੋ ਗਿਆ।

ਪੰਚਮ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ ਨੌਜਵਾਨ ਗੁਰਸਿੱਖਾਂ ਦੀ ਮੰਗ ਕੀਤੀ ਤਾਂ ਉਸ ਸਮੇਂ ਭਾਈ ਬਿਧੀ ਚੰਦ ਵੀ ਪਿੰਡ ਸੁਰ ਸਿੰਘ ਦੇ ਕੁੱਝ ਨੌਜਵਾਨਾਂ ਨੂੰ ਨਾਲ ਲੈ ਕੇ ਪਹੁੰਚ ਗਿਆ। ਇਨ੍ਹਾਂ ਵਿਚ ਦੋ ਢਾਡੀ ਵੀ ਸਨ। ਜਦੋਂ ਨੌਜਵਾਨਾਂ ਦੀ ਤਦਾਦ ਵੱਧ ਗਈ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪੰਜ ਜਥਿਆਂ ਵਿਚ ਵੰਡ ਦਿੱਤਾ। ਇਨ੍ਹਾਂ ਜਥਿਆਂ ਦੇ ਪੰਜ ਜਥੇਦਾਰ ਵੀ ਨਿਯੁਕੱਤ ਕੀਤੇ ਗਏ।ਪਹਿਲੇ ਜਥੇ ਦੀ ਜ਼ਿੰਮੇਵਾਰੀ ਭਾਈ ਲੰਗਾਹ ਨੂੰ ਅਤੇ ਦੂਸਰੇ ਦੀ ਭਾਈ ਬਿਧੀ ਚੰਦ ਨੂੰ ਸੰਭਾਲੀ ਗਈ। ਇਸ (ਦੂਜੇ) ਜਥੇ ਦਾ ਕੰਮ ਗੁਰੀਲਾ ਯੁੱਧ ਕਰਨਾ ਅਤੇ ਵੈਰੀਆਂ ਨੂੰ ਭਾਜੜਾਂ ਪਾਉਣਾ ਸੀ।

ਜਦੋਂ ਛੇਵੇਂ ਪਾਤਸ਼ਾਹ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ ਤਾਂ ਉਸ ਸਮੇਂ ਭਾਈ ਬਿਧੀ ਚੰਦ ਦੇ ਜਥੇ ਨੇ ਬੜੀ ਅਹਿਮਤਰੀਨ ਭੂਮਿਕਾ ਨਿਭਾਈ। ਜਿਥੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਆਪਣੀ ਸੂਝ-ਬੂਝ ਨਾਲ ਸੰਗਤ ਨੂੰ ਸਮੇਂ ਦਾ ਸੱਚ ਬਿਆਨ ਕਰਦੇ ਉੱਥੇ ਭਾਈ ਬਿਧੀ ਚੰਦ (ਆਪਣੇ ਢਾਡੀਆਂ ਸਮੇਤ) ਪਹਿਲਾਂ ਹੀ ਪਹੁੰਚ ਜਾਂਦੇ ਤੇ ਵਿਸ਼ੇਸ਼ ਵਾਤਾਵਰਣ ਦੀ ਸਿਰਜਣਾ ਕਰ ਦਿੰਦੇ। ਇਨ੍ਹਾਂ ਗੁਰਮੁੱਖ ਪਿਆਰਿਆਂ ਦੀ ਘਾਲਣਾ ਨਾਲ ਵੱਡੀ ਗਿਣਤੀ ਵਿਚ ਸੰਗਤ ਗਵਾਲੀਅਰ ਪਹੁੰਚ ਲੱਗੀ ਅਤੇ ਕਿਲ੍ਹੇ ਦੀ ਪ੍ਰਕਰਮਾ ਕਰਨ ਲੱਗੀ। ਸੰਗਤ ਦੀ ਆਮਦ ਅਤੇ ਸਮੇਂ ਦੀ ਨਜ਼ਾਕਤ ਨੂੰ ਦੇਖ ਵਕਤ ਦੇ ਹਾਕਮ ਨੇ ਗੁਰੂ ਸਾਹਿਬ ਨੂੰ ਕਿਲ੍ਹੇ 'ਚੋਂ ਰਿਹਾਅ



ਕਰ ਦਿੱਤਾ।

ਰਿਹਾਈ ਤੋਂ ਬਾਅਦ ਭਾਈ ਬਿਧੀ ਚੰਦ ਜੀ ਗੁਰੂ ਸਾਹਿਬ ਦੇ ਪੱਕੇ ਅੰਗ-ਰੱਖਿਅਕ ਬਣ ਗਏ। ਜਦੋਂ ਬੀਬੀ ਕੌਲਾਂ ਗੁਰੂ ਸਾਹਿਬ ਦੀ ਸ਼ਰਨ ਆਈ ਤਾਂ ਉਸ ਦੇ ਭਾਈਚਾਰੇ ਵੱਲੋਂ ਹਮਲੇ ਦੀਆਂ ਸੰਭਾਵਨਾਵਾਂ ਵੱਧ ਗਈਆਂ। ਇਨ੍ਹਾਂ ਸੰਭਾਵਨਾਵਾਂ ਨੂੰ ਸਨਮੁੱਖ ਰੱਖ ਕੇ ਭਾਈ ਸਾਹਿਬ ਨੇ ਆਪਣਾ ਸਥਾਈ ਡੇਰਾ ਪਿਪਲੀ ਸਾਹਿਬ ਵਿਖੇ ਲਗਾ ਲਿਆ। ਇਸ ਡੇਰੇ ਕਾਰਨ ਹੋਣ ਵਾਲੇ ਹਮਲਿਆਂ ਦਾ ਖ਼ਤਰਾ ਟਲ ਗਿਆ।

ਜਹਾਂਗੀਰ ਦੇ ਅਕਾਲ ਚਲਾਣੇ ਤੋਂ ਬਾਅਦ ਲਾਹੌਰ ਦਰਬਾਰ ਨੇ ਸਿੱਖਾਂ ਦੁਆਰਾ ਸ਼ਾਹੀ ਬਾਜ਼ ਦੇ ਪਕੜਨ ਨੂੰ 'ਸ਼ਾਹੀ ਤਾਜ਼ ਨੂੰ ਹੱਥ ਪਾਉਣ ਦੇ ਬਰਾਬਰ ਜਾਣ ਕੇ ਮੁਖਲਿਸ ਖਾਨ ਦੀ ਕਮਾਂਡ ਹੇਠ ਸੱਤ ਹਜ਼ਾਰ ਫੋਜ ਭੇਜ ਦਿੱਤੀ। ਇਧਰ ਸਿੱਖ ਵੀ ਪੂਰੀ ਚੜ੍ਹਦੀਕਲਾ ਵਿਚ ਸਨ ਜਿਸ ਦਾ ਪ੍ਰਗਟਾਵਾ ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਕੀਤਾ ਗਿਆ ਹੈ:-

ਤਿਨ ਕੋ ਬਾਜ ਨਹੀਂ ਹਮ ਦੇਨਾ।
ਤਾਜ ਬਾਜ ਤਿਨ ਤੇ ਸਭ ਲੇਨਾ।

ਇਸ ਫੌਜ ਦਾ ਮੁਕਾਬਲਾ ਭਾਈ ਬਿਧੀ ਚੰਦ ਦੇ ਜਥੇ ਨਾਲ ਹੋ ਗਿਆ। ਜਤੀ ਮੱਲ ਦੇ ਸਹਿਯੋਗ ਨਾਲ ਭਾਈ ਸਾਹਿਬ ਨੇ ਸ਼ਾਹੀ ਫੌਜ ਨੂੰ ਭਾਜੜਾਂ ਪਾ ਦਿੱਤੀਆਂ। ਮੁਖਲਿਸ ਖਾਨ ਨੇ ਆਪਣੀ ਫੌਜ ਨੂੰ ਬਹੁਤ ਹੱਲਸ਼ੇਰੀ ਦਿੱਤੀ ਪਰ ਉਹ ਸਿੱਖਾਂ ਦਾ ਟਾਕਰਾ ਨਾ ਕਰ ਸਕੀ। ਜੰਗ ਦੇ ਦੂਸਰੇ ਦਿਨ ਭਾਈ ਬਿਧੀ ਚੰਦ ਨੇ ਸੁਲਤਾਨ ਬੇਗ ਨੂੰ ਜਾ ਵੰਗਾਰਿਆ। ਗੁੱਸੇ ਵਿਚ ਆ ਕੇ ਬੇਗ ਨੇ ਇੱਕ ਨੇਜ਼ਾ ਭਾਈ ਸਾਹਿਬ ਵੱਲ ਚਲਾ ਦਿੱਤਾ ਪਰ ਉਹ ਉਸ ਤੱਕ ਨਹੀਂ ਪਹੁੰਚ ਸਕਿਆ। ਜਦੋਂ ਭਾਈ ਬਿਧੀ ਚੰਦ ਨੇ ਪਲਟਵਾਂ ਵਾਰ ਕੀਤਾ ਤਾਂ ਬੇਗ ਭਗੌੜਾ ਹੋ ਗਿਆ। ਜਦੋਂ ਉਸ ਦੇ ਕੰਨਾਂ ਵਿਚ ਬੁਜ਼ਦਿਲ ਦੀ ਆਵਾਜ ਪਈ ਤਾਂ ਉਹ ਮੁੜ ਵਾਰ ਕਰਨ ਲੱਗਾ ਪਰ ਜਦੋ ਭਾਈ ਬਿਧੀ ਚੰਦ ਨੇ ਉਸ ਵੱਲ ਤੀਰ ਚਲਾਇਆ ਤਾਂ ਉਹ ਉਸ ਦੀ ਛਾਤੀ ਨੂੰ ਵਿੰਨ ਗਿਆ। ਤੀਰ ਲੱਗਦੇ ਸਾਰ ਹੀ ਬੇਗ ਹੇਠਾਂ ਡਿੱਗ ਪਿਆ ਅਤੇ ਦੁਨੀਆਂ ਤੋਂ ਰੁਖ਼ਸਤ ਹੋ ਗਿਆ।

ਇਸ ਤਰ੍ਹਾਂ ਦੂਸਰੀ ਜੰਗ ਦੇ ਸਮੇਂ ਭਾਈ ਬਿਧੀ ਚੰਦ ਦੀ ਸਿੱਧੀ ਟੱਕਰ ਕਰਮ ਚੰਦ ਨਾਲ ਹੋ ਗਈ ਅਤੇ ਉਹ ਮੈਦਾਨ ਛੱਡ ਕੇ ਭੱਜ ਗਿਆ। ਉਹ ਆਪ ਤਾਂ ਬਚ ਗਿਆ ਪਰ ਉਸ ਦੇ ਉਕਸਾਉਣ 'ਤੇ ਨਵਾਬ ਨੇ ਸਿੱਖਾਂ ਉਪਰ ਜੋਰਦਾਰ ਹਮਲਾ ਕਰ ਦਿੱਤਾ। ਨਤੀਜੇ ਵਜੋਂ ਨਵਾਬ,ਉਸ ਦਾ ਪੁੱਤਰ ਅਤੇ ਸਾਥੀ ਇਸ ਜੰਗ ਵਿਚ ਮਾਰੇ ਗਏ। ਇਸ ਤਰ੍ਹਾਂ ਗੁਰੂ ਕਿਆਂ ਦਾ ਪੱਲਾ ਭਾਰੀ ਰਿਹਾ।

ਜਦੋਂ ਕਾਬਲ ਤੋਂ ਆ ਰਹੇ ਭਾਈ ਕਰੋੜੀ ਮੱਲ ਦੇ ਦੋ ਘੋੜੇ ਦਿਲਬਾਗ ਤੇ ਗੁਲਬਾਗ ਲਾਹੌਰ ਵਿਖੇ ਅਨਾਇਤ ਉੱਲਾ ਨੇ ਖੋਹ ਲਏ ਤਾਂ ਸੰਗਤ ਵੱਲੋਂ ਇਸ ਗੱਲ ਦਾ ਜ਼ਿਕਰ ਗੁਰੂ ਹਰਗੋਬਿੰਦ ਸਾਹਿਬ ਕੋਲ ਕੀਤਾ। ਗੁਰੂ ਸਾਹਿਬ ਨੇ ਸੰਗਤ ਨੂੰ ਧਰਵਾਸ ਦਿੰਦਿਆਂ ਕਿਹਾ, 'ਕਰੋੜੀ ਮੱਲ ਦੀ ਭੇਟਾ ਬਿਧੀ ਚੰਦ ਆਪੇ ਹੀ ਲੈ ਆਵੇਗਾ।'

ਇਹ ਕਾਰਜ ਭਾਵੇਂ ਕਠਿਨ ਸੀ ਪਰ ਗੁਰੂ ਸਾਹਿਬ ਨੂੰ ਆਪਣੇ ਅੰਗ-ਸੰਗ ਜਾਣ ਕੇ ਭਾਈ ਬਿਧੀ ਚੰਦ ਨੇ ਹਾਮੀ ਭਰ ਦਿੱਤੀ। ਇਹ ਕਾਰਜ ਭਾਈ ਸਾਹਿਬ ਨੂੰ ਬਹੁਤ ਹੀ ਬਿਧੀ (ਵਿਧੀ) ਪੂਰਵਕ ਢੰਗ ਨਾਲ ਕਰਨਾ ਪਿਆ।ਜ਼ੋਸ਼ ਤੇ ਹੋਸ਼ ਦਾ ਸਮਤੋਲ ਬਣਾ ਕੇ ਉਹ ਲਾਹੌਰ ਪਹੁੰਚ ਗਏ ਅਤੇ ਭਾਈ ਜੀਵਨ ਦੇ ਘਰ ਜਾ ਟਿਕਾਣਾ ਕੀਤਾ। ਇਥੇ ਰਹਿ ਕੇ ਉਨ੍ਹਾਂ ਨੇ ਇੱਕ ਘਾਹੀ ਦਾ ਭੇਸ ਧਾਰਨ ਕੀਤਾ ਅਤੇ ਆਪਣੇ ਮਨੋਰਥ (ਘੋੜਾ ਲਿਆਉਣ ਦਾ) ਵਿਚ ਸਫਲ ਹੋ ਗਏ।

ਆਪਣੇ ਅਧੂਰੇ ਕਾਰਜ (ਦੂਸਰਾ ਘੋੜਾ ਲਿਆਉਣ ਵਾਲੇ) ਨੂੰ ਪੂਰਾ ਕਰਨ ਹਿੱਤ ਭਾਈ ਬਿਧੀ ਚੰਦ ਨੇ ਲਾਹੌਰ ਵੱਲ ਨੂੰ ਮੁੜ ਚਾਲੇ ਪਾ ਦਿੱਤੇ। ਇਸ ਵਾਰੀ ਦਾ ਪੜਾਅ ਉਨ੍ਹਾਂ ਵੱਲੋਂ ਭਾਈ ਬੋਹੜੂ ਦੇ ਗ੍ਰਹਿ ਵਿਖੇ ਕੀਤਾ ਗਿਆ। ਭਾਈ ਬੋਹੜੂ ਕੋਲੋਂ ਸਾਰੀ ਜਾਣਕਾਰੀ ਲੈ ਕੇ ਉੱਨ੍ਹਾਂ ਨੇ ਇੱਕ ਨਜੂਮੀ ਦਾ ਭੇਸ ਧਾਰਨ ਕੀਤਾ ਅਤੇ ਗੁਰੂ-ਘਰ ਦੇ ਦੋਖੀਆਂ ਦੀ ਅਕਲ 'ਤੇ ਪਰਦਾ ਪਾ ਕੇ ਦੂਸਰਾ ਘੋੜਾ ਵੀ ਲੈ ਆਏ।

ਭਾਈ ਬਿਧੀ ਚੰਦ ਦੇ ਇਸ ਦਲੇਰਾਨਾ ਅਤੇ ਯੁਗਤੀ ਪੂਰਵਕ ਢੰਗ ਨਾਲ ਘੋੜੇ ਕੱਢ ਲਿਆਉਣ ਨਾਲ ਤੀਸਰੀ ਜੰਗ ਦਾ ਮੁੱਢ ਵੀ ਬੱਝਦਾ ਹੈ। ਇਸ ਜੰਗ ਲਈ ਅਨਾਇਤ ਉੱਲਾ ਨੇ ਲੱਲਾ ਬੇਗ, ਉਸ ਦੇ ਭਰਾ ਕਮਰਬੇਗ, ਮੁੱਗਲੀ ਬੇਗ ਅਤੇ ਬਹਿਲੋਲ ਖਾਂ ਨੂੰ ਦਸ ਹਜ਼ਾਰ ਫੌਜ਼ ਦੇ ਕੇ ਭੇਜਿਆ ਪਰ ਉਹ ਨਥਾਣੇ ਦੇ ਸਥਾਨ 'ਤੇ ਹਾਰ ਗਏ।

ਗੁਰੂ-ਘਰ ਦੀ ਸੇਵਾ ਹਿੱਤ ਕੀਤਾ ਗਿਆ ਭਾਈ ਬਿਧੀ ਚੰਦ ਦਾ ਹਰੇਕ ਕਰਮ ਜਿਥੇ ਉਨ੍ਹਾਂ ਦੀ ਸੂਝ-ਬੂਝ ਅਤੇ ਹਿੰਮਤ ਦਾ ਸੁਮੇਲ ਹੁੰਦਾ ਸੀ, ਉਥੇ ਨਾਲ ਉਨ੍ਹਾਂ ਦਾ ਗੁਰਬਾਣੀ ਪ੍ਰਤੀ ਸਤਿਕਾਰ ਵੀ ਦਰਸਾਉਂਦਾ ਸੀ। ਉਹ ਜਦੋਂ ਵੀ ਕਿਸੇ ਕਾਰਜ ਲਈ ਜਾਂਦੇ ਸਨ ਤਾਂ ਰਸਤੇ ਵਿਚ ਗੁਰੂ ਤੇ ਗੁਰਬਾਣੀ ਦੀ ਓਟ ਜ਼ਰੂਰ ਲੈਂਦੇ ਸਨ। ਇਸ ਦੀ ਗਵਾਹੀ ਗੁਰੂ-ਬਿਲਾਸ ਪਾਤਸ਼ਾਹੀ ਛੇਵੀਂ ਵਿਚ ਇਸ ਤਰ੍ਹਾਂ ਦਿੱਤੀ ਗਈ ਹੈ:-

ਚਲਤ ਪੰਥ ਗੁਰਬਾਣੀ ਗਾਵੈ।


ਭਾਈ ਬਿਧੀ ਚੰਦ ਅਜਿਹੇ ਮਹਾਨ ਮਨੁੱਖ ਸਨ ਜਿਨ੍ਹਾਂ ਨੂੰ ਛੇਵੇਂ ਪਾਤਸ਼ਾਹ ਨੇ ਰੱਜਵਾਂ ਪਿਆਰ ਕੀਤਾ ਹੈ। ਉਨ੍ਹਾਂ ਦੇ ਬਚਨ ਹਨ:-

ਬਿਧੀ ਚੰਦ ਛੀਨਾ। ਗੁਰੂ ਕਾ ਸੀਨਾ।

ਗੁਰੂ ਸਾਹਿਬ ਵੱਲੋਂ ਭਾਈ ਬਿਧੀ ਚੰਦ ਨੂੰ ਆਪਣਾ 'ਸੀਨਾ' ਕਹਿਣਾ ਇਸ ਪਿਆਰ ਦਾ ਹੀ ਸਬੂਤ ਹੈ, ਜਿਸ ਦੀ ਹਾਮੀ ਸਿੱਖ-ਇਤਿਹਾਸ ਹਮੇਸ਼ਾਂ ਹੀ ਭਰਦਾ ਰਹੇਗਾ। ਆਪਣੀ ਹਯਾਤੀ ਦਾ ਵੱਡਾ ਹਿੱਸਾ ਗੁਰੂ-ਘਰ ਦੀ ਸੇਵਾ ਵਿਚ ਲਗਾਉਣਾ ਵਾਲਾ ਇਹ ਸੂਰਮਾ ਸਿੱਖ 15 ਅਗਸਤ 1638 ਈ. (ਸੰਮਤ 1695) ਨੂੰ ਦੇਉ ਨਗਰ (ਅਯੁਧਿਆ) ਵਿਖੇ ਆਪਣਾ ਸਰੀਰਕ ਚੋਲਾ ਤਿਆਗ ਗਿਆ।

#1348/17/1 ਗਲੀ ਨੰ:8 ਰਿਸ਼ੀ
ਨਗਰ ਐਕਸਟੈਨਸ਼ਨ (ਲੁਧਿਆਣਾ)
ਮੋਬ:9463132719

# ਸਿਹਤ ਤੇ ਸੁੰਦਰਤਾ



## ਸਤ ਘੰਟੇ ਦੀ ਨੀਂਦ ਸਿਹਤ ਲਈ ਜ਼ਰੂਰੀ



ਮਨੁੱਖੀ ਸਰੀਰ ਨੂੰ ਬਿਹਤਰ ਤਰੀਕੇ ਨਾਲ ਕੰਮ ਕਰਨ ਲਈ ਆਮ ਤੌਰ 'ਤੇ ਸੱਤ ਤੋਂ ਅੱਠ ਘੰਟਿਆਂ ਦੀ ਨੀਂਦ ਜ਼ਰੂਰੀ ਹੈ ਪਰ ਭੱਜ-ਦੌੜ ਨਾਲ ਭਰੀ ਜ਼ਿੰਦਗੀ 'ਚ ਬਿਹਤਰ ਨੀਂਦ ਵੀ ਮੁਸ਼ਕਿਲ ਹੁੰਦੀ ਜਾ ਰਹੀ ਹੈ। ਕਈ ਲੋਕ ਨੀਂਦ ਨਾ ਆਉਣ ਦੀ ਸਮੱਸਿਆ ਤੋਂ ਪਰੇਸ਼ਾਨ ਹਨ। ਜੇ ਤੁਹਾਨੂੰ ਚੰਗੀ ਨੀਂਦ ਨਹੀਂ ਆਉਂਦੀ, ਤਾਂ ਇਹ ਪੂਰੀ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਕ ਖੋਜ 'ਚ ਸਾਹਮਣੇ ਆਇਆ ਹੈ ਕਿ ਜੇ ਤੁਸੀਂ ਰਾਤ ਨੂੰ ਇਕ ਘੰਟਾ ਘੱਟ ਸੌਂਦੇ ਹੋ ਤਾਂ ਕੰਮ ਦੌਰਾਨ ਧਿਆਨ ਕੇਂਦਰਿਤ ਕਰਨ 'ਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਲੰਬੇ ਸਮਾਂ ਇਹੀ ਹਾਲਾਤ ਬਣੇ ਰਹੇ ਤਾਂ ਮਾਨਸਿਕ ਸਮੱਸਿਆਵਾਂ ਵੀ ਪੈਦਾ ਹੋ ਸਕਦੀਆਂ ਹਨ।

ਹੈਦਰਾਬਾਦ ਦੇ ਇੰਦਰਪ੍ਰਸਥ ਅਪੋਲੋ ਹਸਪਤਾਲ ਦੇ ਡਾ. ਸੁਧੀਰ ਕੁਮਾਰ ਨੇ ਕਿਹਾ ਕਿ ਜਦੋਂ ਲੋਕਾਂ ਨੂੰ ਲੋੜੀਂਦੀ ਨੀਂਦ ਨਹੀਂ ਮਿਲਦੀ ਹੈ ਤਾਂ ਇਸਦੇ ਕਾਰਨ ਉਨ੍ਹਾਂ 'ਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਜੇ ਰਾਤ ਦੇ ਸਮੇਂ ਸਿਰਫ ਇਕ ਘੰਟੇ ਦੀ ਨੀਂਦ ਘੱਟ ਲਈ ਜਾਵੇ ਤਾਂ ਇਸ ਨਾਲ ਉੱਭਰਨ 'ਚ ਚਾਰ ਦਿਨ ਤੱਕ ਦਾ ਸਮਾਂ ਲੱਗ ਸਕਦਾ ਹੈ। ਉਨ੍ਹਾਂ ਕਿਹਾ ਕਿ ਖ਼ਰਾਬ ਨੀਂਦ ਨਾਲ ਸਿਰਦਰਦ, ਚਿੰਤਾ ਤੇ ਤਣਾਅ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਨੀਂਦ ਪੂਰੀ ਨਾ ਹੋਣ ਕਾਰਨ ਫ਼ੈਸਲਾ ਲੈਣ 'ਚ ਸਮੱਸਿਆ ਤੇ ਡਰਾਈਵਿੰਗ ਦੌਰਾਨ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਇਸ ਨਾਲ ਹਾਦਸੇ ਵੀ ਵਾਪਰ ਸਕਦੇ ਹਨ। ਇਸਦੇ ਨਾਲ ਹੀ ਨੀਂਦ 'ਚ ਕਮੀ ਕਾਰਨ ਡਾਇਬਟੀਜ਼ ਦਾ ਖ਼ਤਰਾ, ਹਾਈਪਰਟੈਨਸ਼ਨ, ਮੋਟਾਪਾ, ਹਾਰਟ ਅਟੈਕ ਤੇ ਸਟ੍ਰੋਕ ਸਮੇਤ ਹੋਰਨਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਅੱਗੇ ਜਾ ਕੇ ਹੋ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਵੱਧ ਸੌਣਾ ਵੀ ਚੰਗਾ ਨਹੀਂ ਹੈ। ਨੀਂਦ ਦੇ ਘੰਟੇ ਦੇ ਨਾਲ ਹੀ ਸੌਣ ਦਾ ਸ਼ਡਿਊਲ ਸਹੀ ਹੋਣਾ ਜ਼ਰੂਰੀ ਹੈ। ਇਸਦੀ ਮਦਦ ਨਾਲ ਇੰਸੁਲਿਨ ਪ੍ਰਤੀਰੋਧ ਸਮਰੱਥਾ ਨੂੰ ਘੱਟ ਕੀਤਾ ਜਾ ਸਕਦਾ।

## ਐਲੋਵੇਰਾ ਕਰਦਾ ਏ ਅਨੇਕਾਂ ਬਿਮਾਰੀਆਂ ਨੂੰ ਦੂਰ

ਐਲੋਵੇਰਾ ਜੈੱਲ ਸਿਹਤ ਦੇ ਨਾਲ-ਨਾਲ ਚਮੜੀ ਦੀਆਂ ਵੀ ਕਈ ਸਮੱਸਿਆਵਾਂ ਨੂੰ ਦੂਰ ਕਰਦਾ ਹੈ। ਇਸ ਦੀ ਵਰਤੋਂ 'ਤੇ ਪੇਟ ਸਬੰਧੀ ਕਈ ਬੀਮਾਰੀਆਂ, ਸਿਰਦਰਦ, ਭੁੱਖ ਨਾ ਲੱਗਣਾ, ਦੰਦਾਂ ਦੀ ਸਮੱਸਿਆ ਵਰਗੀਆਂ ਕਈ ਸਮੱਸਿਆਵਾਂ ਤੋਂ ਆਸਾਨੀ ਨਾਲ ਛੁਟਕਾਰਾ ਪਾ ਸਕਦੇ ਹੋ। ਗਰਮੀ ਦੇ ਮੌਸਮ 'ਚ ਚਮੜੀ ਨੂੰ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਹੋ ਜਾਂਦੀਆਂ ਹਨ। ਅਜਿਹੇ 'ਚ ਐਲੋਵੇਰਾ ਜੈੱਲ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ 'ਚ ਮੌਜੂਦ ਵਿਟਾਮਿਨਸ ਅਤੇ ਮਿਨਰਲਸ ਚਮੜੀ ਨੂੰ ਨਿਖਾਰਣ 'ਚ ਮਦਦ ਕਰਦੇ ਹਨ। ਐਲੋਵੇਰਾ ਸਿਰ ਦਰਦ ਤੋਂ ਛੁਟਕਾਰਾ ਦਿਵਾਉਣ 'ਚ ਕਾਫ਼ੀ ਲਾਹੇਵੰਦ ਹੁੰਦਾ ਹੈ। ਜੇ ਤੁਹਾਨੂੰ ਅਕਸਰ ਸਿਰਦਰਦ ਦੀ ਸ਼ਿਕਾਇਤ ਰਹਿੰਦੀ ਹੈ ਤਾਂ ਰੋਜ਼ਾਨਾ ਐਲੋਵੇਰਾ ਦਾ ਜੂਸ ਖਾਲੀ ਪੇਟ ਪੀਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਤੁਹਾਨੂੰ ਸਿਰਦਰਦ ਤੋਂ ਛੁਟਕਾਰਾ ਮਿਲੇਗਾ।

ਪੀਲੀਆ ਰੋਗ ਤੋਂ ਪੀੜਤ ਲੋਕਾਂ ਲਈ ਐਲੋਵੀਰਾ ਇਕ ਬਹੁਤ ਵਧੀਆ ਦਵਾਈ ਹੈ।




15 ਗ੍ਰਾਮ ਐਲੋਵੀਰਾ ਦਾ ਰਸ ਸਵੇਰੇ ਸ਼ਾਮ ਪੀਓ। ਤੁਹਾਨੂੰ ਇਸ ਰੋਗ ਤੋਂ ਫ਼ਾਇਦਾ ਮਿਲੇਗਾ। ਜੇ ਤੁਹਾਡਾ ਪੇਟ ਸਾਫ਼ ਨਹੀਂ ਰਹਿੰਦਾ ਤਾਂ ਤੁਸੀਂ ਐਲੋਵੇਰਾ ਜੂਸ ਦੀ ਵਰਤੋਂ ਕਰ ਸਕਦੇ ਹੋ। ਇਸ ਨਾਲ ਤੁਹਾਨੂੰ ਬਹੁਤ ਸਾਰੇ ਫ਼ਾਇਦੇ ਹੋਣਗੇ। ਐਲੋਵੇਰਾ 'ਚ ਕਈ ਐਂਟੀ-ਬੈਕਟੀਰੀਅਲ ਤੇ ਐਂਟੀਔਕਸੀਡੈਂਟ ਪਾਏ ਜਾਂਦੇ ਹਨ, ਜੋ ਕਬਜ਼ ਨੂੰ ਦੂਰ ਕਰਦੇ ਹਨ। ਰੋਜ਼ਾਨਾ ਸਵੇਰੇ ਖਾਲੀ ਪੇਟ ਜੂਸ ਪੀਣ ਨਾਲ ਤੁਹਾਡਾ ਪੇਟ ਸਾਫ ਰਹੇਗਾ ਅਤੇ ਕਬਜ਼ ਦੀ ਸਮੱਸਿਆ ਦੂਰ ਹੋ ਜਾਵੇਗੀ।

ਐਲੋਵੇਰਾ ਜੈੱਲ ਵਿਚ ਹਲਦੀ ਮਿਲਾ ਕੇ ਹਲਕਾ ਗਰਮ ਕਰੋ। ਇਸ ਨੂੰ ਦਰਦ ਵਾਲੀ ਥਾਂ 'ਤੇ ਲਗਾਓ। ਇਹ ਜੋੜਾਂ ਦੇ ਦਰਦ, ਗਠੀਆ, ਮੋਚ ਅਤੇ ਸੋਜ ਵਿੱਚ ਲਾਭਕਾਰੀ ਹੋਵੇਗਾ। ਐਲੋਵੇਰਾ ਭੁੱਖ ਵਧਾਉਣ 'ਚ ਵੀ ਲਾਹੇਵੰਦ ਹੁੰਦੀ ਹੈ। ਜੇਕਰ ਤੁਹਾਨੂੰ ਭੁੱਖ ਨਹੀਂ ਲੱਗਦੀ ਤਾਂ ਰੋਜ਼ਾਨਾ ਐਲੋਵੇਰਾ ਦਾ ਜੂਸ ਪੀਣਾ ਚਾਹੀਦਾ ਹੈ। ਇਹ ਤੁਹਾਡੇ ਲਈ ਰਾਮਬਾਣ ਦੀ ਤਰ੍ਹਾਂ ਹੈ। ਇਸ ਦੀ ਵਰਤੋਂ ਨਾਲ ਤੁਹਾਡੀ ਭੁੱਖ ਨਾ ਲੱਗਣ ਦੀ ਸਮੱਸਿਆ ਦੂਰ ਹੋ ਜਾਵੇਗੀ।

ਐਲੋਵੇਰਾ ਜੂਸ ਦਾ ਨਿਯਮਤ ਸੇਵਨ ਕਰਨ ਨਾਲ ਵੀਟਾ ਸਿਸਟਰਲ ਨਾਮਕ ਤੱਤ ਖ਼ੂਨ ਦੇ ਕੋਲੇਸਟ੍ਰੋਲ ਨੂੰ ਘਟਾਉਂਦਾ ਹੈ। ਇਹ ਦਿਲ ਦੀਆਂ ਬਿਮਾਰੀਆਂ ਤੋਂ ਬਚਾਉਂਦਾ ਹੈ। ਸਹੀ ਖਾਣ-ਪੀਣ ਨਾ ਹੋਣ ਕਾਰਨ ਸਰੀਰ 'ਚ ਕਈ ਜ਼ਹਿਰੀਲੇ ਤੱਤ ਪੈਦਾ ਹੋ ਜਾਂਦੇ ਹਨ। ਜਿਸ ਵਜ੍ਹਾ ਨਾਲ ਸਾਨੂੰ ਬਹੁਤ ਸਾਰੀਆਂ ਪੇਟ ਅਤੇ ਸਕਿਨ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਐਲੋਵੇਰਾ ਸਰੀਰ ਦੀ ਡਿਟਾਕਸੀਫਿਕੇਸ਼ਨ ਦੀ ਪ੍ਰਕਿਰਿਆ ਦੇ ਜ਼ਰੀਏ ਸਰੀਰ 'ਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ।

## * ਚੁੰਝਾਂ-ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਰਵਨੀਤ ਬਿੱਟੂ ਨੂੰ ਰਾਜ ਸਭਾ 'ਚ ਭੇਜਣ ਦੀਆਂ ਤਿਆਰੀਆਂ- ਇਕ ਖ਼ਬਰ

-ਨਿੱਕਾ ਦਿਉਰ ਮੇਰਾ ਖੰਡ ਦਾ ਖਿਡਾਉਣਾ, ਨੀਂ ਮੈਂ ਚੁੰਮ ਚੁੰਮ ਰੱਖਦੀ ਫਿਰਾਂ।




*ਬਰਤਾਨਵੀ ਸੰਸਦ 'ਚ ਵਿਰੋਧੀ ਧਿਰ ਦੀ ਨੇਤਾ ਬਣਨ ਲਈ ਪ੍ਰੀਤੀ ਪਟੇਲ ਨੇ ਪੇਸ਼ ਕੀਤੀ ਦਾਅਵੇਦਾਰੀ- ਇਕ ਖ਼ਬਰ

-ਕੰਢੇ ਉੱਤੇ ਮਹਿਰਮਾ ਵੇ, ਵੇ ਮੈਂ ਕਦੋਂ ਦੀ ਖੜ੍ਹੀ।



*ਸ਼੍ਰੋਮਣੀ ਅਕਾਲੀ ਦਲ ਨੂੰ ਢਾਅ ਲਾਉਣ ਲਈ ਸਿੱਖ ਵਿਰੋਧੀ ਸ਼ਕਤੀਆਂ ਅਤੇ ਘਰ ਦੇ ਭੇਤੀ ਸਰਗਰਮ- ਪੀਰਮੁਹੰਮਦ

-ਪੀਰ ਮੁਹੰਮਦ ਜੀ, ਜ਼ਰਾ ਆਪਣੀ ਪੀੜ੍ਹੀ ਹੇਠਾਂ ਵੀ ਸੋਟਾ ਘਰੋੜ ਕੇ ਫੇਰ ਲਉ।



*ਸੁਰਮਈ ਤੇ ਬਸੰਤੀ ਰੰਗ ਬਾਰੇ ਕੀਤਾ ਜਥੇਦਾਰਾਂ ਦਾ ਫ਼ੈਸਲਾ ਸ਼ਲਾਘਾਯੋਗ- ਅਸ਼ੋਕ ਸਿੰਘ ਬਾਗੜੀਆਂ

-ਨਾਲ ਲਗਦਾ ਹੀ ਕੈਲੰਡਰ ਦਾ ਕੰਡਾ ਵੀ ਕੱਢ ਦਿੰਦੇ ਤਾਂ ਧੰਨ ਧੰਨ ਹੋ ਜਾਣੀ ਸੀ।



*ਟਰੰਪ ਨੇ ਕਮਲਾ ਹੈਰਿਸ 'ਤੇ ਕੀਤੀ ਨਸਲੀ ਟਿੱਪਣੀ, ਕਿਹਾ ਕਿ ਉਹ ਗ਼ੈਰ ਗੋਰੀ ਹੈ ਜਾਂ ਭਾਰਤੀ?-ਇਕ ਖ਼ਬਰ

-ਲਗਦੈ ਟਰੰਪ ਵੀ ਜਿਵੇਂ ਅਨੁਰਾਗ ਠਾਕੁਰ ਦਾ ਹੀ ਰਿਸ਼ਤੇਦਾਰ ਹੈ।



*ਵੋਟਾਂ ਖਾਤਰ ਸੌਦਾ ਸਾਧ ਕੋਲ ਜਾਣ ਬਾਰੇ ਮੈਨੂੰ ਕੋਈ ਜਾਣਕਾਰੀ ਨਹੀਂ- ਬੀਬੀ ਜਾਗੀਰ ਕੌਰ

-ਬੀਬੀ ਜੀ, ਜਾਗਦੇ ਲੋਕਾਂ ਨੂੰ ਪੁਆਂਦੀ ਪਾਈ ਜਾਂਦੇ ਹੋ, ਹੁਣ ਨਹੀਂ ਚੱਲਣਾ ਇਹ ਕੰਮ।



*ਸੁਖਬੀਰ ਬਾਦਲ ਦੇ ਅਸਤੀਫ਼ੇ ਬਿਨਾਂ ਸਿੱਖ ਪੰਥ ਦਾ ਅਕਾਲੀ ਦਲ 'ਚ ਭਰੋਸਾ ਮੁਸ਼ਕਿਲ- ਚੰਦੂਮਾਜਰਾ

-ਨਾਮ ਦਾਨ ਦੇ ਸਾਬਣ ਨਾਲ਼ ਧੋ ਲੈ, ਪਾਪਾਂ ਵਾਲੀ ਮੈਲ਼ੀ ਜ਼ਿੰਦੜੀ।

*ਪ੍ਰਦੀਪ ਕਲੇਰ ਦੇ ਦਾਅਵਿਆਂ ਨੇ ਪੰਥਕ ਹਲਕਿਆਂ 'ਚ ਮਚਾਈ ਤਰਥੱਲੀ- ਇਕ ਖ਼ਬਰ

-ਬੰਤੇ ਦੇ ਯਾਰਾਂ ਨੇ, ਬੋਤਾ ਪਾ ਲਿਆ ਸ਼ਰੀਂਹ ਵਾਲੀ ਸੜਕੇ।



*ਸੌਦਾ ਸਾਧ ਵਿਰੁੱਧ ਪੰਜਾਬ ਸਰਕਾਰ ਮੁਕੱਦਮਾ ਚਲਾਉਣ ਦੀ ਇਜਾਜ਼ਤ ਦੇਵੇ ਪੰਜਾਬ ਸਰਕਾਰ- ਇਕ ਖ਼ਬਰ

-ਕਿਵੇਂ ਇਜਾਜ਼ਤ ਦੇਈਏ, ਸਿਰ 'ਤੇ ਚੋਣ ਖੜ੍ਹੀ।




*ਪ੍ਰਦੀਪ ਕਲੇਰ ਦੇ ਦਾਅਵਿਆਂ ਤੋਂ ਬਾਅਦ ਘਬਰਾਏ ਹੋਏ ਸੁਖਬੀਰ ਦੇ 'ਚੇਲੇ' ਕਰ ਰਹੇ ਗ਼ਲਤ ਇਲਜ਼ਾਮਬਾਜ਼ੀ-ਢੀਂਡਸਾ

-ਤਾਲੋਂ ਘੁੱਥੀ ਡੂੰਮਣੀ, ਬੋਲੇ ਆਲ-ਪਤਾਲ।


*ਅਕਾਲੀ ਦਲ ਵਾਲੇ ਹੋਰਾਂ 'ਤੇ ਉਂਗਲ ਚੁੱਕਣ ਤੋਂ ਪਹਿਲਾਂ ਆਪਣਾ ਘਰ ਸੰਭਾਲਣ- ਭਾਜਪਾ

-ਕੁਲਹਿਣੀਏਂ ਸੱਸੇ ਨੀਂ ਦੇਨੀਂ ਏਂ ਤਾਹਨੇ, ਆਪਣੇ ਤੂੰ ਦਿਨ ਭੁੱਲ ਗਈ।



*ਪ੍ਰਦੀਪ ਕਲੇਰ ਦੇ ਦਾਅਵੇ ਅਕਾਲੀ ਦਲ ਨੂੰ ਹਾਸ਼ੀਏ 'ਤੇ ਧੱਕਣ ਦੀ ਸਾਜ਼ਿਸ਼- ਭੂੰਦੜ, ਗਰੇਵਾਲ

-ਮੋੜੀਂ ਮੋੜੀਂ ਵੇ ਸਿੰਘਾ ਸਰਦਾਰਾ ਕਿ ਰੰਨ ਚੱਲੀ ਬਸਰੇ ਨੂੰ।




*ਮਾਹੌਲ ਕਾਂਗਰਸ ਦੇ ਪੱਖ ਵਿਚ, ਪਰ ਅਤਿ-ਆਤਮਵਿਸ਼ਵਾਸ ਨਾ ਪਾਲ਼ ਲੈਣਾ- ਸੋਨੀਆ ਗਾਂਧੀ

-ਜਿਸ ਪੱਲੇ ਫੁੱਲ ਬੱਧੇ ਹੋਵਣ, ਆਵੇ ਬਾਸ ਰੁਮਾਲੋਂ।



*ਸਾਬਕਾ ਕਾਂਗਰਸੀ ਮੰਤਰੀ ਭਾਰਤ ਭੂਸ਼ਨ ਆਸ਼ੂ ਈ.ਡੀ. ਵਲੋਂ ਗ੍ਰਿਫ਼ਤਾਰ- ਇਕ ਖ਼ਬਰ

-ਜਦੋਂ ਜਾਲ ਫਾਂਧੀਆਂ ਨੇ ਪਾਇਆ, ਨੈਣ ਭਰ ਰੋਈ ਮਛਲੀ।



*ਚਰਨਜੀਤ ਸਿੰਘ ਚੰਨੀ ਨੇ ਪ੍ਰਧਾਨ ਮੰਤਰੀ ਵਿਰੁੱਧ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਨੋਟਿਸ ਦਿਤਾ- ਇਕ ਖ਼ਬਰ

-ਲੌਂਗ ਘੜਾ ਦਊਂਗਾ, ਗੁੱਸਾ ਛੱਡ ਮੁਟਿਆਰੇ।

* * * * * * *

# ਭੱਟ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ

**ਸ੍ਰੀ ਹਰਗਬਿੰਦ ਪੁਰੇ ਤੋਂ ਜਦੋਂ ਹਜ਼ੂਰ ਛੇਵੇਂ ਪਾਤਸ਼ਾਹ ਵਾਪਸ ਅੰਮ੍ਰਿਤਸਰ ਆਏ ਤਾਂ ਬਦਲੇ ਹਾਲਾਤ ਨੂੰ ਮੁਖ ਰਖਦਿਆਂ ਗੁਰੂ ਪਾਤਸ਼ਾਹ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁਖ ਜੋ ਸਰੋਵਰ 'ਚੋਂ ਨਿਕਲੀ ਮਿੱਟੀ ਦਾ ਢੇਰ ਲਗਾ ਹੋਇਆ ਸੀ, ਉਸ ਢੇਰ 'ਤੇ ਕੋਠਾ ਸਾਹਿਬ ਦੇ ਨੇੜੇ ਹੀ ਅਕਾਲ ਤਖ਼ਤ ਸਾਜਨ ਦਾ ਮਨ ਬਣਾਇਆ ਜਿਸ ਦੀ ਸੇਵਾ ਉਨ੍ਹਾਂ ਭਾਈ ਗੁਰਦਾਸ ਅਰ ਬਾਬਾ ਬੁੱਢਾ ਜੀ ਪਾਸੋਂ ਲਈ। ਵਰਣਨ ਯੋਗ ਹੈ ਕਿ ਅਕਾਲ ਤਖ਼ਤ ਮੁੱਢਲੇ ਤੌਰ 'ਤੇ ਕੇਵਲ ਉੱਚੇ ਚਬੂਤਰੇ/ ਥੜੇ ਦੇ ਰੂਪ ਵਿਚ ਹੀ ਤਿਆਰ ਕੀਤਾ ਗਿਆ ਸੀ ਜਿਸ 'ਤੇ ਸਤਿਗੁਰੂ ਜੀ ਕਲਗੀ ਅਤੇ ਸ਼ਸਤ੍ਰ ਸਜਾ ਕੇ ਬੈਠਨ ਲੱਗੇ।**

### ਕਿਸ਼ਤ ਪੰਜਵੀਂ




- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743


**ਗੁਰੂ ਸਾਹਿਬ ਦੇ ਵਿਆਹ**

ਅਸੀਂ ਇਸ ਲੇਖ ਵਿਚ ਸੰਖੇਪਤਾ ਨਾਲ ਕੇਵਲ ਛੇਵੇਂ ਪਾਤਸ਼ਾਹ ਜੀ ਦੇ ਜੀਵਨ ਕਾਲ ਦੀਆਂ ਕੁਝ ਖ਼ਾਸ ਘਟਨਾਵਾਂ ਦਾ ਹੀ ਜ਼ਿਕਰ ਕਰ ਰਹੇ ਹਾਂ ਜਿਨ੍ਹਾਂ ਦਾ ਵਰਨਣ ਭੱਟਾਂ ਦੀਆਂ ਵਹੀਆਂ ਅਤੇ ਉਨ੍ਹਾਂ ਦੀਆਂ ਹੋਰ ਲਿਖਤਾਂ ਵਿਚ ਵੀ ਮਿਲਦਾ ਹੈ। ਕਿਉਂਕਿ ਭੱਟਅਖਰੀ ਵਿਚ ਇਨ੍ਹਾਂ ਲਿਖਤਾਂ ਨੂੰ ਲੱਭ ਕੇ ਸਿੱਖੀ ਮੰਡਲ ਦੇ ਸਾਹਮਣੇ ਗਿਆਨੀ ਗਰਜਾ ਸਿੰਘ ਜੀ (੧੯੦੪ ਈ.-੧੯੭੭ ਈ.) ਸੰਗਰੂਰ ਲਿਆਏ ਹਨ ਜਿਨ੍ਹਾਂ ਦੀ ਖੋਜ 'ਤੇ ਆਧਾਰਿਤ ਉਨ੍ਹਾਂ ਆਪ ਅਰ ਹੋਰ ਇਤਿਹਾਸਕਾਰਾਂ ਪ੍ਰੋ. ਪਿਆਰਾ ਸਿੰਘ ਪਦਮ ਅਤੇ ਡਾ. ਗੁਰਮੁਖ ਸਿੰਘ ਆਦਿ ਨੇ ਪੁਸਤਕਾਂ ਲਿਖੀਆਂ ਹਨ। 'ਗਿ. ਗਰਜਾ ਸਿੰਘ ਦੀ ਇਤਿਹਾਸਕ ਖੋਜ' ਪੁਸਤਕ ਦੇ ਸੰਪਾਦਕ ਡਾ.ਗੁਰਮੁਖ ਸਿੰਘ ਪੰਨਾ ੯੨ 'ਤੇ ਲਿਖਦੇ ਹਨ: ਸਿੱਖ ਇਤਿਹਾਸਕਾਰਾਂ ਦੀਆਂ ਲਿਖਤਾਂ ਦੇ ਮੁਤਾਬਿਕ ਸਤਿਗੁਰਾਂ ਦੇ ਚਾਰ ਵਿਆਹ ਸਨ। ਇਹਨਾਂ ਵਿਚੋਂ ਪਹਿਲਾ ਵਿਆਹ ਦਮੋਦਰੀ ਜੀ ਨਾਲ ੧੬੦੪ ਈ./ ਸੰਮਤ ੧੬੬੧ ਬਿ. ਭਾਦਰੋਂ ਦਿਨ ੨੨ ਗਿਆਂ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਹਿਲਾਂ ਹੋ ਗਿਆ ਸੀ। ਬਾਕੀ ਤਿੰਨ ਸ਼ਾਦੀਆਂ ਗੜ੍ਹ ਗਵਾਲੀਅਰ ਦੀ ਵਾਪਸੀ ਤੋਂ ਬਾਦ ਸੰਨ ੧੬੨੩ ਤਕ ਹੋ ਗਈਆਂ ਸਨ। ਇਨ੍ਹਾਂ ਦੇ ਨਾਮ ਮਾਤਾ ਮਹਾਂ ਦੇਈ, ਮਾਤਾ ਨਾਨਕੀ, ਅਖ਼ੀਰ ਚੌਥਾ ਡੋਲਾ ਮਾਤਾ ਕੌਲਾਂ ਜੀ ਦਾ ਆਇਆ'।

ਮਾਤਾ ਮਹਾਂ ਦੇਈ ਜੀ (ਮਰਵਾਹੀ) ਅਤੇ ਮਾਤਾ ਨਾਨਕੀ ਜੀ ਨਾਲ ਵਿਆਹਾਂ ਦਾ ਵੇਰਵਾ ਤਾਂ ਨਹੀਂ ਪਰ, ਚੌਥੇ ਡੋਲੇ ਮਾਤਾ ਕਉਲਾਂ ਜੀ ਬਾਬਤ ਭੱਟ ਵਹੀਆਂ ਵਿਚ ਇਉਂ ਹਵਾਲੇ ਮਿਲਦੇ ਹਨ:
ਓ. ਗੁਰੂ ਹਰਿਗੋਬਿੰਦ ਜੀ ਮਹਿਲ ਛਟਮਾਂ ਬੇਟਾ ਗੁਰੂ ਅਰਜਨ ਜੀ ਕਾ ਪੋਤਾ ਗੁਰੂ ਰਾਮਦਾਸ ਜੀ ਕਾ ਪੜਪੋਤਾ ਬਾਬਾ ਹਰਿਦਾਸ ਜੀ ਕਾ ਬੰਸ ਬਾਬਾ ਠਾਕੁਰ ਦਾਸ ਜੀ ਕੀ ਸੂਰਜ ਬੰਸੀ ਗੋਸਲ ਗੋਤ੍ਰਾ ਖੱਤ੍ਰੀ ਬਾਸੀ ਗੁਰੂ ਕਾ ਚੱਕ ਪ੍ਰਗਨਾ ਨਿਝਰ ਆਲਾ ਕਾ ਬਿਵਾਹ ਪਟੀ ਨਿਵਾਸੀ ਕਿਸ਼ਨ ਚੰਦ ਕੁਮਰਾਉ ਗੋਤ੍ਰਾ ਖਤ੍ਰੀ ਕੀ ਬੇਟੀ ਕਮਲਾ ਦੇਈ (ਕੌਲਾਂ) ਕੇ ਸਾਥ ਹੂਆ। ਮਾਤਾ ਗੰਗਾ ਦੇਈ ਨੇ ਗ੍ਰੀਬ ਗੁਰਬੇ ਕੋ ਘਨਾ ਦਾਨ ਕੀਆ। ਗੁਰੂ ਕੀ ਕੜਾਹੀ ਕੀ. ਨਾਰੀਆਂ ਮਿਲ ਕੇ ਮੰਗਲ ਕੇ ਗੀਤ ਗਾਏ। (ਭੱਟ ਵਹੀ ਤਲਉਂਡਾ ਪ੍ਰਗਨਾ ਜੀਂਦ)
ਅ. ਏਕ ਸਮੇਂ ਸੰਬਤ ਸੋਲਾ ਸੈ ਇਕਾਸੀਆ (੧੬੨੪ ਈ.) ਚੇਤ ਬਦੀ ਨਾਮੀਂ ਕੇ ਦਿਬਸ ਅਕਾਲ ਬੁੰਗਾ ਸ੍ਰੀ ਰਾਮਦਾਸ ਪੁਰੇ,ਗੁਰੂ ਕਾ ਦਰਬਾਰ ਹੂਆ। ਚਾਰਾਂ ਦਿਸਾ ਕੀਆਂ ਸਿਖ ਸੰਗਤਾਂ ਦਰਸਨ ਪਾਨੇਂ ਆਈਆਂ। ਪੱਟੀ ਸੇ ਆਈ ਸੰਗਤ ਕੇ ਸਾਥ ਕਿਸ਼ਨ ਚੰਦ ਖਤ੍ਰੀ ਬੇਟੀ ਕਮਲਾ ਦੇਈ (ਕੌਲਾਂ) ਕੋ ਲੈ ਕੇ ਆਇਆ। ਇਸੇ ਖਲੇ ਹੋਇ ਅਰਦਾਸ ਕੀ ਜੀ ਸੱਚੇ ਪਾਤਸ਼ਾਹ ਮੇਰੀ ਬੇਟੀ ਕੋ ਸਵੀਕਾਰ ਕਰੀਏ। ਗੁਰੂ ਜੀ ਨੇ ਇਸ ਕੀ ਅਧੀਨਗੀ ਦੇਖ ਚੇਤ੍ਰ ਬਦੀ ਨਾਮੀ ਕੇ ਦਿਵਸ ਬਿਵਾਹ ਕਰ ਲੀਆ। ਗੁਰੂ ਕੀ ਕੜਾਹੀ ਕੀ ਗਈ। ਨਾਰੀਆਂ ਮਿਲ ਕੇ ਮੰਗਲ ਕੇ ਗੀਤ ਗਾਏ। ਮਾਤਾ ਗੰਗਾ ਦੇਈ ਨੇ ਆਏ ਗ੍ਰੀਬ ਗੁਰਬੇ ਕੋ ਘਨਾ ਦਾਨ ਕੀਆ। (ਭਾਈ ਸੀਤਲ ਸਿੰਘ ਹਜ਼ੂਰੀਆ ਅਰਦਾਸ ਛੇਵੀਂ)

ਉਪਰੋਕਤ ਲਿਖਤਾਂ ਦੀ ਪ੍ਰੋੜਤਾ ਵਿਚ ਭਾਈ ਕੇਸਰ ਸਿੰਘ ਛਿੱਬਰ ਦੀ ਲਿਖਤ ਦਾ ਹਵਾਲਾ ਵੀ ਗਿਆਨੀ ਜੀ ਦੇਂਦੇ ਹਨ:
ੲ. ਬੇਟੀ ਕੁਮਰਾਵਾਂ ਦੀ ਮਾਤਾ ਕਉਲੋ ਚਉਥਾ ਡੋਲਾ ਵਿਹਾਇਆ। ਅਗੋਂ ਸਾਹਿਬ ਸਿੱਖਾਂ ਨੂੰ ਐਸੇ ਫ਼ੁਰਮਾਇਆ:
'ਭਾਈ ਸਿੱਖੋ! ਫੇਰ ਨ ਕੋਈ ਡੋਲਾ ਇਥੇ ਲਿਆਵੈ'। ਸਿੱਖਾਂ ਕਹਿਆ:
'ਗਰੀਬ ਨਿਵਾਜ ਜੋ ਤੁਧ ਭਾਵੈ'।੧੦੬॥
(ਬੰਸਾਵਲੀ ਨਾਮਾ ਚਰਨ ਛੇਵਾਂ)

ਅੱਜ ਕੱਲ੍ਹ ਸਾਡੇ ਗੁਰਦੁਆਰਿਆਂ ਵਿਚ ਇਤਿਹਾਸਕ ਕਥਾ ਦਾ ਆਧਾਰ ਭਾਈ ਸੰਤੋਖ ਸਿੰਘ ਜੀ ਦਾ ਕਵਿਤਾ ਵਿਚ ਲਿਖਿਆ ਗ੍ਰੰਥ 'ਗੁਰ ਪ੍ਰਤਾਪ ਸੂਰਜ' ਹੈ। ਮਾਤਾ ਕੌਲਾਂ ਬਾਬਤ ਲਿਖੇ ਪ੍ਰਸੰਗ ਦਾ ਆਧਾਰ ਉਨ੍ਹਾਂ ਕੋਲ ਝੰਗ ਨਿਵਾਸੀ ਭਾਈ ਸੋਹਣ ਸਿੰਘ ਗੁਲਾਟੀ ਦਾ ੧੭੭੫ ਬਿ./੧੭੧੮ ਈ. ਦਾ ਲਿਖਿਆ 'ਗੁਰਬਿਲਾਸ ਪਾਤਸ਼ਾਹੀ ਛੇਵੀਂ' ਗ੍ਰੰਥ ਸੀ। ਭਾਵੇਂ ਉਹ ਵੀ ਕਾਵਿ ਰੂਪ ਵਿਚ ਲਿਖਿਆ ਗਿਆ ਸੀ ਪਰ, ਕਾਵਿ-ਉਡਾਰੀ ਵਿਚ ਭਾਈ ਸੰਤੋਖ ਸਿੰਘ ਜੀ ਦਾ ਕੋਈ ਸਾਨੀ ਨਹੀਂ ਜਿਸ ਕਰ ਕੇ ਉਨ੍ਹਾਂ ਨੇ ਉਹੀ ਕੁਝ ਬੜੀ ਰੌਚਕਤਾ ਅਤੇ ਵਿਸਥਾਰ ਨਾਲ ਕਈ ਅਧਿਆਵਾਂ ਵਿਚ ਲਿਖ ਕੇ ੧੮੪੨-੪੩ ਈ. ਵਿਚ ਗ੍ਰੰਥ ਸੰਪੂਰਨ ਕੀਤਾ ਪਰ, ਇਹ ਵਰਨਣ ਜਿਥੇ ਇਤਿਹਾਸਕ ਪੱਖੋਂ ਬੇ-ਬੁਨਿਆਦ ਹੈ ਓਥੇ ਆਚਰਨਕ ਪੱਖੋਂ ਕੁਹਜਾ ਅਤੇ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਸਨਮੁਖ ਬੇ-ਮੇਲ ਵੀ ਹੈ।

ਭਾਈ ਸੋਹਣ ਸਿੰਘ ਗੁਲਾਟੀ ਅਨੁਸਾਰ ਬਾਬਾ ਬੁੱਢਾ ਜੀ ਦੇ ਆਖਣ 'ਤੇ ਛੇਵੇਂ ਪਾਤਸ਼ਾਹ ਜੀ ਲਾਹੌਰ ਪਹੁੰਚਦੇ ਹਨ, ਕਮੰਦ ਸੁੱਟ ਕੇ, ਕੌਲਾਂ ਨੂੰ ਕੋਠੇ ਤੋਂ ਉਤਾਰ ਕੇ, ਆਪਣੇ ਘੋੜੇ 'ਤੇ ਬੈਠਾ ਅੰਮ੍ਰਿਤਸਰ ਲੈ ਜਾਂਦੇ ਹਨ। ਕੁਝ ਸਮਾਂ ਪਾਕੇ ਸੰਗਤਾਂ ਵਿਚ ਕੌਲਾਂ ਸਬੰਧੀ ਚਰਚਾ ਹੋਣ ਲਗ ਪੈਂਦੀ ਹੈ ਜਿਸ 'ਤੇ ਬਾਬਾ ਬੁੱਢਾ ਜੀ ਆਦਿਕ ਦੇ ਕਹਿਣ 'ਤੇ ਕੌਲਾਂ ਨੂੰ ਕਰਤਾਰਪੁਰ ਸਾਹਿਬ ਭੇਜ ਦਿੱਤਾ ਜਾਂਦਾ ਹੈ। ਸਿਖ ਸੰਗਤ ਦੇ ਕਹਿਣ 'ਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਡੰਨ ਵਜੋਂ 'ਬਿਬੇਕਸਰ' ਅਸਥਾਨ ਬਣਵਾਇਆ, ਆਦਿ। ਇਸੇ ਬਿਰਤਾਂਤ ਨੂੰ ਹੀ ਇੰਨ-ਬਿੰਨ ਭਾਈ ਸੰਤੋਖ ਸਿੰਘ ਜੀ ਨੇ ਖ਼ੂਬਸੂਰਤੀ ਨਾਲ ਲਿਖ ਦਿੱਤਾ।

ਕੁਝ ਫ਼ਰਕ ਨਾਲ ਅਜਿਹਾ ਹੀ ਗਿ. ਗਿਆਨ ਸਿੰਘ ਅਤੇ ਮਿਸਟਰ ਮੈਕਾਲਿਫ਼ ਨੇ ਲਿਖ ਦਿੱਤਾ। ਉਨ੍ਹਾਂ ਅਨੁਸਾਰ ਲਾਹੌਰ ਦੇ ਕਾਜ਼ੀ ਨੇ ਕੌਲਾਂ ਨੂੰ ਉਸ ਦੀ ਮਾਈ ਸਮੇਤ ਧੱਕੇ ਨਾਲ ਰਖਿਆ ਹੋਇਆ ਸੀ। ਕਿਸੇ ਤਰਹ ਮਾਂ ਨੇ ਸਾਈਂ ਮੀਆਂ ਮੀਰ ਜੀ ਪਾਸ ਬੰਧਨ ਮੁਕਤੀ ਲਈ ਪੁਕਾਰ ਕੀਤੀ ਤਾਂ ਉਨ੍ਹਾਂ ਸਬੱਬ ਬਣਾ ਕੇ ਕੌਲਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਦੀ ਸ਼ਰਣਿ ਗੁਰੂ ਸਰ ਸਤਲਾਣੀ ਭੇਜ ਦਿਤਾ ਜਿਥੋਂ ਉਸ ਨੂੰ ਗੁਰੂ ਸਾਹਿਬ ਆਪਣੇ ਨਾਲ ਅੰਮ੍ਰਿਤਸਰ ਸਾਹਿਬ ਲੈ ਆਏ। ਗੁਰੂ ਮਹਿਲਾਂ ਵਿਚ ਇਥੇ ਠਹਿਰਣ ਦੌਰਾਨ ਸਾਹਿਬਜ਼ਾਦਿਆਂ ਨੂੰ ਵੇਖ ਉਸ ਦੇ ਮਨ ਵਿਚ ਵੀ ਪੁੱਤਰ ਦੀ ਲਾਲਸਾ ਜਾਗੀ । ਇਹ ਜਾਣ ਕੇ ਹਜ਼ੂਰ ਨੇ ਕਿਹਾ,
'ਬੇਟੀ! ਅਸੀਂ ਤੇਰਾ ਨਾਮ ਸਦੀਵ ਕਾਲ ਲਈ ਕਾਇਮ ਰੱਖਣ ਲਈ ਤੇਰੇ ਨਾਮ ਦੀ ਯਾਦਗਾਰ ਬਣਾ ਦੇਂਦੇ ਹਾਂ'।

ਫਿਰ ਸਤਿਗੁਰੂ ਜੀ ਨੇ ਕੌਲਸਰ ਸਰੋਵਰ ਬਣਾਇਆ ਅਰ ਬਚਨ ਕੀਤਾ ਕਿ ਜੋ ਵੀ ਸਿੱਖ ਬਾਹਰੋਂ ਆਵੇ ਉਹ ਪਹਿਲਾਂ ਕੌਲਸਰ ਵਿਚ ਇਸ਼ਨਾਨ ਕਰਨ ਉਪਰੰਤ ਅੰਮ੍ਰਿਤ ਸਰੋਵਰ ਵਿਚ ਚੁੱਭੇ ਲਾਵੇ ਤਾਂ ਇਸ਼ਨਾਨ ਦਾ ਫ਼ਲ ਪ੍ਰਾਪਤ ਹੋਵੇਗਾ। ਗਿਆਨੀ ਗਰਜਾ ਸਿੰਘ ਜੀ ਲਿਖਦੇ ਹਨ:

ਅਸਾਂ ਉਪਰੋਕਤ ਲਿਖਤਾਂ ਦੀ ਅਸਲੀਅਤ ਨੂੰ ਸਾਹਮਣੇ ਲਿਆਂਦਾ ਹੈ। ਭੱਟ ਕੀਰਤ ਜੋ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹਮ-ਰਕਾਬ ਰਹਿੰਦੇ ਸਨ, ਭਾਈ ਸੀਤਲ ਸਿੰਘ ਹਜ਼ੂਰੀਆ ਅਤੇ ਭਾਈ ਕੇਸਰ ਸਿੰਘ ਛਿੱਬਰ ਦੀਆਂ ਲਿਖਤਾਂ ਮੁਤਾਬਿਕ ਕੌਲਾਂ ਕਿਸੇ ਕਾਜ਼ੀ ਦੀ ਨਾ ਧੀ ਸੀ ਨਾ ਹੀ ਰਖੇਲ, ਉਹ ਤਾਂ ਪੱਟੀ ਨਿਵਾਸੀ ਭਾਈ ਕਿਸ਼ਨ ਚੰਦ ਕੁਮਰਾਉਂ ਦੀ ਬੇਟੀ ਕਮਲਾ ਦੇਈ (ਮਾਤਾ ਕੌਲਾਂ) ਸਨ ਜਿਨ੍ਹਾਂ ਦਾ ਡੋਲਾ ਗੁਰੂ ਘਰ ਵਿਚ ਚੇਤ੍ਰ ਵਦੀ ਨੌਂ ੧੬੮੧ ਬਿ./੧੬੨੪ ਈ. ਨੂੰ ਅਕਾਲ ਬੁੰਗੇ ਸ੍ਰੀ ਰਾਮਦਾਸ ਪੁਰੇ ਉਨ੍ਹਾਂ ਦਾ ਪਿਤਾ ਲੈ ਕੇ ਆਇਆ ਅਤੇ ਵਿਆਹ ਹੋਇਆ।

**ਅਕਾਲ ਤਖ਼ਤ ਸਾਹਿਬ ਦੀ ਰਚਨਾ**

ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ ਭਾਈ ਸੋਹਣ ਸਿੰਘ ਦੀ ਜਾਣਕਾਰੀ ਅਨੁਸਾਰ ਅਕਾਲ ਤਖ਼ਤ ਸਾਹਿਬ ਦੀ ਰਚਨਾ ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਤੋਂ ਫ਼ੌਰਨ ਬਾਦ ਹੋਈ, ਗਿਆਨੀ ਗਰਜਾ ਸਿੰਘ ਅਨੁਸਾਰ ਰਾਜਸੀ ਘਟਨਾ ਚੱਕਰ ਵਿਚ ਇਹ ਕਦਾਚਿਤ ਸੰਭਵ ਨਹੀਂ। ਇਨ੍ਹਾਂ ਅਨੁਸਾਰ ਅਕਾਲ ਤਖ਼ਤ ਦੀ ਸਾਜਨਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗੁਆਲੀਅਰ ਕਿਲੇ ਤੋਂ ਵਾਪਸ ਆ ਕੇ ਹੀ ਕੀਤੀ ਉਹ ਵੀ ਜਦੋਂ ਸਤਿਗੁਰੂ ਜੀ ਰੁਹੀਲਾ (ਸ੍ਰੀ ਹਰਗੋਬਿੰਦ ਪੁਰ) ਦੀ ਲੜਾਈ ਫ਼ਤਹ ਕਰ ਚੁੱਕੇ ਸਨ। ਇਸ ਅਨੁਸਾਰ ਇਹ ੫ ਹਾੜ ੧੬੭੯ ਬਿ./੧੬੨੨ ਈ. ਬਨਦੀ ਹੈ। ਮੀਰ ਅਬਦੁੱਲ ਅਤੇ ਨੱਥਾ ਨੇ ਓਦੋਂ ਹੀ ਗੁਰੂ ਜੱਸ ਕਰਦਿਆਂ ਗਾਇਆ:

ਸੱਚਾ ਤਖ਼ਤ ਸੁਹਾਯੋ ਸ੍ਰੀ ਗੁਰ ਪਾਇ ਕੈ।
ਛਬ ਬਰਨੀ ਨਹੀਂ ਜਾਇ ਕਹੋਂ ਕਿਆ ਗਾਇ ਕੈ।
ਰਵਿ ਸਸਿ ਭਏ ਮਲੀਨ ਸੁਦਰਸ ਦਿਖਾਇ ਕੈ।
ਸ੍ਰੀ ਗੁਰ ਤਖ਼ਤ ਬਿਰਾਜੇ ਪ੍ਰਭੂ ਧਿਆਇ ਕੈ।
ਮੀਰ ਅਬਦੁੱਲਾ ਔ ਨੱਥਾ ਜੱਸ ਕਰੈ ਬਨਾਇ ਕੈ।

ਸ੍ਰੀ ਹਰਗਬਿੰਦ ਪੁਰੇ ਤੋਂ ਜਦੋਂ ਹਜ਼ੂਰ ਛੇਵੇਂ ਪਾਤਸ਼ਾਹ ਵਾਪਸ ਅੰਮ੍ਰਿਤਸਰ ਆਏ ਤਾਂ ਬਦਲੇ ਹਾਲਾਤ ਨੂੰ ਮੁਖ ਰਖਦਿਆਂ ਗੁਰੂ ਪਾਤਸ਼ਾਹ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਨਮੁਖ ਜੋ ਸਰੋਵਰ 'ਚੋਂ ਨਿਕਲੀ ਮਿੱਟੀ ਦਾ ਢੇਰ ਲਗਾ ਹੋਇਆ ਸੀ, ਉਸ ਢੇਰ 'ਤੇ ਕੋਠਾ ਸਾਹਿਬ ਦੇ ਨੇੜੇ ਹੀ ਅਕਾਲ ਤਖ਼ਤ ਸਾਜਨ ਦਾ ਮਨ ਬਣਾਇਆ ਜਿਸ ਦੀ ਸੇਵਾ ਉਨ੍ਹਾਂ ਭਾਈ ਗੁਰ-ਦਾਸ ਅਰ ਬਾਬਾ ਬੁੱਢਾ ਜੀ ਪਾਸੋਂ ਲਈ। ਵਰਣਨ ਯੋਗ ਹੈ ਕਿ ਅਕਾਲ ਤਖ਼ਤ ਮੁੱਢਲੇ ਤੌਰ 'ਤੇ ਕੇਵਲ ਉੱਚੇ ਚਬੂਤਰੇ/ ਥੜੇ ਦੇ ਰੂਪ ਵਿਚ ਹੀ ਤਿਆਰ ਕੀਤਾ ਗਿਆ ਸੀ ਜਿਸ 'ਤੇ ਸਤਿਗੁਰੂ ਜੀ ਕਲਗੀ ਅਤੇ ਸ਼ਸਤ੍ਰ ਸਜਾ ਕੇ ਬੈਠਣ ਲੱਗੇ। ਢਾਡੀ ਬੀਰ ਰਸੀ ਵਾਰਾਂ ਗਾਉਣ ਲੱਗੇ ਅਰ ਸੰਗਤਾਂ ਦਾ ਭਾਰੀ ਇਕੱਠ ਹੋਣ ਲਗਾ। ਗੁਰੂ ਸਾਹਿਬ ਨੇ ਸੰਗਤਾਂ ਨੂੰ ਜੁਆਨੀ, ਘੋੜੇ ਅਤੇ ਸ਼ਸਤ੍ਰ ਭੇਟ ਕਰਨ ਲਈ ਕਿਹਾ। ਇਸ ਤਰਹ ਹਜ਼ੂਰ ਨੇ ਸਿੱਖ ਜੁਆਨੀ ਨੂੰ ਸ਼ਸਤ੍ਰਧਾਰੀ ਸੂਰਮਿਆਂ ਦੇ ਰੂਪ ਵਿਚ ਜਥੇਬੰਦ ਕੀਤਾ। ਗਿਆਨੀ ਜੀ ਦਾ ਕਹਿਣਾ ਹੈ:

ਬਾਬਾ ਮਿਹਰਵਾਨ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਤੇ ਇਨ੍ਹਾਂ ਦੇ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਦੀਵਾਨ ਸਜਣ ਲੱਗੇ। ਇਸ ਤਰ੍ਹਾਂ ਦਸ ਸਾਲ ਗੁਰੂ ਜੀ ਰਾਮਦਾਸ ਪੁਰੇ ਰਹੇ। ਇਸ ਦੌਰਾਨ ਤਾਲ ਸ੍ਰੀ ਬਿਬੇਕਸਰ ਅਤੇ ਕੌਲਸਰ ਦੀ ਸੇਵਾ ਕਰਵਾਈ।...ਗੁਰੂ ਹਰਿਗੋਬਿੰਦ ਸਾਹਿਬ ਜੀ ਬਾਬਾ ਮਿਹਰਵਾਨ ਨਾਲੋਂ ੯ ਸਾਲ ਛੋਟੇ ਸਨ। ਇਹ ਦੋਵੇਂ ਭਰਾ ਇਕੱਠੇ ਰਹੇ। ਕਦੇ ਕੋਈ ਝਗੜਾ ਨਹੀਂ ਹੋਇਆ। (ਪੰਨਾ ੮੫)



ਚਲਦਾ.....

ਗੁਰਮੀਤ ਸਿੰਘ ਪਲਾਹੀ
-9815802070

# ਸਿਆਸੀ ਬੇਈਮਾਨੀ, ਆਰਥਿਕ ਬਦਨੀਤੀ ਅਤੇ ਦੇਸ਼ ਦੀ ਬਦਹਾਲੀ



ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ, ਬਦਤਰ ਸਿਹਤ ਸੇਵਾਵਾਂ, ਅਪਰਾਧ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਆਦਿ ਬਾਰੇ ਲੱਖ ਵਾਰ ਦਲੀਲਾਂ ਦੇ ਕੇ ਆਪਾਂ ਇਹ ਸਿੱਧ ਕਰਨ ਦਾ ਯਤਨ ਕਰੀਏ ਕਿ ਦੇਸ਼ 'ਚ ਵੱਧ ਰਹੀ ਆਬਾਦੀ ਇਹਨਾ ਸਮੱਸਿਆਵਾਂ ਕਾਰਨ ਹੈ, ਪਰ ਅਸਲ ਵਿੱਚ ਸਿਆਸੀ ਬੇਈਮਾਨੀ, ਵੋਟਾਂ ਦੀ ਸਿਆਸਤ, ਆਰਥਿਕ ਨੀਤੀਆਂ ਕਾਰਨ ਵੱਧ ਰਿਹਾ ਦੇਸ਼ 'ਚ ਅਮੀਰ-ਗਰੀਬ ਦਾ ਪਾੜਾ, ਦੇਸ਼ ਭਾਰਤ ਨੂੰ ਭੈੜੀ ਹਾਲਤ ਵਿੱਚ ਲੈ ਜਾਣ ਦਾ ਮੁੱਖ ਕਾਰਨ ਹੈ। ਇਸੇ ਕਾਰਨ ਹੀ ਦੇਸ਼ ਬਦਹਾਲੀ ਦਾ ਸ਼ਿਕਾਰ ਹੈ।

ਭਾਰਤ ਦੀ ਜਨ ਸੰਖਿਆ ਵਿਸ਼ਵ ਜਨਸੰਖਿਆ ਦਾ 18 ਫ਼ੀਸਦੀ ਹੈ। ਭਾਰਤ ਕੋਲ ਵਿਸ਼ਵ ਦੀ ਕੁੱਲ ਜ਼ਮੀਨ ਦਾ 2.5 ਫ਼ੀਸਦੀ ਹੈ ਅਤੇ 4 ਫ਼ੀਸਦੀ ਪਾਣੀ ਹੈ। ਦੇਸ਼ ਕੋਲ ਜਿੰਨੀ ਜ਼ਮੀਨ ਹੈ, ਉਸਦੇ ਕੁਲ 60 ਫ਼ੀਸਦੀ ਹਿੱਸੇ 'ਤੇ ਖੇਤੀ ਹੁੰਦੀ ਹੈ, ਪਰ ਦੇਸ਼ ਦੇ 20 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਆਖ਼ਰ ਕਾਰਨ ਕੀ ਹੈ? ਕੀ ਅਸੀਂ ਕੁਦਰਤੀ ਸੋਮਿਆਂ ਦੀ ਕੁਵਰਤੋਂ ਕਰਕੇ, ਸਭੋ ਕੁਝ ਧੰਨ ਕੁਬੇਰਾਂ ਹੱਥ ਫੜਾਕੇ, ਉਹਨਾ ਨੂੰ ਆਪਣੀ ਮਰਜ਼ੀ ਨਾਲ ਮੁਨਾਫ਼ਾ ਕਮਾਉਣ ਦੀ ਆਗਿਆ ਦੇ ਕੇ, ਦੇਸ਼ ਨੂੰ ਕੰਗਾਲੀ ਮੰਦਹਾਲੀ ਦੇ ਰਸਤੇ ਨਹੀਂ ਤੋਰ ਦਿੱਤਾ?

ਕਾਰਪੋਰੇਟਾਂ ਜਿਸ ਢੰਗ ਨਾਲ ਬੁਨਿਆਦੀ ਢਾਂਚਾ ਉਸਾਰਨ ਦੇ ਨਾਂਅ ਤੇ ਜੰਗਲਾਂ ਦੀ ਕਟਾਈ ਕੀਤੀ, ਕੁਦਰਤੀ ਖਾਨਾਂ ਦੀ ਦਰਵਰਤੋਂ ਕੀਤੀ, ਦੇਸ਼ 'ਚ ਪ੍ਰਦੂਸ਼ਣ ਪੈਦਾ ਕੀਤਾ, ਕੀਟਨਾਸ਼ਕਾਂ ਖਾਦਾਂ ਦੀ ਵਰਤੋਂ ਕਰਵਾਕੇ ਦੇਸ਼ ਵਾਸੀਆਂ ਹੱਥ ਬੀਮਾਰੀਆਂ ਦੀਆਂ ਪੰਡਾਂ ਹੀ ਨਹੀਂ ਫੜਾਈਆਂ ਉਹਨਾ ਨੂੰ ਬੁਰੇ ਹਾਲੀਂ ਕਰ ਦਿੱਤਾ । ਸਿੱਟਾ ਜਲਵਾਯੂ ਤਬਦੀਲੀ 'ਚ ਵੇਖਿਆ ਜਾ ਸਕਦਾ ਹੈ।

ਜਲਵਾਯੂ ਤਬਦੀਲੀ ਨੇ ਅਜੀਵਕਾ, ਪਾਣੀ ਦੀ ਅਪੂਰਤੀ ਅਤੇ ਮਨੁੱਖੀ ਸਿਹਤ ਲਈ ਖ਼ਤਰਾ ਪੈਦਾ ਕੀਤਾ ਖਾਧ ਪਦਾਰਥਾਂ ਦੀ ਪੂਰਤੀ ਲਈ ਚਣੌਤੀ ਪੈਦਾ ਕੀਤੀ ਇਥੋਂ ਤੱਕ ਕਿ ਖਾਧ ਸੁਰੱਖਿਆ ਲਈ ਵੱਡੀ ਚਣੌਤੀ ਦਿੱਤੀ।

ਅੱਜ ਖੇਤੀ ਯੋਗ ਜ਼ਮੀਨ ਉਤੇ ਲਗਾਤਾਰ ਹਮਲਾ ਹੋ ਰਿਹਾ ਹੈ, ਰਕਬਾ ਘੱਟ ਰਿਹਾ ਹੈ, ਖੇਤੀ ਭੂਮੀ ਦੀ ਹੋਰ ਕੰਮਾਂ ਲਈ ਵਰਤੋਂ ਵਧ ਰਹੀ ਹੈ। ਕਿਸਾਨ ਖੇਤੀ ਤੋਂ ਦੂਰ ਹੋ ਰਹੇ ਹਨ। ਖੇਤੀ ਜ਼ਮੀਨ 'ਚ ਕਮੀ ਸਮਾਜਿਕ-ਆਰਥਿਕ ਤਾਣੇ-ਬਾਣੇ ਤੇ ਵੀ ਅਸਰ ਪਾ ਰਹੀ ਹੈ। ਵੇਸਟਲੈਂਡ ਐਟਲਾਸ-2019 ਦੇ ਅਨੁਸਾਰ ਪੰਜਾਬ ਜਿਹੇ ਖੇਤੀ ਪ੍ਰਧਾਨ ਸੂਬੇ ਵਿੱਚ 14000 ਹੈਕਟੇਅਰ ਅਤੇ ਪੱਛਮੀ ਬੰਗਾਲ ਵਿੱਚ 62000 ਹੈਕਟੇਅਰ ਖੇਤੀ ਯੋਗ ਭੂਮੀ ਘੱਟ ਗਈ ਹੈ। ਸਭ ਤੋਂ ਜ਼ਿਆਦਾ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ 'ਚ 48000 ਹੈਕਟੇਅਰ ਖੇਤੀ ਯੋਗ ਜ਼ਮੀਨ ਹਰ ਸਾਲ ਘੱਟ ਰਹੀ ਹੈ। ਇਹ ਸਭ ਕੁਝ ਵਿਕਾਸ ਦੇ ਨਾਂਅ ਤੇ ਹੋ ਰਿਹਾ ਹੈ। ਕੀ ਯੂ.ਪੀ. 'ਚ ਸਚਮੁੱਚ ਵਿਕਾਸ ਹੋ ਰਿਹਾ ਹੈ? ਜੇ ਉਥੇ ਵਿਕਾਸ ਹੈ ਤਾਂ ਦੇਸ਼ 'ਚ ਸਭ ਤੋਂ ਵੱਧ ਪ੍ਰਵਾਸ ਦੀ ਦਰ ਯੂ.ਪੀ. 'ਚ ਕਿਉਂ ਹੈ?

1992 'ਚ ਪੇਂਡੂ ਪਰਿਵਾਰਾਂ ਕੋਲ 11.7 ਕਰੋੜ ਹੈਕਟੇਅਰ ਖੇਤੀ ਯੋਗ ਭੂਮੀ ਸੀ, ਜੋ 2013 ਤੱਕ ਘਟਕੇ 9.2 ਕਰੋੜ ਹੈਕਟੇਅਰ ਰਹਿ ਗਈ। ਅਤੇ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਅਗਲੇ ਸਾਲ ਤੱਕ ਖੇਤੀ ਯੋਗ ਜ਼ਮੀਨ 8 ਕਰੋੜ ਹੈਕਟੇਅਰ ਹੀ ਰਹਿ ਜਾਏਗੀ। ਤਾਂ ਫਿਰ ਦੇਸ਼ ਭੁੱਖਾ ਨਹੀਂ ਮਰੇਗਾ? ਕਿਥੋਂ ਮਿਲੇਗਾ ਕਿਰਤੀ ਲੋਕਾਂ ਨੂੰ ਅੰਨ? ਕਿਥੋਂ ਮਿਲੇਗਾ ਸਾਫ਼-ਸੁਥਰਾ ਪਾਣੀ?

ਵਿਸ਼ਵ ਭੁੱਖ ਸੂਚਕਾਂਕ-2022 ਦੀ ਰਿਪੋਰਟ ਅਨੁਸਾਰ 16.3 ਫ਼ੀਸਦੀ ਆਬਾਦੀ ਕੁਪੋਸ਼ਨ ਦਾ ਸ਼ਿਕਾਰ ਹੈ। 5 ਸਾਲ ਤੋਂ ਘੱਟ ਉਮਰ ਦੇ 35 ਫ਼ੀਸਦੀ ਬੱਚੇ ਅਵਿਕਸਤ ਹਨ। ਭਾਰਤ ਵਿੱਚ 3.3 ਫ਼ੀਸਦੀ ਬੱਚਿਆਂ ਦੀ 5 ਸਾਲ ਦੀ ਉਮਰ ਪੂਰੀ ਹੋਣ ਤੋਂ ਪਹਿਲਾਂ- ਪਹਿਲਾਂ ਮੌਤ ਹੋ ਜਾਂਦੀ ਹੈ । ਇਥੇ ਹੀ ਬੱਸ ਨਹੀਂ ਦੇਸ਼ਾਂ 'ਚ ਪੈਦਾ ਹੋ ਰਿਹਾ 30 ਫ਼ੀਸਦੀ ਅਨਾਜ਼ ਬਰਬਾਦ ਹੋ ਰਿਹਾ ਹੈ। ਇਹ ਭੋਜਨ ਕਿਸੇ ਦੇ ਪੱਲੇ ਨਹੀਂ ਪੈ ਰਿਹਾ।

ਭਾਰਤ ਦੇਸ਼ ਦੇ ਹਾਕਮਾਂ ਦੀ ਅੱਖ ਤਾਂ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਨਣ 'ਤੇ ਟਿੱਕੀ ਹੋਈ ਹੈ, ਅੱਜ ਕੱਲ ਭਾਰਤ ਦਾ ਹਾਕਮ 5 ਟ੍ਰਿਲੀਅਨ ਡਾਲਰ ਦੀ ਗੱਲ ਕਰਦਾ ਹੈ ਅਤੇ 2047 ਤੱਕ 30 ਟ੍ਰਿਲੀਅਨ ਦੀ ਆਰਥਿਕਤਾ ਵਾਲਾ ਮਾਲਕ ਬਨਣ ਦੇ ਦਾਅਵੇ ਕਰ ਰਿਹਾ ਹੈ। ਕੀ ਭਾਰਤ ਉਦੋਂ ਤੱਕ ਵਿਕਾਸਸ਼ੀਲ ਤੋਂ ਵਿਕਸਤ ਦੇਸ਼ ਦਾ ਸਫ਼ਰ ਪੂਰਾ ਕਰ ਸਕੇਗਾ, ਜਦੋਂ ਤੱਕ ਦੇਸ਼ ਵਾਸੀਆਂ ਕੋ ਸਿੱਖਿਆ, ਸਿਹਤ, ਚੰਗੇ ਵਾਤਾਵਰਨ ਦੀਆਂ ਇਕੋ ਜਿਹੀਆਂ ਸਹੂਲਤਾਂ ਪੈਦਾ ਨਹੀਂ ਹੁੰਦੀਆਂ?

ਇੱਕ ਬਹੁਤ ਹੀ ਹੈਰਾਨ-ਕੁਨ ਰਿਪੋਰਟ ਯੂ. ਐਨ. ਓ. ਵਲੋਂ ਭਾਰਤੀ ਬਜ਼ਟ 2024 ਦੇ ਪੇਸ਼ ਹੋਣ ਦੇ ਦੂਜੇ ਦਿਨ ਜੁਲਾਈ 'ਚ ਛਪੀ ਹੈ, ਜਿਸ ਅਨੁਸਾਰ 20 ਦੇਸ਼ਾਂ ਦੇ 64 ਮਿਲੀਅਨ ਬੱਚੇ ਸਾਊਥ ਏਸ਼ੀਆ ਵਿੱਚ ਅਤੇ 59 ਮਿਲੀਅਨ ਬੱਚੇ ਸਬ-ਸਹਾਰਾ ਅਫਰੀਕਾ ਵਿੱਚ ਇਹੋ ਜਿਹੇ ਹਨ, ਜਿਹੜੇ 5 ਮਹੀਨਿਆਂ ਤੋਂ 23 ਮਹੀਨਿਆਂ ਤੱਕ ਦੀ ਉਮਰ ਦੇ ਹਨ ਅਤੇ ਜਿਹਨਾ ਨੂੰ ਸਹੀ ਖਾਣਾ ਤੱਕ ਵੀ ਨਸੀਬ ਨਹੀਂ ਹੁੰਦਾ। ਇਹਨਾ ਵਿੱਚ 19.3 ਫ਼ੀਸਦੀ ਬੱਚੇ ਭਾਰਤ ਦੇਸ਼ ਨਾਲ ਸਬੰਧਤ ਹਨ।

ਹਾਰਵਰਡ ਸਟੱਡੀ ਜੋ 2024 'ਚ ਛਪੀ ਸੀ, ਵਿੱਚ "ਸਿਫ਼ਰ ਭੋਜਨ ਵਾਲੇ ਬੱਚਿਆਂ" ਦੀ ਗੱਲ ਕੀਤੀ ਗਈ ਸੀ, ਇਹ ਬੱਚੇ 5 ਮਹੀਨਿਆਂ ਤੋਂ 23 ਮਹੀਨਿਆਂ ਦੀ ਉਮਰ ਦੇ ਬੱਚੇ ਹੁੰਦੇ ਹਨ, ਜਿਹਨਾ ਨੂੰ ਪਿਛਲੇ 24 ਘੰਟਿਆਂ 'ਚ ਭੋਜਨ ਨਹੀਂ ਮਿਲਦਾ ਅਤੇ ਭਾਰਤ ਇਸ ਲਿਸਟ ਵਿੱਚ ਦੁਨੀਆ ਭਰ 'ਚ ਚੌਥੇ ਸਥਾਨ 'ਤੇ ਹੈ। ਪਹਿਲੇ ਸਥਾਨ ਤੇ ਗੁਆਨਾ (21.8%) ਦੂਜੇ 'ਤੇ ਪਾਲੀ (21.5%) ਅਤੇ ਚੌਥੇ 'ਤੇ ਭਾਰਤ (19.3%) ਰੱਖਿਆ ਗਿਆ ਸੀ, ਭਾਵੇਂ ਕਿ ਭਾਰਤ ਦੀ ਸਰਕਾਰ ਨੇ ਇਸ ਰਿਪੋਰਟ ਨੂੰ ਫਰਜ਼ੀ, ਨਕਲੀ ਕਰਾਰ ਦਿੱਤਾ ਸੀ। ਪਰ ਇਹ ਗੱਲ ਚਿੱਟੇ ਦਿਨ ਵਾਂਗਰ ਸਾਫ਼ ਹੈ ਕਿ ਭਾਰਤ ਦੀ ਕੁੱਲ 140 ਕਰੋੜ ਆਬਾਦੀ ਵਿੱਚ 76.5 ਕਰੋੜ ਆਬਾਦੀ ਇਹੋ ਜਿਹੀ ਹੈ, ਜਿਸਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ, ਜਿਸ ਵਿਚੋਂ 19.5 ਕਰੋੜ ਛੋਟੇ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। ਜਿਹਨਾਂ ਵਿੱਚ ਲੜਕੀਆਂ ਦੀ ਗਿਣਤੀ ਵੱਧ ਹੈ।

ਇਹ ਗੱਲ ਵੀ ਤੱਥਾਂ ਤੋਂ ਉਲਟ ਨਹੀਂ ਹੈ ਕਿ ਭਾਰਤ ਵਿੱਚ ਅਮੀਰ ਵਰਗ, ਮੱਧ ਵਰਗੀ ਕਿਸਾਨ ਤਾਂ ਚੰਗਾ ਭੋਜਨ ਪ੍ਰਾਪਤ ਕਰਨ ਦੇ ਯੋਗ ਹਨ ਪਰ ਬਾਕੀ ਪੇਂਡੂ ਆਬਾਦੀ, ਮਜ਼ਦੂਰ, ਕਿਸਾਨ, ਆਦਿਵਾਸੀ ਅਤੇ ਮੱਧ ਵਰਗ ਦੇ ਲੋਕਾਂ ਨੂੰ ਬਿਹਤਰ ਭੋਜਨ ਨਸੀਬ ਨਹੀਂ ਹੁੰਦਾ। ਇਸ ਤੋਂ ਵੱਡੀ ਹੋਰ ਕਿਹੜੀ ਵਿਡੰਬਨਾ ਹੋ ਸਕਦੀ ਹੈ ਕਿ ਤਰੱਕੀਆਂ ਕਰਨ ਦੇ ਸੁਪਨੇ ਲੈਣ ਵਾਲਾ "ਮਹਾਨ ਦੇਸ਼", ਗਰੀਬੀ, ਭੁੱਖਮਰੀ ਦੇ ਪੰਜੇ 'ਚ ਫਸਿਆ ਹੋਇਆ ਹੈ ਅਤੇ ਉਸ ਦੀ ਆਰਥਿਕਤਾ ਨੂੰ ਕਾਰਪੋਰੇਟ ਘਰਾਨਿਆਂ ਨੇ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ।

ਕੀ ਇਹ ਸੱਚ ਨਹੀਂ ਕਿ ਮਨੁੱਖ ਨੂੰ ਭੋਜਨ ਤਦੇ ਪ੍ਰਾਪਤ ਹੋਏਗਾ, ਜੇਕਰ ਮਨੁੱਖ ਪੱਲੇ ਰੁਜ਼ਗਾਰ ਹੋਏਗਾ। ਰੁਜ਼ਗਾਰ ਤਦੇ ਮਿਲੇਗਾ, ਜੇਕਰ ਹੱਥ 'ਚ ਕੋਈ ਸਿਖਲਾਈ ਹੋਏਗੀ। ਥਿੰਕ ਟਿੰਕ ਇਸਟੀਚੀਊਟ ਫਾਰ ਹਿਊਮਨ ਡਿਵੈਲਪਮੈਂਟ ਨੇ ਇੱਕ ਰਿਪੋਰਟ ਛਾਪੀ ਹੈ, ਭਾਰਤ ਬਾਰੇ, ਜਿਸ 'ਚ ਲਿਖਿਆ ਹੈ ਕਿ ਦੱਖਣੀ ਏਸ਼ੀਆਈ ਰਾਸ਼ਟਰ ਵਿੱਚ ਤਿੰਨ ਵਿਚੋਂ ਇੱਕ ਯੁਵਕ ਨਾ ਤਾਂ ਸਿੱਖਿਆ ਪ੍ਰਾਪਤ ਕਰ ਰਿਹਾ ਹੈ, ਨਾ ਹੀ ਉਹ ਕੋਈ ਸਿਖਲਾਈ ਪਰਾਪਤ ਕਰ ਰਿਹਾ ਹੈ। ਹਾਲਾਤ ਇਹ ਹਨ ਕਿ ਦੇਸ਼ ਵਿੱਚ ਪੜ੍ਹੇ ਲਿਖੇ ਯੁਵਕਾਂ 'ਚ ਬੇਰੁਜ਼ਗਾਰੀ ਦਰ 40 ਫ਼ੀਸਦੀ ਤੋਂ ਉਪਰ ਟੱਪ ਚੁੱਕੀ ਹੈ।

ਭਾਰਤ ਦਾ ਨੀਤੀ ਆਯੋਗ ਦਾਅਵਾ ਕਰਦਾ ਹੈ ਕਿ ਭਾਰਤ ਦੀ ਕੁੱਲ ਆਬਾਦੀ ਦੀ 5 ਫ਼ੀਸਦੀ ਆਬਾਦੀ ਗਰੀਬਾਂ ਦੀ ਹੈ। ਭਾਵ ਸੱਤ ਕਰੋੜ ਲੋਕ ਗਰੀਬ ਹਨ। ਸਰਕਾਰ ਨੇ ਘਰੇਲੂ ਉਪਯੋਗ ਸਰਵੇਖਣ ਕਰਵਾਇਆ ਅਤੇ ਕਿਹਾ ਕਿ ਪੇਂਡੂ ਖੇਤਰਾਂ 'ਚ ਪ੍ਰਤੀ ਵਿਅਕਤੀ ਔਸਤਨ ਖ਼ਰਚ 3094 ਰੁਪਏ ਅਤੇ ਸ਼ਹਿਰੀ ਖੇਤਰਾਂ 'ਚ 4963 ਰੁਪਏ ਹੈ। ਜਿਸਦਾ ਸਿੱਧਾ ਅਰਥ ਹੈ ਕਿ ਭਾਰਤ ਦੇ 71 ਕਰੋੜ ਲੋਕ ਪ੍ਰਤੀ ਦਿਨ 100-150 ਰੁਪਏ ਜਾਂ ਉਸਤੋਂ ਘੱਟ ਨਾਲ ਗੁਜ਼ਾਰਾ ਕਰਦੇ ਹਨ। ਜੇਕਰ ਪਰਤ-ਦਰ-ਪਰਤ ਹੇਠਾਂ ਜਾਈਏ ਤਾਂ ਤਸਵੀਰ ਹੋਰ ਵੀ ਨਿਰਾਸ਼ਾਜਨਕ ਹੈ। ਸਭ ਤੋਂ ਹੇਠਲੇ 20 ਫੀਸਦੀ ਲੋਕ 70-100 ਰੁਪਏ ਤੇ ਜੀਵਨ ਨਿਰਬਾਹ ਕਰਦੇ ਹਨ ਅਤੇ ਹੋਰ ਹੇਠਲੇ 10 ਫ਼ੀਸਦੀ ਲੋਕ 60-90 ਰੁਪਏ 'ਤੇ ਜੀਵਨ ਗੁਜ਼ਾਰਾ ਕਰਦੇ ਹਨ। ਕੀ ਇਹ ਗਰੀਬ ਨਹੀਂ ਹਨ? ਜਾਂ ਇਹਨਾ ਦੀ ਸ਼੍ਰੇਣੀ ਗਰੀਬੀ ਰੇਖਾ ਤੋਂ ਵੀ ਹੋਰ ਹੇਠ ਹੈ?

ਇਥੇ ਇਹ ਗੱਲ ਸਮਝਣ ਵਾਲੀ ਹੈ ਕਿ ਆਬਾਦੀ ਦਾ 50 %, ਭਾਵ 71 ਕਰੋੜ ਲੋਕ, ਨਾ ਤਾਂ ਸਰਕਾਰੀ ਕਰਮਚਾਰੀ ਹਨ, ਨਾ ਹੀ ਸਰਕਾਰੀ ਪੈਨਸ਼ਨ ਧਾਰਕ ਹਨ, ਨਾ ਹੀ ਪ੍ਰਾਈਵੇਟ ਕੰਪਨੀਆਂ ਦੇ ਤਨਖ਼ਾਹਦਾਰ ਕਰਮਚਾਰੀ ਹਨ। ਪਰ ਤਦ ਵੀ ਇਹ ਲੋਕ ਜੀ.ਐਸ.ਟੀ. ਜਿਹੇ ਟੈਕਸ, ਚੀਜ਼ਾਂ ਖਰੀਦਣ ਵੇਲੇ ਦਿੰਦੇ ਹਨ, ਜਿਹਨਾ 'ਚ 30 ਕਰੋੜ ਲੋਕ ਦਿਹਾੜੀਦਾਰ ਮਜ਼ਦੂਰ ਹਨ, ਜਿਹਨਾਂ ਦੀ ਆਮਦਨ ਪਿਛਲੇ 6 ਸਾਲਾਂ ਤੋਂ ਮਹਿੰਗਾਈ ਦੇ ਦੌਰ 'ਚ ਸਥਿਰ ਹੋ ਕੇ ਰਹੇ ਗਈ ਹੋਈ ਹੈ। ਇਸ ਸਥਿਰ ਹੋਈ ਆਮਦਨ ਦਾ ਆਖ਼ਰ ਜ਼ੁੰਮੇਵਾਰ ਕੌਣ ਹੈ? ਕੀ ਇਸ ਦੀ ਜ਼ੁੰਮੇਵਾਰ ਸਰਕਾਰ ਨਹੀਂ ਹੈ? ਕੀ ਇਸਦਾ ਜ਼ੁੰਮੇਵਾਰ ਆਰਥਿਕ ਬਦਨੀਤੀ ਦਾ ਅਲੰਬਰਦਾਰ ਦੇਸ਼ ਦਾ ਕਾਰਪੋਰੇਟ ਲਾਣਾ ਨਹੀਂ ਹੈ?

ਆਰਥਿਕ ਬਦਨੀਤੀ ਤੇ ਸਿਆਸੀ ਬੇਈਮਾਨੀ ਹੰਢਾਉਂਦਿਆਂ ਇਸ ਦੇਸ਼ ਦੇ ਆਮ ਨਾਗਰਿਕਾਂ ਨੂੰ ਦਹਾਕੇ ਬੀਤ ਗਏ ਹਨ। ਸਰਕਾਰਾਂ ਆਉਂਦੀਆਂ ਹਨ, ਸਰਕਾਰਾਂ ਤੁਰ ਜਾਂਦੀਆਂ ਹਨ। ਗਰੀਬਾਂ ਦੇ ਨਾਂਅ 'ਤੇ ਨੀਤੀਆਂ ਬਣਾਈਆਂ ਜਾਂਦੀਆਂ ਹਨ ਤੇ ਵੋਟਾਂ ਬਟੋਰੀਆਂ ਜਾਂਦੀਆਂ ਹਨ। ਨੇਤਾ ਲੋਕ ਆਪਣੇ ਢਿੱਡ ਭਰਦੇ ਹਨ ਪਰ ਲੋਕਾਂ ਦੀ ਉਹ ਪ੍ਰਵਾਹ ਨਹੀਂ ਕਰਦੇ।

ਵਿਸ਼ਵ ਦੀ ਸਭ ਤੋਂ ਵੱਡੀ ਆਬਾਦੀ ਭਾਰਤ ਹੈ। 140 ਕਰੋੜ ਤੋਂ ਉਪਰ ਵਿਸ਼ਵ ਦੇ ਗਲੋਬਲ ਭੁੱਖਮਰੀ ਇੰਡੈਕਸ-2023 ਅਨੁਸਾਰ 125 ਦੇਸ਼ਾਂ ਵਿੱਚ ਸਾਡਾ ਸਥਾਨ 111 ਵਾਂ ਹੈ। ਬੇਰੁਜ਼ਗਾਰੀ ਦੀ ਦਰ 2024 ਜੂਨ ਅਨੁਸਾਰ 9.3 ਫ਼ੀਸਦੀ ਹੈ। ਬੇਰੁਜ਼ਗਾਰੀ 'ਚ ਵਿਸ਼ਵ ਪੱਧਰੀ ਰੈਂਕ 86ਵਾਂ ਹੈ। ਸਿਹਤ ਸੇਵਾਵਾਂ ਪ੍ਰਤੀ 167 ਦੇਸ਼ਾਂ 'ਚ ਸਾਡਾ ਸਥਾਨ 111ਵੇਂ ਸਥਾਨ ਤੇ ਹੈ। ਹਵਾ ਪ੍ਰਦੂਸ਼ਣ ਫੈਲਾਉਣ ਦੇ ਮਾਮਲੇ 'ਚ ਭਾਰਤ 134 ਦੇਸ਼ਾਂ 'ਚ ਤੀਜੇ ਸਥਾਨ 'ਤੇ ਹੈ। ਭਾਵ ਦੇਸ਼ ਦੇ ਵੱਡੇ ਸ਼ਹਿਰ ਅੱਤ ਦਰਜੇ ਦੇ ਗੰਦੇ ਹਨ। ਦੇਸ਼ ਦੀ ਰਾਜਧਾਨੀ ਦਿੱਲੀ ਦੁਨੀਆ ਦੇ ਸਭ ਤੋ ਗੰਦੇ ਸ਼ਹਿਰਾਂ 'ਚ ਸ਼ਾਮਲ ਹੈ। ਪਾਣੀ ਪ੍ਰਦੂਸ਼ਣ ਦੇ ਮਾਮਲੇ 'ਚ ਵੀ ਦੇਸ਼ ਪਿਛੇ ਨਹੀਂ।

ਇਸ ਸਭ ਕੁਝ ਦਾ ਅਸਰ ਸਧਾਰਨ ਲੋਕਾਂ 'ਤੇ ਪੈਂਦਾ ਹੈ। ਦੇਸ਼ ਦੀਆਂ ਆਰਥਿਕ ਬਦਨੀਤੀਆਂ ਗਰੀਬ ਲੋਕਾਂ ਨੂੰ ਹੋਰ ਗਰੀਬੀ ਵੱਲ ਧੱਕ ਰਹੀਆਂ ਹਨ। ਭੁੱਖਮਰੀ ਨੇ ਲੋਕਾਂ ਦਾ ਜੀਊਣਾ ਦੁੱਭਰ ਕੀਤਾ ਹੋਇਆ ਹੈ। ਗੰਦੀਆਂ ਬਸਤੀਆਂ (ਸਲੱਮ ਏਰੀਆ) ਵਧ ਰਿਹਾ ਹੈ, ਖੇਤੀ ਘਟ ਰਹੀ ਹੈ। ਪ੍ਰਦੂਸ਼ਣ ਨੇ ਬਿਮਾਰੀਆਂ ਦਾ ਜਾਲ ਵਿਛਾਇਆ ਹੋਇਆ ਹੈ। ਇਸ ਨਾਲ ਪੈਦਾ ਬਿਮਾਰੀਆਂ ਨੂੰ ਕਾਬੂ ਕਰਨ ਦੇ ਨਾਂਅ ਹੇਠ ਨਵੀਆਂ ਦਵਾਈਆਂ ਬਣਾਕੇ, ਭਰਮ ਪੈਦਾ ਕਰਕੇ ਲੋਕਾਂ ਨੂੰ ਕਾਰਪੋਰੇਟ ਜਗਤ ਠਗ ਰਿਹਾ ਹੈ।

ਬਿਨ੍ਹਾਂ ਸ਼ੱਕ ਦੇਸ਼ ਦਾ ਵਿਕਾਸ ਜ਼ਰੂਰੀ ਹੈ। ਬੁਨਿਆਦੀ ਢਾਂਚਾ, ਪੁਲ, ਸੜਕਾਂ, ਸਕੂਲ, ਕਾਲਜ, ਹਸਪਤਾਲ ਜ਼ਰੂਰੀ ਹਨ। ਪਰ ਜਿਹਨਾ ਪੇਂਡੂ ਇਲਾਕਿਆਂ ਵਿੱਚ ਦਲਿਤਾਂ ਅਤੇ ਆਦਿਵਾਸੀਆਂ ਦੀਆਂ ਬਸਤੀਆਂ ਹਨ, ਉਹਨਾ ਤੱਕ ਬੁਨਿਆਦੀ ਸੁਵਿਧਾਵਾਂ ਦੀ ਪਹੁੰਚ ਕੀ ਜ਼ਰੂਰੀ ਨਹੀਂ? ਅੱਜ ਸਥਿਤੀ ਇਹ ਹੈ ਕਿ ਇਹਨਾ ਬਸਤੀਆਂ ਤੱਕ ਨਾ ਭਰੋਸੇਮੰਦ ਬਿਜਲੀ ਆਉਂਦੀ ਹੈ, ਨਾ ਸੜਕਾਂ ਪਹੁੰਚਦੀਆਂ ਹਨ, ਨਾ ਇੱਕੀਵੀਂ ਸਦੀ ਦੀਆਂ ਜ਼ਰੂਰੀ ਸੁਵਿਧਾਵਾਂ! ਭਾਰਤੀ ਵਿਵਸਥਾ ਦੇ ਇਸ ਟੁੱਟੇ ਹੋਏ ਢਾਂਚੇ ਨੂੰ ਮਜ਼ਬੂਤ ਬਨਾਉਣ ਦੇ ਬਦਲੇ ਗਰੀਬਾਂ ਨੂੰ ਖੈਰਾਤ ਬਖਸ਼ਣ ਦੀ ਨੀਤੀ ਜਾਰੀ ਹੈ।

ਕੀ ਇਹ ਸਿਆਸੀ ਬੇਈਮਾਨੀ ਨਹੀਂ ਹੈ? ਕੀ ਇਹ ਆਰਥਿਕ ਬਦਨੀਤੀ ਨਹੀਂ ਹੈ, ਕਿ ਦੇਸ਼ ਦੀਆਂ ਲਗਾਮਾਂ ਧਨ ਕੁਬੇਰਾਂ ਹੱਥ ਫੜਾ ਦਿੱਤੀਆਂ ਜਾਣ ਤਾਂ ਕਿ ਉਹ ਦੇਸ਼ ਦੇ ਲੋਕਾਂ ਦੀ ਲੁੱਟ-ਖਸੁੱਟ ਮਨਮਰਜ਼ੀ ਨਾਲ ਕਰ ਸਕਣ। ਇਸ ਤੋਂ ਵੱਡੀ ਦੇਸ਼ ਦੀ ਬਦਹਾਲੀ ਹੋਰ ਕੀ ਹੋ ਸਕਦੀ ਹੈ?

* * * * * * * *

## West London Stand Up To Racism mobilising tonight against the far right coming to Brentford tonight: 7:00 pm



Far right announced three days ago that as part of their campaign through out the United Kingdom of attacking asylum seekers and Muslims, they will be coming tonight, Wednesday, 7 August, 2024, at 7:00 pm to Brentford, West London, to protest at a hotel that they had said, is housing some asylum seekers.

So, West London Stand Up To Racism, at a very short notice, called for a zoom meeting to decide upon what their response should be. The meeting took place last night, Tuesday, 6 August, and was announced on the social media. As a result, lots of local people attended the meeting, including people from a number of organisations, including some trade unions. The meeting took the decision to hold a peaceful counter protest, at the same time and at the same place. Therefore a number of stewards were appointed from various organisations as well as individuals. The organisers of the counter protest have urged people who would attend to be vigilant when they arrive but they must remain peaceful and exercise their right to protest against the rising tide of racism and fascism.

The protest will be steward by some very professional stewards and many of them have many years of experience in stewarding such protests. They have urged their supporters to cooperate with the police and to remain in groups and to follow the instructions issued by the stewards.

## ਦਰਬਾਰ ਸਾਹਿਬ ਵਿਖੇ ਲੰਗਰ ਘਰ 'ਚ ਕੜਾਹੇ 'ਚ ਡਿੱਗਿਆ ਸੇਵਾਦਾਰ, ਪੈਰ ਤਿਲਕਣ ਕਾਰਨ ਵਾਪਰੀ ਘਟਨਾ

ਪੰਜਾਬ ਦੇ ਅੰਮ੍ਰਿਤਸਰ ਚ ਹਰਿਮੰਦਰ ਸਾਹਿਬ ਦੇ ਲੰਗਰ ਹਾਲ ਚ ਵੱਡਾ ਹਾਦਸਾ ਵਾਪਰ ਗਿਆ ਹੈ। ਬੀਤੀ ਰਾਤ ਇੱਕ ਸੇਵਾਦਾਰ ਸੇਵਾ ਕਰਦੇ ਸਮੇਂ ਉਬਲਦੇ ਆਲੂਆਂ ਦੇ ਕੜਾਹੇ ਵਿੱਚ ਡਿੱਗ ਗਿਆ। ਨੇੜੇ ਹੀ ਸੇਵਾ ਕਰ ਰਹੇ ਸੇਵਾਦਾਰਾਂ ਨੇ ਤੁਰੰਤ ਉਸ ਨੂੰ ਕੜਾਹੀ ਵਿੱਚੋਂ ਬਾਹਰ ਕੱਢਿਆ। ਜਿਸ ਤੋਂ ਬਾਅਦ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਵੱਲਾ ਸਥਿਤ ਸ਼੍ਰੀ ਗੁਰੂ ਰਾਮਦ-ਾਸ ਹਸਪਤਾਲ ਚ ਦਾਖਲ ਕਰਵਾਇਆ ਗਿਆ। ਜਿੱਥੇ ਉਸ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੇਵਾਦਾਰ ਬਲਬੀਰ ਸਿੰਘ ਵਾਸੀ ਧਾਲੀਵਾਲ, ਗੁਰਦਾਸਪੁਰ ਹੈ। ਉਹ ਪਿਛਲੇ ਦਸ ਸਾਲਾਂ ਤੋਂ ਹਰਿਮੰਦਰ ਸਾਹਿਬ ਵਿਖੇ ਸੇਵਾ ਲਈ ਆ ਰਿਹਾ ਸੀ। ਰਾਤ ਕਰੀਬ 12.30 ਵਜੇ ਆਲੂ ਉਬਾਲਣ ਦੀ ਸੇਵਾ ਚੱਲ ਰਹੀ ਸੀ। ਹਰਿਮੰਦਰ ਸਾਹਿਬ ਦੇ ਵੱਡੇ ਕੜਾਹੇ ਵਿੱਚ ਆਲੂ ਉਬਾਲੇ ਜਾ ਰਹੇ ਸਨ। ਇਸ ਦੌਰਾਨ ਬਲਬੀਰ ਸਿੰਘ ਵੀ ਆਲੂ ਉਬਾਲ ਰਿਹਾ ਸੀ ਕਿ ਅਚਾਨਕ ਉਹ ਕੜਾਹੀ ਵਿੱਚ ਡਿੱਗ ਗਿਆ।

## ਅਮਰੀਕਾ ਵਿਚ ਸੈਲੂਨ ਵਿਚ ਕਾਰ ਵੱਜਣ ਕਾਰਨ ਵਾਪਰੇ ਹਾਦਸੇ ਵਿਚ 4 ਜਣਿਆਂ ਦੀ ਹੋਈ ਮੌਤ * ਡਰਾਈਵਰ ਨੇ ਪੀਤੀਆਂ ਸੀ 18 ਬੀਅਰਾਂ



ਡਰਾਈਵਰ ਸਟੀਵਨ ਸ਼ਵੈਲੀ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਂਦੇ ਹੋਏ ਅਧਿਕਾਰੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਬੀਤੇ ਸ਼ੁੱਕਰਵਾਰ ਵਾਪਰੇ ਇਕ ਹਾਦਸੇ ਜਿਸ ਦੇ ਸਿੱਟੇ ਵਜੋਂ 4 ਲੋਕ ਮਾਰੇ ਗਏ ਤੇ 9 ਹੋਰ ਜ਼ਖਮੀ ਹੋਏ ਹਨ, ਸਬੰਧੀ ਮਿਲੀ ਇਕ ਜਾਣਕਾਰੀ ਅਨੁਸਾਰ ਐਸ ਯੂ ਵੀ ਕਾਰ ਦਾ ਡਰਾਈਵਰ ਨਸ਼ੇ ਵਿਚ ਸੀ। ਪੁਲਿਸ ਅਨੁਸਾਰ ਡਰਾਈਵਰ ਨੇ ਨਿਊਯਾਰਕ ਦੇ ਲਾਂਗ ਆਈਲੈਂਡ ਨੇਲ ਸੈਲੂਨ ਵਿਚ ਆਪਣੀ ਕਾਰ ਠੋਕ ਦਿੱਤੀ ਜਿਸ ਦੇ ਸਿੱਟੇ ਵਜੋਂ ਇਹ ਭਿਆਨਕ ਹਾਦਸਾ ਵਾਪਰਿਆ। **64 ਸਾਲਾ ਡਰਾਈਵਰ ਸਟੀਵਨ ਸ਼ਵੈਲੀ ਨੇ ਪੁਲਿਸ ਨੂੰ ਦੱਸਿਆ ਕਿ ਹਾਦਸੇ ਤੋਂ ਪਹਿਲਾਂ ਉਸ ਨੇ 18 ਬੀਅਰ ਦੀਆਂ ਬੋਤਲਾਂ ਪੀਤੀਆਂ ਹਨ।**

ਅਦਾਲਤੀ ਦਸਤਾਵੇਜ਼ਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਹਾਦਸੇ ਸਮੇ ਡਰਾਈਵਰ ਨਸ਼ੇ ਵਿਚ ਟੱਲੀ ਸੀ। ਡਰਾਈਵਰ ਜੋ ਨਾਲ ਲੱਗਦੇ ਖੇਤਰ ਡਿਕਸ ਹਿਲਜ਼ ਦਾ ਰਹਿਣਾ ਵਾਲਾ ਹੈ, ਨੂੰ ਸੁਫੋਲਕ ਕਾਊਂਟੀ ਕੋਰਟ ਵਿਚ ਪੇਸ਼ ਕੀਤਾ ਗਿਆ ਜਿਥੇ ਉਸ ਨੇ ਆਪਣੇ ਆਪ ਨੂੰ ਨਿਰਦੋਸ਼ ਦਸਿਆ। ਸੁਫੋਲਕ ਕਾਊਂਟੀ ਪੁਲਿਸ ਅਨੁਸਾਰ ਇਸ ਹਾਦਸੇ ਵਿਚ ਜਿਆਨਕਾਈ ਚੇਨ (37), ਯਾਨ ਸੂ (41), ਮੀਜ਼ੀ ਝਾਂਗ (50) ਤੇ ਐਮੀਲੀਆ ਰੇਨਹੈਕ (30) ਮਾਰੇ ਗਏ ਹਨ।

ਪੁਲਿਸ ਅਨੁਸਾਰ ਡਰਾਈਵਰ ਵਿਰੁੱਧ ਹੱਤਿਆ ਸਮੇਤ 38 ਦੋਸ਼ ਆਇਦ ਕੀਤੇ ਗਏ ਹਨ। ਸੁਫੋਲਕ ਕਾਊਂਟੀ ਡਿਸਟ੍ਰਿਕਟ ਅਟਾਰਨੀ ਰੇਮਾਂਡ ਏ ਟਿਰਨੇ ਨੇ ਕਿਹਾ ਹੈ ਕਿ ਸਟੀਵਨ ਸ਼ਵੈਲੀ ਨੂੰ ਬਿਨਾਂ ਜ਼ਮਾਨਤ ਜੇਲ ਵਿਚ ਰੱਖਿਆ ਗਿਆ ਹੈ ਤੇ ਉਸ ਦਾ ਲਾਇਸੰਸ ਮੁਅੱਤਲ ਕਰ ਦਿੱਤਾ ਗਿਆ ਹੈ।

## ਢੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ



## 9 ਸਫ਼ੇ ਦੀ ਬਾਕੀ
## ਕੀ ਕਾਰਨ ਹਨ ਕਰਜ਼ੇ ਦੇ

1980 ਦੇ ਦਹਾਕੇ ਤੱਕ, ਪੰਜਾਬ ਦੀ ਆਰਥਿਕਤਾ ਦੇ ਵਿਕਾਸ ਦੇ ਚਾਲਕ ਖੇਤੀਬਾੜੀ ਸੈਕਟਰ, ਛੋਟੇ ਪੱਧਰ ਦੇ ਉਦਯੋਗ ਅਤੇ ਸਬੰਧਤ ਕਾਰੋਬਾਰ ਸਨ, ਜੋ ਕਿ ਬਾਅਦ ਦੇ ਸਾਲਾਂ ਵਿੱਚ ਬਹੁਤ ਕਮਜ਼ੋਰ ਹੋ ਗਏ ਅਤੇ ਇਹਨਾਂ ਵਿੱਚ ਗਿਰਾਵਟ ਦੇਖੀ ਗਈ।

ਖੇਤੀਬਾੜੀ ਸੈਕਟਰ ਨੂੰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਪਰ ਇਸ ਵਿੱਚ ਆਈ ਮੰਦੀ ਨੇ ਨਾ ਸਿਰਫ਼ 1990 ਦੇ ਦਹਾਕੇ ਦੇ ਅੱਧ ਤੋਂ ਇਸਦੀ ਸਮੁੱਚੀ ਵਿਕਾਸ ਦਰ ਨੂੰ ਘਟਾਇਆ ਹੈ, ਸਗੋਂ ਇਸ ਖੇਤਰ ਲਈ ਬਹੁਤ ਸਾਰੇ ਮਾੜੇ ਨਤੀਜੇ ਵੀ ਭੁਗਤੇ ਹਨ ਜਿਵੇਂ ਕਿ ਕਿਸਾਨਾਂ ਉੱਪਰ ਕਰਜ਼ੇ ਦੀ ਪੰਡ, ਜਿਸ ਨੇ ਅਖੀਰ ਵਿੱਚ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਇੱਕ ਵੱਡੇ ਹਿੱਸੇ ਨੂੰ ਕਰਜ਼ੇ ਦੇ ਜਾਲ ਵਿੱਚ ਧੱਕ ਦਿੱਤਾ। ਇਸ ਦੇ ਨਾਲ ਹੀ ਸੂਬੇ ਵਿੱਚ ਨਿਵੇਸ਼-ਜੀਡੀਪੀ ਅਨੁਪਾਤ 20% ਤੋਂ ਘੱਟ ਰਿਹਾ, ਭਾਰਤ ਦੇ 14 ਪ੍ਰਮੁੱਖ ਸੂਬਿਆਂ ਵਿੱਚੋਂ ਇਹ ਸਭ ਤੋਂ ਘੱਟ ਸੀ।

ਦੂਜਾ ਕਾਰਣ ਹਿਮਾਚਲ ਪ੍ਰਦੇਸ਼ ਤੇ ਉਤਰਾਂਖੰਡ ਵਰਗੇ ਗੁਆਂਢੀ ਪਹਾੜੀ ਸੂਬਿਆਂ ਨੂੰ ਦਿੱਤੀਆਂ ਗਈਆਂ ਸਨਅਤੀ ਰਿਆਇਤਾਂ ਨੇ ਸੂਬੇ ਦੇ ਸਨਅਤੀ ਅਧਾਰ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ। ਇਸੇ ਤਰ੍ਹਾਂ, ਸੂਬਾ ਸਰਕਾਰ ਸੁਧਾਰਾਂ ਤੋਂ ਬਾਅਦ ਦੇ ਸਾਲਾਂ ਦੌਰਾਨ ਅਮੀਰ ਡਾਇਸਪੋਰਾ ਸੰਪਰਕ ਹੋਣ ਦੇ ਬਾਵਜੂਦ, ਪੰਜਾਬ ਵਿੱਚ ਐੱਫਡੀਆਈ, ਆਈਟੀ ਅਤੇ ਉਦਯੋਗਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਵਧੀਆ ਰਣਨੀਤੀ ਤਿਆਰ ਨਹੀਂ ਕਰ ਸਕੀ।

ਤੀਜਾ ਕਾਰਣ ਸਟੇਟ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਾਰਣ ਹਰ ਪਖੋਂ ਪੰਜਾਬੀਆਂ ਨੂੰ ਸੰਤਾਪ ਝਲਣਾ ਪਿਆ। 1980 ਦੇ ਦਹਾਕੇ ਦੇ ਪੰਜਾਬ ਸੰਤਾਪ ਨੇ ਪੰਜਾਬ ਨੂੰ ਇੱਕ ਗੰਭੀਰ ਸਰੋਤ ਦੀ ਕਮੀ ਵਿੱਚ ਧੱਕ ਦਿੱਤਾ। ਪ੍ਰੋ. ਘੁੰਮਣ ਦਾ ਕਹਿਣਾ ਹੈ ਕਿ

ਪੰਜਾਬ ਸੰਤਾਪ ਦੇ ਸਾਲਾਂ ਦੌਰਾਨ ਮਾਹੌਲ ਅਜਿਹਾ ਸੀ ਕਿ ਕੋਈ ਵੀ ਉਦਯੋਗ ਸੂਬੇ ਵਿੱਚ ਨਿਵੇਸ਼ ਕਰਨ ਨਹੀਂ ਆਇਆ ਅਤੇ ਇੱਥੋਂ ਤੱਕ ਕਿ ਬਹੁਤ ਸਾਰੇ ਦੂਜੇ ਸੂਬਿਆਂ ਨੂੰ ਚਲੇ ਗਏ। ਘੁੰਮਣ ਆਖਦੇ ਹਨ, "ਉਸ ਦੌਰ ਦਾ ਅਸਰ ਇਹ ਵੀ ਵੇਖਣ ਨੂੰ ਮਿਲਿਆ ਕਿ ਸਰਕਾਰ ਨੂੰ ਬਹੁਤ ਕਰਜ਼ਾ ਲੈਣਾ ਪਿਆ ਤੇ ਅੱਜ ਸਥਿਤੀ ਇਹ ਹੈ ਕਿ ਪੰਜਾਬ ਕਰਜ਼ਾ ਉਤਾਰਨ ਲਈ ਕਰਜ਼ਾ ਲੈ ਰਿਹਾ ਹੈ।"

ਚੌਥਾ ਕਾਰਣ ਇਸ ਤੋਂ ਮਗਰੋਂ 'ਮੁਫਤ ਦੀਆਂ ਚੀਜ਼ਾਂ ' ਨੇ ਸੂਬੇ ਦੇ ਵਿਕਾਸ ਦੇ ਏਜੰਡੇ ਨੂੰ ਗ਼ਲਤ ਦਿਸ਼ਾ ਵਿੱਚ ਭੇਜ ਦਿੱਤਾ। ਇਸ ਨੇ ਸੂਬੇ ਦੇ ਵਿੱਤ ਤੱਕ ਨੁਕਸਾਨ ਉਠਾਇਆ।

ਤਨਖ਼ਾਹਾਂ, ਪੈਨਸ਼ਨਾਂ ਅਤੇ ਵਿਆਜ਼ ਦੀਆਂ ਅਦਾਇਗੀਆਂ 'ਤੇ ਸੂਬਾ ਸਰਕਾਰ ਦਾ ਪ੍ਰਤੀ ਵਿਅਕਤੀ ਖਰਚਾ ਪ੍ਰਮੁੱਖ ਸੂਬਿਆਂ ਨਾਲੋਂ ਸਭ ਤੋਂ ਵੱਧ ਹੈ, ਭਾਵੇਂ ਕਿ 18 ਪ੍ਰਮੁੱਖ ਸੂਬਿਆਂ ਵਿੱਚ ਇਸਦੀ ਪ੍ਰਤੀ ਵਿਅਕਤੀ ਆਮਦਨ 2002-03 ਵਿੱਚ ਪਹਿਲੇ ਦਰਜੇ ਤੋਂ 2018-19 ਤੇ 2019-20 ਵਿੱਚ 10ਵੇਂ ਦਰਜੇ 'ਤੇ ਆ ਗਈ ਹੈ।

# 21840 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਧਰਤੀ ਵੱਲ ਵਧ ਰਿਹਾ 99 ਫੁੱਟ ਦਾ ਐਸਟਰਾਇਡ

### ✪ ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਅਲਰਟ ਕੀਤਾ ਜਾਰੀ, ਪਰ ਧਰਤੀ ਨਾਲ ਟਕਰਾਉਣ ਦੀ ਕੋਈ ਸੰਭਾਵਨਾ ਨਹੀਂ

ਵਸ਼ਿੰਗਟਨ-ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਅਲਰਟ ਜਾਰੀ ਕੀਤਾ ਹੈ ਕਿ ਇੱਕ 99 ਫੁੱਟ ਉੱਚਾ ਗ੍ਰਹਿ 21840 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਧਰਤੀ ਵੱਲ ਵਧ ਰਿਹਾ ਹੈ। ਰਾਹਤ ਦੀ ਗੱਲ ਇਹ ਹੈ ਕਿ ਇਸ ਦੇ ਧਰਤੀ ਨਾਲ ਟਕਰਾਉਣ ਦੀ ਕੋਈ ਸੰਭਾਵਨਾ ਨਹੀਂ ਹੈ।

ਨਾਸਾ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਧਰਤੀ ਦੇ ਬਹੁਤ ਨੇੜੇ ਤੋਂ ਲੰਘੇਗਾ। ਨਾਸਾ ਧਰਤੀ ਦੇ ਨੇੜੇ ਆਉਣ ਵਾਲੀਆਂ ਅਤੇ ਲੰਘਣ ਵਾਲੀਆਂ ਸਾਰੀਆਂ ਵਸਤੂਆਂ 'ਤੇ ਨਜ਼ਰ ਰੱਖ ਰਹੀ ਹੈ। ਧਰਤੀ ਵੱਲ ਵਧ ਰਹੇ 99 ਫੁੱਟ ਉੱਚੇ ਇਸ ਗ੍ਰਹਿ ਨੂੰ 2023 ਐਚ ਬੀ7 ਨਾਮ ਦਿੱਤਾ ਗਿਆ ਹੈ। ਇਹ ਧਰਤੀ ਦੇ 3,490,000 ਮੀਲ ਹੈ। ਜੋ ਧਰਤੀ ਦੇ ਸਭ ਨਜਦੀਕ ਦੀ ਅਪਰੋਚ ਹੈ।



### ਐਸਟਰਾਇਡ 2023 ਐਚਬੀ7 ਧਰਤੀ ਲਈ ਖ਼ਤਰਾ ਨਹੀਂ

ਨਾਸਾ ਨੇ ਇਸ ਗ੍ਰਹਿ ਬਾਰੇ ਜਾਣਕਾਰੀ ਸਾਂਝੀ ਕੀਤੀ ਹੈ। ਇਹ ਐਸਟੇਰੋਇਡਜ਼ ਦੇ ਏਟਨ ਸਮੂਹ ਨਾਲ ਸਬੰਧਤ ਹੈ। ਇਸ ਨੂੰ ਧਰਤੀ ਦੇ ਨੇੜੇ ਵਸਤੂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਇਸ ਨੂੰ ਸੰਭਾਵੀ ਤੌਰ 'ਤੇ ਖ਼ਤਰਨਾਕ ਐਸਟੇਰੋਇਡ ਨਹੀਂ ਕਿਹਾ ਗਿਆ ਹੈ। ਇਸ ਦੇ ਧਰਤੀ 'ਤੇ ਡਿੱਗਣ ਦਾ ਕੋਈ ਖਤਰਾ ਨਹੀਂ ਹੈ। ਗ੍ਰਹਿ ਆਪਣੇ ਮੌਜੂਦਾ ਚੱਕਰ ਨੂੰ ਕਾਇਮ ਰੱਖੇਗਾ। ਇਹ ਧਰਤੀ ਦੇ 3,490,000 ਮੀਲ ਨੇੜੇ ਆਵੇਗਾ ਅਤੇ ਫਿਰ ਦੂਰ ਚਲਾ ਜਾਵੇਗਾ।

ਐਸਟਰਾਇਡ 2023 ਐਚਬੀ7 ਦੀ ਰਫਤਾਰ 6.07 ਕਿਲੋਮੀਟਰ ਪ੍ਰਤੀ ਸਕਿੰਟ ਹੈ। ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਇਹ 21840 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਸਫਰ ਕਰ ਰਿਹਾ ਹੈ। ਇਸ ਗ੍ਰਹਿ ਦਾ ਸਭ ਤੋਂ ਪਹਿਲਾ ਜ਼ਿਕਰ 1904 ਵਿੱਚ ਸਮਾਲ-ਬਾਡੀ ਡੇਟਾਬੇਸ ਖੋਜ ਵਿੱਚ ਹੋਇਆ ਹੈ।

ਨਾਸਾ ਦੇ ਅਨੁਸਾਰ, ਇਹ ਐਸਟਰਾਇਡ ਜੁਲਾਈ 2025 ਵਿੱਚ ਵਾਪਸ ਆਵੇਗਾ। ਉਸ ਸਮੇਂ ਗ੍ਰਹਿ ਦੀ ਰਫ਼ਤਾਰ 67866 ਕਿਲੋਮੀਟਰ ਪ੍ਰਤੀ ਘੰਟਾ ਹੋ ਸਕਦੀ ਸੀ।

# ਬਸਪਾ ਸੁਪਰੀਮੋ ਮਾਇਆਵਤੀ ਵਲੋਂ ਵੀ ਮੋਦੀ ਸਰਕਾਰ ਤੋਂ ਮਰਦਮਸ਼ੁਮਾਰੀ ਦੀ ਮੰਗ

### ✪ ਦਲਿਤਾਂ ਦਾ ਆਧਾਰ ਖੁਸਣ ਕਰਕੇ ਲਿਆ ਸਟੈਂਡ




ਲਖਨਊ-ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਬਸਪਾ ਇਕ ਵੀ ਸੀਟ ਨਹੀਂ ਜਿੱਤ ਸਕੀ ਅਤੇ ਉਸ ਦੇ ਬਹੁਤ ਸਾਰੇ ਦਲਿਤ ਵੋਟ ਦੂਜੀਆਂ ਪਾਰਟੀਆਂ ਦੇ ਪਾਲੇ ਵਿਚ ਚਲੇ ਗਏ ਹਨ, ਅਜਿਹੇ ਵਿਚ ਹੁਣ ਪਾਰਟੀ ਸੁਪਰੀਮੋ ਮਾਇਆਵਤੀ ਮੂਲ ਮਸਲਿਆਂ 'ਤੇ ਵਾਪਸ ਜਾ ਕੇ ਪਾਰਟੀ ਦੀ ਬਹੁਜਨ ਰਣਨੀਤੀ ਨੂੰ ਨਵੇਂ ਸਿਰਿਓਂ ਤਿਆਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਮਾਇਆਵਤੀ ਨੇ ਹੁਣ ਕੇਂਦਰ ਸਰਕਾਰ ਤੋਂ ਜਾਤੀ ਆਧਾਰਿਤ ਮਰਦਮਸ਼ੁਮਾਰੀ ਕਰਵਾਉਣ ਦੀ ਮੰਗ ਕੀਤੀ ਹੈ। ਹਾਲਾਂਕਿ, ਪਾਰਟੀ ਸਾਹਮਣੇ ਚੁਣੌਤੀ ਨਾ ਸਿਰਫ਼ ਬ੍ਰਾਹਮਣ, ਮੁਸਲਿਮ ਅਤੇ ਗ਼ੈਰ-ਯਾਦਵ ਪਛੜੇ ਵਰਗ ਦੀਆਂ ਵੋਟਾਂ ਨੂੰ ਵਾਪਸ ਜਿੱਤਣ ਦੀ ਹੈ (ਜਿਸ ਰਣਨੀਤੀ ਦੇ ਚਲਦਿਆਂ 2007 'ਚ ਪਾਰਟੀ ਸੱਤਾ 'ਚ ਆਈ ਸੀ), ਸਗੋਂ ਕਰੀਬ 21 ਫ਼ੀਸਦੀ ਦਲਿਤ ਵੋਟਾਂ ਨੂੰ ਵੀ ਵਾਪਸ ਜਿੱਤਣ ਦੀ ਹੈ, ਜਿਸ ਵਿਚ 12 ਫ਼ੀਸਦੀ ਜਾਟਵ ਹਨ, ਜੋ ਮਾਇਆਵਤੀ ਦੀ ਜਾਤੀ ਹੈ। ਇਸ ਤੋਂ ਇਲਾਵਾ, ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਦੇ ਰੂਪ 'ਚ ਇਕ ਬ੍ਰਾਹਮਣ ਵਿਧਾਇਕ ਨੂੰ ਨਿਯੁਕਤ ਕਰਨ ਦੇ ਫ਼ੈਸਲੇ ਨੂੰ ਲੈ ਕੇ ਸਮਾਜਵਾਦੀ ਪਾਰਟੀ (ਸਪਾ) 'ਤੇ ਵੀ ਨਿਸ਼ਾਨਾ ਸਾਧਿਆ ਹੈ। ਮਾਇਆਵਤੀ ਨੇ ਦਾਅਵਾ ਕੀਤਾ ਕਿ ਸਪਾ ਨੇ ਪੀ.ਡੀ.ਏ. ਰਾਹੀਂ (ਪਛੜਾ, ਦਲਿਤ ਅਤੇ ਘੱਟ-ਗਿਣਤੀਆਂ) ਭਾਈਚਾਰੇ ਨੂੰ ਗੁੰਮਰਾਹ ਕਰਕੇ ਲੋਕ ਸਭਾ 'ਚ ਵੱਡੀ ਗਿਣਤੀ ਵਿਚ ਸੀਟਾਂ ਜਿੱਤਣ ਲਈ ਉਨ੍ਹਾਂ ਦੀਆਂ ਵੋਟਾਂ ਹਾਸਿਲ ਕਰ ਲਈਆਂ, ਪਰ ਉੱਤਰ ਪ੍ਰਦੇਸ਼ ਵਿਚ ਵਿਰੋਧੀ ਧਿਰ ਦਾ ਨੇਤਾ ਨਿਯੁਕਤ ਕਰਨ ਸਮੇਂ ਇਸ ਸਮੂਹ ਦੀ ਅਣਦੇਖੀ ਕੀਤੀ ਹੈ।

### -ਮਾਮਲਾ ਬਿਆਸ ਦਰਿਆ ਨਾਲ ਛੇੜ ਛਾੜ ਕਰਨ ਦਾ-


# ਬਲਦੇਵ ਸਿੰਘ ਸਿਰਸਾ ਨੇ ਡੇਰਾ ਮੁਖੀ ਰਾਧਾ ਸਵਾਮੀ ਖ਼ਿਲਾਫ਼ ਖੋਲ੍ਹਿਆ ਮੋਰਚਾ

### ✪ ਡੇਰਾ ਮੁਖੀ ਖ਼ਿਲਾਫ਼ ਹਾਈ ਕੋਰਟ ਦੇ ਹੁਕਮਾਂ ਦੀ ਉਲੰਘਣਾ ਦਾ ਕੇਸ ਦਰਜ ਕਰਨ ਦੀ ਮੰਗ

ਰਈਆ-ਪੰਜਾਬ ਹਰਿਆਣਾ ਹਾਈ ਕੋਰਟ 'ਚ ਸੁਣਵਾਈ ਅਧੀਨ ਕੇਸ ਵਿੱਚ ਹੁਕਮਾਂ ਦੀ ਉਲੰਘਣਾ ਕਰਨ 'ਤੇ ਸਬ-ਡਿਵੀਜ਼ਨ ਬਾਬਾ ਬਕਾਲਾ ਵਿੱਚ ਪੈਂਦੇ ਧਾਰਮਿਕ ਡੇਰੇ ਦੇ ਮੁਖੀ ਅਤੇ ਉਸ ਦੇ ਹੋਰ ਸਾਥੀਆਂ ਖ਼ਿਲਾਫ਼ ਕੇਸ ਦਰਜ ਕਰਨ ਲਈ ਲੋਕ ਇਨਸਾਫ਼ ਵੈੱਲਫੇਅਰ ਸੁਸਾਇਟੀ ਨੇ ਵੱਖ-ਵੱਖ ਵਿਭਾਗਾਂ ਨੂੰ ਪੱਤਰ ਭੇਜੇ ਹਨ। ਲੋਕ ਇਨਸਾਫ਼ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਬਲਦੇਵ ਸਿੰਘ ਸਿਰਸਾ ਨੇ ਦੱਸਿਆ ਕਿ ਇੱਥੇ ਸਥਿਤ ਇੱਕ ਧਾਰਮਿਕ ਡੇਰੇ ਰਾਧਾ ਸਵਾਮੀ ਵੱਲੋਂ ਦਰਿਆ ਬਿਆਸ ਦੇ ਕੁਦਰਤੀ ਵਹਾਅ ਨੂੰ ਕਈ ਸਾਲਾਂ ਤੋਂ ਲਗਾਤਾਰ ਬਦਲਿਆ ਜਾ ਰਿਹਾ ਹੈ। ਇਸ ਸਬੰਧੀ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਹੁੰਚ ਕੀਤੀ ਗਈ ਤਾਂ ਹਾਈ ਕੋਰਟ ਨੇ 30 ਮਈ ਨੂੰ ਹੁਕਮ ਜਾਰੀ ਕਰ ਕੇ ਸਾਰੀਆਂ ਸਬੰਧਤ ਧਿਰਾਂ ਤੋਂ ਜਵਾਬ-ਤਲਬੀ ਕੀਤੀ ਅਤੇ ਦਰਿਆ ਨਾਲ ਛੇੜਛਾੜ ਕਰਨ 'ਤੇ ਸਖ਼ਤ ਰੋਕ ਲਾਈ ਸੀ ਪਰ ਡੇਰੇ ਵੱਲੋਂ ਹਾਲੇ ਵੀ ਹੁਕਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਪਰ ਡੇਰੇ ਨਾਲ ਸੰਪਰਕ ਕਰਨ ਦਾ ਯਤਨ ਕੀਤਾ ਪਰ ਹੋ ਨਹੀਂ ਸਕਿਆ।



# ਇੰਸਪੈਕਟਰ ਅਤੇ ਏ.ਐੱਸ.ਆਈ. 6 ਲੱਖ ਰਿਸ਼ਵਤ ਲੈਣ ਦੇ ਦੋਸ਼ ਵਿਚ ਫੜਿਆ



ਪਟਿਆਲਾ-ਵਿਜੀਲੈਂਸ ਬਿਊਰੋ ਨੇ ਸੀ.ਆਈ.ਏ. ਸਮਾਣਾ ਦੇ ਇੰਚਾਰਜ ਪੁਲਿਸ ਇੰਸਪੈਕਟਰ ਵਿਜੇ ਕੁਮਾਰ ਨੂੰ ਰਿਸ਼ਵਤ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਥਾਣਾ ਪਟਿਆਲਾ ਵਿਖੇ 23 ਅਕਤੂਬਰ 2023 ਨੂੰ ਦਰਜ ਕੇਸ ਅਨੁਸਾਰ ਸਹਾਇਕ ਥਾਣੇਦਾਰ ਰਘਵੀਰ ਸਿੰਘ ਉੱਪਰ ਸਮਾਣਾ ਦੇ ਵਸਨੀਕ ਸ਼ੈਂਪੀ ਸਿੰਘ ਵਲੋਂ ਆਨਲਾਈਨ ਸ਼ਿਕਾਇਤ ਕੀਤੀ ਗਈ ਸੀ ਕਿ ਰਘਵੀਰ ਸਿੰਘ ਨੇ ਉਸ ਦੇ ਖ਼ਿਲਾਫ਼ ਥਾਣਾ ਸਮਾਣਾ ਵਿਚ ਦਰਜ ਇਕ ਕੇਸ ਦੀ ਜਾਂਚ ਵਿਚ ਸ਼ਾਮਲ ਹੋਣ ਬਦਲੇ 10 ਲੱਖ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਸੀ ਅਤੇ 27 ਅਪ੍ਰੈਲ 2023 ਨੂੰ 6 ਲੱਖ ਰੁਪਏ ਲੈ ਵੀ ਲਏ ਸਨ ਅਤੇ ਬਾਕੀ 4 ਲੱਖ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ। ਰਘਵੀਰ ਸਿੰਘ ਕੋਲੋਂ ਕੀਤੀ ਪੁੱਛਗਿੱਛ ਪਿਛੋਂ ਇਸ ਕੇਸ ਵਿਚ ਇੰਸਪੈਕਟਰ ਵਿਜੇ ਕੁਮਾਰ ਨੂੰ ਵੀ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ।

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



# ਸਿੱਖ ਸ਼ਕਤੀ, ਭਗਤੀ, ਤਖ਼ਤੀ ਤੇ ਮਸਤੀ

ਭਾਵੇਂ ਪ੍ਰਭੂ ਨੇ ਲੋੜੀਂਦੀ ਸ਼ਕਤੀ ਤਾਂ ਹਰ ਜੀਵ ਜੰਤੂ ਵਿੱਚ ਭਰੀ ਹੈ, ਵਰਤੋਂ ਲਈ ਸੋਝੀ ਭੀ ਦਿੱਤੀ ਹੈ, ਨਾਲ ਹੀ ਅੱਖਰ ਕੋੜੀ ਭੀ ਹੈ, ਕੌਮੀ ਸ਼ਕਤੀ ਤੇ ਜਾਤੀ ਸ਼ਕਤੀ ਵਿੱਚ ਅੰਤਰ ਹੈ, ਵਿਦਵਤਾ ਨਾਲ ਤਾਂ ਕਈ ਅਨਪੜ੍ਹ ਭੀ ਪੀਕਾਸੋ ਬਣਦੇ ਰਹੇ ਹਨ। ਮਹਾਰਾਜਾ ਰਣਜੀਤ ਸਿੰਘ ਨਾ ਵਿਦਵਾਨ ਸੀ ਨਾ ਪੜ੍ਹਿਆ ਪਰ ਸੂਝਵਾਨ ਦਰਜੇ ਦਾ ਹੋਣ ਤੇ ਘੱਟ ਤਾਕਤਵਰ ਮਿਸਲਾਂ ਨੂੰ ਨਾਲ ਰਲ੍ਹਾ ਕੇ ਰਾਜ-ਭਾਗ ਭਾਵੇਂ ਕਿ ਇਹ ਤੱਥ ਅੱਜ ਸਾਡਾ ਲਾਣਾ ਸਾਹਮਣੇ ਲਿਆਉਣ ਨੂੰ ਹੇਠੀ ਮੰਨਕੇ ਦੱਸਣਾ ਨਹੀਂ ਚਾਹੁੰਦਾ ਕਿ ਯੁੱਧ ਅੰਗ੍ਰੇਜ਼ ਤੇ ਫਰਾਂਸ ਦਾ ਕਰਕੇ ਸ਼ੇਰੇ-ਪੰਜਾਬ ਨੇ ਫਰਾਂਸੀਸੀ ਸਾਥ ਮਾਣਿਆ ਤੇ ਅੰਤ ਅੰਗ੍ਰੇਜ਼ ਸੰਸਾਰ 'ਤੇ ਕਾਬਜ਼ ਦੀ ਧਾਂਕ ਫਰਾਂਸੀਸੀਆਂ ਨੇ ਫੈਸਲਾ ਕਰਕੇ ਪਿਛਾਂਹ ਮੁੜਨ ਦਾ ਨਿਰਣਾ ਤੇ ਮਹਾਰਾਜੇ ਨੂੰ ਆਖਿਆ ਕਿ ਫੌਜਾਂ ਮਰਵਾਉਣੀਆਂ ਕੋਈ ਸਿਆਣਪ ਨਹੀਂ ਤੇ ਤਖ਼ਤੀ ਲਿਖ ਮਸ਼ਵਰਾ ਕਰਕੇ ਸ਼ੇਰੇ ਪੰਜਾਬ ਨੂੰ ਭੀ ਅੰਗ੍ਰੇਜ਼ ਸੰਧੀ ਵਿੱਚ ਹੀ ਆਪਣੀ ਸੁਘੜਤਾ ਦੀ ਵਰਤੋਂ ਕਰਨੀ ਪਈ, ਭਾਵੇਂ ਰਾਜ ਦਾ ਡਿੱਗਣਾ ਡੋਗਰਿਆਂ ਸਿਰ ਲੱਗਾ ਪਰ ਅਸਲੀਅਤ ਹੈ ਕਿ ਸ਼ਕਤੀ 'ਤੇ ਅੜੇ ਰਹਿਣਾ ਤਾਂ ਹੋਰ ਤਬਾਹੀ ਹੋਣੀ ਸੀ, ਸਾਰ-ਅੰਸ਼ ਕਿ ਸ਼ਕਤੀ ਦੀ ਸਹੀ ਵਰਤੋਂ ਅਕਲ ਨਾਲ ਹੁੰਦੀ ਹੈ ਨਾ ਕਿ ਪੜ੍ਹਾਈ ਨਾਲ, ਉਦਾਹਰਣ ਤੋਂ ਭਾਵ-ਅਰਥ ਹੈ ਕਿ ਅੱਜ ਸਿੱਖ ਸ਼ਕਤੀ ਨੂੰ ਹੈਂਕੜ ਨਾਲ ਵਰਤ ਕੇ ਕੌਮੀ ਘਾਣ ਦਾ ਹੀ ਮਾਣ ਕਰਦੇ ਹਨ, ਧਰਮ ਭਗਤੀ ਇਕ ਅੜ੍ਹਾ ਹੈ, ਹਿੱਤਾਂ ਲਈ ਸਭ ਹੀ ਦਿਖਾਂ, ਦਿਖਾਵੇ, ਪਹਿਰਾਵੇ ਉਭਾਰੇ ਪਏ ਹਨ, ਅੰਤਰੀਵ ਵਿੱਚ ਤਾਂ ਕੋਈ ਭੀ ਪ੍ਰਮੇਸ਼ਰ ਦੀ ਸ਼ਕਤੀ ਦਾ, ਡਰ, ਭਉ ਭਾਵ ਨਹੀਂ ਹੈ, ਵਿਰੋਧਤਾ, ਵੈਰ ਤੇ ਕਰੋਪ ਨੇ ਮੱਤ-ਹੀਣ ਕਰ ਧਰੇ ਹਾਂ, ਸੁਣ ਸੁਣ ਸਿੱਖਾਂ ਦੀਆਂ ਬੋਲੀਆਂ ਮਨ ਕੌਮੀ-ਪ੍ਰੀਤ ਨਾਲੋਂ ਟੁੱਟਦਾ ਹੈ, ਆਗੂ ਬੇਸ਼ਰੇ, ਬੇਤੁਕੇ ਉਚਾਰਣ ਹੀ ਕਰੀ ਜਾਂਦੇ ਹਨ, ਲੰਮੀ ਸੋਚ ਨਾਲ ਵਿਚਾਰ ਕਰੋ, ਅਕਾਲ ਪੁਰਣ ਨੇ ਮਨੁੱਖ ਨੂੰ ਮੱਤ-ਬੁੱਧ ਵਾਲਾ ਘੜਿਆ ਸੀ, ਮੱਤ-ਹੀਣ, ਬੁੱਧ-ਹੀਣ ਤੇ ਕਮ੍ਹਲਾ ਕਿਸੇ ਭੀ ਬੀਮਾਰੀ ਜਾਂ ਕਾਰਨ ਕਰਕੇ ਬਣਦਾ ਹੈ, ਪਰ ਭੈੜਾ ਲਗੂ ਪੜ੍ਹਨਾ ਕਿ ਸਿੱਖ ਤਾਂ ਅੱਜ ਮਨੁੱਖ ਦੀ ਥਾਂ ਡੱਬੂ ਬਨਣ ਨੂੰ ਬਹਾਦਰੀ ਬਣਾਈ ਬੈਠੇ ਹਨ, ਪਰ ਦੂਜਿਆਂ ਨੂੰ ਬਣਾ ਰਹੇ ਹਨ, ਬੇਅਦਬੀ ਕੋਈ ਨਹੀਂ ਕਰਦਾ ਇਹ ਕਰਵਾ ਕੇ ਤਾਂ ਆਪਣੀ ਪ੍ਰਭਤਾ ਵਧਾ ਕੇ ਦਾਲ ਫੁਲਕੇ ਦਾ ਪ੍ਰਬੰਧ ਤੇ ਚੌਧਰੀਪੁਣੇ ਦਾ ਰਾਹ ਲੱਭਦੇ ਨੇ, ਥਾਂ ਥਾਂ ਜਾ ਕੇ ਗੁਰੂ ਗ੍ਰੰਥ ਚੁੱਕਣੇ ਭਲਾ ਕੀਹਨੇ ਇਨ੍ਹਾਂ ਨੂੰ ਲਾਈਸੈਂਸ ਦਿੱਤਾ ਹੈ ਇਨ੍ਹਾਂ 'ਤੇ ਹਮਲੇ ਦੇ ਕੇਸ ਚੱਲਣ, ਅਕਾਲ ਤਖ਼ਤ ਤੋਂ ਵਿਵਰਜਤ ਹੋਣ, ਪੁਲਸ ਜੇਲ੍ਹੀ ਡੱਕਣ ਦੀ ਥਾਂ ਕਾਲ੍ਹਾ ਪਾਣੀ ਭੇਜਣ ਦੀ ਸਿਫ਼ਾਰਸ਼ ਕਰੇ ਨਾਲੇ ਡਿਬਰੂਗੜ੍ਹ ਨੂੰ ਕਾਲ੍ਹਾ ਪਾਣੀ ਦੱਸਣ ਵਾਲਿਆਂ ਅਸਲੀ ਕਾਲ੍ਹੇ ਪਾਣੀ ਦਾ ਪਤਾ ਲੱਗ ਜੂ ਰਾਹ ਹੀ ਆਹ ਹੈ।

ਚਤੁਰਾਈ ਕਿੰਨੇ ਨਾ ਪਾਇਆ, ਪਰ ਹੁਣ ਤਾਂ ਪਾ ਹੀ ਚਤੁਰਾਈ ਨਾਲ ਹੋ ਰਿਹਾ ਹੈ। ਸੁਣੋ ਇਕ ਪਾਸੇ ਤਾਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਹਦਾਇਤਾਂ ਨਸੀਹਤਾਂ ਤੇ ਧਮਕੀਆਂ, ਦੂਜੇ ਪਾਸੇ ਜੀ ਇਕੱਠੇ ਹੋਵੋ, ਤੀਜੇ ਪਾਸੇ ਅਕਾਲ ਤਖ਼ਤ ਦਾ ਜੋ ਫੈਸਲਾ ਹੋਊ ਜੇਕਰ ਸੰਗਤਾਂ ਯਾਨੀ ਆਹ ਜੋ ਪੰਗਤਾਂ ਬਣੀਆਂ ਨੇ, ਮਨਜ਼ੂਰ ਨਾ ਹੋਇਆ ਤਾਂ ਤਰਥੱਲੀ, ਕੋਈ ਉਹਨੂੰ ਭੰਗ ਕਰਨ ਦੀ ਮੰਗ ਨਹੀਂ ਮਨਸ਼ਾ ਨਹੀਂ, ਹਾਂ ਸਿਮ-ਰਨਜੀਤ ਸਿੰਘ ਮਾਨ ਦੇ ਅਕਾਲੀ ਦਲ, ਹੁਣ ਬੇਅੰਤ ਸਿੰਘ ਜੋ (ਸ਼ਹੀਦ) ਦਾ ਪੁੱਤਰ ਭੀ ਅਕਾਲੀ ਦਲ ਬਣਾਓ, ਰੋਡੇ ਦਾ ਭੀ ਅਕਾਲੀ ਦਲ, ਪਰ ਪਿੰਡਾਂ ਵਿੱਚ ਜਥੇ ਤੇ ਮੈਂਬਰ ਕੇਵਲ ਸ਼੍ਰੋਮਣੀ ਅਕਾਲੀ ਦਲ ਦੇ ਲਈ ਹੀ ਹਨ ਕਿਉਂਕਿ ਇਹੀ ਸੰਸਥਾ ਦੇਸ਼ ਭਰ ਵਿੱਚ ਜਾਣੀ ਜਾਂਦੀ ਹੈ, ਇਹਨੂੰ ਬਦਨਾਮ ਕਰਨ ਲਈ ਆਹ ਯੂ.ਕੇ. ਦੇ ਧਨੰਤਰ ਹੀ ਮਾਨ ਨਹੀਂ, ਸੰਗ ਨਹੀਂ ਕਰਦੇ ਕਿ ਇਹ ਕਦੀ ਕਾਂਗਰਸ ਦੇ ਕਤਲੇਆਮ ਦਾ ਦੁਖਾਂਤ ਨਸ਼ਰ ਕਰਨ, ਪ੍ਰਾਪ-ਤੀ ਤਾਂ ਦੱਸੋ ਕੀ ਹੈ ਅੰਮ੍ਰਿਤਪਾਲੀ ਦੀ, ਸਰਬ-ਜੀਤ ਮਲੋਆ, ਸਿਮਰਨਜੀਤ ਸਿੰਘ ਮਾਨ, ਰੋਡੇ ਪਰਿਵਾਰ, ਮਹੱਤਵਪੂਰਨ ਜਾਣਕਾਰੀ ਭੱਜ ਕੇ ਰੋਡੇ ਪਿੰਡ ਤਾਂ ਜਾ ਵੜਦੇ ਨੇ ਪਰ ਜਸਵੀਰ ਸਿੰਘ ਰੋਡੇ ਵਸਨੀਕ ਜਲੰਧਰ, ਪੁੱਤ ਜਲੰਧਰ, ਸੰਤਾਂ ਦੇ ਦੋ ਸਪੁੱਤਰ ਇਕ ਜਲੰਧਰ ਦੂਜਾ ਵਿਦੇਸ਼, ਪਰ ਵਿਆਹੇ ਦੋਨੋ ਹੁਸ਼ਿਆਰਪੁਰ ਹਾਲੇ ਰੋਡੇ ਰਾਜਧਾਨੀ ਹੈ ਸਿੱਖਾਂ ਦੀ, ਆਹ ਇਥੇ ਬੈਠੇ ਨਿੰਮੋਝੂਣੇ ਨੀ ਹੁੰਦੇ ਕਿਉਂਕਿ ਯੂ: ਟੀਉਬਾਂ ਕਿਵੇਂ ਚੱਲਣਗੀਆਂ, ਕੁਰਬਾਨੀ ਸਾਰੇ ਕਾਮਰੇਡ ਪਿੰਡ ਦੀ ਹੀ ਬਣ ਗਈ ਸਿੱਖ ਤਾਂ ਫੇਰ ਸਾਰੇ ਮੰਦ-ਬੁੱਧੀ ਹਨ, ਜਿਸੇ ਇਹ ਕਿਸੇ ਬੀਮਾਰ ਨੂੰ ਲੱਭ ਕੇ ਮੰਦ-ਬੁੱਧੀ ਨੂੰ ਹੱਲਾਸ਼ੇਰੀ ਬੇਅਦਬੀ ਲਈ ਭੇਜਦੇ ਨੇ ਤੇ ਫੇਰ ਝੱਟ ਆਪ ਪਹੁੰਚ ਜਾਂਦੇ ਨੇ ਭੜਦੋਹਲ ਪਉਣ, ਪੁਲਸ ਭੀ ਕਦੀ ਇਹ ਨਹੀਂ ਸੋਚਦੀ ਕਿ ਇਹ ਕਿਵੇਂ ਖੁਫੀਆ ਵਿਭਾਗ ਹਨ ਜੋ ਝੱਟ ਮੌਕੇ 'ਤੇ ਪਹੁੰਚਦੇ ਨੇ ਕਦੀ ਪਹਿਲਾਂ ਇਨ੍ਹਾਂ ਨੂੰ ਲੰਮੇ ਪਾ ਲੈਣ ਤਾਂ ਭੁੱਟ ਭੁੱਟ ਦੱਸਣਗੇ ਕਿ ਹਾਂ ਅਸੀਂ ਸ਼ਰਾਰਤਾਂ ਕਰਵਾਉਂਦੇ ਹਾਂ ਪਰ ਪੁਲਸ ਨੇ ਕਰਨਾ ਨੀ ਪੁਲਸ ਤਾਂ ਚੁਰਾਸੀ ਵੇਲੇ ਦੀ ਇਨ੍ਹਾਂ ਦੀ ਸਿੱਖੀ ਨੂੰ ਪਰਖ ਚੁੱਕੀ ਹੈ ਕਿ ਇਹ ਤਾਂ ਘਾਣ ਕਰਨ ਵਾਲੇ ਸਨ ਕੌਮ ਦਾ, ਕਤਲੇਆਮ ਕੀਤੇ ਮਸੂਮਾਂ ਦੇ ਰਲ੍ਹਕੇ ਪੁਲਸ ਨਾਲ ਤੇ ਫੇਰ ਬਾਹਰਲੇ ਦੇਸ਼ਾਂ ਦੇ ਪਾਸਪੋਰਟ ਹਾਲੇ ਕਸਰ ਹੈ ਸਬੂਤਾਂ ਦੀ।

ਮਲੇਸ਼ ਖ਼ਾਲਸਾ ਕਿਹੋ ਜਿਹਾ ਸੀ, ਕੋਈ ਵੱਖਰਾ ਪੰਜਾਬ ਵਿੱਚ ਜੀਵਨ ਦੁੱਭਰ ਤਾਂ ਕਰੀ ਜਾਣ ਇਹ ਤਾਂ ਇਥੇ ਭੀ ਸਾਰਾ ਗੰਗਾ ਜਲ ਗੰਧਲਾ ਕਰਨ 'ਤੇ ਨੇ, ਕਿੰਨਾ ਅਫ਼ਸੋਸ ਹੈ ਇਕ ਚੈਨਲ 'ਤੇ ਦੁਹਾਈ ਜੀ ਸਾਡੇ ਚੈਨਲ ਨੂੰ ਸਪੋਰਟ ਕਿਉਂ ਨੀ ਕਰਦੇ, ਕਾਰਨ ਤਰਸ ਤਾਂ ਆਉਂਦਾ ਉਸ ਕਾਰਕੁੰਨ 'ਤੇ ਬੜੀ ਯੋਗਤਾ ਵਾਲਾ ਅਕਲਮੰਦ ਹੈ, ਪਰ ਮੱਤ ਪਤਾ ਨਹੀਂ ਕਿਉਂ ਮਾਰੀ ਪਈ ਹੈ ਜਦੋਂ ਘੁੰਡੀ ਮਰੋੜੋ ਟੈਲੀ ਦੀ ਬੂ: ਬੂ: ਦਿਉ ਦਾਨ, ਆਮ ਸਧਾਰਨ ਲੋਕ ਕਿਉਂ ਦੇਣ ਭਾਈ, ਜਦੋਂ ਤੁਹਾਡੀ ਲਾਈਨ ਲਕਵੇ ਦੀ ਮਾਰੀ ਹੈ, ਇਕੋ ਵਿਚਾਰਧਾਰਾ ਕੋਈ ਆਹ ਅਦਾਰਾ ਕੋਈ ਆਹ ਗੁਰੂ ਘਰ 'ਤੇ ਕਾਬਜ਼ ਕੋਈ ਕਥਾਵਾਚਕ ਤੇ ਕੋਈ ਪ੍ਰੋਗਰਾਮੀ, ਕੋਈ ਪਰਿਵਾਰ ਨੂੰ ਨੌਕਰੀ ਹੀ ਇਹੀ ਹੈ ਕੇਵਲ ਇਕ ਬੰਦਾ ਹੈ ਜੋ ਕੇਵਲ ਸੁਹਿਰਦ ਪ੍ਰੋਗਰਾਮ ਤੇ ਲਾਹੇ ਘੱਟਣ ਤੋਂ ਬਗੈਰ ਦਿੰਦਾ ਹੈ ਬਾਕੀ ਸਭ ਮੁਫ਼ਤ ਖੋਰੇ ਤੇ ਆਪ ਵਿਚਾਰਾ ਸੰਘ ਪਾੜੂ, ਹੁਣ ਆਹ ਪੰਜਾਬ ਤੋਂ ਆਈਆਂ ਕੁੜੀਆਂ ਬਠਾ ਲਈਆਂ, ਕਦੀ ਸੋਚਿਆ ਕਿ ਇਹ ਕਿਉਂ ਇਥੇ ਅਉਣ ਬਗੈਰ ਹੀਲੇ-ਵਸੀਲੇ ਫੇਰ ਭਾਈਚਾਰੇ ਨੂੰ ਨਹੋਰੇ ਕਿ ਤੁਸੀਂ ਮਦਦ ਨੀ ਕਰਦੇ, ਜਦੋਂ ਕਿ ਦੇਸ਼ ਨੂੰ ਲੋੜ ਨੀ, ਨਾਲੇ ਕੀ ਪੰਜਾਬ ਖਾਲੀ ਕਰਵਾ ਕੇ ਤੁਸੀਂ ਹਾਲੇ ਸੇਵਾ ਘੱਟ ਕੀਤੀ ਸੀ ਇਤਿਹਾਸ 'ਤੇ ਵਿਸ਼ਵਾਸ ਕਰਨਾ ਕਠਿਨ ਹੁੰਦਾ ਹੈ ਜਦੋਂ ਪੁਰਾਣੇ ਸਿੱਖਾਂ ਦੀਆਂ ਸ਼ਹਾਦਤਾਂ ਤੇ ਕੁਰਬਾਨੀਆਂ ਬਾਰੇ ਪੜ੍ਹੀਏ ਸੁਣੀਏ ਤੇ ਹੁਣ ਦਿਆਂ ਦੀ ਮੂਰਤ ਦੇਖੀਏ, ਅੱਜ ਕੋਈ ਭੀ ਕੁਰਬਾਨੀ ਕੌਮੀ ਨਹੀਂ ਲੱਗਦੀ, ਨਿੱਜੀ ਹਨ ਬੜੀ ਡੂੰਘੀ ਸੋਚ ਮਗਰੋਂ ਸਮਝ ਆਈ ਕਿ ਉਸ ਵੇਲੇ ਦੇ ਸੁਹਿਰਦ ਤੇ ਵਫ਼ਾਦਾਰ ਸਨ ਸਿੱਖ ਤਾਂ ਹੀ ਪ੍ਰਾਪਤੀਆਂ ਸਾਹਮਣੇ ਹਨ, ਮਲੇਸ਼ ਮਹੰਤ ਤੇ ਅੱਤਂਕਵਾਦੀ ਨਾਲ ਹੁਣ ਵਾਂਗੂੰ ਜੋ ਆਪਣੀਆਂ ਹੁਣ ਟਕਸਾਲਾਂ ਤੇ ਡੇਰੇ ਹਨ ਉਦੋਂ ਇਹ ਮੱਠ-ਮਾੜੀਆਂ ਸਨ ਸਭ ਭਜਾਏ, ਹੁਣ ਸਗੋਂ ਉਹ ਸਿੱਖਾਂ 'ਤੇ ਭਾਰੂ ਹਨ। ਪੁੱਛੋ ਕਿਵੇਂ ਦਮਦਮੀ ਟਕਸਾਲ ਹੋਰ ਨਿੱਜੀ ਟਕਸਾਲਾਂ ਤੇ ਜਥੇਬੰਦੀਆਂ, ਅਖੀਰ ਅਕਾਲ ਤਖ਼ਤ ਦਾ ਜਥੇਦਾਰ ਹੀ ਬਰਾਬਰ ਮੁਕਾਬਲੇ 'ਤੇ ਦੇਖੋ ਕਿਵੇਂ ਜਥੇਦਾਰ ਨੂੰ ਹੁਕਮ ਕਰਦੇ ਨੇ ਜੇਕਰ ਤੂੰ ਬਾਦਲ ਨੂੰ ਤਨਖਾਹ ਤੇ ਸਜ਼ਾ ਨਾ ਲਾਈ ਤੇ ਘਰ ਬੈਠਣ ਤੇ ਪਾਠ ਪੂਜਾ ਲਈ ਨਾ ਕਿਹਾ ਤਾਂ ਪੰਥ ਨੇ ਪ੍ਰਵਾਨ ਨੀ ਕਰਨਾ, ਇਨ੍ਹਾਂ ਭੜਭੂਜਿਆਂ ਨੂੰ ਪੁੱਛੋ ਕਿ ਤਨਖਾਹਾਂ ਤਾਂ ਦਾਦੂਵਾਲ, ਮੰਡ, ਮਾਨ, ਹਵਾਰਾ ਦਲੀਏ, ਅਮਰੀਕ ਸਿੰਘ ਅਜਨਾਲਾ ਜੋ ਭੀ ਜਥੇਦਾਰ ਬਣੇ ਤੇ ਸਾਥੀ ਸਭ ਤਨਖਾਈਏ ਹੋਣ, ਪ੍ਰਚਾਰ ਤੋਂ ਹਟਣ ਘਰੀਂ ਬੈਠਣ ਤੇ ਇਨ੍ਹਾਂ ਦੀਆਂ ਨਿੱਜੀ ਡੇਰੀਆਂ, ਸ਼੍ਰੋਮਣੀ ਕਮੇਟੀ ਹਵਾਲੇ ਇਹ ਹੈ ਹੁਕਮਨਾਮਾ।

**ਚਾਰੇ ਨੈਣ ਕਟਾ-ਵਿਡ ਹੋ ਗੇ, ਸ਼ਾਹਦੀ ਕੀਹਦੀ ਭਰੀਏ ਨਾਰ ਬਗਾਨੀ ਦੀ, ਬਾਂਹ ਨਾ ਮੂਰਖਾ ਫੜੀਏ,** ਭਾਜਪਾ ਨੇ ਪਹਿਲਾਂ ਅਕਾਲੀ ਲਾਲਚੀ ਫੱਟੜ ਕਰਕੇ ਤੋਰੇ ਹੁਣ ਸਬੂਤ ਹੋਰ ਚਾਹੀਦੇ ਨੇ ਕਿ ਸਰਬਜੀਤ ਸਿੰਘ ਮਲੋਆ ਨਾਲ ਅੰਮ੍ਰਿਤਪਾਲ ਬਾਪੂ ਅਮਿਤ ਸ਼ਾਹ ਨੂੰ ਮਿਲਣ ਗਏ ਅਗਲਿਆਂ ਨੂੰ ਇਨ੍ਹਾਂ ਦੀ ਬੁਕਤ-ਕੀਮਤ ਦਾ ਪਤਾ ਹੈ ਕਿ ਕੀ ਹੈ, ਪਿਛੋਕੜ ਦਾਦਾ, ਮਾਤਾ ਐਮ. ਪੀ. ਬਣ ਖੱਟੀਆਂ ਪਿਤਰਮ-ਸੁਲਤਾਨ ਪੂਤ, ਅਸੀਂ ਉਨ੍ਹਾਂ ਦੀ ਔਲਾਦ ਹਾਂ ਬਸ ਪਰ ਅੰਮ੍ਰਿਤਪਾਲ ਦੇ ਪਰਿਵਾਰ ਦਾ ਕੇਵਲ ਖ਼ਾਲਸਾ ਬਰਾਦਰੀ ਮੰਨਣਾ ਪਵੇਗਾ ਕਿ ਅੱਜ ਉਥੇ ਸਿੱਖੀ ਦਾ ਨਹੀਂ ਬਰਾਦਰੀਵਾਦ ਦਾ ਬੋਲਬਾਲਾ ਹੈ, ਇਹ ਕਹਿਣਾ ਹੁਣ ਉਚਿਤ ਨਹੀਂ ਹੈ ਕਿ ਗੁਰੂ ਸਾਹਿਬ ਨੇ ਜਾਤ-ਪਾਤ ਮਿਟਾਈ, ਨਹੀਂ ਭਾਈ ਉਨ੍ਹਾਂ ਤਾਂ ਊਚ-ਨੀਚ ਮਿਟਾਈ, ਬਰਾਬਰਤਾ ਲਿਆਂਦੀ, ਪਰ ਤੁਸੀਂ ਹੁਣ ਬਰਾਬਰਤਾ ਤੋਂ ਉੱਚੇ ਵੱਲ ਤੁਰੇ ਹੋ ਗੁਰੂ ਆਦੇਸ਼ ਉਪਦੇਸ਼ ਨਹੀਂ ਤੁਹਾਨੂੰ ਡੰਨ ਲੱਗਣੇ ਬਣਦੇ ਹਨ, ਕਿਵੇਂ ਮਾਲਵੇ ਵਿੱਚ ਭਾਨਾ ਸਿੱਧੂ, ਪਰਮਿੰਦਰ ਝੋਟਾ ਡਰੱਗਾਂ ਦੇ ਨਸ਼ੇ ਛਡਾਉਣ ਦੇ ਨੇਤਾ ਬਣ ਕੇ ਲੋਕਾਂ ਨੂੰ ਕੁੱਟਣ, ਗੱਲ ਮੁਕਾਬਲੇ ਦੀ, ਦੁਕਾਨਦਾਰੀ ਦੀ ਸੀ, ਆਪ ਨਸ਼ੇ ਦੇ ਮਿੱਤਰ, ਲੱਖਾ ਸਿਧਾਣਾ ਗੈਂਗਸਟਰਾਂ ਦਾ ਰਾਜ ਹੀ ਭੰਡਨ 'ਤੇ ਹੈ ਆਪ ਸਮਾਜਵਾਦੀ ਬਣ ਗਿਆ, ਪਹਿਲਾਂ ਮਨਪ੍ਰੀਤ ਬਾਦਲ, ਫੇਰ ਖਹਿਰਾ ਹੁਣ ਸਿਮਰਨਜੀਤ ਸਿੰਘ ਦਾ ਟਿਕਟੀ, ਗੱਲ ਕੀ ਸੂਬੇ ਦੀ ਤਬਾਹੀ, ਉਧਰ ਫਰੀਦਕੋਟ ਤੋਂ ਸ਼ਹੀਦ ਦਾ ਪੁੱਤਰ ਨੇਤਾ, ਮਾਝੇ ਤੋਂ ਅੰਮ੍ਰਿਤਪਾਲ ਪਰਿਵਾਰ ਖ਼ਾਲਸੇ ਬਾਕੀ ਨਿਖ਼ਾਲਸ, ਪੰਥਕ ਸੀਟਾਂ ਨੂੰ ਭਾਜਪਾ ਨੇ ਨਖਿੱਧ ਬਣਾ ਕੇ ਹੀ ਸਾਹ ਲਿਆ, ਕੀ ਹਾਲੇ ਭੀ ਸਿੱਖ ਲੋਕਾਂ ਨੂੰ ਇਹ ਸ਼ੰਕਾ ਹੈ ਕਿ ਸਰਬਜੀਤ ਸਿੰਘ ਭਾਜਪਾ ਨੇ ਅਕਾਲੀ ਦਲ ਨੂੰ ਮਲੀਆਮੇਟ ਕਰਨ ਨੂੰ ਖੜ੍ਹਾ ਨੀ ਕੀਤਾ ਮਿਲਣ ਗਿਆ ਸ਼ਾਹ ਨੂੰ ਹੋਰ ਕਿੰਨੇ ਕੁ ਐਮ.ਪੀ. ਝੱਟ ਮਿਲਣ ਜਾਂਦੇ ਹਨ ਨਾਲੇ ਸਮਾਂ ਦਿੱਤਾ ਜਾਂਦਾ ਹੈ, ਮੇਰਾ ਤਾਂ ਸੁਝਾਅ ਹੈ ਪੰਜਾਬ ਬਚਾਅ ਲਈ, ਕਾਂਗਰਸ, ਆਮ, ਅਕਾਲੀ ਦਲ ਇਕੋ ਸਾਂਝਾ ਮੁਹਾਜ ਬਣਾ ਕੇ ਪੰਜਾਬ ਭਲਾਈ ਲਈ ਸਮਝੌਤਾ ਕਰ ਲੈਣ, ਆਪੇ ਬੀ.ਜੇ.ਪੀ. ਨੂੰ ਸਮਝ ਆ ਜਾਵੇਗੀ ਨਹੀਂ ਤਾਂ ਸੂਬਾ ਸਾਹਾਂ 'ਤੇ ਹੈ, ਸ਼ੁਕਰ ਖੋਰੇ ਨੂੰ ਸ਼ੁਕਰ ਨਾ ਦਿਉ ਇਹ ਵਾਜਪਾਈਏ ਨਹੀਂ ਮੋਦੀ ਸਾਹਬ ਨੂੰ ਭੀ ਹੁਣ ਦੋ ਜਣੇ ਉਥੇ ਇਕ ਰਾਜਸਥਾਨੀ ਕੋੜੀਆਂ ਸਲਾਹਾਂ ਦੇ ਰਹੇ ਹਨ, ਬਾਕੀ ਇਥੇ ਦੇ ਚੈਨਲਾਂ 'ਤੇ ਪੰਜ ਸੱਤ ਆਪਣੀਆਂ ਕੁਪੰਥਕ ਗਤੀਵਿਧੀਆਂ ਲਕੋਣ ਲਈ ਭਰਾ-ਮਾਰੂ ਜੰਗ ਜੋ ਭਿੰਡਰਾਂਵਾਲਾ ਲਹਿਰ ਰੂਪ ਵਿੱਚ ਚੱਲੀ ਉਚੀ ਚੀਕਾਂ ਮਾਰ ਕੇ ਦਰਦੀ ਬਣਦੇ ਨੇ।

**ਪੰਥਾ ਨਾਲ ਸਾਡੇ ਤੂੰ ਕਿਹੀ ਕੀਤੀ, ਜਿਉਂ ਰੁੱਖਾਂ ਨਾਲ ਪਾਲ੍ਹਾ,** ਅਪਣਿਆਂ ਨੇ ਹੀ ਹਿਦੂ ਘੱਟ ਨੁਕਸਾਨਦੇਹ ਹਨ ਸਿੱਖ ਤਾਂ ਪੱਕੇ ਵੈਰੀ ਹਨ ਕੌਮ ਦੇ, ਸਿੱਖੀ ਨਾਲ ਸਬਰ ਨਹੀਂ ਖ਼ਾਲਸਾ ਅਖਵਾ ਕੇ ਪੰਥ ਨੂੰ ਧੂਣੀ ਵਿੱਚ ਸਿੱਟੋ, ਸਭ ਤੋਂ ਵੱਧ ਡੋਬਾ ਇਸ ਅੱਖਰ ਨਾਲ ਪੈ ਰਿਹਾ ਹੈ, ਜੀ ਅਸੀਂ ਉੱਚੇ ਹਾਂ ਪਰ ਮਾਨਸਿਕਤਾ ਨੀਮੀ, ਅੰਗ੍ਰੇਜ਼ੀ ਵਿੱਚ Inferior complex ਆਖਦੇ ਹਨ। ਜਾਤ ਕੋਈ ਮਨੁੱਖਤਾ ਵਿੱਚ ਘਾਟ ਨਹੀਂ ਸੀ, ਕੇਵਲ ਕਿੱਤਾ-ਵੰਡ ਸੀ, ਪਰ ਸੰਸਾਰ ਪ੍ਰਭੂ ਦੇ ਪਾਏ ਸਨ, ਅਸੀਂ ਉਨ੍ਹਾਂ ਨੂੰ ਨਿਕਾਰ ਕੇ ਆਪਣੀ ਹੂੜ ਮੱਤ ਨਾਲ ਵੱਖਰੇਵੇਂ ਪਾਤੇ, ਹੁਣ ਬੱਸ ਸਿੱਖ ਸੰਸਥਾਵਾਂ ਦਾ ਕੁੰਡਾ ਕਰਨ ਨੂੰ ਖ਼ਾਲਸਾ ਮੰਨੋ, ਬੜੀ ਚਿਰਾਂ ਦੀ ਲਕੋਈ ਬੈਠੀ ਸੀ ਅੰਦਰ ਤੱਥ:-ਸਰਬਜੀਤ ਸਿੰਘ ਮਲੋਆ ਐਮ. ਪੀ. ਫਰੀਦਕੋਟ ਕਾਂਗਰਸ ਭੀ ਪਾੜੇ ਪਉਂਦੀ ਸੀ ਹੁਣ ਭਾਜਪਾ, ਕੁਰਬਾਨੀ ਬੇਅੰਤ ਸਿੰਘ ਦੀ ਕੁਝ ਕਹਾਣੀ ਮੈਨੂੰ ਮੇਰੀ ਸਹੇਲੀ ਜੋ ਆਪ ਬੜੀ ਸਿੱਖ ਮਨ, ਪਤੀ ਕਾਂਗਰਸੀ ਪਰ ਭਾਈਚਾਰੇ ਵਿੱਚ ਅਕਾਲੀ, ਕਹਿੰਦੀ ਦੇਖੀ ਮੈਂ ਸੁਣਦੀ ਸੀ ਗੱਲਾਂ ਕਹਿੰਦੇ ਸੀ (ਉਹਦੇ ਘਰ) ਕਿ ਸਾਰੀ ਸਕੀਮ ਕਿਹਰ ਸਿੰਘ ਨੂੰ ਸਮਝਾਈ ਗਈ ਸੀ ਉਹਨੇ ਇਹ ਨਾਲ ਰਲ੍ਹਾਏ ਇੰਦਰਾ ਮਰਵਾਉਣੀ ਤਾਂ ਪਾਰਟੀ ਨੇ ਸੀ, ਵਸੀਲਾ ਸਿੱਖ ਹੁਣ ਸਮਝ ਲਵੋ, ਮਿੱਤਾਂ ਕਰਕੇ ਰਜਰਵੀ ਇਹ ਨੌਕਰੀ 'ਤੇ ਪਹੁੰਚੇ ਤੇ ਉਹ ਕੀ ਮਾਰਨ ਵਾਲੇ ਸਨ ਫੇਰ ਲਾਹੇ ਲਈ ਐਮ.ਪੀ. ਮਾਂ ਭੀ, ਭੁੱਲੋ ਨਾ ਬਿਮਲਾ ਨੇ ਜੇਠ ਨਾਲ ਵਿਆਹ ਕਰ ਲਿਆ ਸੀ, ਕਿਹਰ ਸਿੰਘ ਦਾ ਪਰਿਵਾਰ ਤਾਂ ਹਾਲੇ 6 ਮਹੀਨੇ ਨੀ ਹੋਏ ਕਹਿੰਦੇ ਨੂੰ ਸਾਨੂੰ ਸ਼੍ਰੋਮਣੀ ਕਮੇਟੀ ਸਹਾਇਤਾ ਦਿੱਤੀ ਹੈ, ਇਹ ਲੋਕ ਤਾਂ ਲਾਹੇ ਲੈਣੇ ਹਨ, ਪੰਥ ਨੂੰ ਆਪੇ ਲੱਗ ਜੂ ਪਤਾ ਜਦੋਂ ਭਾਜਪਾ ਨੇ ਇਨ੍ਹਾਂ ਨੂੰ ਕਾਂਗਰਸ ਵਾਂਗੂ ਵਰਤਿਆ ਸਿੱਖਾਂ ਵਿਰੁੱਧ ਪਰ ਹਾਂ ਇਨ੍ਹਾਂ ਦੀਆਂ ਦੁੱਪੜਾ ਕਾਇਮ ਕੌਮ ਤੋਂ ਇਨ੍ਹਾਂ ਕੀ ਲੈਣਾ, ਜਿਸ ਕੇ ਸਿਰ ਉਪਰ ਤੂੰ ਸੁਆਮੀ ਯਾਨੀ ਜੀਹਦੇ ਸਿਰ ਸਰਕਾਰ ਕਰ ਦੇਣਗੇ ਸੂਬੇ ਨੂੰ ਬਦਕਾਰ, ਹੁੱਬੇ ਫਿਰਦੇ ਨੇ ਜਾਤੀਵਾਦ ਜੀ ਦੋ ਐਮ.ਪੀ. ਸਾਡੇ, ਭੱਠ ਪਿਆ ਸੋਨਾ ਵਾਲੀ ਕਹਾਣੀ ਕਿੰਨੇ ਸਾਲ ਹੋ ਗਏ ਅਕਾਲੀ ਸਰਕਾਰ ਨੂੰ ਹੱਟਿਆਂ, ਤਰੱਕੀ ਤਾਂ ਦਿਖਾ ਦਿਉ ਕੀ ਹੋਈ ਮਗਰੋਂ ਹਾਂ ਕਾਂਗਰਸ ਨੇ ਸੱਤਾ ਦਾ ਨਿੱਘ ਹੁਣ ਭਗਵੰਤ ਮਾਨ ਸਰਕਾਰ ਤੋਏ ਤੋਏ ਬਾਦਲਾਂ ਦੀ ਜਰੂਰ ਤਰੱਕੀ ਹੈ ਝੋਟੀਆਂ ਭੀ ਬੋਲਣ ਲੱਗ ਗਈਆਂ ਜੀ ਬਾਦਲ ਪ੍ਰਕਾਸ਼ ਬਾਦਲ ਯਾਨੀ ਆਹ ਡੋਗਰ ਸਿੰਘ ਨੇ ਕੀਤੀ ਪਾ ਰਹੇ ਹੋ ਚੈਨ ਨਾਲ ਬੈਠਣ ਨੂੰ ਪਲ ਨਹੀਂ ਭਟਕਦੇ ਫਿਰਦੇ ਨੇ ਬੇਅਦਬੀਆਂ ਦੀ ਦੇਣ ਇਨ੍ਹਾਂ ਦੀ ਹੀ ਸੀ ਹਾਲੇ ਭੀ ਹੱਟਦੀ ਨਹੀਂ ਤਜਰਬਾ ਜੋ ਹੈ।

**ਹਮ ਹਰਿ ਸਿਉਂ ਧੜਾ ਕੀਆ,** ਜਿਸਕਾ ਕੋਈ ਸਮਰਥ ਨਾਹੀ, ਪਰ ਵਾਸਤਵ ਵਿੱਚ ਕਰ ਨਹੀਂ ਹੁੰਦਾ,

ਬਾਕੀ ਹਿਸਾ ਸਫ਼ਾ 46 ਤੇ ਪੜ੍ਹੋ

45 ਸਫ਼ੇ ਦੀ ਬਾਕੀ

ਜੇਕਰ ਕੋਈ ਬਹੁਤਾ ਸਿਆਣਾ ਡਮਾਕ ਹੋਵੇ ਉਹਦੇ ਵੈਰੀ ਭੀ ਬਹੁਤੇ ਬਸ ਆਹ ਹੈ ਜੀਵਨ ਤੱਥ ਸੰਸਾਰ 'ਤੇ ਅੱਜ ਸਿਆਣਪ ਤਾਂ ਲਤਾੜੀ ਗਈ ਹੈ। ਵਾਪਰ ਰਹੀਆਂ ਘਟਨਾਮਾਂ ਹਨ ਤਾਂ ਸ਼ਤਾਨ ਦੀ ਕਰਨੀ ਪਰ ਆਪਾਂ ਮਨ ਨੂੰ ਟਿਕਾਉਣ ਲਈ, ਜੀ ਪ੍ਰਮਾਤਮਾਂ ਦਾ ਭਾਣਾ, ਦੇਖੋ ਸਾਡੇ ਆਪਣੇ ਦੇਸ਼ ਵਿੱਚ ਕਿਵੇਂ ਸਰਕਾਰ ਬਦਲੀ ਕਈ ਆਸਾਂ ਭੀ ਸਨ, ਹਨ ਤੇ ਲੱਗਦਾ ਪ੍ਰਧਾਨ ਮੰਤਰੀ ਗਭੇ ਪੱਖੀ ਹੈ ਪਰ ਪਾਰਟੀ ਖੱਬੇ, ਹੁਣ ਉਹਦੇ ਭੀ ਵੈਰੀ ਬਣੇ ਪਏ ਨੇ ਹਾਲੇ ਤਾਂ ਕੋਹ ਨਾ ਚੱਲੀ ਬਾਬਾ ਤਿਹਾਈ, ਕੀ ਮੰਦਭਾਗੀਆਂ ਖ਼ਬਰਾਂ ਨੇ ਕਿਵੇਂ ਮਸੂਮ ਮਾਰੇ ਜਾ ਰਹੇ ਹਨ ਫੇਰ ਆਹ E.D.L. ਨੇ ਖੌਰੂ ਜਾ ਪਾਇਆ, ਮਸੀਤ 'ਤੇ ਹੀ ਧਾਵਾ ਬੋਲ ਧਰਿਆ ਨਾ ਹਾਲੇ ਕੋਈ ਕਾਰਨ ਪਤਾ ਨਾ ਮੁੰਡੇ ਦਾ ਪਤਾ ਕਿ ਕਿਹੜੇ ਧਰਮ, ਵਰਗ ਨਾਲ ਹੈ ਕਿਸੇ ਨੂੰ ਕੋਈ ਹਮਦਰਦੀ ਨਹੀਂ, ਫੋਟੋਆਂ, ਟੀ.ਵੀ. ਪੱਤਰਕਾਰ ਭੱਜੇ ਫਿਰਦੇ ਨੇ ਕੀ ਦੂਜੇ ਦਿਨ ਖੜਦੰਭ ਅਚਾਨਕ ਹੈ, ਨਹੀਂ ਸਭ ਸਾਜਿਸ਼ਾਂ, ਆਪ ਭੱਜ ਕੇ ਹੋਰ ਦੇਸ਼ ਜਾ ਵੜਿਆ ਉਹ ਆਗੂ ਪਰ ਪੁਲਸ ਭੀ ਖੁਫੀਆ ਵਿਭਾਗ ਕੀ ਕਰਦਾ ਸੀ, ਜੋ ਇਹ ਮਸੀਤ 'ਤੇ ਪਹੁੰਚ ਗਏ, ਟੀਅਰ ਗੈਸ ਕਿਉਂ ਨਹੀਂ, ਲੱਗਦਾ ਪ੍ਰਧਾਨ ਮੰਤਰੀ ਨੂੰ ਸੁਨੇਹੇ ਹਨ ਕਿ ਭਲੀਆਂ ਨੀਤੀਆਂ ਵੱਲ ਨਾ ਤੁਰ, ਗਰਮ ਗਰਮ ਵਰਤਾ, ਸ਼ਰੀਫਾਂ ਨੂੰ ਮਰਨ ਦੇ ਭੁੱਖੇ ਟੋਰੀ ਦੌਰ ਨੂੰ ਤਰਸਣ ਦੇਹ ਅਮੀਰਾਂ ਨੂੰ ਪਰ ਲੋਕ-ਹਿੱਤ ਤਾਂ ਸਹਾਈ ਨੀਤੀਆਂ ਹੀ ਹੋਣ, ਭਵਿੱਖ ਬਹੁਤਾ ਪੁਰਾਣੇ ਸਿਸਟਮ ਨਾਲ ਚੱਲਣਾ ਨਹੀਂ, ਲੇਬਰ ਪਾਰਟੀ ਨੂੰ ਭੀ ਸੱਜੇ-ਖੱਬੇ ਦੋਨੋ ਹੱਥ ਬਰਾਬਰ ਦੇ ਮੰਨਣੇ ਹੀ ਲੋਕ-ਪ੍ਰੀਆ ਸਰਕਾਰ ਸਲਾਹੀ ਜਾਵੇਗੀ ਕਾਮਰੇਡੀਆ ਲਾਣਾ ਤਾਂ ਇੱਟ-ਖੜਿੱਕੇ ਦਾ ਹੀ ਹਾਮੀ, ਚੰਗੀਆਂ ਨੀਤੀਆਂ ਭੀ ਸਨ ਟੋਰੀ ਸਰਕਾਰ ਦੀਆਂ, ਅਪਨਾ ਲਉ ਮਾਰੂ ਦੁਰਕਾਰੋ, ਜਿੱਦਾਂ ਕਿੜਾਂ ਨਾਲ ਰਾਜ ਭਾਗ ਚਲਾਉਣੇ ਜਿਮੇ ਕਿ ਭਾਰਤ-ਪੰਜਾਬ ਵਿੱਚ ਅੰਦਰ ਕਰੋ, ਜੇਲ੍ਹਾਂ ਭਾਵੇਂ ਭਰੀਆਂ ਪਈਆਂ ਹੋਣ ਤੇ ਕਚਹਿਰੀਆਂ ਭਰੋ, ਵਕੀਲ ਭਾਵੇਂ ਫਾਈਲਾਂ ਚੁੱਕਣ ਜੋਗੇ ਹੀ ਹੋਣ, ਜੋ ਹਾਲ ਹੈ ਅਸੀਂ ਨਹੀਂ ਚਾਹਾਂਗੇ ਸਾਡੇ ਦੇਸ਼ ਦਾ ਹੋਵੇ, ਲੋਕ ਸੁਖੀ ਮਿਲਾਪ ਭਰੱਪਣ ਰਲ੍ਹ ਕੇ ਰਹਿਣਾ ਸਿਹਤਮੰਦ ਜੀਵਨ ਲਈ ਗਾਡੀ ਰਾਹ ਹੈ, ਰੁਜ਼ਗਾਰ ਹੋਣ ਬੰਦੇ ਆਪੋ ਆਹਰੇ ਲੱਗੇ ਹੋਣ ਤਾਂ ਕਿਵੇਂ ਅਹਾਤ-ਅਹੁਤ ਲਈ ਸਮਾਂ ਹੋਊ, ਕਾਂਗਅਗਿਆਰੀਆਂ ਤਾਂ ਭਾਵੇਂ ਹਰ ਦੇਸ਼ ਹਰ ਵਰਗ ਵਿੱਚ ਰਹਿਣੀਆਂ ਹੀ ਹਨ ਮਲ੍ਹੀਆ ਮੇਟ ਹੋ ਹੀ ਨਹੀਂ ਸਕਦਾ, ਪਰ ਅਫੋਸਸ ਧਰਮ ਹੇਤ ਲੋਕ ਭੀ ਇਸ ਸੋਚਣੀ ਦੇ ਨਹੀਂ ਹਨ, ਉਪਰੋਕਤ ਸਤਰਾਂ ਪੂਰਨ ਤੌਰ 'ਤੇ ਢੁੱਕਦੀਆਂ ਹਨ, ਧਰਮ ਨਹੀਂ ਧੜੇ ਦੇ ਪਾਂਧੀ ਹਾਂ।

**ਸੱਸ ਮੇਰੀ ਨੇ ਗੀਗਾ ਜਾਇਆ ਲੋਕੀ ਦੇਣ ਵਧਾਈ, ਨੀ ਸ਼ਰੀਕ ਜੰਮਿਆ, ਜਾਨ ਮੁੱਠੀ ਵਿੱਚ ਆਈ।** ਸਾਡੀ ਦਸ਼ਾ ਆਹ ਹੈ, ਦਿੱਤੀਆਂ ਦਾਤਾਂ ਨਾਲ ਰੱਜ ਨਹੀਂ ਬੱਸ ਦੂਜੇ ਦੇ ਲਈ ਈਰਖਾ ਸਾੜਾ, ਸਭ ਝੰਜਟਾਂ ਦੀ ਜੜ੍ਹ ਹੈ। ਇਥੇ ਬੈਠੇ ਦੇਖੋ ਕਿਵੇਂ ਪੰਜਾਬ ਵਿੱਚ ਲਾਂਬੂ ਲਵਾਈ ਜਾਂਦੇ ਨੇ, ਜੀ ਸੁਖਬੀਰ ਬਾਦਲ ਦੇ ਪਾਪ, ਪਰਿ-ਵਾਰ ਦੇ ਪਾਪ, ਜੀ ਹਵਨ ਭਲਾ ਕੀ ਸਾਡੇ ਵਰ੍ਹਿਆਂ ਪਹਿਲਾਂ ਵਡੇਰੇ ਹਵਨ ਨਹੀਂ ਸਨ ਸਤਿਕਾਰਦੇ, ਗੁਰੂ ਸਾਹਿਬ ਭੀ ਹਵਨਾਂ ਦੇ ਵਿੱਚੋਂ ਹੀ ਵਿਚਰਦੇ ਸਨ, ਗੱਲ ਕੀ ਭਾਜਪਾ ਨੂੰ ਤਾਂ ਪੰਜਾਬ ਨੂੰ ਨਿਕਾਰਾ ਸੂਬਾ ਬਣਾ ਧਰਨ ਦੀ ਨੀਤੀ ਹੈ ਤੇ ਆਪਣੇ ਸਭ ਚਹੇਤਿਆਂ ਨੂੰ ਇਹੀ ਭਿੱਤੀ ਪੜ੍ਹਾ ਰਹੇ ਨੇ ਪਰ ਰੱਬ ਦੱਬੂ ਸਾਰਾ ਸਮਾਂ ਇਹੀ ਆਖੀ ਜਾਣਾ ਕਾਂਗਰਸ ਨੇ ਕੁਝ ਨੀ ਕੀਤਾ ਤੇ ਅਕਾਲੀ ਦਲ ਬਾਦਲ ਸਰਕਾਰ ਨੇ ਤਾਂ ਲੁੱਟ ਲਿਆ ਬੇੜਾ ਗਰਕ ਕਰਤਾ ਜੋ ਉੱਨਤੀ ਹੋਈ ਤੁਸੀਂ ਕੀਤੀ ਹੈ? ਇਹ ਪਿੱਠੂ ਲੋਕ ਨੇ ਪੰਜਾਬ ਜੋ ਅਸੀਂ ਛੱਡ ਕੇ ਆਏ ਸੀ, ਅੱਜ ਪਛਾਣ ਨੀ ਹੁੰਦਾ, ਸੜਕਾਂ, ਵਪਾਰ, ਕੋਠੀਆਂ, ਆਪਣੇ ਪਿੰਡ ਨੀ ਪਤਾ ਕਿਥੇ ਹਨ, ਸ਼ਹਿਰਾਂ ਨਾਲ ਹੀ ਰੱਲ ਗਏ, ਹਰ ਘਰ ਵਿੱਚ ਹਾਈਜੀਨ ਸਾਧਨ, ਮੋਟਰਾਂ, ਗੈਸ, ਫੇਰ ਭੀ ਭੰਡ ਜੀ ਕੰਗਲਾ ਪੰਜਾਬ, ਅਸਲ ਵਿੱਚ ਇਨ੍ਹਾਂ ਰੋਗੀ ਬੁੱਧ ਤੇ ਮਾੜੀ ਨੀਅਤ ਵਾਲਿਆਂ ਦੀ ਅੰਦਰ ਸੜੇਹਾਂ ਦੇ ਮਾਰਦੀ ਏ, ਚੈਨਲਾਂ 'ਤੇ ਬੈਠੇ ਜੀ ਸਾਡੀ ਲੜਾਈ ਜਰਵਾਣਿਆ ਨਾਲ ਹੈ ਜੀ ਫਲਾਣੇ ਨਾਲ ਹੈ ਦੱਸੋ ਕਿਥੇ ਬੈਠੇ ਨੇ ਤੇ ਗੱਲਾਂ ਕੀ ਕਰਦੇ ਨੇ ਨਾਲੇ ਸ਼ਹੀਦਾਂ ਨੂੰ ਪ੍ਰਣਾਮ ਕਰੋ ਕਿਹੜਿਆਂ ਨੂੰ ਜੋ ਚੁਰਾਸੀ ਦੇਨੇ ਬੱਸ ਜੋ ਇਨ੍ਹਾਂ ਦੇ ਆਪਣੇ ਨੇ ਭਾਵੇਂ ਕਿਵੇਂ ਮਰੇ? ਆਪ ਪੁਲਸ ਨਾਲ ਰਲ੍ਹਕੇ ਮਾਰੇ, ਮਰਵਾਏ, ਪਰ ਸਿਰ ਬਾਦਲਾਂ ਦੇ, ਅਕਾਲੀ ਦਲ ਦੇ ਤੇ ਨਾਲ ਕੇ.ਪੀ.ਐਸ. ਗਿੱਲ, ਸੈਣੀ, ਉਮਰਾਨੰਗਲ ਪਰ ਜਿਹੜੇ ਪੁਲਸ ਵਾਲੇ ਇਨ੍ਹਾਂ ਦੇ ਚੁੰਗਲ ਵਿੱਚ ਸਨ ਸਭ ਪੰਥਕ ਪੁਲਸ ਵਾਲੇ ਨੇ ਚੋਰੀ ਲਿਆ ਕੇ ਹਥਿਆਰ ਦੇ ਦਿੱਤੇ ਤਾਂ ਜਨਰਲ ਲਾਭ ਸਿੰਘ ਬਣਾ ਤਾ ਰੀਸ ਜਿਮੇ ਗੁਰੂ ਸਾਹਿਬ ਨੇ ਲਹਿਣੇ ਤੋਂ ਅੰਗਦ ਹਾਲੇ ਇਹ ਪੰਥਕ ਲਹਿਰ ਸੀ, ਇਸ ਸਾਧ ਟੋਲੇ ਨੇ ਮਾਰ ਤੇ, ਇਹ ਸਾਧ ਲਾਣਾ ਤਾਂ 50 ਕੁ ਸਾਲ ਪਹਿਲਾਂ ਪੰਥਕ ਸਫਾਂ ਵਿੱਚ ਹੁੰਦਾ ਹੀ ਨਹੀਂ ਸੀ, ਸ਼੍ਰੋਮਣੀ ਕਮੇਟੀ ਦੇ ਘੇਰੇ ਵਿੱਚ ਨਹੀਂ ਸਨ, ਫੇਰ ਆਖੋਗੇ ਗਿਆਨੀ ਜੈਲ ਸਿੰਘ ਨੇ ਕੁਝ ਸਿੰਘਾਂ ਨੂੰ ਨਾਨਕ ਨਿਵਾਸ ਲਿਆ ਕੇ ਪੰਥ ਦੀਆਂ ਜੜ੍ਹਾਂ ਵਿੱਚ ਤੇਲ ਦਿੱਤਾ, ਸਭ ਧਾਰਮਿਕ ਰਹੁ-ਰੀਤਾਂ ਦਾ ਘਾਣ ਕਾਂਗਰਸ ਤੇ ਕਾਮਰੇਡ ਇਕੋ ਨੇ ਘੁਸਪੈਠ ਤੇ ਧਰਮ ਦਾ ਧਰੁਵੀਕਰਨ ਕਰਵਾ ਤਾ, ਹੁਣ ਪੁਰਾਣੇ ਪੰਥ-ਹਿਤੈਸ਼ੀ ਤਾਂ ਘੱਟ ਗਏ ਇਹ ਦੜੰਗੇ ਲਉਣੇ ਭਾਰੂ, ਵਿਦੇਸ਼ੀ ਭੀ ਘੁੰਗਰੂ ਪਾਈ ਅਊ ਦਿਖਾਉਂਦੇ ਨੇ।

ਕਿਧਰੇ ਲੁਕੇ ਛਿਪੇ ਹਿਰਦੇ ਵਿੱਚ ਧਾਰਮਿਕ ਅੰਸ਼ ਹੈ, ਮੈਂ ਬੜੇ ਵਰ੍ਹਿਆਂ ਦੀ ਦੁਹਾਈ ਪਾ ਰਹੀ ਸੀ ਕਿ ਕੀਰਤਨ-ਸ਼ਬਦਾਂ ਦਾ ਹੁੰਦਾ ਸੀ ਅਤੇ ਸੁਰਤ ਸੰਭਲਦੇ ਸੁਣਦੇ ਆਏ ਕਿ ਲਗਾ ਮਾਤਰ ਕੰਨਾਂ ਲੱਗ ਹੀ ਨਹੀਂ ਸੀ ਸਕਦਾ, ਪਰ ਜਿਉਂ ਹੀ ਡਰ ਲਹਿ ਗਿਆ, ਕੀਰਤਨੀਏ ਨਿਸ਼ੰਗ ਹੋ ਗਏ, ਸ਼ਬਦ-ਕੀਰਤਨ ਵਿੱਚ ਸਾਹ ਲੈਣ ਲਈ ਵਾਹਿਗੁਰੂ ਹੀ ਜਪਣ ਲੱਗ ਪਏ, ਫੇਰ ਅੱਡ ਸਿਮਰਨ ਅਰੰਭ ਤਾ ਪਰ ਇਹ ਰਟਣ ਨਾ ਹਟੀ, ਅੰਤ ਕੀਰਤਨੀਏ ਕਲਾਕਾਰ ਬਣ ਬੈਠੇ, ਐਕਟਿੰਗ ਦੇ ਢੰਗ, ਪਰ ਕੋਈ ਸ਼੍ਰੋਮਣੀ ਕਮੇਟੀ ਨੇ ਨੋਟਿਸ ਨਾ ਲਿਆ ਕਾਰਨ ਉਥੇ ਇਨ੍ਹਾਂ ਦੀ ਮੇਹੜ ਬੈਠੀ ਹੈ, ਮੈਂ ਬੜੀ ਪ੍ਰਸੰਨ ਹੋਈ ਜਦੋਂ ਦਿੱਲੀ ਗੁਰਦੁਆਰੇ ਪੂਰਨ ਸਿੱਖ ਦਾੜ੍ਹੀ ਸੰਭਾਲੀ ਪ੍ਰਭਾਵਸ਼ਾਲੀ ਤਕਰੀਰ ਕਹਿੰਦਾ ਜੀ ਕੀਰਤਨੀਏ ਕੀਰਤਨ ਕਰਨ, ਕਲਾਕਾਰ ਨਹੀਂ ਤੇ ਜਾਪ ਜਾਂ ਸਿਮਰਨ ਦਾ ਘੰਟਾ ਅੱਡ ਰੱਖੋ ਪਰ ਕੀਰਤਨ ਵਿੱਚ ਆਹ ਰਲਾਵਟਾਂ ਵਰਜਤ ਹੋਣ ਕੀ ਮੰਨਿਆ ਜਾਵੇਗਾ? ਇਹ ਹੁਣ ਦੇ ਪ੍ਰਬੰਧਕ ਧਰਮ ਦੇ ਧਨੀ ਤਾਂ ਹਨ ਨਹੀਂ ਇਹ ਧੰਨ ਦੇ ਧਨੀ ਤੇ ਲਹਿਰ ਦੇ ਪੈਰੋਕਾਰ, ਦਹਿਸ਼ਤ-ਮਾਹਰ ਕਬਜ਼ੇ ਕਰਨੇ ਫੇਰ ਹੋਰ ਕਤਲੋਗਾਰਤਾਂ ਦੇ ਹਾਮੀ, ਉਧਰ ਸ਼੍ਰੋਮਣੀ ਕਮੇਟੀ ਸੋਧੇ ਦੀ ਹੀ ਧਾਰਨੀ ਬਣ ਬੈਠੀ, ਕੀ ਇਹ ਧਾਰਮਿਕ ਧਾਰਾ ਹੈ ਜਾਂ ਇਕ ਅਤੰਕਵਾਦੀ ਬੋਲੀ, ਸੋਧ ਤਾਂ ਸਧਾਰ ਸੀ, ਕਾਤਲਾਂ ਨੂੰ ਭੀ ਸਨਮਾਨਤ ਕਰਨਾ ਧਰਮ ਪ੍ਰਥਾ ਨਹੀਂ ਮੰਨੋ ਜਾਂ ਨਾ ਮੰਨੋ ਆਵਾ ਊਤ ਗਿਆ, ਸਿੱਖ ਸਿੱਖ ਨਹੀਂ ਰਹੇ ਦੰਗੜੀਏ ਨੇ ਭਲੇ ਦੀ ਆਸ ਤਾਂ ਘੱਟ ਹੀ ਪਰ ਬਖ਼ਸ਼ੀ ਮੌਲਾ ਸਾਨੂੰ ਕਿਵੇਂ ਸੰਗਤ ਅੱਖਰ, ਕਕਾਰਾਂ, ਸ਼ਸਤਰਾਂ ਦਾ ਆਸਰਾ ਲੈ ਕੇ ਜੀ ਪੰਗਤ ਵਿੱਚ ਬੈਠੋ ਤੱਪੜਾਂ 'ਤੇ ਬੈਠ ਕੇ ਲੰਗਰ ਛਕੋ, ਕੁਰਸੀਆਂ ਮਰਿਯਾਦਾ ਨਹੀਂ, ਜਰਾਬਾਂ ਭੀ ਹੁਣ ਮਰਿਯਾਦਾ ਵਿੱਚ ਆ ਗਈਆਂ, ਪਰ ਪਤਾ ਨਹੀਂ ਕਿਹੜੇ ਖ਼ੂਨ ਚੂਸ, ਧੰਨ ਨਾਲ ਧਰਮਾਂ ਦੇ ਦੁਆਰੇ, ਸੋਨਾ ਧਰਮ ਚਮਕਾ ਰਿਹਾ ਹੈ ਇਨ੍ਹਾਂ ਨੂੰ ਗੁਰੂ ਨੇ ਉਸ ਧਨ ਨਾਲ ਗੁਰੂ ਘਰਾਂ ਦੀ ਸੇਵਾ ਬਖ਼ਸ਼ੀ ਹੈ ਪਰ ਮੇਰਾ ਨਿਰਣਾ ਕਿ ਇਹ ਅਡੰਬਰ ਪਾਪ ਚੜ੍ਹਾ ਰਿਹਾ ਹੈ ਕੌਮ ਸਿਰ ਤਾਂ ਹੀ ਭਟਕਣ ਹੈ ਪਰ ਫਲ ਕੋਈ ਨਹੀਂ ਇਹ ਧਰਮ ਨੂੰ ਵਰਤ ਰਹੇ ਹਨ ਅਪਣੀ ਪ੍ਰਭਤਾ ਲਈ ਚਰਨੀ ਮੱਥੇ ਲੰਗਰ ਨੂੰ ਇਨ੍ਹਾਂ ਤੋਂ ਭੋਗ ਪਰ ਲੋਕੀ ਬਾਂਵਰੇ ਹੋਏ ਫਿਰਦੇ ਨੇ ਜੀ ਇਥੇ ਬੱਸ ਰਾਮ-ਰਾਮ ਹੀ ਹੁੰਦਾ ਹੈ ਕੋਈ ਸਿਆਸਤ ਦੀ ਗੱਲ ਨਹੀਂ ਹੁੰਦੀ ਸਿਆਸਤ ਤਾਂ ਗੁਰੂਆਂ ਵੇਲੇ ਭੀ ਵਿਵਰਜਤ ਨਹੀਂ ਇਤਿਹਾਸ ਫੋਲੋ ਪਰ ਹੁਣ ਨਵੇਂ ਧਰਮ ਦੇ ਪ੍ਰਚਾਰਕ ਹਨ, ਸਮਾਗਮਾਂ ਦੀ ਸ਼ੁਰੂਆਤ ਵਪਾਰੀ ਵਰਗ, ਇਹ ਇਕ ਅੱਡ ਦੀ ਬਰਾਦਰੀ ਹੈ ਹਾਲੇ ਸਿੱਖ ਇਕੋ ਹੀ ਹਨ ਸੇਵਕ ਸੁਸਾਇਟੀ ਭੀ ਪਿੱਛੇ ਨਾ ਰਹੋ, ਔਰ ਧੱਫੇ ਸ਼੍ਰੋਮਣੀ ਅਕਾਲੀ ਦਲ ਦੇ, ਸ਼ਾਬਾਸ਼ੇ।

ਸਾਥ ਨਾਲ ਪੰਥ ਸੌਖਾ, ਹਾਣ ਬਿਨਾ ਮਨ ਔਖਾ, ਪਰਚਾ ਪੂਰੇ ਦਿਨ ਲਈ ਤਾਂ ਭੋਜਨ ਤੇ ਬਾਕੀ ਸਪਤਾਹ ਵਿੱਚ ਤਾਂ ਸਾਥੀ, ਬੀਤੇ ਸਮੇਂ ਪੜ੍ਹਨ ਦੀ ਲਗਨ ਹੁੰਦੀ ਸੀ ਭਾਵੇਂ ਉਦੋਂ ਭੀ ਰੇਡੀਉ, ਡਰਾਮੇ, ਮੇਲੇ, ਮੈਚ, ਖੇਡਾਂ, ਤਿਹਾਰ ਤਾਂ ਸਨ ਪਰ ਕੋਈ 15 ਕੁ ਸਾਲਾਂ ਤੋਂ ਦੇਸੀ ਚੈਨਲੀਆਂ ਨੇ ਤਾਂ ਧਰੁਵ ਹੀ ਪੱਟ ਤਾ ਪਹਿਲਾਂ ਲੋਕੀ ਧਾਅ ਕੇ ਪਰਚੇ ਮੁੱਲ ਲੈਣ ਜਾਂਦੇ ਸਨ ਹੁਣ ਲਗਨ ਹੀ ਹਟਾ ਤੀ ਬੱਸ ਚੈਨਲ 'ਤੇ ਅਵਾ ਤਵਾ ਹੀ ਆਦਤਾਂ ਬਣ ਗਈਆਂ, ਹਾਂ ਜੋ ਲੇਖਕ ਕਵੀ ਭੀ ਹਨ ਉਹ ਭੀ ਜੋ ਇਨ੍ਹਾਂ 'ਤੇ ਜਾਂ ਸੋਸ਼ਲ ਮੀਡੀਏ 'ਤੇ ਝੂਠ ਤੁਫਾਨ ਸੁਣਦੇ ਨੇ, ਅੰਤਰੀਵ ਵਿੱਚ ਤਾਂ ਪਤਾ ਹੁੰਦਾ ਹੈ ਇਹ ਪ੍ਰਾਪੇਗੰਡਾ ਹੈ **ਪਰ ਨਾਲ ਨਾਲ ਚੱਲੇ ਨੀ ਗਰਧਾਰੀ ਲਾਲ, ਆਪਣੇ ਮਨ ਕੀ ਬਾਤ ਨਹੀਂ ਕਰਦੇ ਕੰਨੀ ਕੁਤਰਾਉਂਦੇ ਹਨ** ਡਰਦੇ ਭੀ, ਬਿਲਕੁੱਲ ਸਿਹਤ ਲਈ ਸੱਚ ਹੀ ਗੁਣਕਾਰੀ ਹੈ, ਇਹ ਸੱਚ ਹੈ ਚਾਰ ਫੁੱਟ ਤੋਂ ਸੱਤ ਫੁੱਟ ਦੇ ਸਰੀਰ ਵਿੱਚ ਸਭ ਅੰਗ ਆਪਣੀ ਥਾਂ ਮਹੱਤਤਾ ਪੂਰਬ ਪਰ ਗੱਡੀ, ਜਹਾਜ, ਕਾਰ ਆਦਿ ਜਿੰਨੇ ਮਰਜ਼ੀ ਹੀ ਵੱਡੇ ਹੋਣ ਇੰਜਨ ਬਿਨਾ ਖੜ੍ਹੇ ਇਸੇ ਤਰ੍ਹਾਂ ਨਿੱਕਾ ਜਿਹਾ ਪੁਰਜਾ ਖੋਪੜ ਵਿੱਚ ਡਮਾਕ ਇੰਜਣ ਹੈ, ਇਹ ਵਡਿਆਈ, ਚੰਗਿਆਈ ਤੇ ਬਹੁਤ ਖ਼ੂਬੀ ਦੀ ਕਾਢ ਕਰਕੇ ਨਾਮਣਾ ਭੀ ਖੱਟਦਾ ਹੈ ਤੇ ਧੌਲੇ ਭੀ ਖੁਆ ਦਿੰਦਾ ਹੈ, ਮਾੜਾ ਕੰਮ ਖੋਪੜ ਵਿੱਚ ਇੰਜਨ ਦੇ ਖੋਸੜੇ ਭੀ ਮਰਵਾ ਦਿੰਦਾ ਹੈ। ਹੁਣ ਇਸੇ ਸੰਦਰਭ ਵਿੱਚ ਆਪਾਂ ਪਰਚੇ ਦੀ ਪੜਚੋਲ ਕਰੀਏ, ਬੜੇ ਵਧੀਆ ਸਮਾਜੀ, ਭਾਈਚਾਰਕ ਸੁਧਾਰਕ ਤੇ ਸਿਆਸੀ ਵਿਚਾਰ ਮਿਲਦੇ ਹਨ ਸਹਿਮਤੀ ਅਸਹਿਮਤੀ ਆਪਣੀ ਹੈ, **ਪਰ ਕਲਮ ਫੜਕੇ ਕੁਫਰ ਤਕੜੀ ਫੜਕੇ ਘੱਟ ਤੋਲੋ, ਪਾਸਕੂ ਤੇ ਧਰਮ ਦੁਆਰੇ ਵਿੱਚ ਬੈਠ ਬੁਰਾ ਚਿਤਵੋ ਮਨੁੱਖੀ ਫਿਤਰਤ ਹੈ ਤਾਂ ਪਰ ਪ੍ਰਵਾਣਤ ਨਹੀਂ,** ਪਹਿਲਾਂ ਆਪਾਂ ਨਵਾਂ ਵਿਸ਼ਾ ਕਿ ਗੁਰੂ ਘਰਾਂ ਦੇ ਨਿਸ਼ਾਨ ਸਾਹਬ ਦੇ ਹੁਣ ਚੋਲ੍ਹੇ ਰੰਗ ਬਦਲੇ ਜਾਣ ਪਹਿਲਾਂ ਬਿਲਕੁੱਲ ਪੀਲਾ ਰੰਗ ਹੁੰਦਾ ਸੀ ਬਸੰਤੀ ਨਹੀਂ ਥੋੜ੍ਹਾ ਫਰਕ ਹੈ ਹੌਲੀ ਹੌਲੀ ਕੱਪੜਾ ਵਪਾਰੀਆਂ ਤੇ ਡੇਰੇ ਦੇ ਸਾਧਾਂ ਨੂੰ ਹਿੰਦੂ ਭੀ ਪੈਰੋਕਾਰ ਬਨਾਉਣ ਤੇ ਸਰਕਾਰਾਂ ਤੋਂ ਟਊਣੇ ਨੇ ਭੇਗਵਾਂ ਬਣਾ ਤਾ, ਮੈਂ ਧਾਰਮਿਕ ਵਿਅਕਤੀ ਨਹੀਂ ਵਿਸ਼ਵਾਸੀ ਹਾਂ ਪਰ ਨੁਕਤਾਚੀਨੀ ਦਲੀਲ ਵਿੱਚ ਭੀ ਜਾਨ ਹੈ ਕਿ ਹੁਣ ਕਿਉਂ ਬਦਲਿਆ ਦੂਜਾ ਸਾਬਕਾ ਜਥੇਦਾਰ ਮਨਜੀਤ ਸਿੰਘ ਦਾ ਹੁਣ ਉਭਰਨਾ ਨਾ ਤਾਂ ਯੋਗਤਾ ਸੀ ਨਾ ਹੀ ਪ੍ਰਭਾਵਸ਼ਾਲੀ ਸਿਫਾਰਸ਼ੀ ਜਦੋਂ ਲਾਹ ਤਾ ਆਦਤਨ ਹੀ ਸਾਰੇ ਜਥੇਦਾਰ ਮੁਕਤ ਹੋ ਕੇ ਧਨ ਹੁੰਝਣ ਤੇ ਮਨਜੀਤ ਸਿੰਘ ਨੂੰ ਪੁੱਛੋ ਕਿ ਤੈਨੂੰ ਬਰਮਿੰਘਮ ਮਰਿਯਾਦਾ ਵਿਰੁੱਧ ਸਵਾਲ 'ਤੇ ਘੇਰਿਆ ਸੀ, ਹੁਣ ਨਿਊਜ਼ੀਲੈਂਡ ਵਾਲੇ ਜੋ ਤੈਨੂੰ ਰਜ਼ਾ ਕੇ ਪੈਸਾ ਦਿੰਦੇ ਸਨ ਉਨ੍ਹਾਂ ਤੋਂ ਸੁਣ ਲੈਣ ਫੇਰ ਬਿਆਨ ਦਾਗੀਂ।


**ਹੋਰ ਦੇਖੋ ਪੰਥ ਪ੍ਰਸਤੀ ਨਵੇਂ ਚੁਣੇ ਐਮ.ਪੀ. ਰੋਡੇ ਪਰਿਵਾਰ ਨੂੰ ਨਾਲ ਲੈ ਕੇ ਪੰਥ ਦੀ ਵਾਗਡੋਰ ਸੰਭਾਲਣਗੇ,** ਇਕ ਕਾਂਗਰਸ ਰਾਜ ਵੇਲੇ ਦੇ ਅਫ਼ਸਰ ਉਜਾਗਰ ਸਿੰਘ ਲੇਖ ਹਰ ਟਾਈਮ ਹੀ ਪੰਥ ਵਿਰੋਧੀ, ਪੈਨਸ਼ਨ ਜੋ ਰਾਜ ਭਾਗ ਵਾਲਿਆਂ ਦੀ ਏ, ਸ਼੍ਰੋਮਣੀ ਅਕਾਲੀ ਦਲ ਦੀ ਬਦਖੋਹੀ ਇਸ ਭੱਦਰ ਪੁਰਸ਼ ਨੂੰ ਇੰਨਾ ਨਹੀਂ ਪਤਾ ਕਿ ਚੋਣ ਪ੍ਰਣਾਲੀ ਵਿੱਚ ਧਾਰਾ ਹੈ ਕਿ ਤੁਸੀਂ ਧਾਰਮਿਕ ਕੇਵਲ ਇਕ ਸ਼੍ਰੇਣੀ ਨੂੰ ਲੈ ਕੇ ਚੋਣ ਨਹੀਂ ਲੜ ਸਕਦੇ ਤਾਂ ਦੂਜੇ ਧਰਮ, ਜਾਤੀ ਭੀ ਨਾਲ ਰਲਾਉਣੀ ਸ਼ਰਤ ਹੈ ਤਾਂ ਪੰਜਾਬੀ ਪਾਰਟੀ ਦਾ ਸ਼ੁਮੇਲ ਬਾਕੀ ਲੇਖ ਆਪਣੇ ਵਿਸ਼ੇ 'ਤੇ ਠੀਕ ਹਨ, ਰਹੀ ਗੱਲ ਅਜੋਕੀ ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਪਹਿਲਾਂ ਕਿੰਨੇ ਹਨ ਇਕ ਦੋ ਹੋਰ ਬਣ ਜਾਣਗੇ ਤਾਂ ਕਿਹੜਾ ਅੰਬਰ ਡਿੱਗ ਜਾਊ, ਬੱਸ ਹਾਂ ਸਿੱਖ ਸ਼ਕਤੀ ਨਿਰਬਲ ਵਿਰੋਧੀ ਬੱਲੇ ਬੱਲੇ ਕਰਨਗੇ ਪਰ ਸਭ ਨੂੰ ਖੈਰ ਪਉਂਦਾ ਹੈ, ਸਭ ਕੀਤਾ ਪਉਣਗੇ ਤੁਹਮਤਾਂ ਵਾਲੇ ਇਥੇ ਹੀ ਸਜ਼ਾਵਾਂ ਕੱਟ ਕੇ ਗਏ ਨੇ, ਪੰਜਾਬ ਵਿੱਚ ਭਾਜਪਾ ਦੇ ਨੇ ਸਾਰੇ ਕਾਰੇ, ਪਹਿਲਾਂ ਕਾਂਗਰਸ ਫੇਰ ਆਪ ਹੁਣ ਇਹ ਦੇਖੋ ਊਠ ਦੇ ਬੁੱਲ, **ਕੱਟੇ ਦੇ ਭਲੇਖੇ ਛੜਾ ਜੇਠ ਕੁੱਟ ਤਾ, ਅਗਲਾ ਜਾਇਦਾਤ ਫੂਕ ਦੂ ਤੁਰੇ ਫਿਰਿਓ,** ਖੋਪੜ 'ਤੇ ਹੱਥ ਮਾਰੋ ਸਿੱਖੋ 47 ਵੇਲੇ ਵੱਢ ਵਢਾ ਕੇ ਕਰਕੇ ਕੀ ਲਿਆ, ਕਾਂਗਰਸ ਦੇ ਡੱਸੇ ਤਾਂ ਤੰਦਰੁਸਤ ਹੋ ਗਏ ਭਾਵੇਂ ਕਿ ਪੰਜਾਬ ਨੂੰ ਤਿੰਨ ਸੂਬਿਆਂ ਵਿੱਚ ਵੰਡ ਫੇਰ ਭਿੰਡਰਾਂਵਾਲੇ ਲਹਿਰ ਪਹਿਲਾਂ ਸਿੱਖ ਕਤਲੇਆਮ ਫੇਰ ਬਾਹਰ ਭਜਾਊ ਪੰਜਾਬ ਖਾਲੀ ਕਰਵਾਉ ਸਿੱਖ ਵਸੋਂ ਘਟਾਉ ਹੁਣ ਕਾਂਗਰਸੀ ਸਿੱਖਾਂ ਨੂੰ ਭੀ ਚਿੰਤਾ ਤਾਂ ਕੋਈ ਬਣਦੀ ਹੀ ਹੈ ਜਦੋਂ ਝੋਪੜੀਆਂ ਬਣਾ ਪ੍ਰਵਾਸੀ ਵਾੜੇ ਸ਼੍ਰੋਮਣੀ ਅਕਾਲੀ ਦਲ ਨੂੰ ਠਿੱਬੀਆਂ ਲਉਂਦੇ ਲਉਂਦੇ ਸਾਰੇ ਹੀ ਕੁੱਬ ਨਾ ਪੁਆ ਬੈਠਿਓ, ਸੋਚੋ **ਆਪਣਾ ਮਾਰੂ ਛਾਮੇ ਸਿੱਟੂ,** ਇਹੀ ਦਿੱਲੀ ਵਾਲਾ ਕੋਈ ਭੀ ਪੰਜਾਬ ਦਾ ਸਕਾ ਨਹੀਂ ਆਹ ਕੇਵਲ ਸਿੰਘ ਅਗਿਆਨੀ ਸ਼ਤਾਨੀ ਭਸੂੜੀਆਂ ਪਉਣੇ ਜਾਤ ਦਿਖਾਉਂਦੇ ਨੇ ਕਿ ਕੀ ਸਨ ਇਹ, ਕੌਮੀ ਇਨਸਾਫ ਤੇ ਅਖੰਡ-ਪਾਠ ਬੱਸ ਆਹ ਕੰਮ ਨੇ ਇਨ੍ਹਾਂ ਦੇ ਘਰਾਂ ਵਿੱਚ ਤਾਂ ਗੁਰੂ ਗ੍ਰੰਥ ਸਾਹਿਬ ਵਿਵਰਜਤ ਜੀ ਸ਼ੁੱਧ ਨਹੀਂ ਹਨ ਪਰ ਜਿਥੇ ਘੋੜਿਆਂ ਦੀ ਲਿੱਧਾਂ ਹੋਣ ਸ਼ੁੱਧ ਹੈ ਇਹ ਕਿਉਂ ਕਰਦੇ ਨੇ ਪਾਠ ਬਗੈਰ ਨੀ ਹੁੰਦਾ ਗੁਰੂ ਘਰ ਕਾਹਦੇ ਲਈ ਹਨ ਤਲਬ ਹੋਣ ਇਹ ਮੋਰਚੀਏ ਯੂ.ਕੇ. ਵਿੱਚ ਮੇਲੇ, ਮੈਚ, ਤੀਆਂ ਮਨ ਪ੍ਰਚਾਵੇ, ਮੇਲ ਮਿਲਾਪ ਬੜੇ ਚੰਗੇ ਉਪਰਾਲੇ ਹਨ ਜਰੂਰ ਕਰੋ ਲੇਖਕ ਜੋਗੀ ਕੁਸਾ/ਪਹਿਲਾਂ ਅਸ਼ਲੀਲ ਭਾਸ਼ਾ ਹੁੰਦੀ ਸੀ, ਬੋਲੀ ਤੇ ਭਾਸ਼ਾ ਅੱਭਰੀਆਂ, ਗਾਲ੍ਹਾਂ ਤਾਂ ਕੱਢੀ ਜਾਵੋ ਪਰ ਲਿਖ ਨੀ ਸਕਦੇ ਹੁਣ ਸਮਾਜੀ ਮੂਰਤ ਲਈ ਲੜੀਵਾਰ ਨਾਵਲ ਸ਼ਲਾਘਾਯੋਗ ਨੇ ਅਮਰੀਕੀ ਸ਼ੇਰ ਸਿੰਘ ਕੰਵਲ, ਕੰਵਲ ਕਿ ਕਮਲ ਵੱਲੋਂ ਜਥੇਦਾਰ ਨੂੰ ਪੱਤਰ, ਲਾੜੇ ਦੀ ਤਾਈ ਸਾਡੇ ਚਾਚੇ ਜਸਵੰਤ ਦਾ ਗੁੱਸੇ ਵਿੱਚ ਬੋਲ ਹੁੰਦਾ ਸੀ **ਬੁਥਾੜਾ ਤਾਂ ਨੀ ਭਨਾਉਣਾ,** ਕਈ ਲੋਕ ਬਿਨ ਟਿਕਟੋਂ ਹੀ ਸਵਾਰ ਇਹ ਬਾਹਰ ਬਿੱਲੇ ਪੰਜਾਬੀਆਂ ਦੀਆਂ ਧੌਣਾਂ ਭਨਾਉਣਗੇ, ਸਾਵਧਾਨ ਰਹੋ, ਸ਼ੁਭ ਇਸ਼ਾਵਾਂ ਖ਼ੁਸ਼ ਰਹੋ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

* * * * * * *

# ਪਹਿਲਵਾਨ ਵਿਨੇਸ਼ ਫੋਗਾਟ ਕੁਸ਼ਤੀ ਦੇ ਫਾਇਨਲ ਵਿੱਚ ਪੁੱਜੀ

## ✪ ਭਾਰਤੀ ਹਾਕੀ ਟੀਮ ਸੈਮੀਫਾਈਨਲ ਜਰਮਨ ਤੋਂ ਹਾਰੀ






ਦਿੱਲੀ-ਪੈਰਿਸ ਓਲੰਪਿਕ ਦੇ ਗਿਆਰਵੇਂ ਦਿਨ ਬੀਤੇ ਸੋਮਵਾਰ ਨੂੰ ਭਾਰਤੀ ਮਹਿਲਾ ਭਲਵਾਨ ਵਿਨੇਸ਼ ਫੋਗਾਟ ਨੇ ਜਿੱਥੇ ਫਾਇਨਲ ਵਿੱਚ ਥਾਂ ਬਣਾਈ ਉੱਥੇ ਜੈਵਲਿਨ ਵਿੱਚ ਟੋਕੀਓ ਦੇ ਸੋਨ ਤਗਮਾ ਵਿਜੇਤਾ ਨੀਰਜ ਚੋਪੜਾ ਨੇ ਫਾਇਨਲ ਲਈ ਕੁਆਲੀਫਾਈ ਕਰ ਲਿਆ। ਪਰ ਭਾਰਤੀ ਹਾਕੀ ਲਈ ਖ਼ਬਰ ਚੰਗੀ ਨਹੀਂ ਰਹੀ, ਭਾਰਤੀ ਹਾਕੀ ਟੀਮ ਸੈਮੀਫਾਇਨਲ ਵਿੱਚ ਜਰਮਨੀ ਹੱਥੋਂ ਹਾਰ ਗਈ।

### ਫੋਗਾਟ ਦਾ ਸ਼ਾਨਦਾਰ ਪ੍ਰਦਰਸ਼ਨ

ਕੁਸ਼ਤੀ ਦੇ 50 ਕਿਲੋ ਵਰਗ ਵਿੱਚ ਭਾਰਤ ਲਈ ਇੱਕ ਹੋਰ ਤਗਮਾ ਪੱਕਾ ਕਰਦਿਆਂ ਵਿਨੇਸ਼ ਫੋਗਾਟ ਨੇ ਫਾਇਨਲ ਵਿੱਚ ਦਾਖਲਾ ਪਾ ਲਿਆ ਹੈ। ਫੋਗਾਟ ਨੇ ਸੈਮੀਫਾਇਨਲ ਵਿੱਚ ਕਿਊਬਾ ਦੀ ਭਲਵਾਨ ਨੂੰ 5-0 ਅੰਕਾਂ ਦੇ ਫਰਕ ਨਾਲ ਮਾਤ ਦੇ ਕੇ ਇੱਕਪਾਸੜ ਜਿੱਤ ਹਾਸਲ ਕੀਤੀ ਹੈ। ਵਿਨੇਸ਼ ਫੋਗਾਟ ਨੂੰ ਬੀਬੀਸੀ ਦੇ ਸਾਲ 2022 ਦੇ ਇੰਡੀਅਨ ਸਪੋਰਟਸ ਵੂਮੈਨ ਆਫ਼ ਦਾ ਈਯਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ। ਵਿਨੇਸ਼ ਨੇ ਇਸ ਤੋਂ ਪਹਿਲਾਂ ਕੁਆਰਟਰ ਫਾਈਨਲ ਵਿੱਚ ਯੁਕਰੇਨ ਦੀ ਲਿਬਾਚ ਓਕਸਾਨਾ ਨੂੰ 7-5 ਨਾਲ ਹਰਾਇਆ।

ਪ੍ਰੀ-ਕੁਆਰਟਰ ਫਾਈਨਲ ਮੁਕਾਬਲੇ ਵਿੱਚ ਵਿਨੇਸ਼ ਨੇ 50 ਕਿਲੋਗ੍ਰਾਮ ਫ੍ਰੀਸਟਾਈਲ ਵਰਗ ਵਿੱਚ ਜਾਪਾਨ ਦੀ ਯੁਈ ਸੁਸਾਕੀ ਨੂੰ ਹਰਾਇਆ ਸੀ। ਦੋ ਵਾਰ ਦੀ ਓਲੰਪੀਅਨ ਵਿਨੇਸ਼ ਫੋਗਾਟ ਨੇ ਆਪਣੀ ਕੁਸ਼ਤੀ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਸੀ। ਜਾਪਾਨ ਦੀ ਸੁਸਾਈ ਯੂਈ 50 ਕਿਲੋਗ੍ਰਾਮ ਮਹਿਲਾ ਵਰਗ ਵਿੱਚ ਮੌਜੂਦਾ ਚੈਂਪੀਅਨ ਹੈ।

### ਨੀਰਜ ਨੇ ਫਾਇਨਲ ਲਈ ਕੁਆਲੀਫਾਈ ਕੀਤਾ

ਇਸ ਤੋਂ ਪਹਿਲਾਂ ਟੋਕੀਓ ਓਲੰਪਿਕ ਖੇਡਾਂ ਵਿੱਚ ਜੈਵਲਿਨ ਵਿੱਚ ਸੋਨ ਤਮਗਾ ਜਿੱਤਣ ਵਾਲੇ ਭਾਰਤੀ ਐਥਲੀਟ ਨੀਰਜ ਚੋਪੜਾ ਨੇ ਵੀ ਆਪਣੇ ਈਵੈਂਟ ਵਿੱਚ ਕੁਆਲੀਫਾਈ ਕਰ ਲਿਆ ਹੈ। ਉਨ੍ਹਾਂ ਨੇ 89.34 ਮੀਟਰ ਜੈਵਲਿਨ ਸੁੱਟ ਕੇ ਫਾਈਨਲ ਵਿੱਚ ਥਾਂ ਬਣਾਈ ਹੈ।

ਇਸੇ ਮੁਕਾਬਲੇ ਵਿੱਚ ਪਾਕਿਸਤਾਨ ਦੇ ਐਥਲੀਟ ਅਰਸ਼ਦ ਨਦੀਮ ਨੇ 86.59 ਮੀਟਰ ਜੈਵਲਿਨ ਸੁੱਟ ਕੇ ਫ਼ਾਈਨਲ ਵਿੱਚ ਆਪਣੀ ਥਾਂ ਬਣਾ ਲਈ ਹੈ।

### ਭਾਰਤੀ ਹਾਕੀ ਦਾ ਸੈਮੀਫਾਈਨਲ ਜਰਮਨ ਤੋਂ ਹਾਰਿਆ

ਭਾਰਤੀ ਹਾਕੀ ਟੀਮ ਨੇ ਟੋਕੀਓ ਓਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਉਸ ਕੋਲੋਂ ਇਸ ਵਾਰ ਹੋਰ ਬਿਹਤਰ ਖੇਡ ਮੁਜ਼ਾਹਰੇ ਦੀ ਆਸ ਕੀਤੀ ਜਾ ਰਹੀ ਸੀ। ਭਾਰਤ ਨੇ ਮੈਚ ਦੇ ਪਹਿਲੇ ਦੀ ਕੁਆਟਰ ਵਿੱਚ ਚੰਗੀ ਸ਼ੁਰੂਆਤ ਕੀਤੀ। ਟੀਮ ਨੇ ਜਰਮਨ ਖਿਲਾਫ਼ ਹਮਲਾਵਰ ਰੁਖ ਅਪਣਾਇਆ, ਭਾਰਤ ਨੇ ਪਹਿਲੇ ਹੀ ਕੁਆਟਰ ਵਿੱਚ 7 ਪਲੈਨਟੀ ਕਾਰਨਰ ਹਾਸਲ ਕੀਤੇ ਪਰ ਸਿਰਫ਼ ਇੱਕ ਹੀ ਗੋਲ ਕਰਨ ਵਿੱਚ ਕਾਮਯਾਬ ਹੋ ਸਕੇ। ਮੈਚ ਦੇ ਦੂਜੇ ਕੁਆਟਰ ਵਿੱਚ ਜਰਮਨੀ ਵਧੇਰੇ ਹਮਲਾਵਰ ਹੋਇਆ, ਟੀਮ ਨੇ ਭਾਰਤ ਖਿਲਾਫ਼ ਇੱਕ ਪਲੈਨਟੀ ਕਾਰਨਰ ਨੂੰ ਗੋਲ ਵਿੱਚ ਬਦਲ ਕੇ ਮੈਚ ਬਰਾਬਰੀ ਉੱਤੇ ਲੈ ਆਉਂਦਾ। ਇਸ ਲੈਅ ਨੂੰ ਹੋਰ ਅੱਗੇ ਵਧਾਉਂਦਿਆਂ ਜਰਮਨੀ ਟੀਮ ਇੱਕ ਪਲੈਂਟਨੀ ਸਟਰੋਕ ਨੂੰ ਗੋਲ ਵਿੱਚ ਬਦਲ ਕੇ 2-1 ਨਾਲ ਅੱਗੇ ਹੋ ਗਈ।

ਤੀਜੇ ਕੁਆਟਰ ਵਿੱਚ ਭਾਰਤ ਨੇ ਚੰਗੀ ਖੇਡ ਦਿਖਾਈ ਅਤੇ ਸ਼ੁਰੂ ਵਿੱਚ ਹੀ ਪਲੈਨਟੀ ਕਾਰਨਰ ਹਾਸਲ ਕੀਤਾ, ਪਰ ਇਸ ਨੂੰ ਗੋਲ਼ ਵਿੱਚ ਨਹੀਂ ਬਦਲਿਆ ਜਾ ਸਕਿਆ। ਪਰ ਤੀਜੇ ਕੁਆਟਰ ਵਿੱਚ ਹੀ ਭਾਰਤ ਨੇ ਮਿਲੇ ਇੱਕ ਹੋਰ ਪਲੈਨਟੀ ਕਾਰਨਰ ਦਾ ਫਾਇਦਾ ਚੁੱਕਿਆ ਤੇ ਮੈਚ ਫੇਰ ਬਰਾਬਰੀ ਉੱਤੇ ਲੈ ਆਉਂਦਾ। ਤੀਜੇ ਕੁਆਟਰ ਦੇ ਖ਼ਤਮ ਹੋਣ ਤੱਕ ਦੋਵੇਂ ਟੀਮਾਂ 2-2 ਦੀ ਬਰਾਬਰੀ ਉੱਤੇ ਸਨ।

ਚੌਥੇ ਕੁਆਟਰ ਵਿੱਚ ਭਾਰਤੀ ਦੀ ਟੀਮ ਕੋਈ ਖਾਸ ਕਰਿਸ਼ਮਾ ਨਹੀਂ ਕਰ ਸਕੀ। ਦੂਜਾ ਪਾਸੇ ਜਰਮਨੀ ਦੀ ਟੀਮ ਲਗਾਤਾਰ ਹਮਲੇ ਕਰਦੀ ਰਹੀ ਅਤੇ ਇੱਕ ਫੀਲਡ ਗੋਲ ਦਾਗ ਕੇ 3-2 ਨਾਲ ਅੱਗੇ ਹੋ ਗਈ। ਜਿਸ ਨੂੰ ਭਾਰਤੀ ਟੀਮ ਆਖ਼ਰ ਤੱਕ ਬਰਾਬਰ ਨਹੀਂ ਕਰ ਸਕੀ।

ਭਾਰਤ ਨੂੰ ਹੁਣ ਤੱਕ ਸਿਰਫ਼ ਤਿੰਨ ਕਾਂਸੀ ਦੇ ਤਗਮੇ ਮਿਲੇ ਹਨ। ਤਿੰਨੋਂ ਤਗਮੇ ਸ਼ੂਟਿੰਗ ਵਿੱਚ ਆਏ ਹਨ। ਨਿਸ਼ਾਨੇਬਾਜ਼ ਮਨੂ ਭਾਕਰ ਨੇ ਇਨ੍ਹਾਂ ਵਿੱਚੋਂ ਦੋ ਕਾਂਸੀ ਦੇ ਤਗਮੇ ਜਿੱਤੇ ਹਨ। ਉਨ੍ਹਾਂ ਨੇ ਇੱਕ ਤਗਮਾ ਸਿੰਗਲਜ਼ ਮੁਕਾਬਲੇ ਵਿੱਚ ਜਿੱਤਿਆ ਹੈ।

ਦੂਜਾ ਤਗਮਾ ਉਨ੍ਹਾਂ ਨੇ ਸਰਬਜੋਤ ਸਿੰਘ ਨਾਲ ਮਿਲ ਕੇ ਮਿਕਸਡ ਡਬਲਜ਼ ਵਿੱਚ ਜਿੱਤਿਆ ਹੈ। ਸਵਪਨਿਲ ਕੁਸਲੇ ਨੇ ਨਿਸ਼ਾਨੇਬਾਜ਼ੀ ਵਿੱਚ ਤੀਜਾ ਤਗਮੇ ਜਿੱਤਿਆ ਹੈ। ਭਾਰਤ ਨੇ ਹਾਕੀ 'ਚ ਵੀ ਤਗਮਾ ਦੀ ਉਮੀਦ ਜਗਾ ਕੇ ਰੱਖੀ ਹੈ।

# ★ ਮਿੰਨੀ ਕਹਾਣੀਆਂ ★

## ਬੂਟ

"ਖੜੇ ਹੋ ਜਾਓ ਜਿੰਨਾਂ ਨੇ ਅੱਜ ਵੀ ਬੂਟ ਨਹੀਂ ਪਾਏ।" ਮਾਸਟਰ ਜੀ ਨੇ ਸਵੇਰ ਦੀ ਸਭਾ ਤੋਂ ਬਾਅਦ ਬੱਚਿਆਂ ਨੂੰ ਆਖਿਆ (ਮਾਸਟਰ ਜੀ ਰੋਜ਼ਾਨਾ ਹੀ ਬੱਚਿਆਂ ਨੂੰ ਸਰਦੀ ਜ਼ਿਆਦਾ ਹੋਣ ਕਰਕੇ ਬੂਟ ਪਾ ਕੇ ਆਉਣ ਵਾਸਤੇ ਕਹਿੰਦੇ ਰਹਿੰਦੇ ਸਨ) ਜਿੰਨਾਂ ਬੱਚਿਆਂ ਦੇ ਬੂਟ ਨਹੀਂ ਪਾਏ ਸਨ ਖੜੇ ਹੋ ਜਾਓ, ਮਾਸਟਰ ਜੀ ਨੇ ਸਾਰਿਆਂ ਤੋਂ ਵਾਰੀ-ਵਾਰੀ ਬੂਟ ਨਾ ਪਾ ਆਉਣ ਦਾ ਕਾਰਣ ਪੁੱਛਿਆ ਅਤੇ ਨਾਲ ਹੀ ਦੋ-ਦੋ ਚਪੇੜਾਂ ਦਾ ਪ੍ਰਸ਼ਾਦ ਵੀ ਦੇ ਦਿੱਤਾ। ਅਖੀਰ ਵਿਚ ਸੋਨੂੰ ਦੀ ਵਾਰੀ ਆਈ ਤਾਂ ਸੋਨੂੰ ਨੇ ਆਖਿਆ—

"ਮਾਸਟਰ ਜੀ ਮੈਂ ਬੂਟ ਮਾਘੀ ਤੋਂ ਮਗਰੋਂ ਪਾ ਕੇ ਆਊਂਗਾ।" ਮਾਸਟਰ ਜੀ ਨੇ ਦੋ-ਤਿੰਨ ਚਪੇੜਾਂ ਸੋਨੂੰ ਦੇ ਹੋਰ ਜੜ ਦਿੱਤੀਆਂ ਅਤੇ ਕਿਹਾ, "ਬੂਟ ਨਾ ਪਾ ਕੇ ਆਉਣ ਦਾ ਮਾਘੀ ਨਾਲ ਕੀ ਸਬੰਧ ਹੋਇਆ, ਬਹਾਨਾ ਵੀ ਨਹੀਂ ਬਣਾਉਣਾ ਆਉਂਦਾ।"

"ਮੇਰੀ ਮੰਮੀ ਕਹਿੰਦੀ ਸੀ, ਮਾਘੀ ਵਾਲੇ ਦਿਨ ਤੂੰ ਸਰਦਾਰਾਂ ਦੇ ਘਰਾਂ ਵਿਚੋਂ ਮਾਘੀ ਮੰਗ ਕੇ ਲੈ ਆਈਂ, ਜਿਹੜੇ ਦਾਣੇ ਇਕੱਠੇ ਹੋਣਗੇ, ਵੇਚ ਕੇ ਤੈਨੂੰ ਬੂਟ ਲੈ ਦੇਵਾਂਗੀ।" ਸੋਨੂੰ ਨੇ ਰੋਂਦੇ ਹੋਏ ਕੰਬਦੀ ਹੋਈ ਅਵਾਜ਼ ਵਿਚ ਆਖਿਆ। ਸੋਨੂੰ ਦੀ ਗੱਲ ਸੁਣ ਕੇ ਮਾਸਟਰ ਜੀ ਨੂੰ ਆਪਣੇ ਆਪ ਤੇ ਬਹੁਤ ਪਛਤਾਵਾ ਹੋ ਰਿਹਾ ਸੀ।

-ਡਾ. ਰਾਜਵੀਰ ਸਿੰਘ ਸੰਧੂ

## ਪੀੜ

ਦੀਪ ਹੋ ਰਹੀ ਪੀੜ ਨਾਲ ਤੜਪ ਰਹੀ ਸੀ, ਉਹ ਰਸੋਈ ਵਿੱਚ ਖੜ੍ਹੀ ਰੋਟੀ ਬਣਾ ਰਹੀ ਪੀੜ ਨਾਂ ਮਹਿਸੂਸ ਕਰਦੇ ਹੋਏ ਜ਼ਿੰਦਗੀ ਦੇ ਤਾਣੇ ਬਾਣੇ ਬੁਣ ਰਹੀ ਸੀ ਤੇ ਹਾਲ ਵਿੱਚ ਬੈਠੀ ਸੱਸ ਤੇ ਪਤੀ ਤੇ ਇਸ ਸਭ ਦਾ ਕੋਈ ਅਸਰ ਨਹੀਂ ਹੋ ਰਿਹਾ ਸੀ! ਉਹ ਉਸਦੇ ਦਰਦ ਨੂੰ ਅਣਦੇਖਾ ਕਰਦੇ ਹੋਏ ਅਪਣੀਆ ਗਲਾਂ ਵਿੱਚ ਮਗਨ ਸਨ! ਕੁੱਛ ਦਿਨ ਪਹਿਲੇ ਕੰਮ ਕਰਦੇ ਸਮੇਂ ਉਸ ਨੂੰ ਸੱਟ ਲਗ ਗਈ ਸੀ ਪਰ ਉਸਦੇ ਬਾਵਜੂਦ ਵੀ ਉਸਨੂੰ ਘਰ ਤੇ ਆਪਣੇ ਬਾਹਰੀ ਕੰਮਾਂ ਨੂੰ ਬੈਲੰਸ ਕਰਨਾ ਪੈ ਰਿਹਾ ਸੀ, ਕਿਉਂਕਿ ਉਸਦੇ ਸਿਰ ਤੇ ਬੱਚੇ ਦੇ ਭਵਿੱਖ ਦੀ ਜਿੰਮੇਵਾਰੀ ਸੀ,ਉਸਦੇ ਬਾਰ ਬਾਰ ਦੱਸਣ ਤੇ ਕੇ ਡਾਕਟਰ ਦੇ ਕਹਿਣ ਮੁਤਾਬਿਕ ਉਸਦੇ ਸੱਟ ਜ਼ਿਆਦਾ ਲਗੀ ਹੈ ਤੇ ਉਸਨੂੰ ਕੁੱਛ ਦਿਨ ਲਈ ਰੈਸਟ ਦੀ ਲੋੜ ਹੈ, ਉਸਦੀ ਇਸ ਗੱਲ ਵੱਲ ਕਿਸੇ ਦਾ ਕੋਈ ਧਿਆਨ ਨਹੀਂ ਸੀ, ਤੇ ਦੀਪ ਵੀ ਇਸ ਸਭ ਨੂੰ ਭੁੱਲ ਕੇ ਤੇ ਦਰਦ ਨੂੰ ਪੀ ਅਤੇ ਸਹਿ ਕੇ ਆਪਣੇ ਕੰਮਾਂ ਵਿਚ ਲੱਗੀ ਰਹਿੰਦੀ!

ਜਦ ਵੀ ਉਸ ਨਾਲ ਸਹੁਰੇ ਘਰ ਵਿੱਚ ਵਧੀਕੀ ਹੁੰਦੀ ਤਦ ਉਸ ਨੂੰ ਵੀਰ ਦੇ ਤੁਰ ਜਾਣ ਦਾ ਦੁੱਖ ਹੋਰ ਵੀ ਗਹਿਰਾ ਹੁੰਦਾ ਦਿਖਾਈ ਦਿੰਦਾ, ਕਿਉਂਕਿ ਉਸ ਦੇ ਜੀਂਦੇ ਉਹ ਏਨਾ ਸਭ ਗੱਲਾਂ ਦੀ ਪ੍ਰਵਾਹ ਨਹੀਂ ਕਰਦੀ ਸੀ, ਕਿਉਂਕਿ ਉਸਦਾ ਵੀਰ ਹਮੇਸ਼ਾਂ ਉਸਦੇ ਦਰਦ ਵੰਡਾਉਣ ਲਈ ਖੜ੍ਹਾ ਰਹਿੰਦਾ ਸੀ, ਤੇ ਹੁਣ ਉਸ ਨੂੰ ਆਪਣੇ ਦਰਦਾਂ ਨੂੰ ਪੀਣ ਦੀ ਆਦਤ ਪੈ ਗਈ ਸੀ ਕਿਉਂਕਿ ਉਹ ਆਪਣੇ ਮਾਂ ਬਾਪ ਨੂੰ ਆਪਣੇ ਦੁੱਖ ਦੱਸ ਕੇ ਹੋਰ ਦੁੱਖੀ ਨਹੀਂ ਕਰਨਾ ਚਾਹੁੰਦੀ ਸੀ ਕਿਉਂਕਿ ਉਹ ਪਹਿਲੇ ਹੀ ਜਵਾਨ ਪੁੱਤ ਦੇ ਜਾਣ ਦਾ ਦਰਦ ਸਹਿ ਰਹੇ ਸੀ!

ਦੀਪ ਇਹਨਾਂ ਗਮਾਂ ਵਿੱਚ ਉਲਝੀ ਪਈ ਦਾ ਅਚਾਨਕ ਹੱਥ ਗ਼ਰਮ ਤਵੇ ਨੂੰ ਲਗ ਜਾਨ ਕਰਕੇ ਚੀਕ ਨਿਕਲ ਗਈ ਤਾ ਸੱਸ ਨੇ ਉੱਥੇ ਬੈਠੇ ਹੋਏ ਹੀ ਪੁੱਛਿਆ ਕੇ ਕੀ ਹੋਇਆ, ਦੀਪ ਦਾ ਇਹ ਕਹਿਣਾ ਕੇ ਹੱਥ ਜਲ ਗਿਆ ਤੇ ਸੱਸ ਦਾ ਅੱਗੋਂ ਇਹ ਕਹਿਣਾ ਕੇ ਧਿਆਨ ਨਾਲ ਕੰਮ ਨੀ ਹੁੰਦਾ ਇਹਦੇ ਕੋਲੋਂ ਉਸ ਨੂੰ ਉਸ ਦਰਦ ਨਾਲੋਂ ਜਿਆਦਾ ਦਰਦ ਦੇ ਗਿਆ! ਫਿਰ ਉਹ ਆਪਣੇ ਦਰਦ ਨੂੰ ਪੀਂਦੇ ਹੋਏ ਕੰਮ ਵਿੱਚ ਰੁੱਝ ਗਈ...! ਇਹ ਕੀ ਅਚਾਨਕ ਕਿਸੇ ਦਾ ਫੋਨ ਆਉਣ ਤੇ ਸੱਸ ਇੱਕ ਦਮ ਰੋਣ ਲਗ ਪਈ ਤੇ ਪੁੱਤ ਨੂੰ ਜਲਦੀ ਤਿਆਰ ਹੋ ਜਾਣ ਲਈ ਕਹਿਣ ਲੱਗੀ, ਦੀਪ ਵੀ ਇੱਕ ਦਮ ਘਬਰਾ ਗਈ ਕੇ ਸੁੱਖ ਹੋਵੇ ਇਕਦਮ ਕਿਸਦਾ ਫੋਨ ਆਇਆ ਤੇ ਕੀ ਹੋ ਗਿਆ ਉਸਦੇ ਕੋਈ ਸਮਝ ਨਹੀਂ ਆਈ, ਤੇ ਉਸਦੇ ਬਾਰ ਬਾਰ ਪੁੱਛਣ ਤੇ ਵੀ ਸੱਸ ਨੇ ਜਦ ਕੋਈ ਜਵਾਬ ਨਹੀਂ ਦਿੱਤਾ ਤੇ ਪੁੱਤ ਨੂੰ ਲੈ ਕੇ ਜਲਦੀ ਜਲਦੀ ਗੱਡੀ ਵਿੱਚ ਬੈਠ ਗਈ! ਦੀਪ ਬਹੁਤ ਡਰ ਗਈ ਸੀ ਕੇ ਅਚਾਨਕ ਕੀ ਹੋ ਗਿਆ ਮੁੜਦੀ ਨੇ ਦੇਖਿਆ ਕੇ ਸੱਸ ਕਾਹਲੀ ਵਿੱਚ ਫੋਨ ਘਰ ਹੀ ਛੱਡ ਗਈ ਸੀ, ਉਸਨੇ ਫੋਨ ਚੁਕਿਆ ਤੇ ਝੱਟ ਉਸ ਨੰ ਤੇ ਕਾਲ ਲਾ ਲਈ ਜਿਥੋਂ ਫੋਨ ਆਇਆ ਸੀ, ਫੋਨ ਨਣਾਨ ਨੇ ਚੁਕਿਆ ਤੇ ਦੀਪ ਦੇ ਪੁੱਛਣ ਤੇ ਉਸ ਨੇ ਦੱਸਿਆ ਕੇ ਗ਼ਰਮੀ ਬਹੁਤ ਹੈ ਤੇ ਲਾਈਟ ਬੰਦ ਹੋਣ ਕਰਕੇ ਏਸੀ ਨਹੀਂ ਚੱਲ ਰਿਹਾ ਸੀ ਜਿਸ ਕਾਰਨ ਮੈਨੂੰ ਥੋੜੀ ਘਬਰਾਹਟ ਹੋ ਰਹੀ ਸੀ ਤੇ ਮੈਂ ਮੰਮੀ ਨੂੰ ਕਾਲ ਲਾ ਲਈ ਇਹ ਸਭ ਸੁਣ ਕੇ ਦੀਪ ਇਕਦਮ ਸੁੰਨ ਹੋ ਗਈ, ਉਸਦੀ ਗੱਲ ਸੁਣਕੇ ਦੀਪ ਨੇ ਸਿਰਫ ਇੰਨਾਂ ਹੀ ਕਿਹਾ, "ਅੱਛਾ !" ਤੇ ਫੋਨ ਕਟ ਦਿੱਤਾ, ਅਪਣੀ ਨਣਾਨ ਦੇ ਇਹ ਬੋਲ ਸੁਣਕੇ ਉਸਦੀ ਪੀੜ ਦੁੱਗਣੀ ਹੋ ਚੁੱਕੀ ਸੀ..!

-ਅਮਨ ਢਿੱਲੋਂ ਕਸੇਲ (ਬਾਬਾ ਬਕਾਲਾ ਸਾਹਿਬ)

# ਕਾਵਿ-ਕਿਆਰੀ

## ਪਰਵਾਸ

ਸਾਰਾ ਹੀ--ਪੰਜਾਬ
ਸਮੁੰਦਰਾਂ ਦੇ ਪਾਰ...ਉੱਡਿਆ ??
ਪਿੱਛੇ ਚੁਲਿਆਂ ਦੇ ਵਿੱਚ
ਪਿਆ ਏ, ਘਾਹ...ਉੱਗਿਆ,
ਛੱਡ-ਖੇਤ-ਘਰ-ਬਾਰ
ਚਾਈਂ-ਚਾਈਂ ਚੜ੍ਹੇ ਸੀ...ਜਹਾਜ਼
ਭਈਆਂ ਦੇ--ਹਵਾਲੇ
ਅਸਾਂ ਕਰ ਦਿੱਤਾ ਐ...ਪੰਜਾਬ
ਕੰਧਾਂ ਵਿੱਚ ਉੱਗ ਖੜੇ ਨੇ ਪਿੱਪਲ ??
ਜਿੰਦਿਆਂ ਨੂੰ ਜੰਗਾਲ ਖਾ ਗਿਆ,
ਪਿੰਡਾਂ ਵਿੱਚ-ਸੁੰਨਸਾਨ ਪਈ ਪਸਰੀ
ਪੰਜਾਬ ਨੂੰ ਤਾਂ ਪ੍ਰਵਾਸ ਹੀ ਖਾ ਗਿਆ

ਗਲੀ-ਮੁਹੱਲਿਆਂ ਦੇ-ਵਿੱਚ
ਭਈਏ,ਖੜਣ ਬਣਾ, ਬਣਾ ਟੋਲੀਆਂ
ਹਰ--ਮੋੜ--ਚੁਰਾਹੇ-ਤੇ
ਪਾਨ,ਬੀੜੀ ਦੀਆਂ ਦੁਕਾਨਾਂ ਖੋਲ੍ਹੀਆਂ,
ਠੇਠ ਪੰਜਾਬੀ ਬੋਲਦਾ ਘੱਟ ਹੀ ਦਿਸੇ
ਮਾਸ-ਮੱਛੀ-ਹਰ ਚੌਕ ਵਿੱਚ, ਵਿਕੇ
ਭੋਜਪੁਰੀ ਗਾਣੇ, ਡੀ-ਜਿਆਂ ਤੇ-ਵੱਜਣ
ਧੋਤੀ-ਸਾੜੀ ਦਾ ਪਹਿਰਾਵਾਂ ਆ ਗਿਆ
ਵੇਖ ਕੇ ਹਾਲਾਤ, ਹੁਣ ਪੈਂਦੇ ਨੇ ਭੁਲੇਖੇ
ਜਿਵੇਂ ਸਾਰਾ ਬਿਹਾਰ, ਪੰਜਾਬ ਆ ਗਿਆ

ਅਸੀ ਘਤ ਲਈਆਂ ਸੀ-ਵਹੀਰਾਂ
ਇਹਨਾਂ-ਪੱਛਮੀ ਮੁਲਕਾਂ ਦੇ ਵੱਲ ਨੂੰ ??
ਸਰਕਾਰਾਂ ਦੀ ਵੀ--ਇਹੋ, ਚਾਲ ਐ
ਕਿ, ਪੰਜਾਬ ਖ਼ਾਲੀ ਹੋ ਜਾਣਾ, ਕੱਲ ਨੂੰ
ਚਲਣ-ਰਾਜਨੀਤੀ ਦੀਆਂ-ਗੱਲਾਂ
ਪੰਜਾਬੀ ਤਾਂ ਮਾਰੀ ਜਾਂਦੇ ਨੇ- ਮੱਲਾਂ
ਫਿਰ ਪਛਤਾਇਆ ਕੁਝ ਨਹੀ ਬਨਣਾ
ਜਦੋ ਪਹੀਆਂ ਲਾਈਨ ਤੋ ਲਹਿ ਗਿਆ
ਪੂਰਬੀਆਂ ਨੇ ਸਾਡੀ ਪੋਚ ਦੇਣੀ ਫੱਟੀ
ਜਦੋ ਸੀ, ਐਮ ਬਣ ਕੋਈ ਬਹਿ ਗਿਆ ??
--ooo--
ਅਬਾਦੀ ਵੱਧ ਕੇ--ਸਾਡੇ-ਦੇਸ਼ ਦੀ
ਅੱਜ ਸਵਾ ਅਰਬ ਤੱਕ,ਪਹੁੰਚ ਗਈ,
ਪਰ- ਸਾਡੇ ਕਾਰਖਾਨੇ--ਉਦਯੋਗ
ਅੱਜ ਵੀ--ਉੱਥੇ ਦੇ ਉੱਥੇ ਹੀ, ਖੜੇ ਨੇ
ਕਿੱਤਾਮੁਖੀ ਦੀ, ਰਹੀ ਹਮੇਸ਼ਾ ਇੱਥੇ ਘਾਟ
ਹੱਥਾਂ ਵਿੱਚ ਫੜ ਡਿਗਰੀਆਂ-ਡਿਪਲੋਮੇ
ਬੇਰੁਜ਼ਗਾਰ, ਲਾਈਨਾਂ ਦੇ ਵਿੱਚ ਖੜੇ ਨੇ
ਆਖ਼ਰ-ਹਿੰਮਤ ਇੰਨਾਂ ਦੀ ਹਾਰ ਗਈ
ਤਾਂਹੀਓ--ਸਾਡੇ ਪੰਜਾਬ ਦੀ-ਜਵਾਨੀ
ਸਮੁੰਦਰਾਂ ਦੇ ਪਾਰ-ਉਡਾਰੀ ਮਾਰ ਗਈ,



ਦੀਪ ਰੱਤੀ
*******

## ਸ਼ੱਕ

ਤਾਏ ਕਿਆਂ ਦਾ ਟੱਬਰ ਸਾਰਾ,
ਇੱਕ ਦਿਨ ਦਿੱਲੀ ਕੂਚ ਕਰ ਗਿਆ,
ਜਿੰਦਰੇ ਤਾਲੇ ਮਾਰ ਕੇ ਘਰ ਨੂੰ,
ਚਾਬੀਆਂ ਸਭ ਮੇਰੇ ਹੱਥ ਧਰ ਗਿਆ।

ਕਹਿੰਦੇ ਹੁਣ ਅਸੀਂ ਕਦੇ ਹੈ ਆਉਣਾ,
ਸੋ ਹੁਣ ਹੈ ਤੇਰੀ ਜ਼ਿੰਮੇਵਾਰੀ,
ਰੱਖੀਂ ਖਿਆਲ ਹੁਣ ਸਾਡੇ ਵੀ ਘਰ ਦਾ,
ਚੈੱਕ ਕਰਦਾ ਰਹੀਂ ਬੂਹਾ ਬਾਰੀ।

ਗਵਾਂਢੀ ਹੋਣ ਦਾ ਇਹੀ ਤਾਂ ਫਾਇਦਾ,
ਲੋੜ ਪੈਣ 'ਤੇ ਜੋ ਕੰਮ ਜਾਵੇ,
ਦੂਜੇ ਦੀ ਚੀਜ਼ ਨੂੰ ਆਪਣੀ ਸਮਝੇ,
ਖ਼ੈਰ ਖ਼ਵਾਹ ਬਣ ਕੇ ਦਿਖਲਾਵੇ।

ਕੁੱਛ ਮਹੀਨੇ ਬੀਤਣ ਪਿੱਛੋਂ,
ਮੈਨੂੰ ਇੱਕ ਦਿਨ ਖਿਆਲ ਜੋ ਆਇਆ,
ਸੋਚਿਆ ਤਾਲਾ ਖੋਲ੍ਹ ਮੈਂ ਦੇਖਾਂ,
ਨਿਭਾਵਾਂ ਫ਼ਰਜ਼ ਜੋ ਜ਼ਿੰਮੇ ਲਾਇਆ।

ਚਾਬੀ ਲਾ ਜਦ ਜਿੰਦਰਾ ਖੋਲ੍ਹਿਆ,
ਦਰਵਾਜ਼ੇ ਦੀਆਂ ਨਿਕਲੀਆਂ ਚੀਕਾਂ,
ਸ਼ਾਇਦ ਮਾਲਕਾਂ ਨੂੰ ਯਾਦ ਸੀ ਕਰਦਾ,
ਲੰਬੀਆਂ ਹੋ ਰਹੀਆਂ ਸੀ ਉਡੀਕਾਂ।

ਦੇਖਿਆ ਚੀਜ਼ਾਂ 'ਤੇ ਮਿੱਟੀ ਚੜ੍ਹ ਗਈ,
ਕੰਧਾਂ ਤੋਂ ਲਟਕ ਰਹੇ ਸੀ ਜਾਲ੍ਹੇ,
ਕਿਰਲੀਆਂ ਕੌਡ ਕਬੱਡੀ ਖੇਡਣ,
ਕੀੜੀਆਂ ਕਾਢੇ ਵਿੱਚ ਵਿਚਾਲ੍ਹੇ।

ਸਮਝ ਨਾ ਆਵੇ ਕੀ ਕਰਾਂ ਮੈਂ,
ਸ਼ੁਰੂ ਕਰ ਕਿਥੋਂ ਖਤਮ ਕਰਾਂ ਕਿੱਥੇ,
ਸਿਰ ਸੁੱਟ ਕੇ ਲੱਗ ਪਿਆ ਫੇਰ,
ਪਸੰਦ ਨਾ ਪਸੰਦ ਨੂੰ ਸੁੱਟ ਕੇ ਪਿੱਛੇ।

ਕੁੱਛ ਘੰਟਿਆਂ ਦੀ ਘੋਰ ਮੁਸ਼ੱਕਤ,
ਆਖਰ ਰੰਗ ਦਿਖਾਵਣ ਲੱਗੀ,
ਛੱਤਾਂ ਤੋਂ ਜਾਲੇ ਲਾਹੁਣ ਲਈ,
ਇੱਕ ਘੋੜੀ ਮੈਨੂੰ ਅੰਦਰੋਂ ਜਾ ਲੱਭੀ।

ਤੀਂਘੜ ਤਾਂਘੜ ਕੇ ਮੈਂ ਸਾਰਾ,
ਕੰਮ ਮੁਕਾ ਲਿਆ ਸੀ ਪੂਰਾ,
ਕਾਲੇ ਜਿਹੇ ਇੱਕ ਵੱਡੇ ਬੈਗ 'ਚ,
ਤੁੰਨ ਲਿਆ ਸੀ ਸਾਰਾ ਕੂੜਾ।

ਆਪਣੇ ਘਰ ਦੇ ਜਾਲ੍ਹੇ ਲਾਹੁਣ ਲਈ,
ਮੈਨੂੰ ਇਹ ਘੋੜੀ ਵਧੀਆ ਲੱਗੀ,
ਇਸ ਲਈ ਉਸ ਨੂੰ ਨਾਲ ਲਿਜਾਣ ਦੀ,
ਸਲਾਹ ਆਪਣੀ ਬਣਾ ਮੈਂ ਛੱਡੀ।

ਦੋਨੋਂ ਚੀਜ਼ਾਂ ਅੰਦਰੋਂ ਚੁੱਕ ਕੇ,
ਬਾਹਰ ਜਦੋਂ ਮੈਂ ਗਲ਼ੀ ਵਿੱਚ ਆਇਆ,
ਬਾਹਰਲੇ ਦਰਵਾਜ਼ੇ ਨੂੰ ਬਾਹਰੋਂ,
ਜਦੋਂ ਤਾਲ਼ਾ ਮੈਂ ਲਾਉਣਾ ਚਾਹਿਆ।

ਦੇਖਿਆ ਕਈ ਗਲ਼ੀ ਦੇ ਵਾਸੀ,
ਗਲੀ ਵਿੱਚ ਕੰਨ ਇੱਕ ਦੂਜੇ ਦੇ ਭਰਦੇ,
ਘੁਸਰ ਮੁਸਰ ਜਿਹੀ ਹੋ ਰਹੀ ਸੀ,
ਕੋਝੇ ਜਿਹੇ ਇਸ਼ਾਰੇ ਸਨ ਕਰਦੇ।

ਸ਼ੱਕ ਦਾ ਮਹੌਲ ਸੀ ਡਾਢਾ ਗੂੜ੍ਹਾ,
ਮੇਰੇ ਵੱਲ ਸੀ ਉਂਗਲਾਂ ਸਾਰੀਆਂ,
ਸ਼ਾਇਦ ਉਹ ਸਮਝ ਰਹੇ ਸਨ ਸਾਰੇ,
ਮੈਂ ਕੁੱਛ ਚੀਜ਼ਾਂ ਚੋਰੀ ਮਾਰੀਆਂ।

ਈਮਾਨਦਾਰ ਮੇਰੇ ਹੁੰਦਿਆਂ ਹੋਇਆਂ,
ਸ਼ਰਮਿੰਦਗੀ ਦਾ ਅਹਿਸਾਸ ਮੈਨੂੰ ਲੱਗਾ,
ਤੁਰਦਿਆਂ ਮੇਰੇ ਪੈਰ ਹੋਏ ਭਾਰੇ,
ਸਾਹ ਫੁੱਲਿਆ ਮੂੰਹ ਹੋਇਆ ਬੱਗਾ।

ਘੋੜੀ ਮੇਰੀਆਂ ਲੱਤਾਂ ਵਿੱਚ ਫਸ ਗਈ,
ਵਾਹ ਸਿਆਮਤ ਮੈਂ ਕਸੂਤਾ ਫਸਿਆ,
ਮੂੰਹ ਦੇ ਭਾਰ ਬੱਸ ਡਿਗਦਾ ਡਿਗਦਾ,
ਮਸਾਂ ਮਸਾਂ ਹੀ ਮੈਂ ਸਾਂ ਬਚਿਆ।

ਸ਼ੁਕਰ ਸੀ ਐਸੀ ਹਾਲਤ ਦੇ ਵਿੱਚ,
ਨੀਂਦ ਮੇਰੀ ਨੇ ਮੈਨੂੰ ਛੱਡਿਆ,
ਖਲਜਗਣ ਸਾਰਾ ਅਲੋਪ ਹੋ ਗਿਆ,
ਸਾਹ ਵੀ ਸਾਂਵਾਂ ਆਵਣ ਲੱਗਿਆ।

ਕਦੇ ਨਾ ਆਵੇ ਐਸਾ ਸੁਪਨਾ,
ਨਾ ਹੀ ਕਦੀ ਬਣੇ ਇਹ ਹਾਲਤ,
ਸ਼ੱਕ ਦੇ ਐਸੇ ਮਹੌਲ ਦੇ ਅੰਦਰ,
ਆਵੇ ਨਾ ਮੇਰੀ ਐਸੀ ਸ਼ਾਮਤ।

ਹੇ ਰੱਬਾ ਕਿਤੇ ਸੱਚੀਂ ਮੇਰੇ ਤੋਂ,
ਐਸੀ ਚੋਰੀ ਨਾ ਕਰਵਾਈਂ,
ਮੇਰੇ ਜਿਹੇ ਉਪਕਾਰੀ ਬੰਦੇ ਨੂੰ,
ਬੇਦੋਸ਼ਾ ਨਾ ਐਵੇਂ ਮਰਵਾਈਂ।



ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

## ਬਾਲ ਕਵਿਤਾ : ਅੰਬ ਖਾਓ

ਅੰਬ ਖਾਓ , ਅੰਬ ਖਾਓ
ਮਿੱਠੇ - ਮਿੱਠੇ ਅੰਬ ਖਾਓ ,
ਅੰਬ ਖਾ ਕੇ ਸਿਹਤ ਬਣਾਓ
ਅੰਬ ਦਾ ਅਚਾਰ ਖਾਓ
ਮਿੱਠੇ - ਮਿੱਠੇ ਅੰਬ ਖਾਓ
ਮਿੱਠੇ - ਮਿੱਠੇ ਅੰਬ ਖਾਓ
ਅੰਬ ਖਾਓ , ਅੰਬ ਖਾਓ
ਮਿੱਠੇ - ਮਿੱਠੇ ਅੰਬ ਖਾਓ ।

ਜਸਵਿੰਦਰ ਸਿੰਘ ,
ਜਮਾਤ ਪੰਜਵੀਂ ,
* * * * * *

## ਅਜੇ ਤਾਂ ਮੈਂ

ਅਜੇ ਤਾਂ ਮੈਂ
ਤੇਰੀ ਫ਼ਸੁਰਦ ਯਾਦ ਹੋ ਕੇ ਆਉਣਾ ਹੈ
ਫਿਰ ਕਦੇ ਤਿਸ਼ਨਾਕਾਮ
ਸੁਪਨਾ ਬਣ ਗਿਆ ਤਾਂ
ਤੇਰੀ ਫਰਿਆਦ ਹੋ ਕੇ ਆਉਣਾ ਹੈ

ਤੂੰ ਐਵੇਂ
ਗੁਆਇਆ ਨਾ ਕਰ
ਸਿਜਦਾ-ਏ-ਨਿਯਾਜ਼ ਮੈਨੂੰ
ਅੰਗੜਾਈਆਂ ਲੈਂਦੀ ਰਾਤ 'ਚੋਂ
ਅਜੇ ਤਾਂ ਮੈਂ ਤੇਰੀ ਗਲੀ 'ਚ
ਖਿੜ੍ਹਨਾ ਤੇ ਆਬਾਦ ਹੋ ਕੇ ਆਉਣਾ ਹੈ


ਐਵੇਂ ਲਬਰੇਜ਼ ਜ਼ੁਲਫਾਂ ਨੂੰ
ਹਵਾਵਾਂ 'ਚ ਖਿਡਾਇਆ ਨਾ ਕਰ
ਇਸੇ ਤਰ੍ਹਾਂ ਖੁਸ਼ਬੂਆਂ ਵਾਂਗ ਉੜਦਾ ਮੈਂ
ਕਿਸੇ ਦਿਨ ਆਜ਼ਾਦ ਹੋ ਕੇ ਆਉਣਾ ਹੈ

ਮੈਂ ਤੇਰੇ ਵਰਗਾ ਨਹੀਂ ਸੀ
ਮਿੱਟੀ ਦਾ ਇੱਕ ਪਰਬਤ ਸੀ
ਪਰ ਹੁਣ ਮੈਂ ਕਿਸੇ ਟਹਿਣੀ ਤੇ
ਮਹਿਕਾਂ 'ਚ ਗੁਲਾਬ ਹੋ ਕੇ ਆਉਣਾ ਹੈ



ਡਾ ਅਮਰਜੀਤ ਟਾਂਡਾ
* * *

## ਉਡੀਕੇ ਪੰਜਾਬ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਲੋਕ-ਰਾਜ ਦੀ ਕਰਨ ਜੋ ਕਦਰ ਆਗੂ
ਗਲਤੀ ਹੋਣ ਤੋਂ ਹਟਦੇ ਨੇ ਫੱਟ ਮੀਆਂ।
ਰਹਿੰਦੇ ਚਿੰਬੜੇ ਨਾਲ਼ ਜੋ ਗੱਦੀਆਂ ਦੇ
ਨਾਂ ਇਤਹਾਸ 'ਚੋਂ ਲੈਂਦੇ ਨੇ ਕੱਟ ਮੀਆਂ।
ਲੋਕ-ਰੋਹ ਜਦ ਕਰਨ ਅਣਡਿੱਠ ਯਾਰੋ
ਸਾਰੇ ਸਿਸਟਮ ਨੂੰ ਵੱਜਦੀ ਸੱਟ ਮੀਆਂ।
ਰੁਕ ਦੇਖ ਕੇ ਬਾਈਡਨ ਅਮਰੀਕਣਾ ਦਾ
ਚੋਣ ਲੜਨ ਤੋਂ ਪਿੱਛੇ ਗਿਆ ਹਟ ਮੀਆਂ।
ਗੁੱਸਾ ਦੇਖਿਆ 'ਬੰਗਲਾ ਦੇਸ਼ੀਆਂ' ਦਾ
ਸ਼ੇਖ ਹੁਸੀਨਾ ਵੀ ਉਡ ਗਈ ਝੱਟ ਮੀਆਂ।
ਹੁਣ ਦੇਖੀਏ ਕਦੋਂ 'ਭਰਦਾਨ' ਦਲ ਦਾ
ਬਣਿਆਂ ਰਹਿਣ ਦੀ ਛੱਡਦਾ ਰੱਟ ਮੀਆਂ!
* * * * * * * *

# ਵਿਸ਼ਵ ਸਿਹਤ ਸੰਗਠਨ ਅਨੁਸਾਰ ਭਾਰਤ ਵਿਕ ਰਿਹਾ ਏ ਨਕਲੀ ਦੁੱਧ

## ✪ 64 ਕਰੋੜ ਲੀਟਰ ਦੁੱਧ ਦੀ ਰੋਜ਼ਾਨਾ ਵਿਕਰੀ ਵਿਚੋਂ 50 ਕਰੋੜ ਲੀਟਰ ਮਿਲਾਵਟੀ ਤੇ ਨਕਲੀ ✪ ਦਿਤੀ ਚਿਤਾਵਨੀ ਨਾ ਰੋਕਿਆ ਤਾਂ ਭਾਰਤੀ ਕੈਂਸਰ ਦੇ ਸ਼ਿਕਾਰ ਹੋਣਗੇ

ਰਾਮਪੁਰਾ ਫੂਲ-ਨਕਲੀ ਤੇ ਮਿਲਾਵਟੀ ਦੁੱਧ ਦੇ ਕਾਰੋਬਾਰੀ ਮਨੁੱਖੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਭਾਰਤ 'ਚ ਰੋਜ਼ਾਨਾ 64 ਕਰੋੜ ਲੀਟਰ ਦੁੱਧ ਦੀ ਵਿਕਰੀ ਹੁੰਦੀ ਹੈ, ਜਿਸ ਵਿਚੋਂ 50 ਕਰੋੜ ਲੀਟਰ ਮਿਲਾਵਟੀ ਤੇ ਨਕਲੀ ਹੋਣ ਦਾ ਖ਼ਦਸ਼ਾ ਹੈ। ਉਧਰ 6 ਕਰੋੜ ਲੀਟਰ ਡੱਬਾ ਬੰਦ ਦੁੱਧ ਲੋਕ ਰੋਜ਼ਾਨਾ ਪੀਂਦੇ ਹਨ। ਵਿਸ਼ਵ ਸਿਹਤ ਸੰਗਠਨ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮਿਲਾਵਟੀ ਅਤੇ ਨਕਲੀ ਦੁੱਧ ਦੇ ਕਾਰੋਬਾਰ ਨੂੰ ਨਾ ਰੋਕਿਆ ਗਿਆ ਤਾਂ ਭਾਰਤੀ ਕੈਂਸਰ ਵਰਗੀ ਭਿਆਨਕ ਬਿਮਾਰੀ ਤੋਂ ਪੀੜਤ ਹੋ ਜਾਣਗੇ। ਜਾਣਕਾਰੀ ਅਨੁਸਾਰ ਪੰਜਾਬ ਅੰਦਰ 25 ਲੱਖ ਗਊਆਂ ਅਤੇ 40 ਲੱਖ ਮੱਝਾਂ ਹੋਣ ਦੇ ਸਰਕਾਰੀ ਅੰਕੜੇ ਹਨ ਪਰ ਦੁੱਧ ਦੇਣ ਵਾਲੇ ਪਸ਼ੂਆਂ ਦੀ ਗਿਣਤੀ ਬਹੁਤ ਘੱਟ ਦੱਸੀ ਜਾ ਰਹੀ ਹੈ। ਪੰਜਾਬ ਅੰਦਰ ਰੋਜ਼ਾਨਾ 16 ਲੱਖ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ। ਸੂਬੇ ਅੰਦਰ ਦੁੱਧ ਦੇ ਕੁੱਲ ਉਤਪਾਦਨ ਦਾ 60 ਫ਼ੀਸਦੀ ਹਿੱਸਾ ਲੋਕਾਂ ਦੁਆਰਾ ਵਰਤ ਲਿਆ ਜਾਂਦਾ ਹੈ ਅਤੇ 40 ਫ਼ੀਸਦੀ ਦੁੱਧ ਮੱਖਣ, ਦਹੀ, ਪਨੀਰ, ਸੁੱਕਾ ਦੁੱਧ, ਡੱਬਾ ਬੰਦ ਦੁੱਧ ਬਣਾਉਣ ਲਈ ਵਰਤਿਆ ਜਾਂਦਾ ਹੈ।

ਫੂਡ ਸੇਫ਼ਟੀ ਅਤੇ ਸਟੈਂਡਰਡ ਅਥਾਰਟੀ ਆਫ਼ ਇੰਡੀਆ ਵਲੋਂ ਕਰਵਾਏ ਗਏ ਇਕ ਸਰਵੇ ਅਨੁਸਾਰ ਸੂਬੇ ਵਿਚ ਦੁੱਧ ਦੇ 37 ਫ਼ੀਸਦੀ ਨਮੂਨੇ ਜਾਂਚ ਦੌਰਾਨ ਫ਼ੇਲ੍ਹ ਪਾਏ ਗਏ ਸਨ।ਪਤਾ ਲੱਗਾ ਹੈ ਕਿ ਜ਼ਿਆਦਾ ਮੁਨਾਫ਼ੇ ਦੀ ਆਸ 'ਚ ਸ਼ਹਿਰਾਂ ਸਮੇਤ ਪਿੰਡਾਂ ਵਿਚ ਵੀ ਦੁੱਧ ਵੇਚਣ ਵਾਲੇ ਡੇਅਰੀ ਸੰਚਾਲਕ ਦੁੱਧ ਨੂੰ ਅਰਾਰੋਟ, ਰੰਗ, ਕੱਪੜੇ ਧੋਣ ਵਾਲੇ ਪਾਊਡਰ, ਗੁਲੂਕੋਜ਼ ਅਤੇ ਮਿਲਕ ਪਾਊਡਰ ਨਾਲ ਦੁੱਧ ਤਿਆਰ ਕਰਕੇ ਮਨੁੱਖੀ ਸਿਹਤ ਨਾਲ ਖੇਡ ਰਹੇ ਹਨ।

ਰਿਪੋਰਟ ਅਨੁਸਾਰ ਸਾਲ 2018 ਵਿਚ ਲਏ ਗਏ 2281 ਨਮੂਨਿਆਂ 'ਚੋਂ 815 ਫ਼ੇਲ੍ਹ ਹੋਏ ਹਨ। ਇਸੇ ਤਰ੍ਹਾਂ ਸਾਲ 2019 'ਚ 689 ਨਮੂਨਿਆਂ 'ਚੋਂ 221 ਦੁੱਧ ਦੇ ਨਮੂਨੇ ਫ਼ੇਲ੍ਹ ਹੋਣ ਦੀ ਸੂਚਨਾ ਹੈ। ਰਿਪੋਰਟ ਅਨੁਸਾਰ 5 ਸਾਲਾਂ 'ਚ ਲਏ ਗਏ ਦੁੱਧ ਦੇ ਨਮੂਨਿਆਂ 'ਚੋਂ 34 ਤੋਂ 37 ਫ਼ੀਸਦੀ ਤੱਕ ਨਮੂਨੇ ਫ਼ੇਲ੍ਹ ਹੋਏ ਹਨ। 60 ਫ਼ੀਸਦੀ ਨਮੂਨਿਆਂ 'ਚ ਪਾਣੀ ਦੀ ਮਿਲਾਵਟ ਪਾਈ ਜਾਂਦੀ ਹੈ। ਜ਼ਿਆਦਾਤਰ ਨਮੂਨੇ ਦੁੱਧ ਵੇਚਣ ਵਾਲੇ ਡੇਅਰੀ ਸੰਚਾਲਕਾਂ ਦੇ ਫ਼ੇਲ੍ਹ ਹੁੰਦੇ ਹਨ। ਦੁੱਧ ਵਿਕਰੇਤਾ ਜ਼ਿਆਦਾ ਮੁਨਾਫ਼ੇ ਦੀ ਆਸ 'ਚ ਦੁੱਧ ਵਿਚ ਪਾਣੀ ਪਾ ਕੇ ਉਸ ਨੂੰ ਗਾੜ੍ਹਾ ਕਰਨ ਲਈ ਅਰਾਰੋਟ ਪਾਊਡਰ ਦੀ ਵਰਤੋਂ ਕਰਦੇ ਹਨ।

ਪਸ਼ੂਆਂ ਦੇ ਲਗਾਏ ਜਾਂਦੇ ਟੀਕਿਆਂ ਵਾਲਾ ਦੁੱਧ ਸਿਹਤ ਲਈ ਹਾਨੀਕਾਰਕ ਹੈ, ਉੱਥੇ ਕੱਪੜੇ ਧੋਣ ਵਾਲੇ ਪਾਊਡਰ ਅਤੇ ਕੰਧਾਂ ਨੂੰ ਕਰਨ ਵਾਲੇ ਰੰਗ ਨਾਲ ਤਿਆਰ ਕੀਤਾ ਹੋਇਆ ਦੁੱਧ ਵੀ ਖਪਤਕਾਰਾਂ ਨੂੰ ਪਿਲਾਏ ਜਾਣ ਦੀਆਂ ਕਨਸੋਆਂ ਹਨ।

ਭਾਰਤ ਅੰਦਰ ਡੱਬਾ ਬੰਦ ਦੁੱਧ ਦੇ ਨਮੂਨੇ ਫ਼ੇਲ੍ਹ ਹੋਣ ਦੀ ਦਰ 38 ਫ਼ੀਸਦੀ ਤੇ ਖੁੱਲ੍ਹੇ ਦੁੱਧ ਦੇ ਨਮੂਨੇ ਫ਼ੇਲ੍ਹ ਹੋਣ ਦੀ ਦਰ 47 ਫ਼ੀਸਦੀ ਹੈ। ਜਾਣਕਾਰੀ ਅਨੁਸਾਰ ਭਾਰਤ ਵਿਚ 6 ਕਰੋੜ ਲੀਟਰ ਡੱਬਾ ਬੰਦ ਦੁੱਧ ਦਾ ਸਾਲਾਨਾ 75000 ਕਰੋੜ ਦਾ ਕਾਰੋਬਾਰ ਹੈ। ਸੂਬਾ ਸਰਕਾਰ ਵਲੋਂ ਭਾਵੇਂ ਪਲਾਸਟਿਕ ਦੀ ਵਰਤੋਂ 'ਤੇ ਪਾਬੰਦੀ ਲਗਾਈ ਹੋਈ ਹੈ ਪਰ ਡੱਬਾ ਬੰਦ ਦੁੱਧ ਲਈ ਵਰਤੇ ਜਾਂਦੇ ਪੈਕਟਾਂ ਲਈ ਕਰੋੜਾਂ ਰੁਪਈਆ ਖ਼ਰਚਿਆ ਜਾ ਰਿਹਾ ਹੈ। ਇਸ ਪੂਰੇ ਮਾਮਲੇ ਬਾਰੇ ਸਿਹਤ ਵਿਭਾਗ ਬਹੁਤਾ ਹਰਕਤ ਵਿਚ ਵਿਖਾਈ ਨਹੀਂ ਦਿੰਦਾ। ਇਥੋਂ ਤੱਕ ਕਿ ਪਿਛਲੇ ਸਮੇਂ ਅੰਦਰ ਸਿਹਤ ਵਿਭਾਗ ਮਿਲਾਵਟਖੋਰਾਂ ਨੂੰ ਸਜ਼ਾ ਦਿਵਾਉਣ 'ਚ ਅਸਫਲ ਹੀ ਰਿਹਾ ਹੈ।



### ਮਿਲਾਵਟੀ ਦੁੱਧ ਦੇ ਮਾਰੂ ਪ੍ਰਭਾਵ

ਮਿਲਾਵਟੀ ਦੁੱਧ ਦਾ ਵੱਡਾ ਹਿੱਸਾ ਪਾਣੀ ਹੁੰਦਾ ਹੈ। ਇਹ ਨਾ ਸਿਰਫ ਦੁੱਧ ਦੀ ਘਣਤਾ ਨੂੰ ਘਟਾਉਂਦਾ ਹੈ ਬਲਕਿ ਇਹ ਦੁੱਧ ਵਿਚ ਮੌਜੂਦ ਸਾਰੇ ਕੁਦਰਤੀ ਲੋੜੀਂਦੇ ਪੌਸ਼ਟਿਕ ਤੱਤਾਂ ਦੀ ਮਾਤਰਾ ਨੂੰ ਵੀ ਘਟਾਉਂਦਾ ਹੈ। ਇਸਤੋਂ ਇਲਾਵਾ ਜੇ ਮਿਲਾਵਟ ਕਰਨ ਲਈ ਦੂਸ਼ਿਤ ਪਾਣੀ ਵਰਤਿਆ ਜਾਵੇ ਤਾਂ ਇਹ ਕਈ ਹੋਰ ਹਾਨੀਕਾਰਕ ਬਿਮਾਰੀਆਂ ਜਿਵੇਂ ਹੈਜ਼ਾ, ਟਾਈਫਾਈਡ ਅਤੇ ਹੈਪੇਟਾਈਟਸ ਏ ਅਤੇ ਈ ਆਦਿ ਦਾ ਕਾਰਨ ਬਣ ਸਕਦਾ ਹੈ।

ਸਿੰਥੈਟਿਕ ਦੁੱਧ ਵਿੱਚ ਮਿਠਾਸ ਵਧਾਉਣ ਲਈ ਚੀਨੀ ਮਿਲਾਈ ਜਾਂਦੀ ਹੈ। ਕੁਦਰਤੀ ਦੁੱਧ ਵਿਚ ਮੌਜੂਦ ਲੈਕਟੋਜ਼ ਮਨੁੱਖੀ ਸਿਹਤ 'ਤੇ ਮਾੜੇ ਪ੍ਰਭਾਵ ਨਹੀਂ ਪਾਉਂਦੇ, ਪਰ ਸਿੰਥੈਟਿਕ ਦੁੱਧ ਵਿਚ ਮਾੜੀ ਕੁਆਲਟੀ ਵਾਲੀ ਚੀਨੀ ਦੀ ਵਰਤੋ ਨੁਕਸਾਨਦੇਹ ਹੋ ਸਕਦੀ ਹੈ, ਅਤੇ ਇਹ ਸ਼ੂਗਰ ਤੋਂ ਪੀੜਤ ਲੋਕਾਂ ਲਈ ਬਹੁਤ ਨੁਕਸਾਨਦੇਹ ਹੈ। ਦੁੱਧ ਵਿੱਚ ਥੋੜ੍ਹੀ ਮਾਤਰਾ ਵਿੱਚ ਯੂਰੀਆ ਵੀ ਮਿਲਾਇਆ ਜਾਂਦਾਂ ਹੈ ਜੋ ਕਿ ਪਾਣੀ ਵਿੱਚ ਘੁਲਣਸ਼ੀਲ ਪਦਾਰਥ ਹੈ ਆਮ ਤੌਰ ਤੇ ਇਹ ਦੁੱਧ ਨੂੰ ਗਾੜ੍ਹਾ ਬਣਾਉਣ ਲਈ ਮਿਲਾਇਆ ਜਾਂਦਾ ਹੈ ਅਤੇ ਇਸ ਦੀ ਜ਼ਿਆਦਾ ਮਾਤਰਾ ਖਪਤਕਾਰਾਂ ਲਈ ਜ਼ਹਿਰੀਲੇਪਣ ਦਾ ਕਾਰਨ ਵੀ ਬਣ ਸਕਦੀ ਹੈ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈ. ਸੀ. ਐਮ. ਆਰ) ਦੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਦੁੱਧ ਵਿੱਚ ਯੂਰੀਆ ਮਿਲਾਉਣਾ ਮਨੁੱਖਾਂ ਵਿੱਚ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ।

ਸਿੰਥੈਟਿਕ ਦੁੱਧ ਵਿਚ ਡਿਟਰਜੈਂਟ ਦੀ ਮੌਜੂਦਗੀ ਬਹੁਤ ਨੁਕਸਾਨਦੇਹ ਹੋ ਸਕਦੀ ਹੈ ਕਿਉਂਕਿ ਜ਼ਿਆਦਾਤਰ ਡਿਟਰਜੈਂਟ ਡਾਈਆਕਸਿਨ ਪੈਦਾ ਕਰਦੇ ਹਨ ਜੋ ਇੱਕ ਕੈਂਸਰ ਕਰਨ ਵਾਲਾ ਤੱਤ ਹੈ। ਡਾਈਆਕਸਿਨ ਤੋਂ ਇਲਾਵਾ, ਡਿਟਰਜੈਂਟਾਂ ਤੋਂ ਕੁਝ ਹੋਰ ਜ਼ਹਿਰੀਲੇ ਤੱਤ ਜਿਵੇਂ ਕਿ ਸੋਡੀਅਮ ਲੌਰੀਲ ਸਲਫੇਟ (ਐਸ. ਐਲ. ਐਸ.) ਨੋਨਿਲਫੇਨੋਲ ਈਥੋਕਸਾਈਲੇਟ, ਅਤੇ ਫਾਸਫੇਟ ਆਦਿ ਪੈਦਾ ਹੁੰਦੇ ਹਨ। ਵੱਖ ਵੱਖ ਅਧਿਐਨਾਂ ਦੇ ਨਤੀਜੇ ਦੱਸਦੇ ਹਨ ਕਿ ਸੋਡੀਅਮ ਲੌਰੀਲ ਸਲਫੇਟ ਕਿਸੇ ਵੀ ਰੂਪ ਵਿਚ ਮੌਜੂਦ ਹੋਣ ਤੇ ਅੱਖਾਂ ਅਤੇ ਚਮੜੀ ਦੇ ਜਲਣ ਦਾ ਕਾਰਨ ਬਣਦਾ ਹੈ, ਨਾਲ ਹੀ ਅੰਗਾਂ ਦੇ ਜ਼ਹਿਰੀਲੇਪਨ, ਨਿਊਰੋਟੌਕਸੀਸਿਟੀ, ਸ਼ੁਕਰਾਣੂਆਂ ਦੀ ਗਿਣਤੀ ਘਟਣ, ਮੌਤ ਦਰ ਵਿੱਚ ਵਾਧਾ ਅਤੇ ਕੈਂਸਰ ਦਾ ਕਾਰਨ ਬਣਦੇ ਹਨ। ਸੋਡੀਅਮ ਹਾਈਡ੍ਰੋਕਸਾਈਡ ਤੇ ਸੋਡੀਅਮ ਕਾਰਬੋਨੇਟ ਦੀ ਵਰਤੋਂ ਆਮ ਤੌਰ 'ਤੇ ਇਕ ਨਿਊਟ੍ਰਲਾਈਜ਼ਰ ਵਜੋਂ ਕੀਤੀ ਜਾਂਦੀ ਹੈ, ਜੋ ਕਿ ਬਹੁਤ ਨੁਕਸਾਨਦੇਹ ਹੋ ਸਕਦੀ ਹੈ। ਇਹ ਪੇਟ ਵਿਚ ਜਲਣ ਅਤੇ ਦਰਦ ਦਾ ਕਾਰਨ ਬਣ ਸਕਦੇ ਹਨ। ਇਸਤੋਂ ਇਲਾਵਾ ਕੁਦਰਤੀ ਦੁੱਧ ਦੀ ਬਜਾਏ ਸਿੰਥੈਟਿਕ ਦੁੱਧ ਦੀ ਨਿਯਮਤ ਰੂਪ ਵਿੱਚ ਵਰਤੋ, ਖ਼ਪਤਕਾਰਾਂ 'ਚ ਕੁਦਰਤੀ ਪੌਸ਼ਟਿਕ ਤੱਤਾਂ ਦੀ ਘਾਟ ਦਾ ਕਾਰਨ ਬਣ ਸਕਦੀ ਹੈ, ਜਿਸ ਦੇ ਹੋਰ ਨੁਕਸਾਨਦੇਹ ਪ੍ਰਭਾਵ ਹੋ ਸਕਦੇ ਹਨ।


### ਦੁੱਧ ਦੀ ਮਿਲਾਵਟ ਕਰਨ 'ਤੇ ਕਾਨੂੰਨੀ ਸਜ਼ਾ

ਕਾਨੂੰਨ ਦੇ ਹਿਸਾਬ ਨਾਲ ਅਜਿਹੇ ਖੁਰਾਕ ਪਦਾਰਥ, ਜਿਸ ਦੀ ਕੁਆਲਟੀ ਖਰਾਬ ਹੈ ਪਰ ਜਿਸ ਨਾਲ ਕਿਸੇ ਵਿਅਕਤੀ ਨੂੰ ਨੁਕਸਾਨ ਨਹੀਂ ਹੋਇਆ ਹੈ, ਉਸ ਦੀ ਮਿਲਾਵਟ ਨਾਲ ਛੇ ਮਹੀਨੇ ਤਕ ਦੀ ਜੇਲ੍ਹ ਤੇ ਇੱਕ ਲੱਖ ਰੁਪਏ ਦਾ ਜ਼ੁਰਮਾਨਾ ਲਾਇਆ ਜਾ ਸਕਦਾ ਹੈ। ਜੇ ਇਸ ਨਾਲ ਕਿਸੇ ਨੂੰ ਨੁਕਸਾਨ ਹੋਇਆ ਹੈ ਤਾਂ ਛੇ ਸਾਲ ਦੀ ਜੇਲ੍ਹ ਤੇ 5 ਲੱਖ ਰੁਪਏ ਦਾ ਜ਼ੁਰਮਾਨਾ ਹੋ ਸਕਦਾ ਹੈ। ਮੌਤ ਹੋਣ ਦੀ ਸਥਿਤੀ ਵਿੱਚ ਘੱਟੋ-ਘੱਟ 7 ਸਾਲ ਜੇਲ੍ਹ ਤੇ 10 ਲੱਖ ਤੋਂ ਵੱਧ ਜ਼ੁਰਮਾਨਾ ਲਾਇਆ ਜਾ ਸਕਦਾ ਹੈ। ਫੂਡ ਸੇਫਟੀ ਐਕਟ, 2006 ਤਹਿਤ ਮਿਲਾਵਟ ਕਰਨ ਦੇ ਦੋਸ਼ੀ ਨੂੰ ਚਾਰ ਤੋਂ ਲੈ ਕੇ 10 ਸਾਲ ਦੀ ਕੈਦ ਅਤੇ 10 ਲੱਖ ਰੁਪਏ ਤਕ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ, ਪਰ ਇਹ ਕਾਨੂੰਨ ਸਿਰਫ ਫਾਰਮੈਲਿਟੀ ਹੀ ਰਹਿ ਗਿਆ ਜਾਪਦਾ ਹੈ। ਜ਼ੁਰਮਾਨੇ ਤੋਂ ਇਲਾਵਾ ਕਦੀ ਕਿਸੇ ਮਿਲਾਵਟਖੋਰ ਨੂੰ ਸਜ਼ਾ ਹੁੰਦੀ ਨਜ਼ਰ ਨਹੀਂ ਆਈ।

# 'ਸ੍ਰੀ ਰਾਮਾਇਣ ਕਥਾ' ਵਿਚ 'ਸੀਤਾ' ਬਣੇਗੀ ਅੰਜਲੀ ਅਰੋੜਾ



3 ਨਵੰਬਰ, 1999 ਨੂੰ ਪੰਜਾਬ ਵਿਚ ਪੈਦਾ ਹੋਈ, ਮਾਡਲ ਅਤੇ ਟੀ.ਵੀ. ਅਦਾਕਾਰਾ ਅੰਜਲੀ ਅਰੋੜਾ ਅੱਜ ਦੇ ਦੌਰ ਵਿਚ ਸੋਸ਼ਲ ਮੀਡੀਆ ਦੀ ਸਭ ਤੋਂ ਹਰਮਨਪਿਆਰੀਆਂ ਨਾਇਕਾਵਾਂ ਵਿਚੋਂ ਇਕ ਹੈ। ਇੰਸਟਾਗ੍ਰਾਮ 'ਤੇ ਅੰਜਲੀ ਅਰੋੜਾ ਦੇ 12.6 ਮਿਲੀਅਨ ਫਾਲੋਅਰਜ਼ ਹਨ। ਆਪਣੇ ਕਰੀਅਰ ਦੀ ਸ਼ੁਰੂਆਤ ਅੰਜਲੀ ਨੇ 'ਟਿਕ ਟੌਕ' ਤੋਂ ਕੀਤੀ। ਉਹ ਹੁਣ ਤੱਕ ਕਈ ਸ਼ਾਨਦਾਰ ਸੰਗੀਤਕ ਵੀਡੀਓਜ਼ ਤੋਂ ਇਲਾਵਾ ਫ਼ਿਲਮ 'ਦ ਲਵ ਇਜ਼ ਫਾਰਐਵਰ' (2015) ਵਿਚ ਨਜ਼ਰ ਆ ਚੁੱਕੀ ਹੈ। ਇਸ ਰਿਆਲਿਟੀ ਸ਼ੋਅ ਦੌਰਾਨ ਅੰਜਲੀ ਅਰੋੜਾ ਨੇ ਆਪਣੇ ਸਹਿ-ਪ੍ਰਤੀਯੋਗੀ ਮੁਨੱਵਰ ਫਾਰੂਕੀ ਨਾਲ, ਨੇੜਤਾ ਦੇ ਚਲਦਿਆਂ ਬਹੁਤ ਸੁਰਖੀਆਂ ਖੱਟੀਆਂ ਸਨ। ਅੰਜਲੀ ਅਰੋੜਾ ਛੇਤੀ ਹੀ ਅਭਿਸ਼ੇਕ ਸਿੰਘ ਦੇ ਨਿਰਦੇਸ਼ਨ ਵਿਚ ਬਣ ਰਹੀ ਫ਼ਿਲਮ 'ਸ੍ਰੀ ਰਾਮਾਇਣ ਕਥਾ' ਵਿਚ ਨਜ਼ਰ ਆਵੇਗੀ। ਇਸ ਫ਼ਿਲਮ ਦੀ ਸ਼ੂਟਿੰਗ ਛੇਤੀ ਹੀ ਸ਼ੁਰੂ ਹੋਣ ਵਾਲੀ ਹੈ। ਇਸ ਫ਼ਿਲਮ ਵਿਚ ਅੰਜਲੀ ਅਰੋੜਾ ਮਾਤਾ ਸੀਤਾ ਦਾ ਕਿਰਦਾਰ ਨਿਭਾਏਗੀ। ਅੰਜਲੀ ਨੇ ਇਸ ਖ਼ਬਰ ਨੂੰ ਸੱਚ ਕਿਹਾ ਹੈ, ਨਾਲ ਹੀ ਫ਼ਿਲਮ ਲਈ ਆਪਣੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਹ ਖ਼ਬਰ ਸਾਹਮਣੇ ਆਉਣ ਤੋਂ ਬਾਅਦ ਅੰਜਲੀ ਦੇ ਪ੍ਰਸੰਸਕ ਕਾਫ਼ੀ ਖ਼ੁਸ਼ ਅਤੇ ਉਤਸ਼ਾਹਿਤ ਹਨ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. contact on email: s2009king@gmail.com or reply to ref. 844 (3044)

A British born gentleman mid 40s looking for sincere homely female 38+ divorcee and over stayer considered any cast please contact 07882 379881 or reply to ref. 843 (3038)


## ਜੇਠ ਨਾਲ ਪ੍ਰੇਮ ਸੰਬੰਧਾਂ ਦੇ ਕਾਰਣ 13 ਸਾਲਾ ਕੁੜੀ ਦਾ ਕਤਲ




ਐੱਸ. ਏ. ਐੱਸ. ਨਗਰ- ਥਾਣਾ ਸੋਹਾਣਾ ਅਧੀਨ ਪੈਂਦੇ ਪਿੰਡ ਸ਼ਾਮਪੁਰ ਵਿਖੇ ਇਕ 13 ਸਾਲਾ ਕੁੜੀ ਦਾ ਉਸਦੀ ਮਾਂ ਤੇ ਤਾਏ ਵਲੋਂ ਸਲਫਾਸ ਦੇ ਕੇ ਕਤਲ ਕਰਨਾ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਮਿਰਤਕ ਕੁੜੀ ਦੀ ਪਛਾਣ ਪ੍ਰੀਤ ਕੌਰ ਵਜੋਂ ਹੋਈ ਹੈ। ਇਸ ਮਾਮਲੇ ਵਿਚ ਥਾਣਾ ਸੋਹਾਣਾ ਵਿਖੇ ਲੜਕੀ ਦੀ ਮਾਂ ਅੰਗਰੇਜ਼ ਕੌਰ ਤੇ ਲੜਕੀ ਦੇ ਤਾਏ ਖ਼ਿਲਾਫ਼ ਕਤਲ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸੰਬੰਧੀ ਡੀ.ਐਸ.ਪੀ. ਸਿਟੀ-2 ਹਰਸਿਮਰਨ ਸਿੰਘ ਬੱਲ ਤੇ ਐਸ. ਆਈ. ਬਲਜਿੰਦਰ ਸਿੰਘ ਨੇ ਦੱਸਿਆ ਕਿ ਲੜਕੀ ਦੀ ਮਾਂ ਅੰਗਰੇਜ਼ ਕੌਰ ਦੇ ਆਪਣੇ ਜੇਠ ਨਾਲ ਪ੍ਰੇਮ ਸੰਬੰਧ ਸਨ। 12 ਜੁਲਾਈ ਦੀ ਰਾਤ ਨੂੰ ਲੜਕੀ ਨੇ ਆਪਣੀ ਮਾਂ ਤੇ ਤਾਏ ਨੂੰ ਇਤਰਾਜ਼ਯੋਗ ਹਾਲਤ ਵਿਚ ਦੇਖਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਲੜਕੀ ਨੂੰ ਸਲਫਾਸ ਖੁਆ ਦਿੱਤੀ ਤੇ ਬਾਅਦ ਵਿਚ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਇਸ ਤੋਂ ਬਾਅਦ ਸਵੇਰੇ ਚੁੱਪ-ਚਾਪ ਉਨ੍ਹਾਂ ਲੜਕੀ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਗਿਆ, ਪਰ ਜਦੋਂ ਇਹ ਖ਼ਬਰ ਪਿੰਡ 'ਚ ਫੈਲੀ ਤਾਂ ਪੁਲਿਸ ਨੂੰ ਇਸ ਦਾ ਪਤਾ ਲੱਗ ਗਿਆ। ਕੁੜੀ ਦੀ ਮਾਂ ਅੰਗਰੇਜ ਕੌਰ ਹਾਲੇ ਫ਼ਰਾਰ ਹੈ ਤੇ ਤਾਏ ਜਗਤਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।


# CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


-ਮਾਮਲਾ 2018 ਵਿੱਚ ਗੈਂਗਸਟਰ ਬਾਬਾ ਵੱਲੋਂ ਮੈਸੇਜ ਰਾਹੀਂ ਭੇਜੀ ਧਮਕੀ ਬਾਰੇ-

## ਮੁਹਾਲੀ ਅਦਾਲਤ ਨੇ ਗਿੱਪੀ ਗਰੇਵਾਲ ਨੂੰ ਭੇਜਿਆ ਸੰਮਨ

### ✪ ਗਿੱਪੀ ਗਰੇਵਾਲ ਨੇ ਦੇਣੀ ਹੈ ਗਵਾਹੀ



ਚੰਡੀਗੜ੍ਹ-ਮੁਹਾਲੀ ਅਦਾਲਤ ਵੱਲੋਂ ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਜ਼ਮਾਨਤੀ ਸੰਮਨ ਭੇਜਿਆ ਹੈ। ਇਹ ਸੰਮਨ ਸਾਲ 2018 ਵਿੱਚ ਗੈਂਗਸਟਰ ਦਿਲਪ੍ਰੀਤ ਬਾਬਾ ਵੱਲੋਂ ਮੈਸੇਜ ਰਾਹੀਂ ਭੇਜੀ ਧਮਕੀ ਨਾਲ ਸਬੰਧਿਤ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 20 ਅਗਸਤ ਨੂੰ ਹੋਵੇਗੀ। ਇਸ ਸਬੰਧੀ ਫੇਜ਼ 8 ਦੇ ਥਾਣੇ ਵਿੱਚ ਮਾਮਲਾ ਦਰਜ ਹੈ। ਇਸ ਮਾਮਲੇ ਵਿੱਚ ਗਿੱਪੀ ਗਰੇਵਾਲ ਨੇ ਗਵਾਹੀ ਦੇਣੀ ਹੈ।

ਦੱਸ ਦੇਈਏ ਕਿ ਸਾਲ 2018 ਵਿੱਚ ਗਿੱਪੀ ਗਰੇਵਾਲ ਨੂੰ ਇਕ ਅਣਜਾਣ ਨੰਬਰ ਤੋਂ ਉਸ ਦੇ ਵਸਟਐਪ ਤੇ ਇਕ ਮੈਸਜ ਆਉਂਦਾ ਹੈ। ਇਹ ਮੈਸਜ ਵਾਇਸ ਅਤੇ ਲਿਖ ਕੇ ਆਉਂਦਾ ਹੈ। ਗਿੱਪੀ ਗਰੇਵਾਲ ਨੂੰ ਇਸ ਮੈਸਜ਼ ਵਿੱਚ ਇਕ ਨੰਬਰ ਦਿੱਤਾ ਜਾਂਦਾ ਹੈ। ਗਿੱਪੀ ਗਰੇਵਾਲ ਨੂੰ ਇਸ ਨੰਬਰ ਨੂੰ ਮਿਲਾ ਕੇ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਨਾਲ ਗੱਲ ਕਰਨ ਨੂੰ ਕਿਹਾ ਜਾਂਦਾ ਹੈ। ਇਸ ਵਿੱਚ ਲਿਖਿਆ ਗਿਆ ਸੀ ਕਿ ਇਹ ਸੰਦੇਸ਼ ਜਬਰੀ ਵਸੂਲੀ ਦੀ ਮੰਗ ਲਈ ਭੇਜਿਆ ਗਿਆ ਸੀ। ਇਸ ਦੇ ਨਾਲ ਹੀ ਧਮਕੀ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਗੱਲ ਨਹੀਂ ਕਰੇਗਾ ਤਾਂ ਉਸ ਦਾ ਹਾਲ ਵੀ ਚਮਕੀਲਾ ਅਤੇ ਪਰਮੀਸ਼ ਵਰਮਾ ਵਰਗਾ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਗਿੱਪੀ ਗਰੇਵਾਲ ਵੱਲੋਂ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਜਾਂਦੀ ਹੈ।

ਪੁਲਿਸ ਵੱਲੋਂ ਸ਼ਿਕਾਇਤ ਨੂੰ ਸੰਜੀਦਾ ਲੈਂਦੇ ਹੋਏ ਮਾਮਲਾ ਦਰਜ ਕਰ ਲਿਆ ਜਾਂਦਾ ਹੈ। ਇਸ ਲਈ ਮੁਹਾਲੀ ਅਦਾਲਤ ਨੇ ਗਵਾਹੀ ਲਈ ਗਿੱਪੀ ਗਰੇਵਾਲ ਨੂੰ ਸੰਮਨ ਭੇਜਿਆ ਹੈ। ਇਹ ਮਾਮਲਾ ਉਸ ਸਮੇਂ ਦਾ ਹੈ ਜਦੋਂ ਉਹ ਆਪਣੀ ਫਿਲਮ ਕੈਰੀ ਆਨ ਜੱਟਾ 2 ਦੇ ਪ੍ਰਮੋਸ਼ਨ ਲਈ ਪੰਜਾਬ ਤੋਂ ਬਾਹਰ ਸਨ। ਫਿਲਹਾਲ ਗਿੱਪੀ ਗਰੇਵਾਲ ਇਸ ਸਮੇਂ ਕੈਨੇਡਾ ਵਿੱਚ ਹਨ।

## ਸਾਇਰਾ ਬਾਨੋ ਨੇ ਖੋਲ੍ਹੇ ਭੇਦ, ਬੋਲੀ ਸੰਜੇ ਦੱਤ ਕਿਸੇ ਸਮੇਂ ਮੇਰੇ ਨਾਲ 'ਵਿਆਹ' ਕਰਵਾਉਣਾ ਚਾਹੁੰਦਾ ਸੀ



ਬੌਲੀਵੁੱਡ ਦਾ ਮਸ਼ਹੂਰ ਅਦਾਕਾਰ ਸੰਜੇ ਦੱਤ ਬੀਤੇ ਸੋਮਵਾਰ ਨੂੰ ਆਪਣਾ 65ਵਾਂ ਜਨਮ ਦਿਨ ਮਨਾ ਰਿਹਾ ਹੈ। ਉਥੇ, ਦੂਜੇ ਪਾਸੇ ਉੱਘੀ ਅਭਿਨੇਤਰੀ ਸਾਇਰਾ ਬਾਨੋ ਨੇ ਸੰਜੇ ਦੱਤ ਦਾ ਬਚਪਨ ਦਾ ਖਾਸ ਕਿੱਸਾ ਲੋਕਾਂ ਨਾਲ ਸਾਂਝਾ ਕੀਤਾ। ਇਸ ਉੱਘੀ ਅਦਾਕਾਰਾ ਨੇ ਸੋਮਵਾਰ ਨੂੰ ਆਪਣੇ ਇੰਸਟਾਗ੍ਰਾਮ 'ਤੇ ਆਪਣੇ ਮਰਹੂਮ ਪਤੀ ਅਤੇ ਉਘੇ ਬੌਲੀਵੁੱਡ ਸਟਾਰ ਦਿਲੀਪ ਕੁਮਾਰ ਨਾਲ ਨੌਜਵਾਨ ਸੰਜੇ ਦੀ ਇਕ ਥ੍ਰੋਬੈਕ ਤਸਵੀਰ ਸਾਂਝੀ ਕੀਤੀ। ਤਸਵੀਰ ਦੇ ਨਾਲ ਹੀ ਸਾਇਰਾ ਨੇ ਸੰਜੇ ਦੇ ਬਚਪਨ ਦੀ ਇੱਕ ਮਨਮੋਹਕ ਕਹਾਣੀ ਸੁਣਾਈ।

ਅਭਿਨੇਤਰੀ ਨੇ ਤਸਵੀਰ ਨਾਲ ਇਕ ਨੋਟ ਲਿਖਿਆ ਕਿ ਇਕ ਸਮੇਂ ਨਿੱਕੇ 'ਸੰਜੂ' ਨੇ ਉਸ ਨਾਲ ਵਿਆਹ ਕਰਾਉਣ ਦੀ ਇੱਛਾ ਜ਼ਾਹਿਰ ਕੀਤੀ ਸੀ। ਸਾਇਰਾ ਨੇ ਲਿਖਿਆ: 'ਸੰਜੂ ਮੇਰੇ ਲਈ ਹਮੇਸ਼ਾ ਇੱਕ ਪਰਿਵਾਰਕ ਮੈਂਬਰ ਵਾਂਗ ਰਿਹਾ ਹੈ। ਮੇਰਾ ਪੂਰਾ ਪਰਿਵਾਰ, ਅੰਮਾ ਜੀ ਤੋਂ ਲੈ ਕੇ ਆਪਾਜੀ ਸਮੇਤ ਦਿਲੀਪ ਸਾਹਿਬ ਅਤੇ ਮੇਰੇ ਤੱਕ। ਅਸੀਂ ਉਸ (ਸੰਜੂ) ਨੂੰ ਇੱਕ ਛੋਟੇ ਬੱਚੇ ਤੋਂ ਕਮਾਲ ਦਾ ਵਿਅਕਤੀ ਬਣਦੇ ਦੇਖਿਆ ਹੈ ਜੋ ਉਹ ਅੱਜ ਹੈ। ਮੈਨੂੰ ਅਜੇ ਵੀ ਯਾਦ ਹੈ ਜਦੋਂ ਨਰਗਿਸ ਆਪਾ ਸਾਡੇ ਘਰ ਆਉਂਦੀ ਸੀ ਤਾਂ ਉਸ ਦੇ ਨਾਲ ਇਹ ਪਿਆਰਾ ਤੇ ਸੋਹਣਾ ਬੱਚਾ ਹੁੰਦਾ ਸੀ।'

ਅਭਿਨੇਤਰੀ ਨੇ ਅੱਗੇ ਕਿਹਾ ਕਿ ਇਕ ਵਾਰ ਨਰਗਿਸ ਜੀ ਹੱਥ ਹਿਲਾ ਕੇ ਕਹਿਣ ਲੱਗੇ, 'ਚਲੋ, ਸਾਇਰਾ ਜੀ ਕੋ ਬੋਲੋ ਤੁਮ ਕਿਆ ਬੋਲਤੇ ਹੋ ਮੁਝੇ ?' ਇਸ 'ਤੇ ਸੰਜੂ ਮੇਰੇ (ਸਾਇਰਾ ਬਾਨੋ) ਵੱਲ ਦੇਖਦਾ ਅਤੇ ਇੱਕ ਪਿਆਰੀ ਜਿਹੀ ਆਵਾਜ਼ ਵਿੱਚ ਕਹਿੰਦਾ, "ਮੈਂ ਸ਼ੈਲਾ ਬਨੂ ਸੇ ਸ਼ਾਦੀ ਕਰੂੰਗਾ। ਹਾਹਾਹਾਹਾ, ਬਹੁਤ ਪਿਆਰਾ ! ਮੇਰਾ ਮੰਨਣਾ ਹੈ ਕਿ ਸ਼ਰਮੀਲਾ ਟੈਗੋਰ ਅਤੇ ਮੈਂ ਸੰਜੂ ਦੇ ਸਭ ਤੋਂ ਵੱਧ ਪਸੰਦੀਦਾ ਸਨ।" ਇਸ ਮੌਕੇ ਸਾਇਰਾ ਨੇ ਕਿਹਾ ਕਿ ਸੰਜੇ ਉਸ ਦੇ ਦਿਲ ਵਿੱਚ ਇੱਕ ਖ਼ਾਸ ਥਾਂ ਰੱਖਦਾ ਹੈ, "ਮੇਰੇ ਵੱਲੋਂ ਪਿਆਰ ਅਤੇ ਆਸ਼ੀਰਵਾਦ..., ਉਸ ਨੂੰ ਜਨਮ ਦਿਨ ਦੀਆਂ ਬਹੁਤ-ਬਹੁਤ ਮੁਬਾਰਕਾਂ।"

# ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਭਜੀ ਖੀਰਾਂਵਾਲੀ ਅਕਾਲ ਚਲਾਣਾ ਕਰ ਗਏ

## ਇੰਗਲੈਂਡ ਕਬੱਡੀ ਫੈਡਰੇਸ਼ਨ ਵੱਲੋਂ ਭਜੀ ਖੀਰਾਂ ਵਾਲੀ ਨੂੰ

# ਨਿੱਘੀ ਸ਼ਰਧਾਂਜ਼ਲੀ

ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਪੱਡਾ ਭਜੀ ਖੀਰਾਂ ਵਾਲੀ ਦਾ ਅਚਾਨਕ ਦੇਹਾਂਤ ਹੋ ਗਿਆ ਹੈ। ਉਹ ਬੀਤੇ ਕੁਝ ਸਮੇਂ ਤੋਂ ਕੈਂਸਰ ਦੀ ਨਾਮੁਰਾਦ ਬਿਮਾਰੀ ਤੋਂ ਪੀੜਤ ਸਨ। ਉਹ 67 ਵਰ੍ਹਿਆਂ ਦੇ ਸਨ ਅਤੇ ਆਪਣੇ ਪਿੱਛੇ ਪਤਨੀ, ਬੇਟਾ ਅਤੇ ਦੋ ਬੇਟੀਆਂ ਛੱਡ ਗਏ ਹਨ। ਉਹ 1977 ਵਿੱਚ ਪਹਿਲੀ ਵਾਰ ਪੰਜਾਬ ਦੀ ਟੀਮ ਵਿੱਚ ਇੰਗਲੈਂਡ ਖੇਡਣ ਆਏ ਸੀ। ਉਸ ਤੋਂ ਬਾਅਦ ਮੁੜ ਉਹ 1979 ਵਿੱਚ ਇੰਗਲੈਂਡ ਆਏ ਅਤੇ ਇਥੇ ਹੀ ਵੱਸ ਗਏ। ਹਰਭਜਨ ਸਿੰਘ ਖੀਰਾਂ ਵਾਲੀ ਨੇ ਆਪਣੀ ਸਾਰੀ ਉਮਰ ਕਬੱਡੀ ਦੇ ਲੇਖੇ ਲਾ ਦਿੱਤੀ। ਉਹ ਆਪਣੀ ਚੜ੍ਹਤ ਸਮੇਂ ਚੋਟੀ ਦੇ ਖਿਡਾਰੀਆਂ ਵਿੱਚ ਗਿਣੇ ਜਾਂਦੇ ਸਨ। ਪਹਿਲਾਂ ਲੰਮਾ ਸਮਾਂ ਉਹਨਾਂ ਖੁਦ ਕਬੱਡੀ ਖੇਡੀ ਅਤੇ ਫਿਰ ਇੰਗਲੈਂਡ ਕਬੱਡੀ ਫੈਡਰੇਸ਼ਨ ਰਾਹੀਂ ਕਬੱਡੀ ਨੂੰ ਪ੍ਰਮੋਟ ਕੀਤਾ, ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਵੀ ਸੇਵਾ ਨਿਭਾਈ। ਕਬੱਡੀ ਲਈ ਉਹਨਾਂ ਦੀਆਂ ਸੇਵਾਵਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ। ਇਸ ਵਰ੍ਹੇ ਇੰਗਲੈਂਡ ਦੇ ਵੱਖ-ਵੱਖ ਟੂਰਨਾਮੈਂਟਾਂ 'ਤੇ ਕਬੱਡੀ ਕਲੱਬਾਂ ਵੱਲੋਂ ਭਜੀ ਖੀਰਾਂ ਵਾਲੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸਿਹਤ ਨਾਸਾਜ਼ ਹੋਣ ਦੇ ਬਾਵਜੂਦ ਵੀ ਉਹ ਖੇਡ ਮੈਦਾਨ ਵਿੱਚ ਪਹੁੰਚਦੇ ਰਹੇ।

ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਸਮੂਹ ਕਲੱਬਾਂ ਵੱਲੋਂ ਅਸੀਂ ਉਹਨਾਂ ਦੇ ਪਰਿਵਾਰ ਅਤੇ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ, ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।



ਸਵਰਗੀ ਸ: ਹਰਭਜਨ ਸਿੰਘ ਭਜੀ ਖੀਰਾਂਵਾਲੀ

ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਕੇਵਲ ਸਿੰਘ ਰਣਦੇਵਾ, ਸੁਰਿੰਦਰ ਸਿੰਘ ਮਾਣਕ, ਕੁਲਵੰਤ ਸਿੰਘ ਸੰਘਾ, ਜੋਗਿੰਦਰ ਸਿੰਘ ਦੁਸਾਂਝ, ਸਤਨਾਮ ਸਿੰਘ ਸੱਤਾ ਮੁਠੱਡਾ, ਸ਼ੀਰਾ ਸਿੰਘ ਔਲਖ, ਰਾਣਾ ਪੱਡਾ, ਬਲਵਿੰਦਰ ਸਿੰਘ ਦੂਲੇ, ਬਲਜਿੰਦਰ ਭਿੰਡਰ, ਗੁਰਦੀਪ ਸਿੰਘ ਸੋਮਲ, ਬਲਵਿੰਦਰ ਸਿੰਘ ਚੱਠਾ, ਕੁਲਵਿੰਦਰ ਸਿੰਘ ਛੋਕਰ, ਪ੍ਰਮਜੀਤ ਸਿੰਘ ਰੰਧਾਵਾ, ਹਰਨੇਕ ਸਿੰਘ ਨੇਕਾ ਮੈਰੀਪੁਰ, ਕੰਮਾ ਔਜਲਾ, ਲਹਿੰਬਰ ਸਿੰਘ ਲੱਧੜ, ਦਲਬੀਰ ਸਿੰਘ ਸੈਂਹਬੀ, ਸਤਿੰਦਰ ਸਿੰਘ ਗੋਲਡੀ, ਰਸ਼ਪਾਲ ਸਿੰਘ ਪਾਲਾ ਸਹੋਤਾ, ਸਾਬੀ, ਪਿਆਰਾ ਸਿੰਘ ਰੰਧਾਵਾ, ਕੁਲਬੀਰ ਸਿੰਘ ਖੱਖ, ਕੁਲਵੰਤ ਸਿੰਘ ਚੱਠਾ, ਸੁਖਜਿੰਦਰ ਸਿੰਘ ਸਮਰਾ, ਬਲਜੀਤ ਸਿੰਘ ਮੱਲੀ, ਹਰਜਿੰਦਰ ਸਿੰਘ ਬੋਈ ਸਮੇਤ ਸਮੂਹ ਕਲੱਬਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

ਜਾਰੀ ਕਰਤਾ

## ਇੰਗਲੈਂਡ ਕਬੱਡੀ ਫੈਡਰੇਸ਼ਨ ਰਜਿਸਟਰਡ ਅਤੇ ਸਮੂਹ ਸਹਿਯੋਗੀ ਕਬੱਡੀ ਕਲੱਬਾਂ

England Kabaddi Federation
Estd. 1968

# ਇੰਗਲੈਂਡ ਕਬੱਡੀ ਸੀਜ਼ਨ 2024 ਦਾ ਆਖਰੀ ਟੂਰਨਾਮੈਂਟ, ਡਰਬੀ ਸ਼ਹੀਦੀ ਕਬੱਡੀ ਕੱਪ

## ਲੈਸਟਰ/ਡਰਬੀ/ਸਲੋਹ ਨੇ ਜਿੱਤਿਆ, ਕਵੈਂਟਰੀ / ਬ੍ਰਮਿੰਘਮ ਉੱਪ ਜੇਤੂ ਰਹੀ



ਕਬੱਡੀ ਦੇ ਸਾਬਕਾ ਖਿਡਾਰੀ ਅਤੇ ਪ੍ਰਮੋਟਰ ਸਵਰਗੀ ਸ: ਹਰਭਜਨ ਸਿੰਘ ਭਜੀ ਖੀਰਾਂਵਾਲੀ ਨੂੰ ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ ਅਤੇ ਸਾਰੀਆਂ ਕਬੱਡੀ ਕਲੱਬਾਂ ਵੱਲੋਂ ਸ਼ਰਧਾਂਜ਼ਲੀ ਭੇਂਟ ਕੀਤੀ ਗਈ

**ਜਾਰੀ ਕਰਤਾ: GAD KHALSA KABADDI CLUB DERBY**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਸਰਹੱਦੀ ਸੁਰੱਖਿਆ ਬਿੱਲ ਖਤਮ ਕਰਨ ਲਈ ਜਿੰਮੇਵਾਰ ਹੈ ਡੋਨਲਡ ਟਰੰਪ-ਕਮਲਾ ਹੈਰਿਸ

## ✪ ਡੈਮੋਕਰੈਟਿਕ ਉਮੀਦਵਾਰ ਨੇ ਦਿੱਤੀ ਖੁਲੀ ਬਹਿਸ ਦੀ ਚੁਣੌਤੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਰਿਪਬਲੀਕਨ ਪਾਰਟੀ ਦੇ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਡੋਨਲਡ ਟਰੰਪ ਨੂੰ ਖੁਲੀ ਬਹਿਸ ਦੀ ਚੁਣੌਤੀ ਦਿੱਤੀ ਹੈ। ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਵਜੋਂ ਰਸਮੀ ਦਾਅਵੇਦਾਰੀ ਪੇਸ਼ ਕਰਨ ਉਪਰੰਤ ਐਟਲਾਂਟਾ (ਜਾਰਜੀਆ) ਵਿਚ ਇਕ ਉਤਸ਼ਾਹ ਭਰਪੂਰ ਇਕੱਠ ਨੂੰ ਸੰਬੋਧਨ ਕਰਦਿਆਂ ਹੈਰਿਸ ਨੇ ਕਿਹਾ ਕਿ ਮੇਰੇ ਵੱਲੋਂ ਇਸ ਤੋਂ ਪਹਿਲਾਂ ਬਹਿਸ ਲਈ ਦਿੱਤੀ ਚੁਣੌਤੀ ਤੋਂ ਟਰੰਪ ਭੱਜ ਗਿਆ ਸੀ ਤੇ ਉਨਾਂ ਨੇ ਕਿਹਾ ਸੀ ਕਿ ਸੰਭਾਵੀ ਤੌਰ 'ਤੇ ਉਹ ਹੈਰਿਸ ਨਾਲ ਸਤੰਬਰ ਵਿਚ ਬਹਿਸ ਕਰਨਗੇ। ਹੈਰਿਸ ਨੇ ਕਿਹਾ ਬਹੁਤ ਵਧੀਆ ਟਰੰਪ ਮੈਨੂੰ ਆਸ ਹੈ ਕਿ ਤੁਸੀਂ ਮੇਰੇ ਨਾਲ ਮੰਚ ਉਪਰ ਬਹਿਸ ਬਾਰੇ ਮੁੜ ਵਿਚਾਰ ਕਰੋਗੇ। ਉਨਾਂ ਕਿਹਾ "ਜੇਕਰ ਤੁਹਾਡੇ ਕੋਲ ਮੇਰੇ ਲਈ ਕੁਝ ਕਹਿਣ ਲਈ ਹੈ ਤਾਂ ਆਹਮੋ ਸਾਹਮਣੇ ਆ ਕੇ ਕਹੋ। ਇਹ ਐਲਾਨ ਉਨਾਂ ਨੇ ਰੈਲੀ ਵਿਚ ਇਕੱਤਰ ਭੀੜ ਦੀਆਂ ਤਾੜੀਆਂ ਦੀ



*ਕਮਲਾ ਹੈਰਿਸ ਐਟਲਾਂਟਾ ਵਿਚ ਰੈਲੀ ਦੌਰਾਨ ਆਪਣੇ ਸਮਰਥਕਾਂ ਨੂੰ ਮਿਲਦੇ ਹੋਏ*

ਗੜਗੜਾਹਟ ਦਰਮਿਆਨ ਕੀਤਾ। ਹੈਰਿਸ ਨੇ ਵਚਨਬੱਧਤਾ ਪ੍ਰਗਟਾਈ ਕਿ ਜੇਕਰ ਉਹ ਜਿੱਤ ਜਾਂਦੇ ਹਨ ਤਾਂ ਆਮ ਸਹਿਮਤੀ ਵਾਲਾ ਇਮੀਗ੍ਰੇਸ਼ਨ ਬਿੱਲ ਲਿਆਉਣਗੇ ਜਿਸ ਬਾਰੇ ਸੈਨੇਟ ਵਿਚ ਬਹਿਸ ਹੋ ਚੁੱਕੀ ਹੈ ਤੇ ਪਾਸ ਹੋ ਚੁੱਕਾ ਹੈ। ਉਨਾਂ ਕਿਹਾ ਦੂਸਰੇ ਪਾਸੇ ਡੋਨਲਡ ਟਰੰਪ ਸਾਡੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਦੀ ਗੱਲ ਕਰਦੇ ਹਨ। ਜਦ ਕਿ ਹਕੀਕਤ ਇਹ ਹੈ ਕਿ ਰਿਪਬਲੀਕਨਾਂ ਨੇ ਦੋ ਵਾਰ ਬਿੱਲ ਪਾਸ ਨਹੀਂ ਹੋਣ ਦਿੱਤਾ ਕਿਉਂਕਿ ਟਰੰਪ ਨੇ ਰਿਪਬਲੀਕਨ ਸਾਂਸਦਾਂ ਨੂੰ ਇਸ ਦਾ ਵਿਰੋਧ ਕਰਨ ਦੀ ਬੇਨਤੀ ਕੀਤੀ ਸੀ। ਟਰੰਪ ਦਾ ਕਹਿਣਾ ਸੀ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਚੋਣ ਵਾਲੇ ਸਾਲ ਵਿਚ ਬਾਈਡਨ ਦੀ ਜਿੱਤ ਦਾ ਸੰਕੇਤ ਮਿਲੇਗਾ। ਹੈਰਿਸ ਨੇ ਕਿਹਾ ਕਿ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਟਰੰਪ ਨੂੰ ਸਰਹੱਦੀ ਸੁਰੱਖਿਆ ਦੀ ਚਿੰਤਾ ਨਹੀਂ ਹੈ ਤੇ ਉਹ ਕੇਵਲ ਆਪਣੀ ਚਿੰਤਾ ਕਰਦਾ ਹੈ। ਜਦੋਂ ਮੈ ਰਾਸ਼ਟਰਪਤੀ ਬਣਾਂਗੀ ਤਾਂ ਮੈ ਜ਼ਮੀਨੀ ਪੱਧਰ 'ਤੇ ਸਮੱਸਿਆ ਦਾ ਹੱਲ ਕਰਨ ਲਈ ਕੰਮ ਕਰਾਂਗੀ।

ਉਨਾਂ ਹੋਰ ਕਿਹਾ ਰਾਸ਼ਟਰਪਤੀ ਦੀ ਚੋਣ ਦੀ ਦੌੜ ਵਿਚ ਹਵਾ ਦਾ ਰੁਖ ਬਦਲ ਰਿਹਾ ਹੈ ਤੇ ਇਸ ਤਰਾਂ ਦੇ ਸੰਕੇਤ ਮਿਲੇ ਹਨ ਕਿ ਡੋਨਲਡ ਟਰੰਪ ਇਸ ਬਦਲੇ ਹਾਲਾਤ ਨੂੰ ਮਹਿਸੂਸ ਕਰ ਰਹੇ ਹਨ। ਉਨਾਂ ਜੁੜੀ ਭੀੜ ਨੂੰ ਕਿਹਾ ਹੋ ਸਕਦਾ ਹੈ ਕਿ ਤੁਸੀਂ ਵੀ ਇਸ ਨੂੰ ਮਹਿਸੂਸ ਕੀਤਾ ਹੋਵੇ। ਆਪਣੇ ਭਾਸ਼ਣ ਦੌਰਾਨ ਹੈਰਿਸ ਨੇ ਜਾਰਜੀਆ ਵੱਲ ਆਪਣੀ ਤਵਜੋਂ ਉਪਰ ਜੋਰ ਦਿੱਤਾ। ਰਾਸ਼ਟਰਪਤੀ ਜੋ ਬਾਈਡਨ 2020 ਦੀਆਂ ਚੋਣਾਂ ਦੌਰਾਨ ਜਾਰਜੀਆ ਵਿਚੋਂ 12000 ਤੋਂ ਵੀ ਘੱਟ ਵੋਟਾਂ ਦੇ ਫਰਕ ਨਾਲ ਜਿੱਤੇ ਸਨ। ਅਮਰੀਕੀ ਨਸਲ ਦੀ ਗੱਲ ਕਰਨ ਵਾਲੇ ਆਗੂ ਨੂੰ ਨਹੀਂ ਚੁਹੰਦੇ-ਹੋਸਟਨ ਵਿਚ ਇਕ ਵੱਖਰੇ ਸੰਬਧੋਨ ਵਿੱਚ ਕਮਲਾ ਹੈਰਿਸ ਨੇ ਡੋਨਲਡ ਟਰੰਪ ਵੱਲੋਂ ਇਕ ਮੁਲਾਕਾਤ ਦੌਰਾਨ ਉਸ ਦੀ ਨਸਲ ਬਾਰੇ ਝੂਠਾ ਦਾਅਵਾ ਕਰਨ ਬਾਰੇ ਕਿਹਾ ਕਿ ਅਮਰੀਕੀ ਇਸ ਤੋਂ ਉਪਰ ਸੋਚਦੇ ਹਨ ਤੇ ਉਹ ਇਸ ਤੋਂ ਵਧ ਦੇ ਹੱਕਦਾਰ ਹਨ।

ਹੈਰਿਸ ਨੇ ਕਿਹਾ ਕਿ " ਇਹ ਪੁਰਾਣਾ ਰਾਗ ਹੈ- ਵੰਡ ਪਾਓ ਤੇ ਅਪਮਾਣਤ ਕਰੋ।" ਉਨਾਂ ਕਿਹਾ ਕਿ ਅਮਰੀਕੀ ਲੋਕ ਅਜਿਹਾ ਆਗੂ ਚਹੁੰਦੇ ਹਨ ਜੋ ਸੱਚ ਬੋਲੇ ਅਜਿਹਾ ਆਗੂ ਨਹੀਂ ਜੋ ਜਦੋਂ ਤੱਥਾਂ ਦਾ ਸਾਹਮਣਾ ਕਰਨਾ ਪਵੇ ਤਾਂ ਦੁਸ਼ਮਣੀ ਤੇ ਕਰੋਧ ਨਾਲ ਜਵਾਬ ਦੇਵੇ। ਹੈਰਿਸ ਨੇ ਕਿਹਾ ਅਸੀਂ ਅਜਿਹਾ ਆਗੂ ਚਹੁੰਦੇ ਹਾਂ ਜੋ ਇਸ ਸਮਝੇ ਕਿ ਸਾਡੇ ਵਖਰੇਵੇਂ ਸਾਨੂੰ ਵੰਡ ਨਹੀਂ ਸਕਦੇ ਜੋ ਸਾਡੀ ਤਾਕਤ ਲਈ ਜਰੂਰੀ ਸਾਧਨ ਹਨ।

## ਕੈਲੀਫੋਰਨੀਆ ਵਿਚ ਲੁੱਟਮਾਰ ਦੇ ਮਾਮਲਿਆਂ ਵਿਚ 8 ਜਣਿਆਂ ਨੂੰ 1 ਤੋਂ 10 ਸਾਲ ਤੱਕ ਕੈਦ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਦੱਖਣੀ ਕੈਲੀਫੋਰਨੀਆ ਵਿਚ 17 ਮਿਲੀਅਨ ਡਾਲਰ ਤੋਂ ਵਧ ਦੇ ਲੁੱਟਮਾਰ ਮਾਮਲਿਆਂ ਵਿਚ 8 ਜਣਿਆਂ ਜਿਨਾਂ ਨੇ ਆਪਣਾ ਗੁਨਾਹ ਮੰਨ ਲਿਆ ਸੀ, ਨੂੰ 1 ਸਾਲ ਤੋਂ ਲੈ ਕੇ 10 ਸਾਲ ਤੋਂ ਵਧ ਕੈਦ ਦੀਆਂ ਸਜਾਵਾਂ ਸੁਣਾਈਆਂ ਗਈਆਂ ਹਨ। ਕੈਲੀਫੋਰਨੀਆ ਅਟਾਰਨੀ ਜਨਰਲ ਰਾਬ ਬੋਨਟਾ ਅਨੁਸਾਰ ਸ਼ੱਕੀ ਦੋਸ਼ੀਆਂ ਨੇ ਮਈ 2023 ਤੋਂ ਅਗਸਤ 2023 ਦਰਮਿਆਨ ਯੈਸ ਸੇਂਟ ਲੌਰੈਂਟ ( ਵਾਈ ਐਸ ਐਲ), ਨੋਰਡਸਟਰਾਮ ਤੇ ਲੋਇਸ ਵੂਈਟੋਨ ਸਮੇਤ ਹੋਰ ਪ੍ਰਚੂਨ ਸਟੋਰਾਂ ਨੂੰ ਨਿਸ਼ਾਨਾ ਬਣਾਇਆ ਸੀ। ਬੋਨਟਾ ਨੇ ਕਿਹਾ ਕਿ ਇਸ ਕਿਸਮ ਦੇ ਅਪਰਾਧ ਸਾਡੇ ਕਾਰੋਬਾਰਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ ਤੇ ਸਮਾਜ ਲਈ ਗੰਭੀਰ ਖਤਰਾ ਹਨ। ਉਨਾਂ ਕਿਹਾ ਕਿ ਅਸੀਂ ਇਸ ਕਿਸਮ ਦੀਆਂ ਅਪਰਾਧਕ ਗੱਤੀਵਿਧੀਆਂ ਖਤਮ ਕਰਕੇ ਹੀ ਦਮ ਲਵਾਂਗੇ। ਜਿਨਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ ਉਨਾਂ ਵਿਚ ਜੌਰਡਨ ਹੈਰਿਸ ਨੂੰ ਸਭ ਤੋਂ ਵਧ 10 ਸਾਲ 4 ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਕਿਪ ਹੈਨਰੀ ਨੂੰ 7 ਸਾਲ 4 ਮਹੀਨੇ, ਡੈਵਨ ਪੈਰੀ ਨੂੰ 5 ਸਾਲ 4 ਮਹੀਨੇ, ਜ਼ੀਓਨਾ ਫੈਮਾਸੋ ਨੂੰ 4 ਸਾਲ 4 ਮਹੀਨੇ, ਅਲਾਨਾ ਹਾਰਟ ਨੂੰ 4 ਸਾਲ, ਟਰੇਵੈਲ ਹਮਬਲੈਟ ਨੂੰ 4 ਸਾਲ, ਜੈਸਨ ਸਮਿੱਥ ਨੂੰ 3 ਸਾਲ ਤੇ ਸਭ ਤੋਂ ਘੱਟ ਬਰੀਐਨਾ ਜਿਮਨੇਜ਼ ਨੂੰ 1 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। 9 ਵੇਂ ਸ਼ੱਕੀ ਈਵਾਨ ਰਮੀਰੇਜ਼ ਨੂੰ ਅਗਲੇ ਸਾਲ ਸਜ਼ਾ ਸੁਣਾਈ ਜਾਵੇਗੀ ਜੋ ਇਕ ਵੱਡੇ ਡਾਕੇ ਵਿਚ ਸ਼ਾਮਿਲ ਸੀ।

## ਇੰਗਲੈਂਡ ਚ ਵੱਸਦੇ ਪਿੰਡ ਪਲਾਹੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ 429ਵਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ





*ਧਾਰਮਿਕ ਸਮਾਗਮ ਚ ਹਾਜ਼ਿਰ ਹੋਈਆ ਪਿੰਡ ਪਲਾਹੀ ਅਤੇ ਇਲਾਕੇ ਦੀਆਂ ਸੰਗਤਾਂ।*

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਚ ਰਹਿ ਰਹੀ ਪਲਾਹੀ ਪਿੰਡ ਅਤੇ ਇਲਾਕੇ ਦੀ ਸੰਗਤ ਵੱਲੋਂ ਛੇਵੀਂ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ 429ਵਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਾਊਥ ਬਰਮਿੰਘਮ ਵਿਖੇ ਮਨਾਇਆ ਗਿਆ। ਇਸ ਮੌਕੇ ਤੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵਿਸ਼ਾਲ ਰਾਗੀ ਢਾਡੀ ਅਤੇ ਕਵੀਸ਼ਰੀ ਦਰਬਾਰ ਸਜਾਇਆ ਗਿਆ। ਇਸ ਮੌਕੇ ਤੇ ਢਾਡੀ ਨਿਸ਼ਾਨ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਛੇਵੇਂ ਗੁਰੂ ਸਾਹਿਬ ਜੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ।

ਇਸ ਮੌਕੇ ਤੇ ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਚ ਵੱਸਦੀਆਂ ਪਲਾਹੀ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਇਸ ਮੌਕੇ ਤੇ ਤਿੰਨੇ ਦਿਨ ਨਿਰਮਲ ਸਿੰਘ ਸੱਲ ਅਤੇ ਤਾਰਾ ਸਿੰਘ ਸੱਲ ਦੇ ਪਰਿਵਾਰ ਨੇ ਲੰਗਰ ਦੀ ਸੇਵਾ ਸਮੇਤ ਹੋਰ ਸੇਵਾਵਾਂ ਨਿਭਾਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੰਗਤ ਸਿੰਘ ਪਲਾਹੀ ਨੇ ਦੱਸਿਆ ਕਿ ਪਲਾਹੀ ਪਿੰਡ ਦੀ ਸਿੱਖ ਇਤਿਹਾਸ ਵਿਚ ਬਹੁਤ ਮਹੱਤਤਾ ਹੈ, ਅਤੇ ਧਾਰਮਿਕ ਪੱਖੋਂ ਵੀ ਪਿੰਡ ਪਲਾਹੀ ਪੰਜਾਬ ਚ ਭਰ ਚ ਜਾਣਿਆ ਜਾਂਦਾ ਹੈ।

# ਸੈਲਫ-ਕੇਅਰ ਨੂੰ ਹਿੱਸਾ ਬਣਾ ਲਵੋ ਜ਼ਿੰਦਗੀ ਦਾ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)






"ਸੈਲਫ-ਕੇਅਰ ਪਰਿਵਾਰ ਦੀ ਖੁਸ਼ੀ ਅਤੇ ਸਿਹਤਮੰਦ ਜੀਵਨ ਦੀ ਕੁੰਜੀ ਹੈ" ਵੱਧ ਰਹੀਆਂ ਬਿਮਾਰੀਆਂ ਤੋਂ ਬਚਾਅ ਲਈ ਹੈਲਦੀ ਮਨ ਅਤੇ ਸਰੀਰ ਲਈ ਦੂਜਿਆਂ ਦੀ ਦੇਖਭਾਲ ਦੇ ਨਾਲ-ਨਾਲ ਆਪਣੇ ਆਪ ਦੀ ਕੇਅਰ ਵੀ ਜਰੂਰੀ ਹੋ ਗਈ ਹੈ। ਅੱਜ ਦੇ ਦਿਨ ਹਰ ਆਦਮੀ ਨੂੰ ਹਰ ਪੱਧਰ 'ਤੇ ਸੈਲਫ-ਕੇਅਰ ਦਾ ਪ੍ਰੋਮਿਸ ਕਰਨ ਦੀ ਲੋੜ ਹੈ"-

ਹੈਲਥ ਮੀਡੀਆ ਕੈਨੇਡਾ : 24 ਜੁਲਾਈ ਹਰ ਸਾਲ ਅੰਤਰਰਾਸ਼ਟਰੀ ਸੇਲਫ-ਕੇਅਰ ਦਿਨ ਦੇ ਤੌਰ ਤੇ ਮਨਾਇਆ ਗਿਆ। ਸੈਲਫ-ਕੇਅਰ ਜ਼ਿੰਦਗੀ ਭਰ ਦੀ ਆਦਤ ਅਤੇ ਸਭਿਆਚਾਰ ਹੈ। ਇਹ ਇਨਸਾਨ ਦਾ ਅਭਿਆਸ ਹੈ ਜੋ ਮੌਜੂਦਾ ਗਿਆਨ ਅਤੇ ਜਾਣਕਾਰੀ ਦੇ ਅਧਾਰ ਤੇ ਆਪਣੀ ਸਿਹਤ ਦੀ ਦੇਖਭਾਲ ਕਰਨ ਲਈ ਸਹੀ ਫੈਸਲੇ ਲੈਂਦਾ ਹੈ। ਇਹ ਵਿਗਿਅਨੀਆਂ ਅਤੇ ਹਰ ਖੇਤਰ ਦੇ ਮਾਹਿਰਾਂ ਦੀ ਸਾਂਝੀ ਸਲਾਹ ਨਾਲ ਮੁਮਕਿਨ ਹੁੰਦਾ ਹੈ। ਵਿਸ਼ਵ ਭਰ ਵਿਚ ਇਸ ਦਿਨ ਸਰਕਾਰੀ-ਗੈਰ ਸਰਕਾਰੀ ਪੱਧਰ ਤੇ ਲੋਕਾਂ ਨੂੰ ਸਰੀਰਕ, ਮਾਨਸਿਕ ਤੇ' ਭਾਵਨਾਤਮਕ ਤੌਰ ਤੇ ਫਿਟ ਰਹਿਣ ਲਈ ਅਵੇਅਰ ਕੀਤਾ ਜਾਂਦਾ ਹੈ। ਤੇਜ਼ ਰਫਤਾਰ ਜ਼ਿੰਦਗੀ ਦੌਰਾਣ ਹਰ ਆਦਮੀ ਨੂੰ ਪੂਰਾ ਸਾਲ ਰੋਗਾਂ ਤੋਂ ਬਚਾਅ ਦੇ ਤਰੀਕੇ ਵਰਤ ਕੇ ਖੁੱਦ ਦਾ ਪਰਿਵਾਰ ਤੇ ਸਮਾਜ ਦਾ ਰੱਲ-ਮਿਲ ਕੇ ਖਿਆਲ ਰੱਖਣਾ ਚਾਹੀਦਾ ਹੈ।

ਮੈਡੀਸਨ ਐਂਡ ਸਾਇੰਸ ਇਨ ਸਪੋਰਟਸ ਦੀ ਸਟਡੀ ਮੁਤਾਬਿਕ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਵੱਧ ਰਹੀਆਂ ਤੋਂ ਬੀਮਾਰੀਆਂ ਤੋਂ ਬਚਣ ਲਈ ਘਰ ਅੰਦਰ ਹੀ 3-8 ਪੌਂਡ ਦੇ ਡੰਬਲ ਰੋਜਾਨਾਂ ਇਸਤੇਮਾਲ ਕਰਨ ਨਾਲ ਹੱਡੀਆਂ ਮਜਬੂਤ ਤੇ ਬਾਡੀ-ਬੈਲੇਂਸ ਬਣਿਆ ਰਹਿੰਦਾ ਹੈ।

ਸਟ੍ਰੈਸ ਘੱਟ ਕਰਨ ਲਈ ਵਕਤ ਦੇ ਮੁਤਾਬਿਕ ਦਿਨ ਵਿਚ 20 ਮਿਨਟ ਜੰਕ ਮੇਲ ਚੈਕ ਤੇ ਗਾਰਬੇਜ ਕਰਨ ਦੇ ਨਾਲ, ਘਰ ਦੇ ਦਰਵਾਜੇ, ਕਿਚਨ ਤੇ ਕਮਰੇ ਦੇ ਡਰਾਜ, ਫਰਿਜ, ਵਿੰਡੋਜ਼ ਦੇ ਨੋਬ-ਹੈਂਡਲ ਸੈਨੀਟਾਈਜਰ ਨਾਲ ਕਲੀਨ ਕਰੋ।

ਜੌਬਸ ਦੀ ਰੋਟੇਸ਼ਨ ਸ਼ਿਫਟਾਂ ਕਰਕੇ ਨੀਂਦ ਘੱਟ ਜਾਂ ਨਾ ਆਉਣ ਦੀ ਵੱਧ ਰਹੀ ਸਮੱਸਿਆ ਕਾਰਨ ਛੁੱਟੀ ਦਾ ਦਿਨ ਵੀ ਖਰਾਬ ਹੋ ਜਾਂਦਾ ਹੈ। ਦੇਰ ਨਾਲ ਰਾਤ ਹੈਵੀ-ਡਿਨਰ ਤੇ ਜਾਗਣ ਦੀ ਆਦਤ ਵੀ ਬਦਲ ਦਿਓ। 7 ਤੋਂ 8 ਘੰਟੇ ਦੀ ਨੀਂਦ ਲਈ ਖੁਰਾਕ ਵਿਚ ਘੱਟ ਕੈਲੋਰੀ ਵਾਲੇ ਪਦਾਰਥ, ਸਾਈਟਰਸ ਫ੍ਰੂਟ, ਗਰਮ ਪਾਣੀ ਤੇ ਦੁੱਧ ਤੇ ਸਪਲੀਮੈਂਟ ਵਿਟਾਮਿਨ-ਸੀ, ਕੈਲਸੀਅਮ ਤੇ ਮੇਗਨੀਸਿਅਮ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰ ਦਿਓ।

ਦਿਨ ਭਰ ਦੀ ਤਾਜ਼ਗੀ, ਅਨਰਜੀ ਅਤੇ ਬਾਡੀ ਟੈਂਪਰੇਚਰ ਬਰਕਰਾਰ ਰੱਖਣ ਲਈ ਆਪਣੇ ਸਰੀਰ ਮੁਤਾਬਿਕ ਗਰਮਸ਼ਾਵਰ ਤੇ ਆਖਰੀ ਇੱਕ ਮਿਨਟ ਠੰਢਾ ਸ਼ਾਵਰ ਲਵੋ।

ਗਰਮ ਮੌਸਮ ਵਿਚ ਡੀਹਾਈਡ੍ਰੇਸ਼ਨ, ਕਬਜ਼, ਚੱਕਰ ਆਉਣੇ, ਸਿਰ-ਪੀੜ ਵਰਗੀ ਕੰਡੀਸ਼ਨ ਲਈ ਸਾਦਾ ਪਾਣੀ ਰੋਜਾਨਾਂ 8-10 ਗਿਲਾਸ ਪੀਓ ਅਤੇ ਕੰਮ ਦੋਰਾਣ ਆਪਣੀ ਪਾਣੀ ਦੀ ਬੋਤਲ ਖਾਲੀ ਨਾ ਹੋਣ ਦਿਓ। ਛੋਟੇ ਬਚਿਆਂ ਨੂੰ ਪਾਣੀ ਪਿਲਾਣ ਲਈ ਖਿਆਲ ਮਾਂ-ਬਾਪ ਖੁਦ ਰੱਖਣ।

ਸਵੇਰੇ ਜਾਗਦੇ ਹੀ ਬਿਨਾ ਕੁੱਲਾ ਕੀਤੇ ਰਾਤ ਦਾ ਤਾਂਬੇ ਦੇ ਭਾਂਡੇ ਵਿਚ ਰੱਖਿਆ ਪਾਣੀ ਇਸਤੇਮਾਲ ਕਰਨ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਕਸਰਤ ਤੇ ਸੈਰ ਸ਼ੁਰੂ ਕਰਨ ਤੋਂ ਪਹਿਲਾਂ ਗ੍ਰੀਨ-ਟੀ ਜਾਂ ਬਿਨਾ ਦੁੱਧ ਬਲੈਕ ਟੀ ਪੀਣ ਨਾਲ ਸਰੀਰ ਨੂੰ ਅਨਰਜੀ ਮਿਲਦੀ ਹੈ ਵੱਧ ਕੋਲੋਸਟ੍ਰੋਲ ਵਾਲੇ ਫਾਇਦਾ ਲੈ ਸਕਦੇ ਹਨ।

ਰਸੋਈ ਵਿੱਚੋਂ ਕੁਕੀ-ਬਿਸਕੁਟ, ਮਿਠਾਈ, ਰੱਸ, ਕੇਕ ਤੇ ਕੇਕ ਰੱਸ ਚੱਕ ਦਿਓ। ਹਮੇਸ਼ਾ ਸਨੈਕਸ ਫਲਾਂ ਵਿਚ ਕੇਲਾ, ਸੇਵ, ਰੋਸਟਿਡ ਚਿੱਕ-ਪੀ (ਛੋਲੇ), ਪੰਪਕਿਨ ਤੇ ਸਨਫਲਾਵਰ ਸੀਡਜ਼, ਮਿਕਸ ਨਟਸ, ਕੱਚੀ ਮੂੰਗਫਲੀ, ਬਾਦਾਮ, ਕਾਜੂ, ਅਖਰੋਟ ਨੂੰ ਸ਼ਾਮਿਲ ਕਰੋ।

ਚੰਗੀ ਯਾਦਸ਼ਕਤੀ ਤੇ ਲੰਬੀ ਜ਼ਿੰਦਗੀ ਜੀਉਣ ਲਈ, ਹੋ ਸਕੇ ਤਾਂ ਲੰਚ ਤੋਂ ਬਾਅਦ 20 ਮਿਨਟ ਦੀ ਸੈਰ ਕਰੋ। ਤਾਜ਼ਗੀ ਦੇ ਨਾਲ ਸਰੀਰ ਤੇ ਮਨ ਨੂੰ ਤਾਕਤ ਮਿਲਦੀ ਹੈ।

ਸਿਰ-ਪੀੜ, ਧੁੰਦਲੀ ਨਜ਼ਰ ਤੇ ਖੁਸ਼ਕ ਅੱਖਾਂ ਦੀ ਹਾਲਤ ਵਿਚ ਲੈਪਟਪ ਅੱਗੇ ਕੰਮ ਕਰਨ ਵਾਲੇ ਹਰ ਇੱਕ ਘੰਟੇ ਦੇ ਅੰਤਰ ਤੇ ਸਿਰਫ 20 ਸੈਕੰਡ ਲਈ ਆਪਣੀਆਂ ਅੱਖਾਂ ਨੂੰ ਬੰਦ ਕਰਕੇ ਬ੍ਰੇਕ ਯਾਨੀ ਆਰਾਮ ਦੇਣ ਨਜ਼ਰ ਦਾ ਚਸ਼ਮਾ ਵਰਤਨ ਵਾਲੇ ਚੰਗੀ ਕੁਆਲਟੀ ਦੇ ਗਲਾਸਿਸ ਇਸਤੇਮਾਲ ਕਰਕੇ ਆਪਣੇ ਆਪ ਨੂੰ ਭਵਿੱਖ ਵਿਚ ਹੋਣ ਵਾਲੇ ਅੱਖਾਂ ਦੇ ਰੋਗਾਂ ਤੋਂ ਬਚਾਅ ਕਰਨ।

ਸਾਹ ਦੀ ਬਿਮਾਰੀ ਅਤੇ ਫੇਫੜਿਆਂ ਨੂੰ ਤਾਕਤ ਦੇਣ ਲਈ ਰੋਜਾਨਾਂ 15 ਮਿਨਟ ਲੰਬਾ ਸਾਹ ਲੈਣ ਤੇ ਛੱਡਣ ਦਾ ਅਭਿਆਸ ਜ਼ਰੂਰ ਕਰੋ। ਪਹਿਲਾਂ ਸੱਜੇ ਨਥੁਨੇ ਨੂੰ ਅੰਗੂਠੇ ਨਾਲ ਅਤੇ ਫਿਰ ਖੱਬੇ ਨਥੁਨੇ ਨੂੰ ਅੰਗੂਠੇ ਨਾਲ ਕਵਰ ਕਰਕੇ ਸਾਹ ਲਵੋ ਤੇ ਛੱਡੋ।

ਹਰ ਦੂਜਾ ਆਦਮੀ ਆਪਣੀ ਜੌਬ ਅਤੇ ਆਸਪਾਸ ਦੇ ਹਾਲਾਤਾਂ ਕਾਰਨ ਸਟ੍ਰੈਸ ਯਾਨੀ ਮਾਨਸਿਕ ਤਨਾਅ ਦਾ ਸ਼ਿਕਾਰ ਹੋਣ ਕਰਕੇ ਸੋਚਣ ਸਮਝਣ ਦੀ ਤਾਕਤ ਵੀ ਘੱਟਾ ਰਹਾ ਹੈ। ਸਟ੍ਰੈਸ ਨੂੰ ਘੱਟ ਕਰਨ ਵਾਲਾ ਹਾਰਮੋਨ ਕੋਰਟੀਸੋਲ ਦੇ ਪ੍ਰਾਪਰ ਲੈਵਲ ਲਈ ਘਰ ਤੋਂ ਬਾਹਰ ਫੈਮਿਲੀ ਨਾਲ ਸ਼ਾਂਤ ਹਰਿਆਲੀ ਵਾਲੇ ਸਥਾਨ ਕੁਝ ਘੰਟੇ ਜਰੂਰ ਬਿਤਾਓ।

ਸਰੀਰ ਨੂੰ ਖੁਰਾਕੀ ਤੱਤ ਦੇਣ ਅਤੇ ਫ੍ਰੈਸ਼ ਸਬਜ਼ੀਆਂ ਲਈ ਆਪਣੇ ਗਾਰਡਨ ਵਿਚ ਉਗਾਓ, ਖਾਓ ਤੇ ਤੰਦਰੁਸਤ ਬਣੋ।

ਅੱਜ ਇਨਸਾਨ ਤਨਾਅ ਭਰੀ ਜ਼ਿੰਦਗੀ ਵਿਚ ਹੱਸਣਾ ਭੁੱਲ ਗਿਆ ਹੈ ਤੁਸੀਂ ਘਰ ਅੰਦਰ ਪਰਿਵਾਰ, ਬਾਹਰ ਦੋਸਤਾਂ ਨਾਲ ਅਤੇ ਹਾਸੇ ਦੇ ਟੀ ਵੀ ਸ਼ੋਅ ਵਾਚ ਕਰੋ ਖੁੱਲ ਕੇ ਹੱਸਣ ਨਾਲ ਦਿਮਾਗ ਐਂਡ੍ਰੋਫਿਨ ਹਾਰਮੋਨ ਰੀਲੀਜ਼ ਕਰਦਾ ਹੈ ਹਾਸਾ ਮਾਨਸਿਕ ਤੋਰ ਤੇ ਰਿਸ਼ਤਿਆਂ ਨੂੰ ਮਜਬੂਤ ਕਰਦਾ ਹੈ।

ਇਕੱਲਾਪਨ ਦੂਰ ਕਰਨ ਲਈ ਹੋ ਸਕੇ ਤਾਂ ਅਕਟੀਵਿਟੀ ਕੋਰਸ ਜਾਂ ਕਲੱਬ ਜੁਆਇਨ ਕਰੋ।

ਕੀ ਕਰਨਾ ਚਾਹੁੰਦੇ ਹੋ, ਕੀ ਕਰ ਸਕਦੇ ਹੋ, ਨੂੰ ਪਲੈਨ ਕਰੋ ਜ਼ਿੰਦਗੀ ਬੇਹਤਰ ਜੀਉਣ ਲਈ ਆਪਣੇ ਟੀਚਿਆਂ ਬਾਰੇ ਸੋਚੋ ਤੇ ਐਕਸ਼ਨ ਲਵੋ। ਤੁਹਾਡਾ ਸਹੀ ਪਲੈਨ ਹੀ ਜ਼ਿੰਦਗੀ ਬਦਲ ਦੇਵੇਗਾ।

ਭੁੱਖ ਲਗਣ ਤੇ ਹੀ ਕੁੱਝ ਖਾਓ, ਸੰਤੁਸ਼ਟੀ ਜੋ ਜਾਣ ਤੇ ਖਾਣਾ-ਪੀਣਾ ਬੰਦ ਕਰ ਦਿਓ। ਜਰੂਰਤ ਤੋਂ ਵੱਧ ਖਾਣਾ-ਪੀਣਾ ਬਿਮਾਰੀਆਂ ਨੂੰ ਸੱਦਾ ਦੇਣਾ ਹੈ ਆਪਣੇ ਸਰੀਰ ਨਾਲ ਪਿਆਰ ਅਤੇ ਕੇਅਰ ਕਰੋ।

ਥੱਕ ਜਾਣ ਦੀ ਹਾਲਤ ਵਿਚ ਆਰਾਮ ਕਰੋ ਤੇ ਨੀਂਦ ਪੂਰੀ ਲਵੋ ਬੈਡ ਤੇ ਜਾਣ ਦੇ ਵੇਲੇ ਇੱਕ ਘੰਟਾ ਪਹਿਲਾਂ ਲੈਪਟੋਪ, ਸੇਲ ਫੋਨ ਤੇ ਲਾਈਟਾਂ ਬੰਦ ਕਰ ਦਿਓ, ਕਿਉਂਕਿ ਇਹ ਡਿਸਟਰਬੈਂਸ ਸਰੀਰ ਅੰਦਰ ਮੇਲਾਟੋਨਿਨ ਹਾਰਮੋਨ ਨੀਂਦ ਘਟਾ ਸਕਦਾ ਹੈ। ਕੋਸ਼ਿਸ਼ ਕਰੋ ਵਕਤ ਤੇ ਬੈਡ ਤੇ ਜਾਣ ਦੀ ਅਤੇ ਸਵੇਰੇ ਛੇਤੀ ਜਾਗਣ ਦੀ।

ਨੋਟ : ਵਿਸ਼ਵ ਭਰ ਵਿੱਚ ਤੇਜ਼ੀ ਨਾਲ ਵੱਧ ਰਹੀਆਂ ਖਤਰਨਾਕ ਬਿਮਾਰੀਆਂ ਤੋਂ ਬਚਣ ਅਤੇ ਤੰਦਰੁਸਤੀ ਲਈ ਘਰ ਦੇ ਅੰਦਰ ਦੀ ਤੇ ਆਪਣੇ ਸਰੀਰ 'ਤੇ ਮਨ ਦੀ ਸਫਾਈ ਦਾ ਪੂਰਾ ਖਿਆਲ ਰੱਖੋ। ਹਮੇਸ਼ਾ ਆਪਣੇ ਹੱਥਾਂ ਨੂੰ ਸਾਬਨ ਨਾਲ ਰਗੜ ਕੇ ਸਾਫ ਕਰਕੇ ਸੈਨੀਟਾਈਜ਼ਰ ਦੀ ਵਰਤੋਂ ਕਰੋ। ਘਰ ਤੋਂ ਬਾਹਰ ਮਾਸਕ ਅਤੇ ਗਲਬਸ ਦਾ ਇਸਤੇਮਾਲ ਕਰਕੇ ਖੁਦ ਨੂੰ ਅਤੇ ਸਾਹਮਣੇ ਵਾਲੇ ਨੂੰ ਬਚਾ ਕੇ ਹੈਪੀ ਲਾਈਫ ਜੀਓ।

*******

## MR. RAHUL GANDHI SHALL BRING A BILL ON FIXATION OF MSP OF FOOD GRAINS

In our democracy, the oppositions had been jut opposing and werenever heard. This is the first time in our history, when the head ofoppositions shall hear farmers and then shall prepare a Bill offixation of MSPs of food grains so that these prolonged agitations offarmers could be solved. It seems Mr. Rahul shall start working asrepresentatives of the people and since preparing Bills, Projects,Schemes and Policies is no9t the duty of governing side only, but allpresent in the Parliament are equal . This new trend coming inParliament must be appreciated. This problem of MSPs of food grains are on very low side and inspite of performing duties day and nights farmers could not have aproper life and often remain poor and under debts. Government mustsee the purchasing power of the people, but in MSPs of industrialproducts the state is silent and could not stop fixation of prices ofproducts. Corporate house are running smoothly only because fixationof MSPs opf products are in the hands of coroprate house. Since this Bill shall be in favour of a big class of farmers,even members in governing side shall support and the same process mustbe adopted when such a Bill, project, Scheme and Pollicy comes from theside of rulers. The cooperation and support sought by Shri NarewnderModi from the side of opposition seems to have been accepted by theopposition provided they too work in favour of opposition in bringingsuch welfare schemes. If this new scheme brought by Mr. Rahul is followed, we shallcome forward to more democratic system.

All MPs are equal andruling side cannot get something special. Farmers are united and theymust help him in arriving at right MSP. In addition to invesments,wages of all the members too must be included occupation wise becauseall are performing duties day and night. It is the duty of the government to ensure that all nationals arehaving proper monthly income to purchase their needs and it is notonly the duty of farmers to work and serve without running their ownfamilies peroperly.

Dalip Singh Wasan, Advocate
Email: dalipsinghwassan@yahoo.co.in

# ਗੁਰਮਤਿ ਦੇ ਰੰਗ ਵਿੱਚ ਰੰਗਿਆ ਸੱਜਣ : ਗਿਆਨੀ ਸੋਢੀ ਨਿਰੰਜਨ ਸਿੰਘ

ਉਜਾਗਰ ਸਿੰਘ



ਅਧਿਆਪਨ ਦਾ ਕਿੱਤਾ ਬੜਾ ਪਵਿਤਰ ਹੈ, ਪ੍ਰੰਤੂ ਜੇਕਰ ਅਧਿਆਪਕ ਗੁਰਮਤਿ ਦੇ ਰੰਗ ਵਿੱਚ ਰੰਗਿਆ ਹੋਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣ ਜਾਂਦੀ ਹੈ। ਜਿਹੜਾ ਅਧਿਆਪਕ ਮੁਲਤਾਨ ਜ਼ਿਲ੍ਹੇ ਦਾ ਜੰਮਪਲ ਤੇ ਸੋਢੀ ਵੰਸ਼ ਦਾ ਵਾਰਸ ਹੋਵੇ ਤਾਂ ਉਸ ਦੇ ਵਿਅਕਤਿਤਵ ਨੂੰ ਚਾਰ ਚੰਨ ਲੱਗ ਜਾਂਦੇ ਹਨ। ਵਿਦਿਆਰਥੀਆਂ ਨੂੰ ਆਪਣਾ ਸਰਮਾਇਆ ਸਮਝਦਾ ਹੋਇਆ, ਉਨ੍ਹਾਂ ਨੂੰ ਗੁਰਮਤਿ ਦੇ ਰੰਗ ਵਿੱਚ ਰੰਗਕੇ ਪੜ੍ਹਾਈ ਕਰਨ ਲਈ ਪ੍ਰੇਰਦਾ ਹੋਵੇ ਤਾਂ ਕੁਦਰਤੀ ਹੈ ਕਿ ਵਿਦਿਆਰਥੀ ਦੇਸ਼ ਤੇ ਕੌਮ ਲਈ ਮਰ ਮਿਟਣ ਵਾਲੇ ਦੇਸ਼ ਭਗਤ ਬਣਨਗੇ। ਅਜਿਹਾ ਹੀ ਇਕ ਅਧਿਆਪਕ ਗਿਆਨੀ ਸੋਢੀ ਨਿਰੰਜਨ ਸਿੰਘ ਸੀ, ਜਿਸ ਦੇ ਵਿਦਿਆਰਥੀ ਸਮਾਜ ਦੇ ਵੱਖ-ਵੱਖ ਸ਼ੋਹਬਿਆਂ ਵਿੱਚ ਆਪਣੀ ਲਿਆਕਤ ਦਾ ਪ੍ਰਗਟਾਵਾ ਕਰਦੇ ਹੋਏ, ਆਪਣੀ ਸਫਲਤਾ ਦਾ ਸਿਹਰਾ ਆਪਣੇ ਗੁਰੂ ਦੇਵ ਸੋਢੀ ਨਿਰੰਜਨ ਸਿੰਘ ਨੂੰ ਦਿੰਦੇ ਨਹੀਂ ਥੱਕਦੇ। ਉਨ੍ਹਾਂ ਦੇ ਸਵਰਗਵਾਸ ਹੋਣ ਦੇ 51 ਸਾਲ ਬੀਤ ਜਾਣ ਦੇ ਬਾਅਦ ਵੀ ਗਿਆਨੀ ਸੋਢੀ ਨਿਰੰਜਨ ਸਿੰਘ ਦੀ ਵਿਦਵਤਾ ਤੇ ਸਿਆਣਪ ਦੇ ਝੰਡੇ ਝੂਲ ਰਹੇ ਹਨ। ਉਨ੍ਹਾਂ ਦੇ ਵਿਦਿਆਰਥੀਆਂ ਦੇ ਚਹੇਤਾ ਹੋਣ ਦਾ ਸਬੂਤ ਇਥੋਂ ਮਿਲਦਾ ਹੈ ਕਿ ਪੰਜਾਬੀ ਵਿਦਵਾਨ ਲੇਖਕ ਵਰਿਆਮ ਸਿੰਘ ਸੰਧੂ ਉਨ੍ਹਾਂ ਦੀ ਕਾਬਲੀਅਤ ਦਾ ਜ਼ਿਕਰ ਕਰਦਾ ਹੋਇਆ ਭਾਵਕ ਹੋ ਜਾਂਦਾ ਹੈ। ਸਕੂਲ ਪੱਧਰ ਦੇ ਪੰਜਾਬੀ ਅਧਿਆਪਕ ਨੂੰ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ, ਪ੍ਰੰਤੂ ਗਿਆਨੀ ਸੋਢੀ ਨਿਰੰਜਨ ਸਿੰਘ ਦਾ ਪੰਜਾਬੀ ਪੜ੍ਹਾਉਣ ਦੇ ਢੰਗ ਦੀ ਪ੍ਰਸੰਸਾ ਕੀਤੀ ਜਾ ਰਹੀ ਹੈ ਕਿ ਉਹ ਉਸ ਸਮੇਂ ਸ਼ਬਦ ਜੋੜ ਦਾ ਖਾਸ ਧਿਆਨ ਰੱਖਦੇ ਸਨ, ਜਦੋਂ ਕਿ ਅਜੋਕੇ ਕਾਲਜਾਂ ਅਤੇ ਯੂਨੀਵਰਸਿਟੀ ਦੇ ਕੁਝ ਵਿਦਵਾਨਾ ਨੂੰ ਖੁਦ ਵੀ ਸ਼ਬਦ ਜੋੜਾਂ ਦੀ ਸਹੀ ਜਾਣਕਾਰੀ ਨਹੀਂ ਹੈ। ਉਹ ਗੁਰਬਾਣੀ ਦੇ ਗਿਆਤਾ ਸਨ। ਬਹੁਤੀ ਗੁਰਬਾਣੀ ਉਨ੍ਹਾਂ ਨੂੰ ਮੂੰਹ ਜ਼ੁਬਾਨੀ ਯਾਦ ਸੀ। ਗਿਆਨੀ ਸੋਢੀ ਨਿਰੰਜਨ ਸਿੰਘ ਸਾਹਿਤ ਪ੍ਰੇਮੀ ਸਨ, ਉਨ੍ਹਾਂ ਦੀ ਵਿਰਾਸਤ ਅਰਥਾਤ ਉਨ੍ਹਾਂ ਦੇ ਪਿਤਾ ਸੋਢੀ ਫ਼ਕੀਰ ਦਾਸ ਸਾਹਿਤ ਦੇ ਪਾਠਕ ਸਨ, ਜਿਨ੍ਹਾਂ ਤੋਂ ਉਨ੍ਹਾਂ ਨੂੰ ਪੰਜਾਬੀ ਦਾ ਸਾਹਿਤ ਪੜ੍ਹਨ ਦੀ ਪ੍ਰੇਰਨਾ ਮਿਲੀ। ਗਿਆਨੀ ਨਿਰੰਜਨ ਸਿੰਘ ਅੱਖਰੀ ਪੜ੍ਹਾਈ ਦੇ ਨਾਲ ਵਿਦਿਆਰਥੀਆਂ ਨੂੰ ਸਫ਼ਲ ਜ਼ਿੰਦਗੀ ਬਸਰ ਕਰਨ ਦੇ ਗੁਰ ਦੱਸਦੇ ਸਨ। ਉਹ ਸਮਝਦੇ ਸਨ, ਅੱਖਰੀ ਪੜ੍ਹਾਈ ਨੌਕਰੀਆਂ ਪ੍ਰਾਪਤ ਕਰਨ ਲਈ ਤਾਂ ਲਾਹੇਬੰਦ ਹੁੰਦੀ ਹੈ ਪ੍ਰੰਤੂ ਜ਼ਿੰਦਗੀ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਸਮਾਜਿਕ ਅਤੇ ਨੈਤਿਕ ਕਦਰਾਂ ਕੀਮਤਾਂ ਦੀ ਜਾਣਕਾਰੀ ਹੋਣੀ ਅਤਿ ਜ਼ਰੂਰੀ ਹੁੰਦੀ ਹੈ। ਗਿਆਨੀ ਨਿਰੰਜਨ ਸਿੰਘ ਦੀ ਵੇਸ਼ਭੂਸ਼ਾ ਇਕ ਫ਼ਕੀਰ ਯੋਗੀ ਦੀ ਹੋਣ ਕਰਕੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਿਅਤਿਤਵ ਵਿੱਚੋਂ ਅਲਾਹੀ ਅਧਿਆਤਮਿਕ ਵਿਦਵਤਾ ਦਾ ਖ਼ਜਾਨਾ ਵਿਖਾਈ ਦਿੰਦਾ ਸੀ। ਦੁੱਧ ਵਰਗਾ ਚਿੱਟਾ ਪਹਿਰਾਵਾ ਅਤੇ ਜੋਗੀਆ ਰੰਗ ਦੀ ਗੋਲਦਾਰ ਦਸਤਾਰ ਗਿਆਨੀ ਨਿਰੰਜਨ ਸਿੰਘ ਦੇ ਇੱਕ ਧਾਰਮਿਕ ਬੁੱਧੀਮਾਨ ਵਿਅਤਿਤਵ ਦਾ ਪ੍ਰਗਟਾਵਾ ਕਰਦੀ ਸੀ। ਪੜ੍ਹਾਈ ਕਰਨ ਲਈ ਲਗਾਤਾਰ ਮਿਹਨਤ ਕਰਨ ਦੀ ਪ੍ਰੇਰਨਾ ਦਿੰਦੇ ਹੋਏ, ਉਹ ਅਜਿਹੀਆਂ ਉਦਾਹਰਨਾ ਦਿੰਦੇ ਸਨ, ਜਿਹੜੀਆਂ ਵਿਦਿਆਰਥੀਆਂ ਦੇ ਦਿਲ ਅਤੇ ਦਿਮਾਗ਼ ਵਿੱਚ ਬੈਠ ਜਾਂਦੀਆਂ ਸਨ। ਉਨ੍ਹਾਂ ਦੀਆਂ ਉਦਾਹਰਨਾਂ ਦ੍ਰਿਸ਼ਟਾਂਤਿਕ ਸੀਨ ਪੈਦਾ ਕਰ ਦਿੰਦੀਆਂ ਸਨ। ਉਹ ਵਿਦਿਆਰਥੀਆਂ ਨੂੰ ਅਨੁਸ਼ਾਸਤ ਜੀਵਨ ਬਸਰ ਕਰਨ ਦੀ ਜ਼ਰੂਰਤ ਨੂੰ ਮਹਿਸੂਸ ਕਰਵਾ ਦਿੰਦੇ ਸਨ ਕਿਉਂਕਿ ਕਿਸੇ ਖੇਤਰ ਵਿੱਚ ਸਫਲਤਾ ਲਈ ਕਿਸੇ ਕਾਇਦੇ ਕਾਨੂੰਨ ਨਾਲ ਵਿਚਰਨਾ ਜ਼ਰੂਰੀ ਹੁੰਦਾ ਹੈ। ਬੱਚੇ ਆਮ ਤੌਰ 'ਤੇ ਕਿਸੇ ਕਿਸਮ ਦੇ ਉਪਦੇਸ਼ ਲੈਣ ਤੋਂ ਇਨਕਾਰੀ ਹੁੰਦੇ ਹਨ ਪ੍ਰੰਤੂ ਸੋਢੀ ਨਿਰੰਜਨ ਸਿੰਘ ਗੁਰਬਾਣੀ ਦੀਆਂ ਤੁਕਾਂ ਦੀਆਂ ਉਦਾਹਰਣਾ ਦੇ ਕੇ



ਬੱਚਿਆਂ ਨੂੰ ਉਪਦੇਸ਼ ਦਿੰਦੇ ਸਨ। ਇਸ ਤੋਂ ਇਲਾਵਾ ਉਹ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਮਿਥ ਕੇ ਉਸ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰਨ ਦੀ ਸਲਾਹ ਦਿੰਦੇ ਸਨ। ਜਿਹੜੇ ਵਿਦਿਆਰਥੀ ਉਚਾ ਨਿਸ਼ਾਨਾ ਨਹੀਂ ਮਿਥਦੇ ਸਨ, ਉਨ੍ਹਾਂ ਨੂੰ ਵੱਡੇ ਨਿਸ਼ਾਨੇ ਨਿਸਚਤ ਕਰਨ ਦੀ ਵਿਅੰਗ ਨਾਲ ਸਲਾਹ ਦੇਣ ਸਮੇਂ ਇਸ ਗੱਲ ਦਾ ਧਿਆਨ ਰੱਖਦੇ ਸਨ ਕਿ ਬੱਚਿਆਂ ਵਿੱਚ ਹੀਣ ਭਾਵਨਾ ਪੈਦਾ ਨਾ ਹੋ ਜਾਵੇ। ਉਹ ਗੁਰਮੁੱਖ ਵਿਅਕਤੀ ਸਨ। ਉਨ੍ਹਾਂ ਦੀ ਲਿਖਾਈ ਬਹੁਤ ਖੁਸ਼ਕਤ ਸੀ। ਉਹ ਸਕੂਲ ਦੀਆਂ ਕੰਧਾਂ 'ਤੇ ਕਲਾਤਮਿਕ ਢੰਗ ਨਾਲ ਗੁਰਬਾਣੀ ਦੀਆਂ ਤੁੱਕਾਂ ਮੋਟੇ ਚਾਰਟਾਂ 'ਤੇ ਲਿਖਕੇ ਟੰਗ ਦਿੰਦੇ ਸਨ ਤਾਂ ਜੋ ਵਿਦਿਆਰਥੀ ਸਿੱਖੀ ਸੋਚ ਨਾਲ ਜੁੜੇ ਰਹਿਣ ਅਤੇ ਸਦਾਚਾਰ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦਿੰਦੇ ਰਹਿਣ। ਉਨ੍ਹਾਂ ਦੀ ਦੂਰ ਅੰਦੇਸ਼ੀ ਦਾ ਪਤਾ ਲਗਦਾ ਹੈ, ਜਦੋਂ ਅੱਜ ਕਲ੍ਹ ਉਸੇ ਤਰਜ 'ਤੇ ਸਕੂਲਾਂ ਵਿੱਚ ਇਹ ਤੁਕਾਂ ਲਿਖੀਆਂ ਜਾਂਦੀਆਂ ਹਨ। ਗਿਆਨੀ ਨਿਰੰਜਨ ਸਿੰਘ ਦੀ ਸਰੀਰਕ ਸਿਖਿਆ ਦੀ ਨਸੀਅਤ ਵੀ ਕਮਾਲ ਦੀ ਹੁੰਦੀ ਸੀ। ਉਹ ਵਿਦਿਆਰਥੀਆਂ ਨੂੰ ਉਸ ਸਮੇਂ ਸਰੀਰਕ ਕਸਰਤਾਂ ਦੇ ਨਾਲ ਸੈਰ ਕਰਨ ਦੀ ਤਾਕੀਦ ਵੀ ਕਰਦੇ ਸਨ। ਉਹ ਕੁਦਰਤ ਦੇ ਕਾਦਰ ਦੇ ਪ੍ਰਸੰਸਕ ਸਨ, ਇਸ ਲਈ ਵਿਦਿਆਰਥੀਆਂ ਨੂੰ ਕੁਦਰਤ ਨਾਲ ਪਿਆਰ ਕਰਨ ਅਤੇ ਕੁਦਰਤ ਦੀਆਂ ਰਹਿਮਤਾਂ ਦਾ ਲਾਭ ਉਠਾਉਣ ਦੀ ਪ੍ਰੇਰਨਾ ਦਿੰਦੇ ਰਹਿੰਦੇ ਸਨ। ਗੁਰਬਾਣੀ ਅਤੇ ਗੁਰਮਤਿ ਦੇ ਪ੍ਰੇਮੀ ਹੋਣ ਕਰਕੇ ਦਸਾਂ ਨਹੁੰਾਂ ਦੀ ਕਿਰਤ ਕਰਨ ਨੂੰ ਸੁਭਾਗ ਸਮਝਦੇ ਸਨ। ਉਹ ਬੱਚਿਆਂ ਨੂੰ ਆਪਣੇ ਮਾਪਿਆਂ ਨਾਲ ਪਰਿਵਾਰਿਕ ਕੰਮ ਕਰਨ ਲਈ ਵੀ ਉਤਸ਼ਾਹਤ ਕਰਦੇ ਸਨ ਤਾਂ ਜੋ ਬੱਚਿਆਂ ਵਿੱਚ ਕਿਰਤ ਕਰਨ ਦੀ ਰੁਚੀ ਪੈਦਾ ਹੋ ਸਕੇ। ਉਹ ਇਹ ਵੀ ਸਮਝਾਉਂਦੇ ਸਨ ਕਿ ਕਿਰਤ ਕਰਨ ਵਾਲਾ ਵਿਅਕਤੀ ਕਦੀਂ ਵੀ ਅਸਫਲ ਨਹੀਂ ਹੁੰਦਾ। ਕਿਰਤ ਕਰੋ ਤੇ ਵੰਡ ਛੱਕੋ ਦੇ ਸਿਧਾਂਤ ਤੇ ਪਹਿਰਾ ਦੇਣ ਵਿੱਚ ਖ਼ੁਸ਼ੀ ਮਹਿਸੂਸ ਕਰਦੇ ਸਨ, ਜਿਸ ਕਰਕੇ ਉਨ੍ਹਾਂ ਦੇ ਵਿਦਿਆਰਥੀ ਅੱਜ ਵੀ ਕਿਰਤ ਦੀ ਪ੍ਰਵਿਰਤੀ 'ਤੇ ਪਹਿਰਾ ਦੇ ਰਹੇ ਹਨ। ਛੁੱਟੀਆਂ ਵਿੱਚ ਉਹ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਉਣ ਲਈ ਤਰਨਤਾਰਨ ਸਾਹਿਬ ਅਤੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਸਰ ਲੈ ਕੇ ਜਾਂਦੇ, ਓਥੇ ਦੁਰਗਿਆਨਾ ਮੰਦਰ ਅਤੇ ਜਲ੍ਹਿਆਂ ਵਾਲਾ ਬਾਗ ਜ਼ਰੂਰ ਲੈ ਕੇ ਜਾਂਦੇ ਸਨ ਤਾਂ ਜੋ ਬੱਚਿਆਂ ਵਿੱਚ ਧਾਰਮਿਕ ਸਦਭਾਵਨਾ ਤੇ ਦੇਸ਼ ਭਗਤੀ ਦੀ ਜੋਤੀ ਪ੍ਰਜਵਲਿਤ ਹੋ ਸਕੇ। ਉਹ ਸਾਰੇ ਧਰਮਾ ਦਾ ਇੱਕੋ ਜਿਹਾ ਸਤਿਕਾਰ ਕਰਦੇ ਸਨ। ਉਨ੍ਹਾਂ ਵਿੱਚ ਇੱਕ ਸੱਚੀ ਸੁੱਚੀ ਰੂਹ ਦਾ ਵਾਸਾ ਸੀ। ਉਹ ਸਮਾਜ ਦੇ ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਜੁੜੇ ਹੋਏ ਸਨ, ਉਹ ਸਿਰਫ਼ ਬੱਚਿਆਂ ਨੂੰ ਪੜ੍ਹਾਉਣ ਦੀ ਜ਼ਿੰਮੇਵਾਰੀ ਹੀ ਨਹੀਂ ਸਗੋਂ ਸਮਾਜ ਨੂੰ ਵੀ ਪੜ੍ਹਾਉਂਦੇ ਸਨ। ਗਿਆਨੀ ਜੀ ਦੀ ਸ਼ਖ਼ਸੀਅਤ ਬਹੁ-ਰੰਗੀ ਸੀ। ਵਿਦਿਆਰਥੀਆਂ ਨੂੰ ਪਿਆਰ ਅਤੇ ਡਾਂਟ ਦੋਵੇਂ ਬਰਾਬਰ ਕਰਦੇ ਸਨ। ਉਨ੍ਹਾਂ ਦੇ ਸ਼ਬਦਾਂ ਵਿੱਚ ਗੁਰਮੁੱਖਾਂ ਵਾਲਾ ਸਹਿਜ ਤੇ ਸੁਹਜ ਅਤੇ ਖਾਸ ਮੌਕਿਆਂ 'ਤੇ ਭਾਸ਼ਾ ਦਾ ਰੰਗ ਵੀ ਮਾਨਣ ਯੋਗ ਹੁੰਦਾ ਸੀ। ਬੱਚਿਆਂ ਨੂੰ ਝਿੜਕਦੇ ਸਮੇਂ ਅਜੀਬ ਰੰਗੀਨੀ ਅਤੇ ਹਾਸ ਵਿਅੰਗ ਹੁੰਦਾ ਸੀ। ਉਨ੍ਹਾਂ ਦਾ ਸਾਰਾ ਜੀਵਨ ਜਿਥੇ ਗੁਰਮੁਖ ਰੁਚੀਆਂ ਵਾਲਾ ਸੀ, ਓਥੇ ਨਿਰੰਤਰ ਸੰਘਰਸ਼ ਦਾ ਪ੍ਰਤੀਕ ਵੀ ਸੀ।

ਸੋਢੀ ਨਿਰੰਜਣ ਸਿੰਘ ਦਾ ਜਨਮ 11 ਨਵੰਬਰ 1904 ਈ ਨੂੰ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਮੁਲਤਾਨ ਦੀ ਲੋਧਰਾਂ ਤਹਿਸੀਲ ਦੇ ਪਿੰਡ ਗੋਗੜਾ ਵਿੱਚ ਪਿਤਾ ਸੋਢੀ ਫ਼ਕੀਰ ਦਾਸ ਅਤੇ ਮਾਤਾ ਪ੍ਰਸਿੰਨੀ ਦੇਵੀ ਦੀ ਕੁੱਖੋਂ ਹੋਇਆ ਸੀ। ਜਦੋਂ ਉਹ ਪ੍ਰਾਇਮਰੀ ਸਕੂਲ ਵਿੱਚ ਪੜ੍ਹ ਰਿਹਾ ਸੀ, ਉਦੋਂ ਉਸ ਦੇ ਪਿਤਾ ਸਵਰਗਵਾਸ ਹੋ ਗਏ। ਉਨ੍ਹਾਂ ਦਿਨਾਂ ਵਿੱਚ ਅੰਗਰੇਜ਼ਾਂ ਨੂੰ ਪਹਿਲੇ ਸੰਸਾਰ ਯੁਧ ਲਈ ਸਿਪਾਹੀਆਂ ਦੀ ਭਰਤੀ ਦੀ ਲੋੜ ਸੀ। ਪੁਲਿਸ ਇੰਸਪੈਕਟਰ ਅਨੂਪ ਸਿੰਘ ਪਿੰਡ ਵਿੱਚ ਭਰਤੀ ਕਰਨ ਲਈ ਪੁੱਜੇ। ਮਾਤਾ ਨੇ ਵੱਡਾ ਲੜਕਾ ਅਮਰੀਕ ਸਿੰਘ ਖੇਤਾਂ ਵਿੱਚ ਲੁਕੋ ਦਿੱਤਾ ਤੇ ਕਿਹਾ ਮੇਰਾ ਤਾਂ ਇਕੋ ਛੋਟਾ ਬੇਟਾ ਹੈ ਤੇ ਮੇਰੇ ਪਤੀ ਦੀ ਮੌਤ ਹੋ ਚੁੱਕੀ ਹੈ। ਬੇਟਾ ਪੜ੍ਹਨਾ ਚਾਹੁੰਦਾ ਹੈ। ਰਹਿਮ ਦਿਲ ਪੁਲਿਸ ਇੰਸਪੈਕਟਰ ਨਿਰੰਜਨ ਸਿੰਘ ਨੂੰ ਆਪਣੇ ਨਾਲ ਤਰਨਤਾਰਨ ਨੇੜੇ ਖੱਬੇ ਰਾਜਪੂਤਾਂ ਲੈ ਆਇਆ। ਉਸ ਦੇ ਆਪਣੇ ਕੋਈ ਪੁੱਤਰ ਨਹੀਂ ਸੀ। ਨਿਰੰਜਨ ਸਿੰਘ ਨੂੰ ਤਰਨਤਾਰਨ ਗੁਰਮਤਿ ਵਿਦਿਆਲੇ ਵਿੱਚ ਦਾਖ਼ਲ ਕਰਵਾਕੇ ਪੜ੍ਹਾਇਆ। ਫਿਰ ਉਨ੍ਹਾਂ ਨੇ 1926-27 ਵਿੱਚ ਗਿਆਨੀ ਅਤੇ ਓ ਟੀ ਪਾਸ ਕਰਨ ਲਈ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖ਼ਲ ਕਰਵਾ ਦਿੱਤਾ ਅਤੇ ਸਾਰਾ ਖ਼ਰਚਾ ਆਪ ਕਰਦੇ ਰਹੇ। ਓ ਟੀ ਉਨ੍ਹਾਂ ਦਿਨਾਂ ਵਿੱਚ ਅਧਿਆਪਕ ਸਿਖਿਆ ਨੂੰ ਕਿਹਾ ਜਾਂਦਾ ਸੀ। ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਉਨ੍ਹਾਂ ਪ੍ਰਿੰਸੀਪਲ ਮਨਮੋਹਨ ਸਿੰਘ ਐਮ.ਏ., ਪ੍ਰੋ.ਤੇਜਾ ਸਿੰਘ, ਪ੍ਰੋ.ਨਿਰੰਜਣ ਸਿੰਘ ਐਮ.ਐਸ.ਸੀ. ਅਤੇ ਬਿਸ਼ਨ ਸਿੰਘ ਵਰਗੇ ਵਿਦਵਾਨਾਂ ਤੋਂ ਸਿਖਿਆ ਹਾਸਲ ਕੀਤੀ, ਜਿਸ ਕਰਕੇ ਉਨ੍ਹਾਂ ਦੇ ਵਿਅਤਿਤਵ ਵਿੱਚ ਨਿਖ਼ਾਰ ਆਇਆ। ਸਾਂਝੇ ਪੰਜਾਬ ਦੇ ਪਹਿਲਾਂ ਗੁਜਰਾਂਵਾਲਾ ਦੇ ਕਿਸੇ ਸਕੂਲ ਵਿੱਚ ਪੜ੍ਹਾਉਂਦੇ ਰਹੇ। ਫਿਰ ਉਸ ਦੀ ਚੋਣ ਪੰਜਾਬੀ ਅਧਿਆਪਕ ਦੀ ਹੋ ਗਈ, ਪਹਿਲਾਂ ਨੌਸ਼ਹਿਰਾ ਪੰਨੂਆਂ, ਝਬਾਲ (1933), ਲੋਪੋਕੇ (1942), ਅਟਾਰੀ (1947) ਤੇ ਆਖ਼ਰੀ ਸਟੇਸ਼ਨ ਪਿੰਡ ਸੁਰ ਸਿੰਘ ਵਿਖੇ ਸੇਵਾ ਕਰਦੇ ਰਹੇ। ਉਹ 11 ਨਵੰਬਰ 1959 ਨੂੰ ਨੌਕਰੀ ਵਿੱਚੋਂ ਸੇਵਾ ਮੁਕਤ ਹੋਏ ਸਨ। ਗਿਆਨੀ ਨਿਰੰਜਨ ਸਿੰਘ ਦਾ ਵਿਆਹ 1931 ਵਿੱਚ ਬੀਬੀ ਰਾਮ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਤਿੰਨ ਧੀਆਂ ਚਰਨਜੀਤ ਕੌਰ, ਗੁਰਵੰਤਜੀਤ ਕੌਰ, ਗੁਰਦੀਪ ਕੌਰ ਅਤੇ ਚਾਰ ਪੁੱਤਰਾਂ ਸਵਰਨ ਸਿੰਘ ਸੋਢੀ ਸੇਵਾ ਮੁਕਤ ਕਾਲਜ ਪ੍ਰਿੰਸੀਪਲ, ਗੁਰਚਰਨ ਸਿੰਘ ਸੋਢੀ ਸੇਵਾ ਮੁਕਤ ਜਾਇੰਟ ਡਾਇਰੈਕਟਰ ਲੋਕ ਸੰਪਰਕ ਪੰਜਾਬ, ਕ੍ਰਿਸ਼ਨ ਕ੍ਰਿਪਾਲ ਸਿੰਘ ਸੋਢੀ, ਸੇਵਾ ਮੁਕਤ ਇੰਜਿਨੀਅਰ ਅਤੇ ਮਰਹੂਮ ਰਵਿੰਦਰਪਾਲ ਸਿੰਘ ਸੋਢੀ, ਪੁਲਸ ਇੰਸਪੈਕਟਰ ਨੇ ਜਨਮ ਲਿਆ। ਗਿਆਨੀ ਨਿਰੰਜਨ ਸਿੰਘ ਨੇ ਸਾਰੇ ਬੱਚਿਆਂ ਨੂੰ ਉਚ ਤੇ ਬਿਹਤਰੀਨ ਵਿਦਿਆ ਦਿਵਾਈ, ਜਿਸ ਕਰਕੇ ਸਾਰਾ ਪਰਿਵਾਰ ਪੜ੍ਹਿਆ ਲਿਖਿਆ ਅਤੇ ਉਚ ਅਹੁਦਿਆਂ 'ਤੇ ਬਿਰਾਜਮਾਨ ਰਿਹਾ। ਮੁਲਤਾਨ ਵਾਲੇ ਘਰ ਦੇ ਬਦਲੇ ਮਿਲੇ ਕਲੇਮ ਨਾਲ ਉਨ੍ਹਾਂ ਨੇ ਫਿਲੌਰ ਸਰਕਾਰੀ ਬੋਲੀ ਦੇ ਕੇ ਮਕਾਨ ਖ਼੍ਰੀਦ ਲਿਆ ਸੀ। ਨੌਕਰੀ ਵਿੱਚੋਂ ਸੇਵਾ ਮੁਕਤੀ ਤੋਂ ਬਾਅਦ ਉਹ ਫਿਲੌਰ ਵਿਖੇ ਹੀ ਰਹੇ। 25 ਜੂਨ 1963 ਨੂੰ ਉਹ ਸਵਰਗਵਾਸ ਹੋ ਗਏ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

## ਵਿਸ਼ਵ ਦੇ ਮਹਾਨ ਖਿਡਾਰੀ

# ਮਾਣਮੱਤਾ ਓਲੰਪੀਅਨ ਗੁਰਬਚਨ ਸਿੰਘ ਰੰਧਾਵਾ

### ਪ੍ਰਿੰ. ਸਰਵਣ ਸਿੰਘ



''ਗੁਰਬਚਨ ਸਿੰਘ ਜਿੰਨਾ ਤਕੜਾ ਅਥਲੀਟ ਸੀ, ਓਨਾ ਹੀ ਤਕੜਾ ਗਾਲੜੀ''। ਇਹ ਪਹਿਲਾ ਫਿਕਰਾ ਸੀ ਜੋ ਮੈਂ ਸਾਹਿਤਕ ਰਸਾਲੇ 'ਆਰਸੀ ਵਿੱਚ ਉਹਦੇ ਪਲੇਠੇ ਰੇਖਾ ਚਿੱਤਰ 'ਚ ਲਿਖਿਆ। ਦੂਜਾ ਫਿਕਰਾ ਸੀ, ''ਉਹ ਇਕੋ ਸਾਹ ਛੜਿਆਂ ਦੇ ਸ਼ੌਕ ਤੋਂ ਲੈ ਕੇ ਓਲੰਪਿਕ ਦੀ ਫਾਈਨਲ ਦੌੜ ਤੱਕ ਗੱਲਾਂ ਕਰੀ ਜਾਂਦਾ ਹੈ।'' ਗੱਲ 1966 ਦੀ ਹੈ। ਉਦੋਂ ਉਹ 1962 ਦੀਆਂ ਏਸ਼ਿਆਈਖੇਡਾਂ ਦਾ ਬੈੱਸਟ ਅਥਲੀਟ ਬਣਨ ਬਾਅਦ ਟੋਕੀਓ-1964 ਦੀ ਓਲੰਪਿਕਸ ਤੋਂ 110 ਮੀਟਰ ਦੀ ਹਰਡਲਜ਼ ਦੌੜ 'ਚੋਂ ਪੰਜਵਾਂ ਸਥਾਨ ਹਾਸਲ ਕਰ ਚੁੱਕਾ ਸੀ। ਇੰਡੀਆ ਦੀ ਅਥਲੈਟਿਕਸ ਦੇ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂ ਬੋਲਦੇ ਸਨ। ਪਰ 'ਉੱਡਣੇ ਸਿੱਖਮਿਲਖਾ ਸਿੰਘ ਵਾਂਗ, ਹਰਡਲਾਂ ਦੇ 'ਉੱਡਣੇ ਬਾਜ਼ ਗੁਰਬਚਨ ਸਿੰਘ ਦੀ ਓਨੀ ਮਸ਼ਹੂਰੀ ਨਹੀਂ ਸੀ ਹੋਈ ਜਿੰਨੀ ਦਾ ਉਹ ਹੱਕਦਾਰ ਸੀ। ਇਸ ਗੱਲੋਂ ਉਹ ਮੀਡੀਏ 'ਤੇ ਖ਼ਫ਼ਾ ਸੀ।

ਮੈਂ ਪੰਜਾਬ ਦੇ ਮਾਣਮੱਤੇ ਓਲੰਪੀਅਨ ਨੂੰ ਵਡਿਆਉਣ ਲਈ ਆਪਣੇ ਜਾਣੇ ਪਰਸੰਸਾਮਈ ਰੇਖਾ ਚਿੱਤਰ ਲਿਖਿਆਤੇ ਉਹਦਾ ਨਾਂ 'ਮੁੜ੍ਹਕੇ ਦਾ ਮੋਤੀ ਰੱਖਿਆ। ਜਦ ਛਪਿਆ ਤਾਂ ਚਾਈਂ ਚਾਈਂ 'ਆਰਸੀਦਾ ਅੰਕਉਸ ਨੂੰ ਪੜ੍ਹਨ ਨੂੰ ਦਿੱਤਾ। ਮੇਰੀ ਆਸ ਦੇ ਉਲਟਗੁਰਬਚਨ ਸਿੰਘ ਨੂੰ ਮੇਰੇਮੁੱਢਲੇ ਫਿਕਰੇ ਪਸੰਦ ਨਹੀਂ ਸੀ ਆਏ। ਇੱਕ ਦਿਨ ਉਹ ਦਿੱਲੀ ਕਨਾਟ ਪਲੇਸ ਦੇ ਵਰਾਂਡੇ ਵਿੱਚ ਤੁਰਿਆ ਆਉਂਦਾ ਮਿਲ ਪਿਆ। ਆਸ ਸੀ ਕਿ ਧੰਨਵਾਦ ਕਰੇਗਾ ਪਰ 'ਮਾਝੇ ਦਾ ਮਾਣ ਇਹ ਕਹਿੰਦਿਆਂ 'ਇਹ ਕੀ ਲਿਖ ਮਾਰਿਆ ਈ ਭਾਊ ਦਾ ਉਲਾਂਭਾ ਦਿੰਦਾ ਹੱਥ ਮਿਲਾਏਬਿਨਾਂ ਅਗਾਂਹ ਤੁਰ ਗਿਆ। ਮੈਂ ਹੱਕਾ-ਬੱਕਾ ਰਹਿ ਗਿਆ ਤੇ ਸਿੰਮ ਆਏ ਹੰਝੂ ਲਕੋਣ ਲਈਕਨਾਟ ਪਲੇਸ ਦੇ ਇੱਕ ਲੁਕਵੇਂ ਖੂੰਜੇ ਜਾ ਖੜ੍ਹਾ ਹੋਇਆ। ਪਛਤਾਇਆ, ਲੈ ਆਹ ਮਿਲਿਆ ਈ ਇਨਾਮ ਕਿਸੇ ਖਿਡਾਰੀ ਬਾਰੇ ਲਿਖਣ ਦਾ!

ਹਾਲਾਂਕਿ ਉਸੇ ਰੇਖਾ ਚਿੱਤਰ ਵਿੱਚ ਮੈਂ ਲਿਖਿਆ ਸੀ, ''ਅਥਲੈਟਿਕਸ ਗੁਰਬਚਨ ਸਿੰਘ ਦੇ ਲਹੂ ਵਿੱਚ ਹੈ। ਇਹਦੇ ਵਿੱਚ ਅੱਗੇ ਤੋਂ ਅੱਗੇ ਆਉਣ ਲਈ ਉਹਨੇ ਦਿਨ-ਰਾਤ ਮੁੜ੍ਹਕਾ ਡੋਲ੍ਹਿਆ ਹੈ ਤੇ ਹੁਣ ਅਸੀਂ ਉਸ ਨੂੰ ਹਰਡਲਾਂ ਉੱਤੇ ਬਾਜ਼ ਵਾਂਗ ਉੱਡਦਾ ਵੇਖਦੇ ਹਾਂ। ਉਹ ਕਹਿੰਦਾ ਹੈ, ਜੇ ਲੋਕ ਸ਼ਾਬਾਸ਼ੇ ਦਿੰਦੇ ਰਹਿਣ ਤਾਂ ਅਥਲੀਟ ਇੱਕੋ ਛਾਲ ਵਿੱਚ ਧਰਤੀ ਟੱਪ ਸਕਦੈ। ਸਾਡੇ ਅੱਜ ਦੇ ਰਿਕਾਰਡ ਆਉਣ ਵਾਲੇ ਅਥਲੀਟਾਂ ਦੇ ਮੁੱਢਲੇ ਸਟੈਂਡਰਡ ਹੋਣੇਗੇ। ਬੰਦੇ ਦੀ ਤਾਕਤ ਦਾ ਕੋਈ ਸਿਰਾ ਨਹੀਂ। ਮੇਰਾ ਯਕੀਨ ਐ ਪੰਜਾਬ ਦੇ ਅਥਲੀਟ ਕਿਸੇ ਦਿਨ ਦੁਨੀਆ ਦੇ ਜੇਤੂ ਬਣਨਗੇ।''

ਮੈਂ ਖਿਡਾਰੀਆਂ ਬਾਰੇ ਲਿਖਣਾ ਗੁਰਬਚਨ ਸਿੰਘ ਦੇ ਰੇਖਾ ਚਿੱਤਰ ਨਾਲਸ਼ੁਰੂ ਕੀਤਾ ਸੀ। ਮੇਰੀ ਥਾਂ ਕੋਈ ਹੋਰ ਹੁੰਦਾ ਤਾਂ ਖਿਡਾਰੀਆਂ ਬਾਰੇ ਲਿਖਣ ਤੋਂਮੂੰਹ ਹੀ ਮੋੜ ਲੈਂਦਾ। ਪਰ ਮੈਂ ਖ਼ੁਦ ਖਿਡਾਰੀ ਹੋਣ ਦੇ ਨਾਤੇ, ਗੁਰਬਚਨ ਦੇ ਉਲਾਂਭੇ ਨੂੰ ਚੈਲੰਜ ਵਾਂਗ ਲਿਆ ਤੇਖੇਡਾਂ ਖਿਡਾਰੀਆਂ ਬਾਰੇ ਲਗਾਤਾਰ ਲਿਖਦਾ ਰਿਹਾ। ਹੁਣ ਤਾਂ ਕੋਈ ਗਿਣਤੀ ਹੀ ਨਹੀਂ ਕਿ ਕਿੰਨੇ ਖਿਡਾਰੀਆਂ ਬਾਰੇ ਲਿਖ ਚੁੱਕਾਂ। ਸ਼ੁਕਰ ਹੈ ਗੁਰਬਚਨ ਦੇ ਉਲਾਂਭੇ ਪਿੱਛੋਂ ਮੈਨੂੰ ਹੋਰ ਉਲਾਂਭੇ ਨਹੀਂ ਮਿਲੇ।

ਗੁਰਬਚਨ ਦਾ ਰੇਖਾ ਚਿੱਤਰ ਭਾਪਾ ਪ੍ਰੀਤਮ ਸਿੰਘ ਨੂੰ ਏਨਾ ਪਸੰਦ ਆਇਆ ਕਿ ਉਸ ਨੇ ਮੈਥੋਂ ਪੰਜਾਬੀ ਖਿਡਾਰੀਆਂ ਦੇ ਵੀਹ ਕੁ ਰੇਖਾ ਚਿੱਤਰ ਲਿਖਵਾਏਜੋ 'ਆਰਸੀ ਵਿੱਚ ਛਾਪਣ ਉਪਰੰਤ ਮੇਰੀ ਪਹਿਲੀ ਪੁਸਤਕ 'ਪੰਜਾਬ ਦੇ ਉੱਘੇ ਖਿਡਾਰੀ ਵਿੱਚ ਛਾਪੇ। ਹੁਣ ਜਦੋਂ ਪੈਰਿਸ ਦੀਆਂ ਓਲੰਪਿਕ ਖੇਡਾਂ ਹੋ ਰਹੀਆਂ ਹਨ ਤਾਂ ਮਾਣਮੱਤੇ ਓਲੰਪੀਅਨ ਗੁਰਬਚਨ ਸਿੰਘ ਬਾਰੇ ਮੈਥੋਂ ਫਿਰਕੁਝ ਲਿਖਣੋਂ ਰਿਹਾ ਨਹੀਂ ਗਿਆ। ਭਾਊ ਇਹਨੂੰ ਚੰਗਾ ਸਮਝੇ ਭਾਵੇਂ ਮਾੜਾ? ਮੈਂ ਹੁਣ 85ਵੇਂ ਸਾਲ 'ਚ ਹਾਂ ਤੇ ਭਾਊ 86ਵੇਂ ਸਾਲ ਵਿੱਚ। ਮੈਨੂੰ ਨਹੀਂ ਲੱਗਦਾ ਹੁਣ ਵੀ ਉਹ 'ਉਲਾਂਭੇ ਦੇਣ ਵਾਲਾ ਭਾਊ ਰਹਿ ਗਿਆ ਹੋਵੇਗਾ।ਮੇਰੇ ਹੋਣਹਾਰ ਸ਼ਗਿਰਦ ਨਵਦੀਪ ਸਿੰਘ ਗਿੱਲ ਨੇਉਹਦੀ ਜੀਵਨੀ 'ਉੱਡਣਾ ਬਾਜ਼ ਓਲੰਪੀਅਨ ਗੁਰਬਚਨ ਸਿੰਘ ਰੰਧਾਵਾ ਲਿਖ ਕੇ ਸਾਰੇ ਉਲਾਂਭੇ ਲਾਹ ਦਿੱਤੇ ਹਨ।ਉਂਜ ਨਵਦੀਪਨੂੰ ਵੀ ਲਿਖਣਾ ਪਿਆ, ''ਗੁਰਬਚਨ ਸਿੰਘ ਰੰਧਾਵੇ ਵਿੱਚ ਮਝੈਲਾਂ ਵਾਲੀ ਮੜਕ ਵੀ ਹੈ, ਬੜ੍ਹਕ ਅਤੇ ਰੜਕ ਵੀ।''



ਪੱਤਰਕਾਰ ਜੀ. ਰਾਜਾਰਮਨ ਦੀ ਅੰਗਰੇਜ਼ੀ ਵਿੱਚ ਲਿਖੀ ਗੁਰਬਚਨ ਸਿੰਘ ਦੀਜੀਵਨੀ ਦਾ ਨਾਂ ਵੀ'ਆਊਟਸਪੋਕਨ ਓਲੰਪੀਅਨ ਹੈ ਜੋ ਮੇਰੇ ਪਹਿਲੇ ਫਿਕਰੇ ਦੀ ਹੀ ਤਰਜਮਾਨੀ ਕਰਦਾ ਹੈ। ਵੈਸੇ ਮੂੰਹ-ਫੱਟ ਹੋਣਾ ਗੁਣ ਵੀ ਹੁੰਦਾ ਹੈ ਤੇ ਔਗੁਣ ਵੀ। ਮਿਲਖਾ ਸਿੰਘ ਤੇ ਗੁਰਬਚਨ ਸਿੰਘ ਦੀ ਮਸ਼ਹੂਰੀ ਵੱਧ ਜਾਂ ਘੱਟ ਹੋਣ 'ਚ ਇਹੋ ਫਰਕ ਸੀ। ਗੁਰਬਚਨ ਸਿੰਘ ਨੂੰ ਉਹਦੀਮੂੰਹ-ਫੱਟਬੋਲ ਬਾਣੀ ਲੈ ਬੈਠੀ ਸੀ।

ਕਿੰਗਸਟਨ ਦੀਆਂ ਕਾਮਨਵੈੱਲਥ ਖੇਡਾਂ-1966 ਲਈ ਪਟਿਆਲੇ ਹੋਏ ਟਰਾਇਲਾਂ ਤੋਂ ਇੱਕ ਦਿਨ ਪਹਿਲਾਂ ਕਿਸੇ ਅੰਗਰੇਜ਼ੀ ਅਖ਼ਬਾਰ ਦਾ ਰਿਪੋਰਟਰ ਗੁਰਬਚਨ ਸਿੰਘ ਨੂੰ ਕਹਿਣ ਲੱਗਾ, ''ਚੱਲ ਗੁਰਬਚਨ ਤੈਨੂੰ ਬੀਅਰ ਪਿਆਵਾਂ।''

ਮੈਂ ਵੀ ਉਦੋਂ ਉਥੇ ਹੀ ਸਾਂ। ਧੰਨਵਾਦ ਸਹਿਤ ਨਾਂਹ ਕਰਨ ਦੀ ਥਾਂ ਗੁਰਬਚਨ ਨੇ ਕਿਹਾ, ''ਰਹਿਣ ਦੇ ਸੱਜਣਾ। ਤੇਰੀ ਅੱਗੇ ਈ ਬੜੀ ਮਿਹਰਬਾਨੀ ਆ। ਪਰਸੋਂ ਨੂੰ ਅਖ਼ਬਾਰਾਂ 'ਚ ਸੁਰਖੀ ਆ ਜਾਊ-ਗੁਰਬਚਨ ਫੇਲਜ਼ ਟੂ ਕੁਆਲੀਫਾਈ।''

ਰਿਪੋਟਰ ਨੇ ਹੱਸਦਿਆਂ ਕਿਹਾ, ''ਨਹੀਂ, ਇਹ ਗੱਲ ਨਹੀਂ। ਕੁਆਲੀਫਾਈ ਤੂੰ ਕਰਨਾ ਹੀ ਕਰਨਾ। ਸਗੋਂ ਮੈਂ ਸੁਰਖੀ ਲਾਵਾਂਗਾ, ਗੁਰਬਚਨ ਕੁਆਲੀਫਾਈਜ਼ ਇਨ ਬੀਅਰ!''

ਹੋਸਟਲ ਵਿੱਚ ਗੱਲਾਂ ਚੱਲ ਰਹੀਆਂ ਸਨ: ਡਿਸਕਸ ਥਰੋਅਰ ਬਲਦੇਵ ਸਿੰਘ ਧੜੀ ਦੁੱਧ ਪੀ ਗਿਆ। ਪ੍ਰਦੁੱਮਣ ਸਿੰਘ ਸਾਬਤਾ ਬੱਕਰਾ ਖਾ ਗਿਆ। ਪਰਵੀਨ ਰੂਹ ਅਫ਼ਜ਼ੇ ਦੀ ਸਾਬਤ ਬੋਤਲ ਘੜੇ 'ਚ ਘੋਲ ਕੇ ਪੀ ਗਿਆ। ਸ਼ਾਟ ਪੁੱਟਰ ਜੋਗਿੰਦਰ ਜੋਗੀ ਸਾਰਾ ਕੁਝ ਸਮੇਟ ਗਿਆ। ਗੁਰਬਚਨ ਸਿੰਘ ਕਹਿਣ ਲੱਗਾ, ''ਹੋਰ ਥਰੋਅਰਾਂ ਨੇ ਕੀ ਕਰਨਾ ਸੀ? ਕਿਤੇ ਕੱਟੀ ਚੁੰਘ ਲਈ, ਕਿਤੇ ਵੱਛੀ। ਹਰ ਵੇਲੇ ਖਾਣ 'ਚ ਧਿਆਨ। ਏਨਾ ਸ਼ੁਕਰ ਆ ਪਈ ਇਹਨਾਂ ਅਜੇ ਤੱਕ ਕੋਈ ਅਥਲੀਟ ਨੀ ਖਾਧਾ।''

ਉਂਜ ਮਿਲਖਾ ਸਿੰਘ ਦੇ ਮੁਕਾਬਲੇ ਗੁਰਬਚਨ ਸਿੰਘ ਆਲਰਾਊਂਡਰਅਥਲੀਟ ਸੀ। ਮਿਲਖਾ ਸਿੰਘ ਕੇਵਲ ਦੌੜਾਕ ਸੀ ਜਦ ਕਿ ਗੁਰਬਚਨ ਦੌੜਾਕ ਹੋਣ ਦੇ ਨਾਲ ਥਰੋਅਰ ਤੇ ਜੰਪਰ ਵੀ ਸੀ। ਜਕਾਰਤਾ ਦੀਆਂ ਏਸ਼ਿਆਈ ਖੇਡਾਂ1962 ਵਿੱਚੋਂ ਡਿਕੈਥਲਨ ਦਾ ਗੋਲਡ ਮੈਡਲ ਜਿੱਤਣ ਕਰਕੇ ਉਸ ਨੂੰ ਏਸ਼ੀਆ ਦਾ ਬੈੱਸਟ ਅਥਲੀਟ ਐਲਾਨਿਆ ਗਿਆ ਸੀ। ਉਸ ਵੇਲੇ ਇੰਡੀਆ ਦੇ ਚਾਰ ਨੈਸ਼ਨਲ ਰਿਕਾਰਡ ਉਹਦੇ ਨਾਂ ਸਨ ਜੋ ਉਸ ਨੇ ਦੋ ਦਿਨਾਂ 'ਚ ਨਵਿਆਏ ਸਨ। ਮੈਂ ਉਸ ਨੂੰ ਉਦੋਂ ਤੋਂ ਹੀ ਜਾਣਨ ਲੱਗਾ ਸਾਂ। ਜਕਾਰਤਾ ਜਾਣ ਤੋਂ ਕੁਝ ਦਿਨ ਪਹਿਲਾਂ ਮੈ ਉਸ ਨੂੰ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿੱਚ ਮਿਲਿਆ ਸਾਂ। 1960 'ਚ ਮੈਂ ਉਸ ਦੇ ਵੱਡੇ ਭਰਾ ਹਰਭਜਨ ਸਿੰਘ ਰੰਧਾਵਾ ਨਾਲ ਪੰਜਾਬ ਯੂਨੀਵਰਸਿਟੀ ਦੇ ਕੋਚਿੰਗ ਕੈਂਪ ਵਿੱਚ ਸਾਂ। ਬਾਅਦ ਵਿੱਚ ਉਹ ਕੋਚ ਬਣਿਆ ਤੇ ਐਨ ਆਈ ਐੱਸ ਪਟਿਆਲਾ ਤੋਂ ਅਥਲੈਟਿਕਸ ਦੇ ਚੀਫ ਕੋਚ ਵਜੋਂ ਰਿਟਾਇਰ ਹੋਇਆ।

ਗੁਰਬਚਨਸਿੰਘ 21 ਸਾਲ ਦੀ ਉਮਰੇ ਰੋਮ-1960ਦੀਆਂ ਓਲੰਪਿਕ ਖੇਡਾਂ 'ਚ ਗਿਆ ਸੀ ਤੇ ਪਿੱਛੋਂ ਟੋਕੀਓ-1964 ਦੀਆਂ ਓਲੰਪਿਕ ਖੇਡਾਂ 'ਚ 110 ਮੀਟਰ ਹਰਡਲਜ਼ ਦੌੜ ਵਿੱਚ ਪੰਜਵੇਂ ਥਾਂ ਰਿਹਾ ਸੀ। ਉਥੇ ਉਹ ਭਾਰਤੀ ਖੇਡ ਦਲ ਦਾ ਮੋਹਰੀ ਸੀ। 1961 ਤੋਂ ਸ਼ੁਰੂ ਹੋਇਆ ਭਾਰਤ ਦਾ ਪ੍ਰਮੁੱਖ ਖੇਡ ਸਨਮਾਨ ਅਰਜਨਾ ਅਵਾਰਡ ਸਭ ਤੋਂ ਪਹਿਲਾਂ ਗੁਰਬਚਨ ਸਿੰਘ ਨੂੰਮਿਲਿਆ ਸੀ। ਬਾਅਦ ਵਿੱਚ ਉਸ ਨੂੰ ਪਦਮ ਸ੍ਰੀ ਦੀ ਉਪਾਧੀ ਵੀ ਮਿਲੀ ਤੇ ਪੰਜਾਬ ਦੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਸਮੇਤ ਹੋਰ ਵੀ ਬੜੇ ਮਾਣ ਸਨਮਾਨ ਮਿਲੇ।

1960ਵਿਆਂ ਵਿੱਚ ਉਹ ਭਾਰਤੀ ਅਥਲੈਟਿਕਸ ਦਾ ਧਰੂ ਤਾਰਾ ਬਣਿਆ ਰਿਹਾ। ਉਦੋਂ ਭਾਰਤ ਵਿੱਚ ਸਾਇੰਟੇਫਿਕ ਕੋਚਿੰਗ ਨਾਮਾਤਰ ਸੀ। ਟਰੈਕ ਮਾੜੇ ਸਨ, ਖੇਡ ਸਾਮਾਨ ਗਿਆ ਗੁਜ਼ਰਿਆ, ਇਨਾਮ ਸਨਮਾਨ ਵੀ ਕੋਈ ਖ਼ਾਸ ਨਾ ਅਤੇ ਖ਼ੁਰਾਕ ਵੀ ਅਧੂਰੀ ਸੀ। ਗੁਰਬਚਨ ਨੇ ਜੋ ਕੁਝ ਉਦੋਂ ਕਰ ਵਿਖਾਇਆ ਉਹ ਆਪਣੀ ਮਿਸਾਲ ਆਪ ਸੀ। ਜੇਕਰ ਉਹ ਪੱਛਮੀ ਦੇਸ਼ਾਂ 'ਚ ਜੰਮਿਆ ਹੁੰਦਾ ਤਾਂ ਸਾਇੰਟੇਫਿਕ ਕੋਚਿੰਗ ਤੇ ਆਧੁਨਿਕ ਖੇਡ ਸਹੂਲਤਾਂ ਨਾਲ ਪਤਾ ਨਹੀਂ ਕੀ ਕਰ ਵਿਖਾਉਂਦਾ! ਫਿਰ ਵੀ ਉਹ ਪਹਿਲਾ ਏਸ਼ਿਆਈ ਅਥਲੀਟ ਸੀ ਜੋ ਓਲੰਪਿਕ ਖੇਡਾਂ ਦੀ 110 ਮੀਟਰ ਹਰਡਲਜ਼ ਦੌੜ'ਚੋਂ ਪੰਜਵੇਂ ਸਥਾਨ 'ਤੇ ਰਿਹਾ।

ਉਹ ਟੋਕੀਓ ਓਲੰਪਿਕਸ ਦੀਆਂ ਗੱਲਾਂ ਇੰਜ ਸੁਣਾਉਂਦਾ ਸੀ: ਇਉਂ ਲੱਗਦਾ ਸੀ ਜਿਵੇਂ ਓਲੰਪਿਕ ਖੇਡਾਂ ਵੇਖਣ ਲਈ ਸਾਰੀ ਦੁਨੀਆ 'ਕੱਠੀ ਹੋ ਗਈ ਹੋਵੇ। ਜਿੱਦਣ ਅਸੀਂ ਸੈਮੀ ਫਾਈਨਲ ਦੌੜਨਾ ਸੀ, ਮੀਂਹ ਪੈ ਰਿਹਾ ਸੀ। ਮੇਰੀ ਵਾਰੀ ਪਹਿਲੇ ਸੈਮੀ ਫਾਈਨਲ ਵਿੱਚ ਦੌੜਨ ਦੀ ਸੀ। ਫਾਇਰ ਨਾਲ ਸਟਾਰਟ ਮਿਲਦਿਆਂ ਮੈਂ ਗੋਲੀ ਵਾਂਗ ਨਿਕਲਿਆ। ਆਪਣੇ ਖੇਡ ਕੈਰੀਅਰ ਦਾ ਬਿਹਤਰੀਨ ਸਮਾਂ ਕੱਢਦਾ ਮੈਂ ਸੈਕੰਡ ਆਇਆ। ਉਸ ਤੋਂ 2 ਘੰਟੇ 50 ਮਿੰਟ ਬਾਅਦ ਫਾਈਨਲ ਦੌੜ ਸੀ। ਮੇਰੇ ਕੋਲ ਇੱਕੋ ਬੁਨੈਣ, ਇੱਕੋ ਕੱਛਾ, ਇੱਕੋ ਸਪਾਈਕਸ ਤੇ ਇੱਕੋ ਜੋੜਾ ਜ਼ੁਰਾਬਾਂ ਦਾ ਸੀ ਜੋ ਮੀਂਹ ਵਿੱਚ ਗੜੁੱਚ ਹੋ ਗਏ ਸਨ। ਫਾਈਨਲ ਦੌੜ ਵੇਲੇ ਵੀ ਮੀਂਹ ਪੈ ਰਿਹਾ ਸੀ ਤੇ ਠੰਢ ਹੋਰ ਵਧ ਗਈ ਸੀ। ਮੇਰਾ ਸਟਾਰਟ ਸਲੋਅ ਸੀ ਜਿਸ ਕਰਕੇ ਮੈਂ ਸੱਤਵੇਂ ਨੰਬਰ 'ਤੇ ਸਾਂ। ਪੰਜਵੀਂ ਹਰਡਲ ਤਕ ਮੈਂ ਸੱਤਵੇਂ ਨੰਬਰ 'ਤੇ ਰਿਹਾ। ਅਖ਼ੀਰਲੀ ਹਰਡਲ ਟੱਪਦਿਆਂ ਵੀ ਸੱਤਵੇਂ ਥਾਂ ਪਰ ਆਖ਼ਰੀ ਮਾਰੇ ਹੰਭਲੇ ਨੇ ਮੈਨੂੰ ਪੰਜਵੀਂ ਪੁਜ਼ੀਸ਼ਨ 'ਤੇ ਲੈ ਆਂਦਾ। ਭਿੱਜੀ ਪੁਸ਼ਾਕ ਨਾਲ ਵੀ ਮੇਰਾ ਟਾਈਮ 14 ਸੈਕੰਡਨਿਕਲਿਆ ਜੋ ਇੰਡੀਆ ਦਾ 37 ਸਾਲ ਨੈਸ਼ਨਲ ਰਿਕਾਰਡ ਰਿਹਾ। ਭਾਰਤ ਵਿੱਚ ਉਹ 100 ਮੀਟਰ ਦੀ ਦੌੜ 10.7 ਸੈਕੰਡ, 200 ਮੀਟਰ 21.5 ਸੈਕੰਡ ਤੇ 400 ਮੀਟਰ 48.4 ਸੈਕੰਡ ਵਿੱਚ ਦੌੜਿਆ ਹੋਇਆ ਸੀ। ਉਸ ਨੇ 24 ਫੁੱਟ ਅੱਧਾ ਇੰਚ ਲੰਮੀ ਛਾਲ, 6 ਫੁੱਟ ਸਾਢੇ 6 ਇੰਚ ਉੱਚੀ ਛਾਲ ਤੇ 12 ਫੁੱਟ ਡੇਢ ਇੰਚ ਪੋਲ ਵਾਲਟ ਦੀ ਛਾਲ ਲਾਈ ਹੋਈ ਸੀ। 210 ਫੁੱਟ ਸਾਢੇ 3 ਇੰਚ ਦੂਰ ਜੈਵਲਿਨ ਸੁੱਟਿਆ ਸੀ ਤੇ ਡਿਕੈਥਲਨ ਦੇ 6912 ਅੰਕਾਂ ਦਾ ਰਿਕਾਰਡ ਰੱਖਿਆ ਸੀ। ਵੇਖਣ ਨੂੰ ਏਨਾ ਨਹੀਂ ਸੀ ਲੱਗਦਾ ਪਰ ਜਦੋਂ ਟਰੈਕ ਵਿੱਚ ਉਤਰਦਾ ਸੀ ਤਾਂ 'ਨ੍ਹੇਰੀ ਲਿਆ ਦਿੰਦਾ ਸੀ। ਉਹ ਮੁਰਗਾਬੀ ਵਾਂਗ ਟਰੈਕ ਵਿੱਚ ਤਾਰੀਆਂ ਲਾਉਂਦਾ। ਉਹਦਾ ਭਖਿਆ ਹੋਇਆ ਸਡੌਲ ਜੁੱਸਾ ਲਿਸ਼ਕਾਂ ਮਾਰਦਾ। ਉਸ ਦਾ ਵਿਆਹ ਪਿੰਡ ਰੁੜਕੇ ਦੇ ਸੰਧੂ ਪਰਿਵਾਰ ਦੀ ਬੀਬੀ ਜਸਵਿੰਦਰ ਕੌਰ ਨਾਲ ਹੋਇਆ ਜੋ ਖ਼ੁਦ ਖਿਡਾਰਨ ਸੀ। ਉਸ ਦੀ ਕੁੱਖੋਂ ਇੱਕ ਪੁੱਤਰ ਤੇ ਦੋ ਧੀਆਂ ਨੇ ਜਨਮ ਲਿਆ। ਅੱਜ ਕੱਲ੍ਹ ਰੰਧਾਵਾ ਜੋੜੀ ਆਪਣੇ ਪਰਿਵਾਰ ਨਾਲ ਦਿੱਲੀ ਰਹਿੰਦੀ ਹੈ।

ਬਾਕੀ ਹਿਸਾ ਸਫਾ 57 ਤੇ ਪੜ੍ਹੋ

**56 ਸਫ਼ੇ ਦੀ ਬਾਕੀ**

ਗੁਰਬਚਨ ਸਿੰਘ ਦਾ ਜਨਮ 6 ਜੂਨ 1939 ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਚੌਕ ਮਹਿਤਾ ਨੇੜਲੇ ਪਿੰਡ ਨੰਗਲੀ 'ਚ ਮਾਤਾ ਧਨਵੰਤ ਕੌਰ ਦੀ ਕੁੱਖੋਂ ਹੋਇਆ ਸੀ। ਉਸ ਦੇ ਪਿਤਾ ਮੇਜਰ ਟਹਿਲ ਸਿੰਘ ਆਪਣੇ ਵੇਲੇ ਦੇ ਉੱਘੇ ਅਥਲੀਟ ਸਨ ਜੋ ਬਲਵੰਤ ਸਿੰਘ ਰੰਧਾਵਾ ਦੇ ਘਰ ਮਾਤਾ ਦਲੀਪ ਕੌਰ ਦੀ ਕੁੱਖੋਂ 1 ਜਨਵਰੀ 1912 ਨੂੰ ਜਨਮੇ। ਉਨ੍ਹਾਂ ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਪੜ੍ਹਦਿਆਂ ਇਕੱਲਿਆਂ ਪੰਜਾਬ ਯੂਨੀਵਰਸਿਟੀ ਦੀ ਅਥਲੈਟਿਕਸ ਚੈਂਪੀਅਨਸ਼ਿਪ ਜਿੱਤ ਲਈ ਸੀ। ਜੇਕਰ ਲੰਮੀ ਛਾਲ ਲਾਉਂਦਿਆਂ ਉਨ੍ਹਾਂ ਦਾ ਗੋਡਾ ਨਾ ਉੱਤਰਦਾ ਤਾਂ ਸੰਭਵ ਸੀ ਉਹ ਵੀ ਓਲੰਪੀਅਨ ਬਣਦੇ। ਉਹ ਐੱਮ. ਏ. ਅੰਗਰੇਜ਼ੀ ਤੇ ਬੀਟੀ ਕਰ ਕੇ 1943 ਵਿੱਚ ਫੌਜੀ ਅਫਸਰ ਬਣੇ ਤੇ ਮੇਜਰ ਬਣ ਕੇ ਰਿਟਾਇਰ ਹੋਏ। ਪਰ ਗੁਰਬਚਨ ਸਿੰਘ ਪੰਜਾਬ ਯੂਨੀਵਰਸਿਟੀ ਦਾ ਬੈੱਸਟ ਅਥਲੀਟ ਬਣਨ ਪਿੱਛੋਂ ਬਾਰ੍ਹਵੀਂ 'ਚ ਹੀ ਪੜ੍ਹਾਈ ਛੱਡ ਗਿਆ ਤੇ ਦਿੱਲੀ ਸੀ.ਆਰ.ਪੀ. ਵਿੱਚ ਭਰਤੀ ਹੋ ਗਿਆ। ਫੌਜ 'ਚਮੇਜਰ ਬਣਿਆ ਬਾਪ ਬੜਾ ਨਾਰਾਜ਼ ਹੋਇਆ ਤੇ ਕੁਝ ਸਮਾਂ ਪਿਉ-ਪੁੱਤ 'ਚ ਬੋਲਬਾਣੀ ਵੀ ਬੰਦ ਰਹੀ। ਮੇਜਰ ਸਾਹਿਬ ਨੇ ਆਪਣੇ ਅਥਲੀਟ ਪੁੱਤਰ ਨੂੰ ਅਮਰੀਕਾ ਭੇਜਣ ਦਾ ਪ੍ਰਬੰਧ ਵੀ ਕੀਤਾ ਪਰ ਪੁੱਤਰ ਨੇ ਪੁਲੀਸ ਦੀ ਨੌਕਰੀ ਨਾ ਛੱਡੀ। ਮੈਨੂੰ ਯਾਦ ਹੈ ਜਦੋਂ ਮੈਂ ਦਿੱਲੀ ਖ਼ਾਲਸਾ ਕਾਲਜ ਵਿੱਚ ਪੜ੍ਹਦਾ ਤੇ ਪੜ੍ਹਾਉਂਦਾ ਸੀ ਤਾਂ ਉਸ ਦਾ ਬੁਲਿਟ ਮੋਟਰ ਸਾਈਕਲ ਕਦੇ ਕਦੇ ਸਾਡੇ ਕਾਲਜ ਦਾ ਗੇੜਾ ਵੀ ਮਾਰ ਜਾਂਦਾ ਸੀ। ਬੜੇ ਯਾਦ ਆਉਂਦੇ ਨੇ ਉਹ ਦਿਨ, ਜਦੋਂ ਜੁਆਨੀ ਵਾਲਾ ਜ਼ੋਰ ਸੀ ਵੇ ਬਾਲਮਾ...।

ਉਦੋਂ ਉਹਦੀ ਗੁੱਡੀ ਸਿਖਰ 'ਤੇ ਸੀ। ਅਥਲੀਟ ਹੋਣ ਦੇ ਨਾਤੇ ਮੈਂ ਉਹਤੋਂ ਅਥਲੈਟਿਕਸ ਕਰਨ ਦਾ ਕਾਰਨ ਪੁੱਛਿਆ ਸੀ। ਉਸਨੇ ਦੱਸਿਆ ਸੀ, "ਇਹ ਸਾਡਾ ਅਮਲ ਆ। ਜਦੋਂ ਕਿਸੇ ਨੂੰ ਕਰਦਿਆਂ ਦੇਖ ਲਈਏ ਤਾਂ ਜੋਸ਼ ਆ ਜਾਂਦਾ। ਉਂਜ ਵੀ ਬੱਲੇ ਬੱਲੇ ਹੁੰਦੀ ਆ। ਸੋਸ਼ਲ ਸਰਕਲ ਵੀ ਖੁੱਲ੍ਹਦਾ, ਪਰ ਹੈ ਇਹ ਅਮਲ, ਨਹੀਂ ਤਾਂ ਕੌਣ ਮਿੱਟੀ ਨਾਲ ਮਿੱਟੀ ਹੁੰਦਾ? ਇੱਕ ਕਾਰਨ ਵੱਡੇ ਕੰਪੀਟੀਸ਼ਨ ਲੈਣ ਦਾ ਵੀ ਹੈ। ਪੀਕ ਫਾਰਮ ਅਚੀਵ ਕਰਨ ਦਾ। ਮੈਂ ਇਸੇ ਕਾਰਨ ਸਖ਼ਤ ਪ੍ਰੈਕਟਿਸ ਕਰਨ ਡਿਹਾਂ।" ਉਹਦਾ ਕੱਦ ਛੇ ਫੁੱਟ ਤੇ ਅਥਲੈਟਿਕਸ ਕਰਨ ਵੇਲੇ ਭਾਰ 70 ਕਿਲੋ ਦੇ ਆਲੇ ਦੁਆਲੇ ਹੁੰਦਾ ਸੀ। ਛਾਂਟਵਾਂ ਜੁੱਸਾ ਹਰਡਲਾਂ ਦੀਆਂ ਰਗੜਾਂ ਖਾ ਕੇ ਥਾਂ ਥਾਂ ਤੋਂ ਛਿੱਲਿਆ ਹੋਇਆ ਸੀ। ਸੱਜਾ ਗਿੱਟਾ ਕਈ ਵਾਰ ਜ਼ਖ਼ਮੀ ਹੋਇਆ। ਉਹ ਦਿੱਲੀ ਮੋਟਰ ਸਾਈਕਲ ਦੇ ਹਾਦਸੇ ਵਿੱਚ ਮਸੀਂ ਬਚਿਆ ਸੀ। ਬਿਮਾਰ ਹੋਣ ਕਾਰਨ 1961 ਦੀਆਂ ਕੌਮੀ ਖੇਡਾਂ ਵਿੱਚ ਭਾਗ ਨਹੀਂ ਸੀ ਲੈ ਸਕਿਆ ਜਦ ਕਿ ਸਭਨਾਂ ਦੀਆਂ ਅੱਖਾਂ ਉਹਦੇ 'ਤੇ ਸਨ। ਟੋਕੀਓ ਦੀਆਂ ਓਲੰਪਿਕ ਖੇਡਾਂ 'ਚ ਉਹਦਾ 110 ਮੀਟਰ ਹਰਡਲਾਂ ਦਾ 14 ਸੈਕੰਡ ਦਾ ਨੈਸ਼ਨਲ ਰਿਕਾਰਡ ਕਿਸੇ ਭਾਰਤੀ ਅਥਲੀਟ ਤੋਂ 37 ਸਾਲ ਨਹੀਂ ਸੀ ਟੁੱਟਾ। ਪਹਿਲਾਂ ਉਹ ਰਿਕਾਰਡ ਉਸ ਦੇ ਪੁੱਤਰ ਰਣਜੀਤ ਰੋਨੀ ਨੇ ਅਮਰੀਕਾ ਦੀ ਇੱਕ ਅਥਲੈਟਿਕਸ ਮੀਟ ਵਿੱਚ ਤੋੜਿਆ ਪਰ ਪਿੱਛਲੀ ਹਵਾ ਮਿਥੇ ਮਿਆਰ ਤੋਂ ਤੇਜ਼ ਹੋਣ ਕਾਰਨ ਉਸ ਰਿਕਾਰਡ ਨੂੰ ਮਾਨਤਾ ਨਾ ਮਿਲੀ। ਫਿਰ ਮਾਝੇ ਦੇ ਹੀ ਗੁਰਪ੍ਰੀਤ ਸਿੰਘ ਦੋਧੀ ਨੇ ਉਸ ਦਾ ਰਿਕਾਰਡ ਤੋੜਿਆ ਜਿਸ ਦੀ ਗੁਰਬਚਨ ਸਿੰਘ ਨੇ ਭਰਵੀਂ ਪਰਸੰਸਾ ਕੀਤੀ। ਗੱਲਾਂ ਬਹੁਤ ਹਨ ਜੋ ਉਸ ਦੀ ਜੀਵਨੀ ਵਿੱਚੋਂ ਪੜ੍ਹੀਆਂ ਜਾ ਸਕਦੀਆਂ ਹਨ।

'ਉੱਡਣਾ ਬਾਜ਼ ਜੀਵਨੀ ਲਿਖਵਾਉਣ ਵਿੱਚ ਗੁਰਭਜਨ ਗਿੱਲ ਦਾ ਵੀ ਯੋਗਦਾਨ ਹੈ ਜੋ ਮਾਝੇ ਦੇ ਮਾਣ ਗੁਰਬਚਨ ਸਿੰਘ ਨੂੰ 'ਅਣਗਾਇਆ ਗੀਤ ਕਹਿੰਦਾ ਹੈ। ਖੇਡਾਂ ਤੇ ਖਿਡਾਰੀਆਂ ਦੇ ਸਰਪ੍ਰਸਤ ਰਹੇ ਰਾਜਾ ਭਲਿੰਦਰ ਸਿੰਘ ਦਾ ਸਪੁੱਤਰ ਰਾਜਾ ਰਣਧੀਰ ਸਿੰਘ ਜੋ ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਪ੍ਰਧਾਨ ਹੈ,ਗੁਰਬਚਨ ਸਿੰਘ ਦੀਜੀਵਨੀ ਨੂੰ ਖਿਡਾਰੀਆਂ ਲਈ ਚਾਨਣ ਮੁਨਾਰਾ ਕਹਿੰਦਾ ਹੈ। ਟੋਕੀਓ ਵਿੱਚ ਜਿੱਦਣ ਗੁਰਬਚਨ ਨੇ ਪੰਜਵਾਂ ਸਥਾਨ ਪ੍ਰਾਪਤ ਕੀਤਾ ਉੱਦਣ ਹੀ ਛੇ ਵਾਰ ਦੇ ਓਲੰਪੀਅਨ ਰਣਧੀਰ ਸਿੰਘ ਦਾ ਜਨਮ ਦਿਨ ਸੀ। ਉੱਦਣ ਉਸ ਦੇ ਜਨਮ ਦਿਨ ਦਾ ਕੇਕ ਜੋ ਓਲੰਪਿਕ ਖੇਡਾਂ ਦੀ ਕਮੇਟੀ ਵੱਲੋਂ ਭੇਟ ਕੀਤਾ ਗਿਆ ਉਹ ਉਸ ਨੇ ਮਿਲਖਾ ਸਿੰਘ ਤੇ ਗੁਰਬਚਨ ਸਿੰਘ ਨਾਲ ਸਾਂਝਾ ਕੀਤਾ ਸੀ। ਨਵਦੀਪ ਗਿੱਲ ਨੇ ਗੁਰਬਚਨ ਸਿੰਘ ਦੀ ਜੀਵਨੀ 'ਉੱਡਣਾ ਬਾਜ਼ ਦਾ ਅੰਤ ਇਨ੍ਹਾਂ ਸ਼ਬਦਾਂ ਨਾਲ ਕੀਤਾ ਹੈ: ਗੁਰਬਚਨ ਦੀ ਗਾਥਾ ਸੁਣਦਿਆਂ, ਉਸ ਦੇ ਦ੍ਰਿੜ ਇਰਾਦੇ ਅਤੇ ਸੰਕਲਪ ਦੀਆਂ ਕਹਾਣੀਆਂ ਲਿਖਦਿਆਂ ਮੇਰੇ ਰੌਂਗਟੇ ਕਈ ਵਾਰ ਖੜ੍ਹੇ ਹੋਏ। ਸੰਭਵ ਹੈ ਪਾਠਕਾਂ ਦੇ ਵੀ ਪੜ੍ਹਨ ਲੱਗਿਆਂ ਜ਼ਰੂਰ ਰੌਂਗਟੇ ਖੜ੍ਹੇ ਹੋਣਗੇ। ਗੁਰਬਚਨ ਵਰਗੇ ਖਿਡਾਰੀ ਨਿੱਤ-ਨਿੱਤ ਨਹੀਂ ਜੰਮਦੇ ਤੇ ਉਨ੍ਹਾਂ ਦੀਆਂ ਗਾਥਾਵਾਂ ਖਿਡਾਰੀ ਤੇ ਖੇਡ ਪ੍ਰੇਮੀ ਰਹਿੰਦੀ ਦੁਨੀਆ ਤੱਕ ਪੜ੍ਹਦੇ ਸੁਣਦੇ ਰਹਿਣਗੇ।

*principalsarwansingh@gmail.com*

## ਮਿੰਨੀ ਕਹਾਣੀ

# ਕਲੀਨ ਚਿੱਟ

ਇੱਕ ਪਟਵਾਰੀ ਨੇ ਕਾਫੀ ਦੇਰ ਬਾਅਦ ਮਿਲੇ ਦੂਸਰੇ ਜ਼ਿਲੇ ਦੇ ਪਟਵਾਰੀ ਨੂੰ ਬੜੀ ਉਤਸੁਕਤਾ ਨਾਲ ਸਵਾਲ ਕਰਦਿਆਂ, ਪੁੱਛਿਆ, 'ਯਾਰ ਤੂੰ ਤਾਂ ਭਾਰੀ ਰਿਸ਼ਵਤ ਲੈਣ ਦੇ ਕੇਸ ਵਿੱਚ ਬੁਰੀ ਤਰ੍ਹਾਂ ਫਸ ਗਿਆ ਸੀ, ਪਰ ਤੂੰ ਤਾਂ ਫਿਰ ਸਰਕਾਰੀ ਰਿਕਾਰਡ ਅੱਜ ਚੁੱਕੀ ਫਿਰਦੈ। ਕੀ ਤੂੰ 10 ਮਹੀਨਿਆਂ 'ਚ ਹੀ ਇਸ ਝਮੇਲੇ ਚੋਂ ਨਿਕਲ ਪਿਐ।

ਹਾਂ, ਯਾਰ ਮੈਂ ਬਰੀ ਹੋ ਗਿਐਂ ਮੈਨੂੰ ਕਲੀਨ ਚਿੱਟ ਮਿਲ ਗਈ ਸੀ। ਹੈਂ? ਬਰੀ, ਪਰ ਯਾਰ ਕਿਵੇਂ ਤੈਨੂੰ ਕਿਸ ਨੇ ਬਚਾਇਆ ਸਾਨੂੰ ਵੀ ਦੱਸ ਦੇ, ਕਿਤੇ ਲੋੜ ਪੈ ਜਾਂਦੀ ਐ


'ਰਿਸ਼ਵਤ ਰਾਣੀ ਨੇ'। ਹੈਂ, ਯਾਰ ਕਮਾਲ ਐ ਰਿਸ਼ਵਤ ਦੇ ਕੇਸ 'ਚ ਤੂੰ ਖੁਦ ਫਸਿਆ ਤੇ ਬਚਾਇਆ, ਅਖੇ ਰਿਸ਼ਵਤ ਰਾਣੀ ਨੇ, ਪਰ ਯਾਰ ਉਹ ਕਿਵੇਂ? ਗੱਲ ਇਹ ਐ, ਕਿ ਬਈ ਭੀਮਿਆ ਤੈਨੂੰ ਪਤੈ, ਕਿ ਜਿਵੇਂ ਲੋਹੇ ਨੂੰ ਲੋਹਾ ਕੱਟਦੈ, ਬੰਦੇ ਨੂੰ ਬੰਦਾ ਉਵੇਂ ਰਿਸ਼ਵਤ ਨੂੰ ਰਿਸ਼ਵਤ ਹੀ ਭਸਮ ਕਰਦੀ ਐ ਤੇ ਮੈਂ ਰਿਸ਼ਵਤ ਲੈਣ ਦੇ ਮੱਕੜੀ ਜਾਲ 'ਚ ਫਸਿਆ ਸੀ ਤੇ ਫਿਰ ਮੈਂ ਵੀ ਅੱਗੇ ਰਿਸ਼ਵਤ ਦੇ ਕੇ ਹੀ ਇਸ ਜਾਲ ਚੋਂ ਮੁੱਕਤ ਹੋ ਗਿਆ।

ਡਾ. ਸਾਧੂ ਰਾਮ ਲੰਗੇਆਣਾ

*******

# ਪੋਸਟ ਮਾਸਟਰ ਬਣਦਾ-ਬਣਦਾ ਡਰਾਇੰਗ ਮਾਸਟਰ ਬਣ ਗਿਆ ਕਮਲ ਸ਼ਰਮਾ

**ਮੇਜਰ ਸਿੰਘ ਨਾਭਾ**
ਮੋ. 9463553962



ਜ਼ਿੰਦਗੀ ਵਿਚ ਕੀਤਾ ਸੰਘਰਸ਼ ਜ਼ਰੂਰ ਇੱਕ ਦਿਨ ਸਫਲਤਾ ਨੂੰ ਜਨਮ ਦਿੰਦਾ ਹੈ। ਸਾਡੇ ਸਾਹਮਣੇ ਬਹੁਤ ਸਾਰੇ ਕਿੱਤੇ ਅਪਣਾਉਣ ਲਈ ਮੌਕੇ ਹੁੰਦੇ, ਜਿਨ੍ਹਾਂ ਨੂੰ ਗਵਾਉਣਾ ਨਹੀਂ ਚਾਹੀਦਾ। ਅਧਿਆਪਨ ਦਾ ਕਿੱਤਾ ਸਮਾਜ ਨੂੰ ਚੰਗੀ ਸੇਧ ਦੇਣ ਲਈ ਸਾਰਥਕ ਹੈ। ਅਧਿਆਪਕ ਕੌਮ ਦਾ ਨਿਰਮਾਤਾ ਹੋਣ ਕਾਰਨ ਸਮਾਜ ਵਿੱਚ ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ ਭਾਵੇਂ ਕੁਝ ਕੁ ਅਵੇਸਲੇ ਅਧਿਆਪਕਾਂ ਕਰਕੇ ਅਧਿਆਪਕ ਦਾ ਸਤਿਕਾਰ ਘਟਿਆ ਹੈ ਫਿਰ ਵੀ ਅਜੇ ਬਹੁਤਾਤ ਅਧਿਆਪਕ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾ ਰਹੇ ਹਨ ਜਿਨ੍ਹਾਂ 'ਚੋਂ ਹੀ ਇੱਕ ਸ਼੍ਰੀ ਕਮਲ ਸ਼ਰਮਾ ਹਨ। ਜਿਨ੍ਹਾਂ ਦਾ ਜਨਮ 20 ਅਗਸਤ 1963 ਨੂੰ ਪਿੰਡ ਦੰਦਰਾਲਾ ਢੀਂਡਸਾ ਜ਼ਿਲਾ ਪਟਿਆਲਾ ਵਿਖੇ ਮਾਤਾ ਸਵ: ਸ਼੍ਰੀ ਮਤੀ ਦਿਆਵੰਤੀ ਦੀ ਕੁਖੋਂ ਪਿਤਾ ਸਵ: ਸ਼੍ਰੀ ਧਰਮ ਪਾਲ ਸ਼ਾਸਤਰੀ ਦੇ ਘਰ ਹੋਇਆ। ਇਨ੍ਹਾਂ ਦਾ ਪਾਲਣ-ਪੋਸ਼ਣ ਪਰਿਵਾਰ ਦੇ ਧਾਰਮਿਕ ਮਾਹੌਲ ਵਿੱਚ ਹੋਇਆ ਕਿਉਂ ਕਿ ਪਿਤਾ ਜੀ ਆਲੇ ਦੁਆਲੇ ਦੇ ਪਿੰਡਾਂ 'ਚ ਪਾਠ-ਕਥਾ ਕਰਿਆ ਕਰਦੇ ਸੀ। ਇਹਨਾਂ ਨੇ ਮੁਢਲੀ ਸਿਖਿਆ ਪਿੰਡ ਦੇ ਹਾਈ ਸਕੂਲ ਦੰਦਰਾਲਾ ਢੀਂਡਸਾ (ਪਟਿਆਲਾ) ਤੋਂ ਪ੍ਰਾਪਤ ਕੀਤੀ ਅਤੇ ਦਸਵੀਂ ਕਲਾਸ 1981 ਵਿੱਚ ਪਾਸ ਕੀਤੀ। ਫਿਰ ਇਹਨਾਂ ਨੇ ਡਰਾਇੰਗ ਅਧਿਆਪਕ ਬਣਨ ਦਾ ਸੁਪਨਾ ਲਿਆ। ਉਸ ਨੇ 1981 ਵਿੱਚ ਹੀ ਸਰਕਾਰੀ ਆਰਟ ਐਂਡ ਕਰਾਫਟ ਟੀਚਰਜ ਟ੍ਰੇਨਿੰਗ ਸੰਸਥਾ ਨਾਭਾ (ਪਟਿਆਲਾ) ਵਿਖੇ ਦਾਖਲਾ ਲੈ ਲਿਆ ਅਤੇ 1983 ਵਿਚ ਦੋ ਸਾਲਾ ਟੀਚਰਜ਼ ਟ੍ਰੇਨਿੰਗ ਦਾ ਡਿਪਲੋਮਾ ਪ੍ਰਾਪਤ ਕਰ ਲਿਆ। ਉਸ ਨੇ 29 ਅਕਤੂਬਰ 1990 ਤੋਂ 2004 ਤੱਕ ਬਤੌਰ ਬਰਾਂਚ ਪੋਸਟ ਮਾਸਟਰ ਪਿੰਡ ਦੇ ਪੋਸਟ ਆਫਿਸ ਵਿੱਚ ਤਕਰੀਬਨ 14 ਸਾਲ ਇਮਾਨਦਾਰੀ ਨਾਲ ਸੇਵਾ ਨਿਭਾਈ। ਨਾਲੋ ਨਾਲ ਹੀ ਉਸ ਨੇ ਕਪੜਾ ਵੇਚਣ ਦਾ ਕੰਮ ਵੀ ਕੀਤਾ। ਪੰਜਾਬ ਅੰਦਰ ਨੌਕਰੀ ਨਾ ਮਿਲਣ ਕਾਰਨ ਉਸ ਨੇ ਗੁਆਂਢੀ ਰਾਜ ਹਰਿਆਣਾ ਵਿੱਚ ਅਪਲਾਈ ਕਰ ਦਿੱਤਾ ਅਤੇ ਉਸ ਦੀ ਬਤੌਰ ਡਰਾਇੰਗ ਅਧਿਆਪਕ ਨਿਯੁਕਤੀ ਹੋ ਗਈ। ਉਸ ਨੇ ਆਪਣੀ ਪਹਿਲੀ ਸੇਵਾ 10 ਸਤੰਬਰ 2004 ਤੋਂ ਬਤੌਰ ਡਰਾਇੰਗ ਅਧਿਆਪਕ ਸਰਕਾਰੀ ਮਿਡਲ ਸਕੂਲ ਪਿੰਡ ਪੂਰਨਮਾਜਰਾ ਜਿਲ੍ਹਾ ਫਤਿਆਬਾਦ (ਹਰਿਆਣਾ) ਤੋ ਸ਼ੁਰੂ ਕੀਤੀ। ਇਸ ਦੌਰਾਨ ਇਹਨਾਂ ਨੇ ਸਾਖਰਤਾ ਮੁਹਿੰਮ ਅਧੀਨ ਕੰਮ ਕੀਤਾ। ਇਹਨਾਂ ਨੇ ਸਾਰੇ ਪਿੰਡ ਨੂੰ ਲੋਕਾਂ ਦੇ ਸਹਿਯੋਗ ਨਾਲ ਪੂਰਨ ਸਾਖਰ ਬਨਾਇਆ। ਦੂਜੇ ਰਾਜ ਵਿਚ ਬੋਲੀ ਦੀ ਸਮੱਸਿਆ ਕਈ ਵਾਰੀ ਪ੍ਰੇਸ਼ਾਨ ਕਰਦੀ ਹੈ ਪਰ ਕਮਲ ਸ਼ਰਮਾ ਨੇ ਇਸ ਚੁਣੌਤੀ ਨੂੰ ਸਵੀਕਾਰਦਿਆਂ ਉਥੇ ਦੇ ਮਾਹੌਲ ਅਨੁਸਾਰ ਢਲ ਕੇ ਵਧੀਆ ਸੇਵਾਵਾਂ ਪ੍ਰਦਾਨ ਕਰਨ ਦਾ ਹਮੇਸ਼ਾ ਯਤਨ ਕੀਤਾ ਅਤੇ




ਸਫਲਤਾ ਪੂਰਵਕ ਆਪਣੀ ਡਿਊਟੀ ਨਿਭਾਈ ਵੀ। ਉਸ ਦੇ ਇਸ ਵਧੀਆ ਕੰਮ ਬਦਲੇ ਜਿਲ੍ਹਾ ਸਿਖਿਆ ਅਧਿਕਾਰੀ ਤੋਂ ਸਨਮਾਨ ਪੱਤਰ ਮਿਲਿਆ। ਉਹ ਸਕੂਲ ਮਨੇਜਮੇਂਟ ਕਮੇਟੀ ਦਾ ਕੰਮ ਬੜੇ ਠਰ੍ਹੰਮੇ ਨਾਲ ਕਰਦੇ ਰਹੇ, ਸਕੂਲ ਦਾ ਵਿਕਾਸ ਸੁੱਚਜੇ ਢੰਗ ਨਾਲ ਕਰਾਉਂਦੇ ਰਹੇ। ਇਹਨਾਂ ਦੇ ਵੱਡੇ ਭਰਾ ਰਮਿੰਦਰ ਕੁਮਾਰ ਅਮਲੋਹ ਤਹਿਸੀਲ ਤੋਂ ਆਪਣੀ ਸੇਵਾ ਇਮਾਨਦਾਰੀ ਨਾਲ ਨਿਭਾ ਕੇ ਸੇਵਾ ਮੁਕਤ ਹੋ ਚੁੱਕੇ ਹਨ ਅਤੇ ਦੂਸਰੇ ਭਰਾ ਸ਼੍ਰੀ ਜਤਿੰਦਰ ਕੁਮਾਰ ਬਤੌਰ ਸ.ਸ. ਮਾਸਟਰ ਸਿੱਖਿਆ ਵਿਭਾਗ ਪੰਜਾਬ ਤੋਂ ਸੇਵਾ ਮੁਕਤ ਹੋ ਕੇ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਸਾਹਿਤ ਵਿਚ ਰੁਚੀ ਹੋਣ ਕਾਰਨ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਲਿਖੀਆਂ ਹਨ ਜੋ ਅਖਬਾਰਾਂ ਵਿਚ ਪ੍ਰਕਾਸ਼ਿਤ ਹੁੰਦੀਆਂ ਰਹਿੰਦੀਆਂ ਹਨ। ਸਾਰਾ ਹੀ ਪਰਿਵਾਰ ਉਸਾਰੂ ਸੋਚ ਦਾ ਧਾਰਨੀ ਹੈ।

ਸ਼੍ਰੀ ਕਮਲ ਸ਼ਰਮਾ ਦਾ ਵਿਆਹ ਸੰਨ 1992 ਵਿੱਚ ਸ਼੍ਰੀ ਮਤੀ ਚਰਨਜੀਤ ਕੌਰ ਨਾਲ ਹੋਇਆ। ਇਹਨਾਂ ਦੀਆ ਦੋ ਬੇਟੀਆਂ ਤੇ ਇੱਕ ਬੇਟਾ ਹੈ। ਵੱਡੀ ਬੇਟੀ ਚਾਂਦਨੀ ਨੇ ਈ.ਟੀ.ਟੀ ਅਤੇ ਐਮ. ਐਸ. ਸੀ (ਕੰਪਿਊਟਰ) ਦੀ ਪੜ੍ਹਾਈ ਪੂਰੀ ਕਰ ਲਈ ਹੈ। ਉਸਦਾ ਵਿਆਹ ਪਟਿਆਲਾ ਵਿਖੇ ਜੀਵਨ ਸ਼ਰਮਾ ਨਾਲ ਹੋਇਆ ਹੈ। ਛੋਟੀ ਬੇਟੀ ਭਾਵਨਾ ਅਤੇ ਬੇਟਾ ਤੁਸ਼ਾਰ ਪੜ੍ਹ ਰਹੇ ਹਨ। ਸ਼੍ਰੀ ਕਮਲ ਸ਼ਰਮਾ 31 ਅਗਸਤ 2021 ਨੂੰ ਸਰਕਾਰੀ ਸੇਵਾ ਤੋਂ ਰਿਟਾਇਰ ਹੋ ਚੁੱਕੇ ਹਨ। 'ਦਾਣਾ ਪਾਣੀ ਖਿਚ ਲਿਆਉਂਦਾ, ਕੌਣ ਕਿਸੇ ਦਾ ਖਾਂਦਾ ਏ' ਗੀਤ ਦੇ ਬੋਲ ਉਨ੍ਹਾਂ ਦੀ ਜ਼ਿੰਦਗੀ ਦੇ ਸਫਰ ਨਾਲ ਮੇਲ ਖਾਂਦੇ ਹਨ। ਉਨ੍ਹਾਂ ਨੇ ਸਰਵਿਸ 'ਚ ਆਉਣ ਤੋਂ ਲੈ ਕੇ ਸੇਵਾ ਮੁਕਤੀ ਤੱਕ ਹਰਿਆਣੇ ਦੇ ਇੱਕੋ ਸਕੂਲ ਸ.ਮਿ.ਸ. ਪੂਰਨਮਾਜਰਾ (ਫਤਿਆਬਾਦ) ਵਿੱਚ 16 ਸਾਲ 11 ਮਹੀਨੇ 20 ਦਿਨ ਇਮਾਨਦਾਰੀ ਨਾਲ ਬੇਦਾਗ ਸਰਵਿਸ ਕੀਤੀ ਹੈ ਜੋ ਉਨ੍ਹਾਂ ਪਹਿਲਾਂ ਕਦੇ ਸੋਚਿਆ ਵੀ ਨਹੀਂ ਸੀ ਕਿ ਗੁਆਂਢੀ ਰਾਜ ਵਿਚ ਨੌਕਰੀ ਕਰੇਗਾ। ਉਹ ਆਪਣੇ ਪਰਿਵਾਰ ਨਾਲ ਹੁਣ ਪਾਤੜਾਂ (ਪਟਿਆਲਾ) ਵਿਖੇ ਰਹਿ ਰਹੇ ਹਨ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।

# ਚਿਤ੍ਰਕਾਰੀ ਅਤੇ ਸਾਹਿਤ ਨਾਲ ਜੁੜਿਆ ਪ੍ਰਿੰਸੀਪਲ ਅਮਰਜੀਤ ਸਿੰਘ ਸੁੱਖੀ ਦਾ ਪਰਿਵਾਰ

**ਮੇਜਰ ਸਿੰਘ ਨਾਭਾ**
ਮੋਬ.9463553962



ਚਾਰ ਦਹਾਕੇ ਪਹਿਲਾਂ ਆਪਣੀ ਆਰਟ ਕਰਾਫਟ ਟੀਚਰਜ਼ ਟ੍ਰੇਨਿੰਗ ਦੌਰਾਨ ਜਿਨ੍ਹਾਂ ਟੀਚਰਾਂ ਤੋਂ ਵੱਖ-ਵੱਖ ਵਿਸ਼ਿਆਂ ਦੀ ਸਿੱਖਿਆਲਈ ਉਹ ਅੱਜ ਵੀ ਜਿਹਨ ਵਿੱਚ ਤਾਜ਼ਾ ਨੇ। ਉਨ੍ਹਾਂ 'ਚੋਂ ਕਈ ਟੀਚਰ ਇਸ ਦੁਨੀਆਂ ਤੋਂ ਰੁਖ਼ਸ਼ਤ ਹੋ ਚੁੱਕੇ ਹਨ , ਜਿਨ੍ਹਾਂ 'ਚੋਂ ਪ੍ਰਮੁੱਖ ਪ੍ਰਿੰਸੀਪਲ ਨਾਗਰ ਸਿੰਘ , ਸ. ਭਾਗ ਸਿੰਘ (ਪ੍ਰਿੰਸੀਪਲ) , ਸ. ਅਮਰਜੀਤ ਸਿੰਘ ਦੁੱਖੀ (ਪ੍ਰਿੰਸੀਪਲ) ਆਦਿ ਹਨ। ਮੇਰੇ ਨਿੱਘੇ ਦੋਸਤ ਗੁਰਮੇਲ ਸਿੰਘ ਪਟਿਆਲਾ ਅਤੇ ਮੈਂ ਪਹਿਲਾਂ ਸ. ਹਿੰਮਤ ਸਿੰਘ ਅਤੇ ਸ੍ਰੀ ਸੁਮੇਸ਼ ਮੋਹਨ ਘਈ ਨੂੰ ਮਿਲ ਚੁੱਕੇ ਹਾਂ। ਪਿਛਲੇ ਦਿਨੀਂ ਮੈਂਆਪਣੇ ਚਲ ਰਹੇ ਇਲਾਜ ਤਹਿਤ ਪੀ.ਜੀ.ਆਈ. ਇੰਨਜੈਕਸਨ ਲਗਾਉਣ ਜਾਣਾ ਸੀ ,ਜੋ ਥੋੜੇ ਸਮੇਂ ਦਾ ਕੰਮ ਸੀ , ਗੁਰਮੇਲ ਸਿੰਘ ਨਾਲ ਗੱਲ ਹੋਈ ਉਹ ਜਾਣ ਲਈ ਤਿਆਰ ਹੀ ਸਨ ਕਿਉਂ ਕਿ ਉਨ੍ਹਾਂ ਨੂੰ ਪਹਿਲਾਂ ਹੀ ਦੱਸਿਆ ਹੋਇਆ ਸੀ। ਮੈਂ ਨਾਭੇ ਤੋਂ ਪਹਿਲੀ ਵਾਰ ਬਸ ਜਾਣ ਦਾ ਪ੍ਰੋਗਰਾਮ ਬਣਾ ਲਿਆ ਕਿਉਂ ਕਿ ਕੰਮ ਥੋੜਾ ਹੀ ਸੀ। ਗੁਰਮੇਲ ਸਿੰਘ ਬਾਈਕ ਤੇ ਬਸ ਸਟੈਂਡ ਆ ਗਏ , ਮੌਸਮ ਠੀਕ ਸੀ , ਗੁਰਮੇਲ ਸਿੰਘ ਨੇ ਪਟਿਆਲਾ ਤੋਂ ਬਾਈਕ ਤੇ ਹੀ ਜਾਣ ਦਾ ਪ੍ਰੋਗਰਾਮ ਬਣਾ ਲਿਆ ਜਦੋਂ ਕਿ ਮੈਂ ਅੱਗੇ ਵੀ ਬਸ ਜਾਣਾ ਚਾਹੁੰਦਾ ਸੀ। ਹੰਸਾਲੀ ਗੁਰਦੁਆਰਾ ਸਹਿਬ ਦਰਸ਼ਨ ਕਰਕੇ ਸਾਰਟ ਰਸਤੇ ਪੀ.ਜੀ.ਆਈ. ਪਹੁੰਚ ਗਏ। ਇੰਜੈਕਸ਼ਨ ਲਗਵਾ ਕੇ ਜਲਦੀ ਵਹਿਲੇ ਹੋ ਗਏ। ਪਿਛਲੀ ਲੜੀ ਤਹਿਤ ਆਪਣੇ ਸਰਾਂ ਨੂੰ ਮਿਲਣ ਲਈ ਸ.ਅਮਰਜੀਤ ਸਿੰਘ ਸੁੱਖੀ ਨੂੰ ਮੋਹਾਲੀ ਵਿਖੇ ਮਿਲਣ ਦਾ ਉਨ੍ਹਾਂ ਨਾਲ ਫੋਨ ਤੇ ਸੰਪਰਕ ਕਰਕੇ ਪ੍ਰੋਗਰਾਮ ਬਣਾ ਲਿਆ। ਮਾਮਾ ਜੀ ਦੇ ਬੇਟੇ ਨੇ ਸਾਨੂੰ 80 ਸੈਕਟਰ ਦਾ ਰਸਤਾ ਸਤ ਸੈਕਟਰ ਤੋਂ ਸਿੱਧੇ ਸਮਝਾ ਦਿੱਤਾ , ਅਸੀਂ ਆਸਾਨੀ ਨਾਲ ਨਿਸ਼ਚਿਤ ਥਾਂ ਪਹੁੰਚ ਗਏ।

ਅਕਸਰ ਕਿਹਾ ਜਾਂਦਾ ਹੈ ਕਿ 'ਕਲਾ ਜ਼ਿੰਦਗੀ ਹੈ'। ਇਹ ਸ਼ਬਦ ਜ਼ਿੰਦਗੀ ਨੂੰ ਆਨੰਦਮਈ ਬਣਾਉਣ ਲਈ ਅਹਿਮ ਸਥਾਨ ਰੱਖਦੇ ਹਨ। ਇਸੇ ਤਰ੍ਹਾਂ ਦੀ ਸਖਸੀਅਤ ਹੈ ਪ੍ਰਿੰਸੀਪਲ ਅਮਰਜੀਤ ਸਿੰਘ ਸੁੱਖੀ ਜਿਨ੍ਹਾਂ ਨੇ ਪਿਤਾ ਸ਼੍ਰ.ਜਸਵੰਤ ਸਿੰਘ ਟੁਟੇਜਾ ਅਤੇਮਾਤਾ ਸ਼੍ਰੀਮਤੀ ਹਰਭਜਨ ਕੌਰ ਦੇ ਘਰ ਸ਼ਿਮਲਾ ਵਿਖੇ ਜਨਮ ਲੈ ਕੇ ਇਨ੍ਹਾਂ ਸਬਦਾਂ ਨੂੰ ਜ਼ਿੰਦਗੀ ਵਿੱਚ ਸਮੋ ਲਿਆ। ਉਨ੍ਹਾਂ ਨੇ ਮੁਢਲੀ ਸਿੱਖਿਆ ਚੰਡੀਗੜ੍ਹ ਵਿਖੇ ਪ੍ਰਾਪਤ ਕਰਨ ਦੇ ਸਮੇਂ ਦੌਰਾਨ ਚਿੱਤਰਕਾਰੀ ਦਾ ਸ਼ੌਕ ਪਾਲ ਲਿਆ। ਇਨ੍ਹਾਂ ਨੇ ਵਿਦਿਆਰਥੀ ਜੀਵਨ ਵਿੱਚ ਚਿੱਤਰ ਪ੍ਰਦਰਸ਼ਨੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹੀ ਸ਼ੌਕ ਇਨ੍ਹਾਂ ਨੂੰ ਮੈਟ੍ਰਿਕ ਕਰਨ ਤੋਂ ਬਾਦ ਆਰਟ ਕਾਲਜ ਚੰਡੀਗੜ੍ਹ ਲੈ ਗਿਆ ਜਿਥੋਂ ਇਨ੍ਹਾਂ ਨੇ 1970 ਵਿੱਚ ਪੰਜ ਸਾਲਾ ਕਮਰਸ਼ੀਅਲ ਆਰਟ ਵਿੱਚ ਡਿਗਰੀ ਪ੍ਰਾਪਤ ਕਰਕੇ ਕੁਝ ਸਮਾਂ ਪ੍ਰਾਈਵੇਟ ਸ਼ੰਸਥਾ ਵਿੱਚ ਸਿੱਖਿਆ ਦੇਣ ਦੀ ਡਿਊਟੀ ਨਿਭਾਈ। ਸੰਨ 1977 ਵਿੱਚ ਗੌਰਮਿੰਟ ਆਰਟ ਐਂਡ ਕਰਾਫਟ ਟੀਚਰਜ ਸੰਸਥਾ ਨਾਭਾ ਵਿਖੇ ਲੈਕਚਰਾਰ ਦੀ ਸੇਵਾ ਨਿਭਾਉਣ ਦਾ ਸ਼ੁਭਾਗ ਪ੍ਰਾਪਤ ਹੋਇਆ, ਇਥੋਂ ਹੀ 2011ਵਿੱਚ ਆਪ ਤਰੱਕੀ ਲੈ ਕੇ ਬਤੌਰ ਪ੍ਰਿੰਸੀਪਲ ਸਰਕਾਰੀ ਆਈ.ਟੀ ਆਈ. (ਲੜਕੀਆਂ) ਸਮਾਣਾ ਵਿਖੇ ਆਪਣੀ ਸੇਵਾ





ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸੰਨ 2011 ਵਿੱਚ ਸੇਵਾ ਮੁਕਤ ਹੋਏ। ਆਪ ਨੇ ਵਾਟਰ ਕਲਰ,ਆਇਲ ਕਲਰ,ਪੋਸਟਰ ਕਲਰ ਅਤੇ ਪੈਨਸਲ ਸ਼ੇਡ ਵਿੱਚ ਅਨੇਕਾਂ ਪੇਂਟਿੰਗਜ ਬਣਾਈਆਂ ਹਨ ਜਿਨ੍ਹਾਂ ਨੂੰ ਕਈ ਨਮਾਇਸ਼ਾਂ ਵਿੱਚ ਸਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਨੂੰ ਕਲੇ ਮਾਡਲਿੰਗ ਦਾ ਵੀ ਸ਼ੌਕ ਹੈ। ਆਪ ਇੱਕ ਚਿੱਤਰਕਾਰ ਹੁੰਦੇ ਹੋਏ ਆਪਣੇ ਅੰਦਰ ਸਾਹਿਤਕ ਰੁਚੀਆਂ ਵੀ ਸਮਾਈ ਬੈਠੇ ਹਨ। ਇਸ ਦੀ ਮਿਸਾਲ ਇਨ੍ਹਾਂ ਦੇ ਕਲਾ ਨਾਲ ਸਬੰਧਤ ਮਾਟੋਆਂ ਵਿੱਚ ਪ੍ਰਤੱਖ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ। ਮੈਂ ਜਦੋਂ ਨਾਭਾ ਵਿਖੇ ਦੋ ਸਾਲਾ ਆਰਟ ਐਂਡ ਕਰਾਫਟ ਟੀਚਰ ਦਾ ਡਿਪਲੋਮਾ ਕਰ ਰਿਹਾ ਸੀ ਉਸ ਸਮੇਂ ਇਨ੍ਹਾਂ ਦੇ ਲਿਖਵਾਏ ਮਾਟੋਆਂ ਵਿੱਚੋਂ 'ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ' ਸਿਰਲੇਖ ਹੇਠ ਰਚਨਾ ਲਿਖੀ। ਮੇਰੀ ਇਹ ਰਚਨਾ 'ਪੰਜਾਬੀ ਟ੍ਰਿਬਿਊਨ', 'ਅਜੀਤ' ਅਤੇ ਅਨੇਕਾਂ ਹੋਰ ਅਖ਼ਬਾਰਾਂ ਵਿੱਚ ਛੱਪੀ,ਇਸ ਦਾ ਸਿਹਰਾ ਪ੍ਰਿੰ: ਅਮਰਜੀਤ ਸਿੰਘ ਸੁੱਖੀ ਨੂੰ ਹੀ ਜਾਂਦਾ ਹੈ। ਉਨ੍ਹਾਂ ਦੇ ਪੜ੍ਹਾਏ ਹੋਏ ਬਹੁਤ ਸਾਰੇ ਵਿਦਿਆਰਥੀ ਡਰਾਇੰਗ ਅਧਿਆਪਕ ਦੀ ਸੇਵਾ ਨਿਭਾ ਰਹੇ ਹਨ, ਕਈ ਸੇਵਾ ਮੁਕਤ ਵੀ ਹੋ ਚੁੱਕੇ ਹਨ ਜੋ ਕਿ ਆਪਣੀ ਜ਼ਿੰਦਗੀ ਦੀਆਂ ਖੁਸ਼ੀਆਂ ਮਾਣ ਰਹੇ ਹਨ, ਜਿਨ੍ਹਾਂ 'ਚੋਂ ਕਈ ਤਰੱਕੀ ਲੈ ਕੇ ਉੱਚ ਅਹੁੱਦੇ ਤੇ ਵੀ ਕੰਮ ਕਰ ਰਹੇ ਹਨ ਅਤੇ ਕਈਆਂ ਨੇ ਸਟੇਟ ਐਵਾਰਡ ਅਤੇ ਰਾਸਟਰੀ ਐਵਾਰਡ ਵੀ ਪ੍ਰਾਪਤ ਕੀਤੇ ਹਨ ਜਿਨ੍ਹਾਂ 'ਚੋ ਗੁਰਪ੍ਰੀਤ ਸਿੰਘ ਨਾਮਧਾਰੀ ਨੇ ਆਪਣੀ ਵਧੀਆ ਚਿਤ੍ਰਕਾਰੀ ਸਦਕਾ ਰਾਸਟਰਪਤੀ ਐਵਾਰਡ ਪ੍ਰਾਪਤ ਕਰਕੇ ਨਾਮ੍ਹਣਾ ਖੱਟਿਆ ਹੈ।

ਉਨ੍ਹਾਂ ਨੇ ਸਾਹਿਤ ਦੇ ਖੇਤਰ ਵਿੱਚ ਵੀ ਮੱਲ੍ਹਾਂ ਮਾਰੀਆਂ ਹਨ। ਉਨ੍ਹਾਂ ਦੀ ਗਜ਼ਲਾਂ ਦੀ ਕਿਤਾਬ 'ਜਾਗਦੀਆ ਅੱਖਾਂ ਦੇ ਸੁਪਨੇ' ਜਿਸ ਨੂੰ 'ਆਲ ਇੰਡੀਆ ਮੀਆਂਵਾਲੀ ਜਿਲ੍ਹਾ ਐਸੋਸੀਏਸ਼ਨ (ਰਜ਼ਿ) ਦਿੱਲੀ' ਵਲੋਂ 'ਆਊਟਸਟੈਂਡਿੰਗ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ, ਉਨ੍ਹਾਂ ਨੇ 'ਕਲਮਾਂ ਦੀ ਪਰਵਾਜ਼' ਅਤੇ 'ਕਲਮਾਂ ਦਾ ਸਫ਼ਰ' ਪੰਜਾਬੀ ਸਾਹਿਤ ਦੀ ਝੋਲੀ ਪਾਉਣ ਦੇ ਨਾਲ ਕਹਾਣੀਆਂ ਦੀ ਕਿਤਾਬ 'ਕਹਾਣੀ ਅੱਗੇ ਤੁਰਦੀ ਗਈ' ਆਪਣੇ ਪਾਠਕਾਂ ਦੇ ਰੂਬਰੂ ਕੀਤੀ। ਪ੍ਰਸਿੱਧ ਲੇਖਕ ਸੁਖਮਿੰਦਰ ਸੇਖੋਂ ਵਲੋਂ ਸੰਪਾਦਿਤ 'ਮੁੱਠੀ ਕੁ ਤਾਰੇ' ਕਿਤਾਬ ਵਿੱਚ ਆਪ ਦੀਆ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਆਪ ਦੀਆ ਰਚਨਾਵਾਂ ਨਾਮਵਰ ਅਖ਼ਬਾਰਾਂ,ਮੈ.ਗਜ਼ੀਨਾਂ ਆਦਿ ਵਿੱਚ ਅਕਸਰ ਛਪਦੀਆਂ ਰਹਿੰਦੀਆਂ ਹਨ। ਸਮਾਜ ਸੇਵੀ ਕੰਮਾਂ ਦੀ ਜੇ ਗੱਲ ਕਰੀਏ ਆਪਣੇ ਬੱਚਿਆਂ ਅੰਦਰ ਕਲਾ ਪ੍ਰਤੀ ਰੁਚੀ ਪੈਦਾ ਕਰਨ ਲਈ ਆਪਣੇ ਪਿਤਾ ਸਵ:ਜਸਵੰਤ ਸਿੰਘ ਟੁਟੇਜਾ ਦੀ ਯਾਦ ਵਿੱਚ ਆਰਟ ਐਂਡ ਕਲਚਰ ਸੋਸਾਇਟੀ ਦੀ ਸਥਾਪਨਾ ਕਰਕੇ ਪਿਛਲੇ ਲੰਬੇ ਸਮੇਂ ਤੋਂ ਵੱਖੋ-ਵੱਖਰੇ ਸਕੂਲਾਂ ਵਿੱਚ ਹਰ ਸਾਲ ਪੇਂਟਿੰਗ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਮੌਕੇ ਜੇਤੂ ਬੱਚਿਆਂ ਨੂੰ ਇਨਾਮ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕਰਕੇ ਬੱਚਿਆਂ ਅੰਦਰਲੀ ਕਲਾ ਨੂੰ ਹੋਰ ਵੀ ਵਧੀਆ ਤਰੀਕੇ ਨਾਲ ਨਿਖਾਰ ਲਿਆ ਕੇ ਪੇਸ਼ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਚੜ੍ਹਦੀ ਉਮਰੇ ਅਮਰਜੀਤ ਸਿੰਘ ਸੁੱਖੀ ਨੇ ਆਪਣੇ ਚਿਤਰਾਂ ਦੀ ਪਹਿਲੀ ਨੁਮਾਇਸ਼ ਸ਼ੰਨ 1975 ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਲਗਾਈ ਜਿਸਦਾ ਉਦਘਾਟਨ ਉਸ ਸਮੇਂ ਦੇ ਵਾਈਸ ਚਾਂਸਲਰ ਸ੍ਰੀ ਮਹਿੰਦਰ ਸਿੰਘ ਰੰਧਾਵਾ ਨੇ ਕੀਤਾ ਅਤੇ ਉਨ੍ਹਾਂ ਦੀਆਂ ਕਲਾਕ੍ਰਿਤਾਂ ਨੂੰ ਸਰਾਹਿਆ,ਜਿਸ ਨਾਲ ਉਨ੍ਹਾਂ ਦਾ ਹੌਸ਼ਲਾ ਹੋਰ ਵੀ ਵੱਧਿਆ। ਅਮਰਜੀਤ ਸੁੱਖੀ ਨੂੰ ਜਦੋਂ ਵੀ ਵਿਹਲ ਮਿਲਦੀ ਤਾਂ ਕੋਈ ਨਾ ਕੋਈ ਪੇਂਟਿੰਗ ਬਣਾਉਣ'ਚ ਰੁਝੇ ਰਹਿੰਦੇ ਹਨ ਜਿਨ੍ਹਾਂ 'ਚੋਂ ਕੋਈ ਨਾ ਕੋਈ ਥੀਮ ਜਰੂਰ ਝਲਕਦੀ ਨਜ਼ਰ ਆਉਂਦੀ ਹੈ। ਉਨ੍ਹਾਂ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਦੀਆਂ ਪੇਂਟਿੰਗਜ਼ ਬਣਾ ਕੇ ਸਾਡੇ ਵਿਰਸੇ ਨੂੰ ਯਾਦ ਕਰਵਾਇਆ ਹੈ। ਉਨ੍ਹਾਂ ਦੀ ਕਲਾ ਦੀ ਕਦਰ ਕਰਦੇ ਹੋਏ ਅਕਸਰ ਨਾਮਵਰ ਵਿਦਿਅਕ ਸੰਸਥਾਵਾਂ ਵਲੋਂ ਕਰਵਾਏ ਜਾਂਦੇ ਪੇਂਟਿੰਗ ਮੁਕਾਬਲਿਆਂ ਦੀ ਜੱਜਮੈਂਟ ਲਈ ਬਤੌਰ ਜੱਜ ਸੱਦਾ ਦਿੱਤਾ ਜਾਂਦਾ ਹੈ। ਉਨ੍ਹਾਂ ਵਲੋਂ ਨਿਰਪੱਖ ਜੱਜਮੈਂਟ ਕਰਨ ਸਦਕਾ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸੇ ਸੰਦਰਵ ਵਿੱਚ ਡੀ.ਜੀ.ਐਸ.ਈ.ਸਕੂਲਜ ਪੰਜਾਬ ਵਲੋਂ ਵੀ ਆਪ ਨੂੰ ਸਨਮਾਨਿਤ ਕੀਤਾ ਗਿਆ ਹੈ।

ਉਨ੍ਹਾਂ ਨੇਘਰ ਅੰਦਰ ਸਾਰੇ ਕਮਰਿਆਂ ਅੰਦਰ ਆਪਣੀਆਂ ਕਲਾਕ੍ਰਿਤਾਂ ਨੂੰ ਕਲਾਤਿਮਕ ਢੰਗ ਨਾਲ ਬੜੇ ਸੁੱਚਜੇ ਢੰਗ ਨਾਲ ਟਿਕਾਇਆ ਹੋਇਆ ਹੈ ਜੋ ਕਿ ਪ੍ਰਦਰਸ਼ਨੀ ਦਾ ਭੁਲੇਖਾ ਪਾਉਂਦਾ ਹੈ। ਘਰ ਅੰਦਰ ਢੇਰ ਸਾਰੇ ਸਨਮਾਨ ਉਨ੍ਹਾਂ ਦੀ ਕਲਾ ਅਤੇ ਸਾਹਿਤ ਪ੍ਰਾਪਤੀਆਂ ਦੀ ਗਵਾਹੀ ਭਰਦੇ ਪ੍ਰਤੱਖ ਦਿਖਾਈ ਦਿੰਦੇ ਹਨ। ਨਾਭਾ ਵਿਖੇ 34ਵਾਂ ਪ੍ਰੋ: ਮੋਹਨ ਸਿੰਘ ਮੇਲਾ-2012 ਵਿੱਚ ਪੇਂਟਿੰਗ ਪ੍ਰਦਰਸ਼ਨੀ ਵਿੱਚ ਭਾਗ ਲੈਣ ਤੇ ਆਪ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਪੰਜਾਬ ਪ੍ਰਦੇਸ ਸੰਸਕ੍ਰਿਤ ਅਕਾਦਮੀ (ਰਜਿ:) ਨਾਭਾ,ਮਾਡਰਨ ਖੇਤੀ ਐਗਰੋ ਸੋਸਾਇਟੀ (ਰਜਿ:) ਨਾਭਾ ਵਲੋਂ ਆਰਟ/ਸੋਸ਼ਲ ਵਰਕਰ ਲਈ ਸਨਮਾਨ,ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਵਲੋਂ ਸਨਮਾਨ ਪੱਤਰਅਤੇ ਸ਼੍ਰ.ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੋਸਾਇਟੀ (ਰਜਿ) ਬਠਿੰਡਾ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਹ ਦੂਰਦਰਸ਼ਨ ਤੋਂ ਆਰਟ ਬਾਰੇ 20 ਮਿੰਟ ਦਾ ਪ੍ਰੋਗਰਾਮ ਵੀ ਪੇਸ਼ ਕਰ ਚੁੱਕੇ ਹਨ। ਨਾਭਾ ਵਿਖੇ 2022 ਵਿੱਚ 25 ਵੇਂ ਸਿਲਵਰ ਜੁਬਲੀ ਮੌਕੇ ਨਾਭਾ ਕਵਿਤਾ ਉਤਸ਼ਵ 'ਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਸਰਕਾਰ ਵਲੋਂ ਵੀ ਇਹੋ ਜਿਹੀਆਂ ਸ਼ਖਸ਼ੀਅਤਾਂ ਦਾ ਸ਼ਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਭਰਾ ਸ੍ਰ. ਹਰਿੰਦਰਪਾਲ ਸਿੰਘ ਐਮ.ਡੀ. ਇੱਕ ਕਾਰੋਬਾਰੀ ਹੋਣ ਦੇ ਨਾਤੇ ਸਾਹਿਤ ਅਤੇ ਚਿਤ੍ਰਕਾਰੀ ਨਾਲ ਜੁੜੇ ਹੋਏ ਹਨ। ਸ੍ਰ. ਅਮਰਜੀਤ ਸਿੰਘ ਸੁੱਖੀ ਨੇ ਆਪਣੀਆਂ ਪ੍ਰਾਪਤੀਆਂ ਲਈ ਆਪਣੀ ਸੁਪਤਨੀ ਉੱਘੇ ਲੇਖਕ ਸਵ: ਬੀ. ਐਸ. ਬੀਰ (ਮਹਿਰਮ ਗਰੁੱਪ ਪਬਲੀਕੇਸ਼ਨ), ਸ੍ਰ.ਹਰਪਾਲ ਸਿੰਘ ਐਸ.ਡੀ.ਓ. (ਰਿਟਾ:), ਸ੍ਰ. ਦਲਜੀਤ ਸਿੰਘ ਕਰਨਸ਼ੇਰ ਐਮ.ਡੀ ਅਤੇ ਸ੍ਰ. ਕਰਮਜੀਤ ਸਿੰਘ ਮਹਿਰਮ (ਪ੍ਰੈਸ ਰਿਪੋਰਟਰ ਅਜੀਤ)ਦੀ ਭੈਣ ਸਰਦਾਰਨੀ ਕ੍ਰਿਪਾਲ ਕੌਰ ਰਿਟਾ: ਪ੍ਰਿੰਸੀਪਲ ਦੇ ਸਹਿਯੋਗ ਨੂੰ ਹਮੇਸ਼ਾਂ ਸਲਾਹਿਆ ਹੈ। ਸ਼੍ਰੀਮਤੀ ਕ੍ਰਿਪਾਲ ਕੌਰ ਨੂੰ ਵੀ ਸਾਹਿਤ ਨਾਲ ਲਗਾਵ ਹੈ ਉਨ੍ਹਾਂ ਨੇ ਵੀ ਪੰਜਾਬੀ ਸਾਹਿਤ ਦੀ ਝੋਲੀ ਧਾਰਮਿਕ ਸਾਹਿਤ ਦੀਆਂ ਰਚਨਾਵਾਂ ਨੂੰ ਪਾ ਕੇਕੀਤੀ ਹੈ। ਉਨ੍ਹਾਂ ਦੀਆਂ ਤਿੰਨ ਬੇਟੀਆਂ ਵਿਆਹ ਉਪਰੰਤ ਆਪਣੇ ਆਪਣੇ ਘਰ ਸੁੱਖੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ ਅਤੇ ਦੋਵੇਂ ਬੇਟੇਬਿਕਰਮਜੀਤ ਸਿੰਘ ਅਤੇ ਦਮਨਜੀਤ ਸਿੰਘ ਵੀ ਆਪਣੀ ਆਪਣੀ 'ਜਾਬ' ਦੇ ਨਾਲ ਨਾਲ ਚਿਤ੍ਰਕਾਰੀ ਵਿੱਚ ਵੀ ਰੁਚੀ ਰੱਖਦੇ ਹਨ। ਸ. ਸੁੱਖੀ ਅੱਜ ਕੱਲ੍ਹ ਮੋਹਾਲੀ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ ਅਤੇ ਉਨ੍ਹਾਂ ਨੇ ਆਪਣੀਆਂ ਕਲਾਕ੍ਰਿਤਾਂ ਨੂੰ ਬੜੇ ਸਲੀਕੇ ਨਾਲ ਫਰੇਮ ਕਰਵਾ ਕੇ ਸਾਂਭ ਕੇ ਰੱਖਿਆ ਹੋਇਆ ਹੈ। ਨਾਭੇ ਨਾਲ ਜੁੜੀਆਂ ਯਾਦਾਂ ਨੂੰਪਰਿਵਾਰ ਭੁਲਾ ਨਹੀਂ ਸਕਦਾ ਹੈ। ਉਹਹੁਣ ਵੀ ਕੋਈ ਨਾ ਕੋਈ ਨਵੀਂ ਰਚਨਾ ਜਾਂ ਨਵੇਂ ਮਾਡਰਨ ਆਰਟ ਦੀਆਂ ਕਲਾਕ੍ਰਿਤ ਨੂੰ ਆਪਣੇ ਬੇਟਿਆਂ ਦੀ ਮਦਦ ਕਰਕੇ ਜਾਂ ਆਪ ਤਾਰਾਸਦੇ ਰਹਿੰਦੇ ਹਨ। ਹਾਲਾਂ ਕਿ ਸੁੱਖੀ ਸਾਹਬ ਦੀ ਤਬੀਅਤ ਠੀਕ ਨਹੀਂ ਸੀ ਪਰ ਉਨ੍ਹਾਂ ਦੇ ਬੇਟੇ ਬਿਕਰਮਜੀਤ ਨੇ ਆਪਣੀਆਂ ਅਤੇ ਸਰ ਦੀਆਂ ਸਾਰੀਆਂ ਕਲਾਕ੍ਰਿਤਾਂ ਦੇ ਸਾਨੂੰ ਰੂਬਰੂ ਕਰਵਾਇਆ।

ਗੁਰਮੇਲ ਸਿੰਘ ਨੇ ਮੌਕਾ ਸਾਂਭਦੇ ਹੋਏ ਇਨ੍ਹਾਂ ਨੂੰ ਕੈਮਰੇ 'ਚ ਕੈਦ ਕਰ ਲਿਆ। ਸੱਚ ਮੁੱਚ ਕਲਾਕਾਰਾਂ ਦੇ ਘਰ ਜਾ ਕੇ ਵੱਖਰਾ ਸਕੂਨ ਮਿਲਦਾ ਹੈ , ਸਫਰ ਲੰਬਾ ਹੋਣ ਕਰਕੇ ਉਥੋਂ ਚਲਣ ਲਈ ਮਜਬੂਰ ਹੋਣਾ ਪਿਆ। ਸਾਰੇ ਪਰਿਵਾਰ ਨੇ ਸਾਨੂੰ ਬੜੀ ਅਪਣਤ ਨਾਲ ਵਿਦਾਈ ਦਿੱਤੀ। ਵਾਹਿਗੁਰੂ ਟੁਟੇਜਾ ਪਰਿਵਾਰ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।

*********

# ਗੈਂਗਸਟਰ ਲੁੱਕ ਵਿਚ ਏਪੀ ਢਿੱਲੋਂ, ਸਲਮਾਨ ਖ਼ਾਨ-ਸੰਜੇ ਦੱਤ ਦੇ ਨਾਲ 'ਓਲਡ ਮਨੀ' ਵਿਚ ਦਿਖਾਉਣਗੇ ਐਕਟਿੰਗ



ਨਵੀਂ ਦਿੱਲੀ-ਆਪਣੇ ਗੀਤਾਂ ਨਾਲ ਮਿਊਜ਼ਿਕ ਇੰਡਸਟਰੀ 'ਚ ਪਛਾਣ ਬਣਾਉਣ ਵਾਲੇ ਗਾਇਕ ਏਪੀ ਢਿੱਲੋਂ ਦੇ ਗੀਤ ਨੌਜਵਾਨਾਂ ਵਿਚ ਕਾਫੀ ਮਸ਼ਹੂਰ ਹਨ। 'ਬ੍ਰਾਊਨ ਮੁੰਡੇ', 'ਸਮਰ ਹਾਈ' ਵਰਗੇ ਧਮਾਕੇਦਾਰ ਗੀਤਾਂ ਨੂੰ ਆਪਣੀ ਆਵਾਜ਼ ਦੇਣ ਵਾਲੇ ਏਪੀ ਢਿੱਲੋਂ ਹੁਣ ਸਲਮਾਨ ਖਾਨ ਤੇ ਸੰਜੇ ਦੱਤ ਨਾਲ ਧਮਾਕਾ ਕਰਨ ਲਈ ਤਿਆਰ ਹਨ। ਬਾਲੀਵੁੱਡ ਵਿਚ ਸਲਮਾਨ ਖਾਨ ਦਾ ਰੌਲਾ ਦੇਖਣ ਨੂੰ ਮਿਲਦਾ ਹੈ। ਫੈਨਜ਼ ਦੇ 'ਭਾਈਜਾਨ' ਇਕ ਵਾਰ ਫਿਰ ਆਪਣੇ ਕਰੀਬੀ ਦੋਸਤ ਤੇ ਅਦਾਕਾਰ ਦੱਤ ਨਾਲ ਜਾਦੂ ਦਿਖਾਉਂਦੇ ਨਜ਼ਰ ਆਉਣਗੇ। ਗਾਇਕ ਏਪੀ ਢਿੱਲੋਂ ਨੇ ਅਪਕਮਿੰਗ ਸਿੰਗਲ ਰਿਲੀਜ਼ ਦਾ ਪੋਸਟਰ ਰਿਲੀਜ਼ ਕਰ ਦਿੱਤਾ ਹੈ ਜਿਸ ਦੇ ਨਾਲ ਹੀ ਉਸ ਦਾ ਟਾਈਟਲ ਵੀ ਆਊਟ ਹੋ ਚੁੱਕਾ। ਏਪੀ ਢਿੱਲੋਂ ਵੱਲੋਂ ਸ਼ੇਅਰ ਕੀਤੇ ਗਏ ਪੋਸਟਰ 'ਚ ਤਿੰਨੋਂ ਸਿਤਾਰੇ ਜ਼ਬਰਦਸਤ ਲੁੱਕ 'ਚ ਨਜ਼ਰ ਆ ਰਹੇ ਹਨ। ਇਹ ਇਕ ਐਨੀਮੇਟਡ ਪੋਸਟਰ ਹੈ। ਸਲਮਾਨ ਖਾਨ ਹੱਥ ਵਿਚ ਪੈਸੇ ਲਈ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਚਿਹਰੇ 'ਤੇ ਸੀਰੀਅਸ ਐਕਸਪ੍ਰੈੱਸ਼ਨ ਤੇ ਅੱਖਾਂ ਵਿਚ ਗੁੱਸਾ ਨਜ਼ਰ ਆ ਰਿਹਾ ਹੈ। ਉਥੇ ਹੀ ਜੇਕਰ ਸੰਜੇ ਦੱਤ ਦੇ ਲੁੱਕ ਦੀ ਗੱਲ ਕਰੀਏ ਤਾਂ ਉਹ ਵੀ ਗੰਭੀਰ ਲੁੱਕ 'ਚ ਨਜ਼ਰ ਆ ਰਹੇ ਹਨ। ਉਨ੍ਹਾਂ ਦੇ ਨਾਲ ਖੜ੍ਹੇ ਏਪੀ ਢਿੱਲੋਂ ਨੂੰ ਹੱਥ ਵਿੱਚ ਬੰਦੂਕ ਫੜੇ ਦੇਖਿਆ ਜਾ ਸਕਦਾ ਹੈ। ਖਾਨ, ਸੰਜੇ ਦੱਤ ਤੇ ਏਪੀ ਢਿੱਲੋਂ ਦਾ ਇਹ ਨਵਾਂ ਪ੍ਰੋਜੈਕਟ ਇਕ ਵੀਡੀਓ ਐਲਬਮ ਹੈ। ਇਸ ਦੇ ਨਾਲ ਹੀ ਗਾਇਕੀ ਤੋਂ ਬਾਅਦ ਪ੍ਰਸ਼ੰਸਕਾਂ ਨੂੰ ਏਪੀ ਢਿੱਲੋਂ ਦੀ ਅਦਾਕਾਰੀ ਵੀ ਦੇਖਣ ਨੂੰ ਮਿਲੇਗੀ।

### ਸਲਮਾਨ ਖਾਨ ਨੇ ਕੀਤੀ ਤਾਰੀਫ

ਇਸ ਪੋਸਟਰ ਦੇ ਟੀਜ਼ਰ ਰਿਲੀਜ਼ ਤੋਂ ਬਾਅਦ ਜਿੱਥੇ ਤਿੰਨਾਂ ਨੂੰ ਇਕੱਠੇ ਦੇਖਣ ਲਈ ਪ੍ਰਸ਼ੰਸਕਾਂ ਦਾ ਉਤਸ਼ਾਹ ਵਧ ਗਿਆ ਹੈ, ਉੱਥੇ ਹੀ ਖੁਦ ਸਲਮਾਨ ਖਾਨ ਵੀ ਏਪੀ ਢਿੱਲੋਂ ਦੀ ਅਦਾਕਾਰੀ ਨੂੰ ਦੇਖਣ ਲਈ ਉਤਸ਼ਾਹਿਤ ਹਨ। ਇਸ ਪੋਸਟਰ ਨੂੰ ਸ਼ੇਅਰ ਕਰਦਿਆਂ ਉਨ੍ਹਾਂ ਲਿਖਿਆ, 'ਸਿੰਗਰ ਤਾਂ ਚੰਗਾ ਸੀ ਹੀ, ਹੁਣ ਐਕਟਰ ਦੇ ਤੌਰ 'ਤੇ ਏਪੀ। ਸਿੰਗਿੰਗ ਐਕਸ਼ਨ ਸਟਾਰ।' ਉੱਥੇ ਹੀ ਸੰਜੇ ਦੱਤ ਨੇ ਇਸ ਪੋਸਟਰ 'ਤੇ ਬ੍ਰਦਰਜ਼ ਲਿਖ ਕੇ ਕਮੈਂਟ ਕੀਤਾ ਹੈ।

### ਇਨ੍ਹਾਂ ਫਿਲਮਾਂ 'ਚ ਇਕੱਠੇ ਨਜ਼ਰ ਆ ਚੁੱਕੇ ਹਨ ਸਲਮਾਨ-ਸੰਜੇ

ਸਲਮਾਨ ਖਾਨ ਤੇ ਸੰਜੇ ਦੱਤ ਦੀ ਜੋੜੀ 'ਚਲ ਮੇਰੇ ਭਾਈ' ਤੇ 'ਸਾਜਨ' ਫਿਲਮਾਂ ਵਿਚ ਨਜ਼ਰ ਆ ਚੁੱਕੀ ਹੈ। ਇਨ੍ਹਾਂ ਦੀ ਇਕੱਠਿਆਂ ਅਪੀਅਰੈਂਸ 'ਸਨ ਆਫ ਸਰਦਾਰ' ਦੇ ਗਾਣੇ 'ਪੌਂ ਪੌਂ' 'ਚ ਸੀ।

## 'ਜੱਟ ਐਂਡ ਜੂਲੀਅਟ 3' ਨੇ ਚਾਰ ਹਫ਼ਤਿਆਂ ਦੌਰਾਨ ਦੁਨੀਆ ਭਰ ਵਿੱਚ 107.51 ਕਰੋੜ ਰੁਪਏ ਦੀ ਕੀਤੀ ਕਮਾਈ

ਮੁੰਬਈ-ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਦੀ ਹਾਲ ਹੀ ਵਿੱਚ ਰਿਲੀਜ਼ ਹੋਈ ਫਿਲਮ 'ਜੱਟ ਐਂਡ ਜੂਲੀਅਟ 3' ਨੇ ਗਲੋਬਲ ਬਾਕਸ ਆਫਿਸ 'ਤੇ 100 ਕਰੋੜ ਰੁਪਏ ਦੀ ਕਮਾਈ ਦੇ ਅੰਕੜੇ ਨੂੰ ਪਾਰ ਕਰ ਲਿਆ ਹੈ। ਫਿਲਮ ਵਿੱਚ ਦਿਲਜੀਤ ਨਾਲ ਸਹਿ-ਅਦਾਕਾਰਾ ਵਜੋਂ ਨੀਰੂ ਬਾਜਵਾ ਨੇ ਕੰਮ ਕੀਤਾ ਹੈ। ਫਿਲਮ ਨੇ ਚਾਰ ਹਫ਼ਤਿਆਂ ਦੌਰਾਨ ਦੁਨੀਆ ਭਰ ਵਿੱਚ 107.51 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਸ ਨਾਲ ਇਹ ਦੁਨੀਆ ਭਰ 'ਚ ਸਭ ਤੋਂ ਵੱਧ ਕਮਾਈ ਕਰਨ ਵਾਲੀ ਪੰਜਾਬੀ ਫਿਲਮ ਬਣ ਗਈ ਹੈ। 'ਜੱਟ ਐਂਡ ਜੂਲੀਅਟ 3' ਦੀ ਝੋਲੀ ਕਮਾਈ ਦਾ ਵੱਡਾ ਹਿੱਸਾ ਵਿਦੇਸ਼ਾਂ 'ਚੋਂ ਪਿਆ ਹੈ।





## ਗੁਰਦੁਆਰਾ ਸਿੰਘ ਸਭਾ ਕੋਰਤੇਨੋਵਾ ਵਿਖੇ ਧੰਨ ਧੰਨ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਕੁਲਤੂਰਾ ਸਿੱਖ ਇਟਲੀ ਦੇ ਸਹਿਯੋਗ ਨਾਲ ਗੁਰਮਤਿ ਗਿਆਨ ਮੁਕਾਬਲੇ ਕਰਵਾਏ ਗਏ



ਮਿਲਾਨ (ਗੁਰਸ਼ਰਨ ਸਿੰਘ ਸੋਨੀ) ਇਟਲੀ ਵਿੱਚ ਮਹਾਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਮੋਹਰਲੀ ਕਤਾਰ ਦੀ ਕੁਲਤੂਰਾ ਸਿੱਖ ਇਟਲੀ ਜੋ ਕਿ ਪਿਛਲੇ ਕਈ ਸਾਲਾਂ ਤੋਂ ਇਟਲੀ ਵਿੱਚ ਗੁਰਮਤਿ ਗਿਆਨ ਮੁਕਾਬਲਿਆਂ ਦੁਆਰਾ ਬੱਚਿਆਂ ਵਿੱਚ ਗੁਰਬਾਣੀ ਨਾਲ ਜੁੜਨ ਦੀ ਰੁਚੀ ਪੈਦਾ ਕਰ ਰਹੀ ਹੈ। ਇਸ ਸੰਸਥਾ ਵੱਲੋਂ ਅੱਠਵੇਂ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਗੁਰਲਾਗੋ ਦੀਆ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ ਕੋਰਤੇਨੋਵਾ ਵਿਖੇ 7ਵੇਂ ਗੁਰਮਤਿ ਗਿਆਨ ਮੁਕਾਬਲੇ ਕਰਵਾਏ ਗਏ।ਜਿਸ ਵਿੱਚ 5 ਸਾਲ ਤੋਂ ਲੈ ਕੇ 14 ਸਾਲ ਜਾ ਇਸ ਤੋਂ ਉਪੱਰ ਦੇ ਬੱਚਿਆਂ ਨੇ ਭਾਗ ਲਿਆ। ਇਸਦਾ ਸਿਲੇਬਸ ਸੰਸਥਾ ਕਲਤੂਰਾ ਸਿੱਖ ਦੀ ਵੈੱਬਸਾਈਟ ਉਪੱਰ ਹੀ ਉਪਲੱਬਧ ਕਰਵਾਇਆਂ ਗਿਆਂ ਸੀ ।ਇਹ ਮੁਕਾਬਲੇ ਚਾਰ ਵੱਖ ਵੱਖ ਗਰੁੱਪਾਂ ਵਿੱਚ ਲਿਖਤੀ ਰੂਪ ਵਿੱਚ ਕਰਵਾਏ ਗਏ। ਜਿਸ ਦਾ ਸਮਾਂ 40 ਮਿੰਟ ਨਿਰਧਾਰਿਤ ਕੀਤਾ ਗਿਆ ਸੀ। ਵੱਡੀ ਗਿਣਤੀ ਵਿੱਚ ਇਹਨਾਂ ਮੁਕਾਬਿਲਆਂ ਵਿੱਚ ਬੱਚਿਆਂ ਨੇ ਹਿੱਸਾ ਲਿਆ।ਜਿਸ ਵਿੱਚ ਗਰੁੱਪ ਏ ਚ 5 ਤੋਂ 8 ਸਾਲ ਦੇ ਬੱਚਿਆਂ ਚ ਕਵਨਪ੍ਰੀਤ ਕੌਰ ਨੇ ਪਹਿਲਾਂ ਸਮਰਵੀਰ, ਹਰਮਨਜੋਤ ਨੇ ਦੂਸਰਾ ਅਤੇ ਅਨਹਦ ਸਿੰਘ ਨੇ ਤੀਸਰਾ ਸਥਾਨ ਗਰੁੱਪ ਬੀ ਚ 8 ਤੋਂ 11 ਸਾਲ ਵਿੱਚ ਜਪਜੀਤ ਕੌਰ, ਗੁਰਨਿਮਰਤ ਕੌਰ ਨੇ ਪਹਿਲਾਂ ਗੁਰਮਨ ਕੌਰ, ਰਹਿਮਤਪ੍ਰੀਤ ਕੌਰ ਨੇ ਦੂਸਰਾ ਅਤੇ ਗੁਰਲੀਨ ਕੌਰ ਨੇ ਤੀਸਰਾ ਸਥਾਨ, ਗਰੁੱਪ ਸੀ 11 ਤੋਂ 14 ਸਾਲ ਚ ਖੁਸ਼ਲੀਨ ਕੌਰ ਨੇ ਪਹਿਲਾ, ਗੁਰਜੰਟ ਕੌਰ, ਨਵਜੋਤ ਕੌਰ ਨੇ ਦੂਸਰਾ ਅਤੇ ਸਹਿਜਵੀਰ ਸਿੰਘ ਨੇ ਤੀਸਰਾ ਸਥਾਨ ਗਰੁੱਪ ਡੀ ਚ ਖੁਸ਼ਦੀਪ ਕੌਰ, ਗੁਰਲੀਨ ਕੌਰ,ਪਵਨਵੀਰ ਕੌਰ, ਜੈਸਿਕਾ ਕੌਰ, ਅਮਰਿੰਦਰਜੀਤ ਕੌਰ, ਅਵਨੀਤ ਕੌਰ, ਪਰਮਿੰਦਰ ਕੌਰ, ਗੁਰਨੀਤ ਕੌਰ ਨੇ ਪਹਿਲਾ ਤਰਨਪ੍ਰੀਤ ਸਿੰਘ, ਹਰਮਨਦੀਪ ਕੌਰ, ਅਕਸ਼ਪ੍ਰੀਤ ਸਿੰਘ ਨੇ ਦੂਸਰਾ ਅਤੇ ਸਾਹਿਬਜੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਜੈਤੂ ਬੱਚਿਆਂ ਨੂੰ ਟਰਾਫੀਆਂ ਦੇਕੇ ਸਨਮਾਨਿਤ ਕੀਤਾ। ਭਾਗ ਲੈਣ ਵਾਲਿਆ ਬੱਚਿਆ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਹਿਬ ਦੀ ਪ੍ਰਬੰਧਕ ਕਮੇਟੀ ਅਤੇ ਕਲਤੂਰਾ ਸਿੱਖ ਦੇ ਆਗੂਆਂ ਨੇ ਕਿਹਾ ਕਿ ਇਲਾਕੇ ਦੇ ਸਿੱਖ ਨੌਜਵਾਨਾਂ ਨੂੰ ਵੱਧ ਤੋਂ ਵੱਧ ਗੁਰਬਾਣੀ ਨਾਲ ਜੋੜਣ ਲਈ ਉਪਰਾਲਾ ਕੀਤਾ ਗਿਆ ਹੈ। ਜਿਸ ਵਿੱਚ ਬੱਚਿਆਂ ਦੇ ਮਾਪਿਆਂ ਦੁਆਰਾ ਵੱਡਮੁੱਲਾ ਯੋਗਦਾਨ ਦਿੱਤਾ ਗਿਆ ਹੈ ਅਤੇ ਸਾਰੇ ਬੱਚਿਆਂ ਦੇ ਮਾਤਾ ਪਿਤਾ ਦਾ ਧੰਨਵਾਦ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਧੰਨ ਧੰਨ ਸ਼੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ।ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗ੍ਰੰਥੀ ਸਿੰਘ ਵਲੋ ਕੀਰਤਨ ਰਾਹੀ ਦਿਵਾਨਾ ਸ਼ੁਰੂ ਕੀਤੇ ਅਤੇ ਭਾਈ ਕੁਲਵੰਤ ਸਿੰਘ ਯੂ ਕੇ ਦੇ ਢਾਡੀ ਜੱਥੇ ਨੇ ਸੰਗਤਾਂ ਨੂੰ ਸਿੱਖ ਇਤਿਹਾਸ ਸਰਵਣ ਕਰਵਾਇਆ। ਸਾਰਾ ਸਮਾਗਮ ਕਲਤੂਰਾ ਸਿੱਖ ਟੀ ਵੀ ਤੇ ਲਾਈਵ ਦਿਖਾਇਆ ਗਿਆ। ਇਸ ਮੌਕੇ ਗੁਰੂ ਦਾ ਲੰਗਰ ਅਟੁੱਟ ਵਰਤਾਇਆ ਗਿਆ।

## ਬੋਲੀਆਂ

ਆਪ ਸੜੇਂਗਾ, ਹੋਰਾਂ ਨੂੰ ਵੀ ਸਾੜੇਂਗਾ,
ਦਿਲ 'ਚ ਨਫਰਤ ਦੀ ਅੱਗ ਬਾਲ ਕੇ।
ਮੁੰਡੇ, ਕੁੜੀਆਂ ਬਦੇਸ਼ਾਂ ਨੂੰ ਤੁਰੀ ਜਾਂਦੇ,
ਹਾਕਮ ਦੇ ਕੰਨ ਤੇ ਰਤਾ ਨਾ ਜੂੰ ਸਰਕੇ।
ਘਰ ਬਣਾਉਣ ਬਾਰੇ ਕਿੱਦਾਂ ਕੋਈ ਸੋਚੇ,
ਰੇਤੇ ਦਾ ਭਾਅ ਤਿੰਨ ਗੁਣਾ ਹੋ ਗਿਆ।
ਪਤਾ ਨਹੀਂ ਕਦ,ਕਿੱਥੇ ਅਟੈਕ ਹੋ ਜਾਵੇ,
ਬਾਹਰ ਜਾਣਾ ਬਹੁਤ ਔਖਾ ਹੋ ਗਿਆ।
ਉਨ੍ਹਾਂ ਨੇ ਆਪਣਾ ਸਭ ਕੁੱਝ ਗੁਆ ਲਿਆ,
ਜਿਨ੍ਹਾਂ ਦੇ ਬੱਚੇ ਨਸ਼ਿਆਂ ਨੂੰ ਲੱਗ ਗਏ।
ਰੁੱਖ ਵੱਢ ਕੇ ਬੰਦੇ ਨੇ ਪੰਗਾ ਲੈ ਲਿਆ,
ਹੁਣ ਸਮੇਂ ਸਿਰ ਨਾ ਹੋਵੇ ਵਰਖਾ।
ਫੇਰ ਬੋਤਲਾਂ 'ਚ ਵੀ ਪਾਣੀ ਨਹੀਂ ਮਿਲਣਾ,
ਜੇ ਹੁਣ ਨਾ ਬਚਾਇਆ ਪਾਣੀ ਬੰਦੇ ਨੇ।
ਸਹਿਣਸ਼ਕਤੀ ਤੇ ਨਿਮਰਤਾ ਹੈ ਕੋਲ ਸਾਡੇ,
ਦੌਲਤ ਤੇ ਜਾਇਦਾਦ ਅਸੀਂ ਕੀ ਕਰਨੀ?



ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ
ਐੱਮ ਐੱਲ ਏ ਹਾਊਸ ਸਲੋਹ ਰੋਡ
ਨਵਾਂ ਸ਼ਹਿਰ-144514
ਫੋਨ 991580355

# ਬਾਪੂ ਪਿਛੌਰਾ ਸਿੰਘ ਪਿੰਡ ਢਿੱਪਾਂ ਵਾਲੀ ਦੀ ਦੇਸ ਵੰਡ ਸਬੰਧੀ ਦਰਦਨਾਕ ਦਾਸਤਾਨ

**ਖਾਸ ਖਬਰ** ✪ ਇਕ ਪਾਸੇ ਆਜ਼ਾਦੀ ਦੀ ਖੁਸ਼ੀ ਮਨਾਈ ਜਾ ਰਹੀ ਸੀ ਤੇ ਦੂਜੇ ਪਾਸੇ ਹੋ ਰਿਹਾ ਸੀ ਸਿਖਾਂ ਦਾ ਕਤਲੇਆਮ

ਅਗਸਤ 1947 ਨੂੰ ਇੱਕ ਪਾਸੇ ਸਾਰਾ ਦੇਸ਼ ਆਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ ਅਤੇ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਵਰਗੇ ਸਿਆਸੀ ਲੋਕ ਆਜ਼ਾਦੀ ਸਬੰਧੀ ਵੱਡੇ-ਵੱਡੇ ਭਾਸ਼ਣ ਦੇ ਰਹੇ ਸਨ ਤਾਂ ਦੂਜੇ ਪਾਸੇ ਪੰਜਾਬ 'ਚ ਵੱਢ- ਟੁੱਕ ਜ਼ੋਰਾਂ 'ਤੇ ਹੋ ਰਹੀ ਸੀ। ਇਕ ਪਾਸੇ ਚੜ੍ਹਦਾ ਪੰਜਾਬ ਅਤੇ ਦੂਜੇ ਪਾਸੇ ਲਹਿੰਦਾ ਪੰਜਾਬ ਬਣ ਗਿਆ ਸੀ। ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਸੀ। ਹਿੰਦੂ-ਸਿੱਖ ਲਹਿੰਦੇ ਪੰਜਾਬ ਵਿੱਚੋਂ ਚੜ੍ਹਦੇ ਪੰਜਾਬ ਵੱਲ ਆ ਰਹੇ ਸਨ ਅਤੇ ਮੁਸਲਮਾਨ ਚੜ੍ਹਦੇ ਪੰਜਾਬ ਵਿੱਚੋਂ ਲਹਿੰਦੇ ਪੰਜਾਬ 'ਚ ਜਾ ਰਹੇ ਸਨ। ਦੋਵੇਂ ਕੌਮਾਂ ਦੇ ਲੋਕ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ ਸਨ। ਸਿੱਖ ਮੁਸਲਮਾਨਾਂ ਨੂੰ ਮਾਰ ਰਹੇ ਸਨ ਅਤੇ ਲੁੱਟ-ਖੋਹ ਕਰ ਰਹੇ ਸਨ ਅਤੇ ਲਹਿੰਦੇ ਪੰਜਾਬ ਵਾਲੇ ਮੁਸਲਮਾਨ ਹਿੰਦੂ-ਸਿੱਖਾਂ ਨੂੰ ਮਾਰ ਰਹੇ ਸਨ। ਸਦੀਆਂ ਤੋਂ ਭਰਾਵਾਂ ਵਾਂਗ ਰਹਿੰਦੇ ਰਿਸ਼ਤੇ ਟੁੱਟ ਚੁੱਕੇ ਸਨ ਅਤੇ ਗੁੰਡਾਗਰਦੀ ਦਾ ਨਾਚ ਪੂਰੀ ਤਰ੍ਹਾਂ ਚੱਲ ਰਿਹਾ ਸੀ। ਭਰਾਵਾਂ ਨਾਲੋਂ ਵਧ ਕੇ ਬਣੇ ਦੋਸਤ ਪੱਗ-ਵੱਟ ਯਾਰ ਇੱਕ ਦੂਜੇ ਦੇ ਦੁਸ਼ਮਣ ਬਣ ਚੁੱਕੇ ਸਨ ਅਤੇ ਪੱਗਾਂ ਰੋਲ ਰਹੇ ਸਨ। ਧੀਆਂ ਭੈਣਾਂ ਖੋਹ ਰਹੇ ਸਨ ਅਤੇ ਧੀਆਂ ਭੈਣਾਂ ਦੀਆਂ ਇੱਜ਼ਤਾਂ ਸ਼ਰੇਆਮ ਮਾਂ ਪਿਓ ਦੇ ਸਾਹਮਣੇ ਲੁੱਟ ਰਹੇ ਸਨ ਪਰ ਸਰਕਾਰਾਂ ਨੇ ਅੱਖਾਂ ਮੀਚ ਲਈਆਂ ਸਨ।



ਵੰਡ ਦੇ ਦਰਦ ਨੂੰ ਇਸ ਤਰ੍ਹਾਂ ਬਿਆਨ ਕੀਤਾ ਪਿੰਡ ਢਿੱਪਾਂ ਵਾਲੀ ਵਾਸੀ 93 ਸਾਲਾ ਬਾਪੂ ਪਿਛੌਰਾ ਸਿੰਘ ਨੇ। ਬਾਪੂ ਜੀ ਨੇ ਦੱਸਿਆ ਕਿ ਵੰਡ ਵੇਲੇ ਉਨ੍ਹਾਂ ਦੀ ਉਮਰ 14-15 ਸਾਲ ਦੀ ਸੀ ਅਤੇ ਉਨ੍ਹਾਂ ਨੂੰ ਵੰਡ ਦਾ ਸਾਰਾ ਪਤਾ ਹੈ। ਉਨ੍ਹਾਂ ਨੇ ਦੱਸਿਆ ਕਿ ਉਹ ਪਾਕਿਸਤਾਨ ਵਿਚ ਦੇਊ ਕਲਾਂ ਪਿੰਡ 'ਚ ਰਹਿੰਦੇ ਸਾਂ ਅਤੇ ਨਾਨੇ ਦੇ ਕੋਈ ਪੁੱਤਰ ਨਹੀਂ ਸੀ। ਨਾਨੇ ਕੋਲ 250 ਘੁਮਾਂ ਜ਼ਮੀਨ ਸੀ ਅਤੇ ਉਹ ਨਾਨਕੇ ਢੇਰੀ 'ਤੇ ਰਹਿੰਦੇ ਸਾਂ ਅਤੇ ਅਮੀਰ ਪਰਿਵਾਰ ਵਿੱਚ ਗਿਣੇ ਜਾਂਦੇ ਸੀ ਕਿਉਂਕਿ ਬਾਕੀਆਂ ਕੋਲ ਬਹੁਤ ਥੋੜ੍ਹੀ ਜ਼ਮੀਨ ਸੀ। ਉਨ੍ਹਾਂ ਨੇ ਦੱਸਿਆ ਕਿ ਪਿੰਡ ਦੇ ਆਸ-ਪਾਸ ਚਹਿਲ, ਘਮਾਇਆ, ਸੌੜਾ, ਠੱਠਾ ਪਿੰਡ ਸਨ ਜੋ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਯਾਦ ਹਨ। ਉਨ੍ਹਾਂ ਨੇ ਦੱਸਿਆ ਕਿ ਇੱਕ ਮੁਸਲਮਾਨ ਇੱਕ ਖੱਤਰੀ ਦੀ ਜ਼ਮੀਨ ਦੱਬੀ ਬੈਠਾ ਸੀ ਅਤੇ ਉਨ੍ਹਾਂ ਦੇ ਨਾਨੇ ਨੇ ਪੈਰਵਾਈ ਕਰ ਕੇ ਜ਼ਮੀਨ ਛੁਡਾ ਦਿੱਤੀ, ਉਹ ਮੁਸਲਮਾਨ ਕਹਿੰਦਾ ਸੀ ਕਿ ਉਸ ਨੇ ਇਨ੍ਹਾਂ ਨੂੰ ਮਾਰਨਾ ਹੀ ਮਾਰਨਾ ਹੈ ਅਤੇ ਬਾਕੀ ਮੁਸਲਮਾਨ ਕਹਿਣ ਲੱਗੇ ਕਿ ਤੁਸੀਂ ਪਾਸੇ-ਆਸੇ ਹੋ ਜਾਓ ਕਿਉਂਕਿ ਤੁਹਾਡੀ ਇਸ ਨਾਲ ਦੁਸ਼ਮਣੀ ਪੈ ਗਈ ਹੈ ਪਰ ਅਸੀਂ ਉਥੇ ਹੀ ਬੈਠੇ ਰਹੇ। ਆਜ਼ਾਦੀ ਵੇਲੇ ਵੰਡ ਦਾ ਜ਼ਿਆਦਾ ਰੌਲਾ ਵਧ ਗਿਆ ਤਾਂ ਅਸੀਂ ਮੱਝਾਂ ਚੋਅ ਕੇ ਦੁੱਧ ਢੱਕ ਕੇ ਹਟੇ ਸਾਂ ਕਿ ਇੱਕ ਦਮ ਰੌਲਾ ਪੈ ਗਿਆ, ਅਸੀਂ ਉਸੇ ਤਰ੍ਹਾਂ ਬਾਲਟੀਆਂ ਰੱਖ ਕੇ ਦੋ ਘੋੜੇ ਅਤੇ ਥੋੜ੍ਹੇ ਜਿਹੇ ਰੁਪਏ ਨਾਲ ਲੈ ਕੇ ਚੱਲ ਪਏ। ਇਹ ਕਹਿੰਦਿਆਂ ਬਾਪੂ ਜੀ ਭਾਵੁਕ ਹੋ ਗਏ ਅਤੇ ਅੱਖਾਂ ਭਰ ਆਈਆਂ। ਫਿਰ ਉਨ੍ਹਾਂ ਦੱਸਿਆ ਕਿ ਇਧਰ ਆ ਕੇ ਉਨ੍ਹਾਂ ਨੂੰ ਇਕ ਰੁਪਏ ਦੇ ਪੌਣੇ ਦੋ ਰੁਪਏ ਮਿਲੇ ਸਨ। ਜਿਹੜੀ ਨਹਿਰ ਅਲਿਆਣੀ ਕਸੂਰ ਨੂੰ ਜਾਂਦੀ ਸੀ ਉਥੇ ਮਿਲਟਰੀ ਨੇ ਤਲਾਸ਼ੀ ਕੀਤੀ। ਸਾਡੇ ਪਿੰਡ ਜੱਟਾਂ ਦੇ ਘਰ ਥੋੜ੍ਹੇ ਸਨ।

ਜਦ ਅਸੀਂ ਤੁਰਨ ਲੱਗੇ ਤਾਂ ਮੁਸਲਮਾਨ ਉੱਚੀ-ਉੱਚੀ ਰੋਣ ਲੱਗ ਪਏ ਉਹ ਕਹਿਣ ਲੱਗੇ ਕਿ ਅਸੀਂ ਤੁਹਾਨੂੰ ਜਾਣ ਨਹੀਂ ਦੇਣਾ ਪਰ ਅਸੀਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਪਰਸੋਂ ਆ ਜਾਵਾਂਗੇ, ਬੱਸ ਫਿਰ ਪੁੱਤਰੋ ਪਰਸੋਂ ਤਾਂ ਸਾਡਾ ਆਇਆ ਹੀ ਨਹੀਂ। ਬਾਪੂ ਨੇ ਦੱਸਿਆ ਕਿ ਖਵਾਜਾ ਤੇ ਖਾਂ ਦੋ ਥਾਣੇਦਾਰ ਸਨ। ਉਨ੍ਹਾਂ ਨੇ ਸਿੱਖਾਂ ਨੂੰ ਗੁਰਦੁਆਰਾ ਸਾਹਿਬ ਵਿੱਚ ਬੰਦ ਕਰ ਦਿੱਤਾ ਅਤੇ ਸਾਰੇ ਸਿੱਖ ਮਾਰ ਦਿੱਤੇ। ਗੁੰਡੇ ਹਥਿਆਰ ਲੈ ਕੇ ਪੁਲਾਂ 'ਤੇ ਬੈਠੇ ਸਨ। ਜਦੋਂ ਅਸੀਂ ਲੰਘੇ ਤਾਂ ਉਹ ਰੌਲਾ ਪਾਉਣ ਲੱਗ ਪਏ ਕਿ ਮਾਰ ਦਿਉ ਸਿੱਖਾਂ ਨੂੰ ਵੱਢ ਦਿਉ ਇਨ੍ਹਾਂ ਨੂੰ।ਇਕ ਮੋਹਤਬਰ ਬੰਦਾ ਸੀ ਗੰਡੇ ਪਿੰਡ ਦਾ ਜਦ ਉਸਦੀਆਂ ਦੋ ਧੀਆਂ ਨੂੰ ਗੁੰਡੇ ਹੱਥ ਪਾਉਣ ਲੱਗੇ ਤਾਂ ਉਸ ਨੇ ਦੋਵਾਂ ਧੀਆਂ ਦੀਆਂ ਧੌਣਾਂ ਤਲਵਾਰ ਨਾਲ ਲਾਹ ਦਿੱਤੀਆਂ ਤਾਂ ਕਿ ਉਹ ਧੀਆਂ ਦੀ ਇੱਜ਼ਤ ਨਾ ਲੁੱਟ ਸਕਣ। ਇੱਕ ਆਦਮੀ ਨੇ ਆਪਣੀਆਂ ਧੀਆਂ ਨੂੰ ਵੱਢ ਕੇ ਖ਼ੂਹ ਵਿੱਚ ਸੁੱਟ ਦਿੱਤਾ ਤਾਂ ਕਿ ਜ਼ਾਲਮਾਂ ਦੇ ਹੱਥ ਨਾ ਆ ਸਕਣ।

ਬਾਪੂ ਨੇ ਦੱਸਿਆ ਕਿ ਉਧਰੋਂ ਆ ਕੇ ਉਹ ਹੁਸ਼ਿਆਰਪੁਰ ਰਾਜੋ ਕੀ ਰਹੇ, ਫਿਰ ਬੋਹੜ ਵਾਲੀ ਮਾੜੀ ਰਹੇ। ਉਸ ਤੋਂ ਬਾਅਦ ਸ਼ੇਖ ਫੱਤਾ ਚਲੇ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨਾਲ ਜੋ ਹੋਰ ਬੰਦੇ ਸਨ, ਉਹ ਮਾੜੇ ਸਨ। ਉਨ੍ਹਾਂ ਨੇ ਮਰਾਸੀ ਮਾਰ ਦਿੱਤੇ ਅਤੇ ਮਰਾਸਣਾ ਖੋਹ ਲਈਆਂ, ਪਿੰਡ ਵਾਲੇ ਸਾਨੂੰ ਕਹਿੰਦੇ ਕਿ ਤੁਸੀਂ ਸਾਡੇ ਕੋਲ ਰਹੋ ਪਰ ਇਨ੍ਹਾਂ ਨੂੰ ਅਸੀਂ ਨਹੀਂ ਰਹਿਣ ਦੇਣਾ ਪਰ ਅਸੀਂ ਇਸ ਗੱਲ ਵਿੱਚ ਬੇਇੱਜ਼ਤੀ ਸਮਝੀ ਕਿ ਸਾਡੇ ਨਾਲ ਆ ਕੇ ਇਨ੍ਹਾਂ ਮਾੜੇ ਬੰਦਿਆਂ ਨੇ ਗਲਤ ਕੀਤਾ ਹੈ। ਇਸ ਕਰਕੇ ਅਸੀਂ ਉਥੋਂ ਚੱਲ ਪਏ ਅਤੇ ਉਨ੍ਹਾਂ ਮਾੜੇ ਬੰਦਿਆਂ ਨੂੰ ਛੱਡ ਦਿੱਤਾ। ਫਿਰ ਅਸੀਂ ਹੁਸ਼ਿਆਰਪੁਰ ਦਸੂਹਾ-ਮੁਕੇਰੀਆਂ ਆ ਗਏ ਅਤੇ ਕਮਾਦ ਛਿੱਲ ਕੇ ਗੁਜ਼ਾਰਾ ਕਰਦੇ ਰਹੇ।

ਬਾਪੂ ਨੇ ਦੱਸਿਆ ਕਿ ਦਾਣਿਆਂ ਦੇ ਭਰੇ ਕੋਠੇ, ਕੱਪੜਾ ਲੀੜਾ ਲੱਤਾ ਬਿਸਤਰੇ ਮੰਜੇ ਸਭ ਕੁਝ ਛੱਡ ਆਏ ਹਾਂ। ਜਦ ਬਾਪੂ ਨੂੰ ਪੁੱਛਿਆ ਕਿ ਇਧਰ ਆ ਕੇ ਸਰਕਾਰ ਨੇ ਤੁਹਾਡੀ ਕੋਈ ਮਦਦ ਕੀਤੀ, ਕੋਈ ਪੈਸਾ ਧੇਲਾ ਦਿੱਤਾ ਜਾਂ ਘਰ ਬਣਾਉਣ ਵਾਸਤੇ ਜਾਂ ਆਪਣਾ ਗੁਜ਼ਾਰਾ ਕਰਨ ਵਾਸਤੇ ਤੁਹਾਡੀ ਮਦਦ ਕੀਤੀ ਤਾਂ ਬਾਪੂ ਨੇ ਕੋਰੀ ਨਾਂਹ ਕਰ ਦਿੱਤੀ। ਉਸ ਨੇ ਕਿਹਾ ਕਿ ਸਾਨੂੰ ਸਿਰਫ ਪਾਟੀਆਂ ਜਿਹੀਆਂ ਫੁਲਕਾਰੀਆਂ ਮਿਲੀਆਂ ਸਨ, ਹੋਰ ਕੁਝ ਨਹੀਂ ਮਿਲਿਆ। ਉੱਥੇ 250 ਘੁਮਾਂ ਜ਼ਮੀਨ ਛੱਡ ਕੇ ਇਥੇ ਢਿੱਪਾਂ ਵਾਲੀ ਸਿਰਫ 80 ਕਿੱਲੇ ਜ਼ਮੀਨ ਮਿਲੀ ਹੈ। ਇਹ ਸਾਰੀਆਂ ਗੱਲਾਂ ਕਰ ਕੇ ਬਾਪੂ ਦੀਆਂ ਅੱਖਾਂ ਵਿੱਚੋਂ ਅੱਥਰੂ ਡਿਗਣ ਲੱਗ ਪਏ।



## ਵੰਡ ਮਗਰੋਂ ਦੋ ਵਾਰ ਗਏ ਪਾਕਿਸਤਾਨ

ਬਾਪੂ ਨੇ ਦੱਸਿਆ ਕਿ ਵੰਡ ਤੋਂ ਬਾਅਦ ਉਹ ਦੋ ਵਾਰ ਪਾਕਿਸਤਾਨ ਜਾ ਕੇ ਆਏ ਹਨ। ਉਹ ਗੁਰਦੁਆਰਾ ਨਨਕਾਣਾ ਸਾਹਿਬ, ਪੰਜਾ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨਾਂ ਦੇ ਦਰਸ਼ਨ ਕਰਨ ਲਈ ਗਏ ਸਨ, ਉਨ੍ਹਾਂ ਨੇ ਉੱਥੇ ਅਫਸਰਾਂ ਦੀ ਮਿੰਨਤ ਕੀਤੀ ਕਿ ਉਨ੍ਹਾਂ ਨੇ ਆਪਣੇ ਪਿੰਡ ਜਾਣਾ ਹੈ ਤਾਂ ਉਨ੍ਹਾਂ ਨੇ ਮਨ੍ਹਾ ਕਰ ਦਿੱਤਾ। ਉਨ੍ਹਾਂ 'ਚ ਇੱਕ ਔਰਤ ਅਫਸਰ ਸੀ ਤਾਂ ਉਸ ਨੇ ਕਿਹਾ ਕਿ ਬਜ਼ੁਰਗ ਕਿੰਨੀਆਂ ਮਿੰਨਤਾਂ ਕਰਦਾ ਹੈ, ਚਲੋ ਇਹਨੂੰ ਜਾਣ ਦਿਓ। ਉਨ੍ਹਾਂ ਨੇ ਨਾਲ ਪੁਲਿਸ ਵਾਲੇ ਭੇਜ ਦਿੱਤੇ ਅਤੇ ਉਹ ਆਪਣੇ ਪਿੰਡ ਚਲਾ ਗਿਆ। ਉਸ ਨੂੰ ਪਿੰਡ ਜਾ ਕੇ ਨੰਬਰਦਾਰ ਦਾ ਮੁੰਡਾ ਮਿਲਿਆ, ਉਸ ਨੇ ਮੈਨੂੰ ਬਹੁਤ ਪਿਆਰ ਕੀਤਾ ਮੇਰੇ ਅੱਗੇ ਪਿੱਛੇ ਸੌ ਦੇ ਕਰੀਬ ਮਰਦ ਔਰਤਾਂ ਲੱਗ ਗਏ ਕਿਉਂਕਿ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਪਿੰਡ ਦਾ ਸਰਦਾਰ ਆਪਣੇ ਪਿੰਡ 'ਚ ਆਇਆ ਹੈ ਤਾਂ ਉਨ੍ਹਾਂ ਨੇ ਮਣਾ ਮੂੰਹੀਂ ਪਿਆਰ ਦਿੱਤਾ। ਕਹਿਣ ਲੱਗੇ ਕਿ ਤੂੰ ਆਪਣਾ ਘਰ ਪਛਾਣ ਲਵੇਂਗਾ ਤਾਂ ਮੈਂ ਕਿਹਾ, 'ਮੈਂ ਆਪਣਾ ਤਾਂ ਕੀ ਮੈਂ ਸਾਰੇ ਘਰ ਦੱਸ ਦੇਵਾਂਗਾ ਕਿ ਕਿਹੜਾ ਘਰ ਕਿਸ ਦਾ ਹੈ ਅਤੇ ਮੈਨੂੰ ਕਿਸੇ ਵੀ ਗਲੀ ਵਿੱਚ ਛੱਡ ਦਿਓ ਮੈਂ ਆਪਣੇ ਘਰ ਚਲਾ ਜਾਵਾਂਗਾ।' ਜਦ ਉਹ ਆਪਣੇ ਘਰੇ ਗਿਆ ਤੇ ਆਪਣਾ ਚੁਬਾਰਾ ਤੇ ਆਪਣਾ ਘਰ ਵੇਖਿਆ ਅਤੇ ਘਰ ਵਿੱਚ ਲੱਗਾ ਨਿੰਮ ਦਾ ਦਰੱਖਤ ਵੇਖਿਆ ਤਾਂ ਧਾਹਾਂ ਨਿਕਲ ਗਈਆਂ, ਜੀਅ ਕਰਦਾ ਸੀ ਕਿ ਇੱਥੇ ਹੀ ਮਰ ਜਾਵਾਂ। ਘਰੋਂ ਆਉਣ ਨੂੰ ਜੀਅ ਨਹੀਂ ਸੀ ਕਰਦਾ ਪਰ ਮਜ਼ਬੂਰੀ ਸੀ।

ਜਦ ਉਹ ਦੁਬਾਰਾ ਗਏ ਤਾਂ ਨਾਲ ਮਨਜੀਤ ਸਿੰਘ ਸਰਪੰਚ ਅਤੇ ਬਲਕੌਰ ਸਿੰਘ ਸਨ। ਮਨਜੀਤ ਸਿੰਘ ਸਰਪੰਚ ਕਹਿਣ ਲੱਗਾ ਕਿ ਆਪਾਂ ਆਪਣੇ ਯਾਰ ਨੂੰ ਮਿਲ ਕੇ ਜਾਣਾ ਹੈ, ਅਸੀਂ ਬਹੁਤ ਔਖਾ ਉਸ ਦਾ ਘਰ ਲੱਭਿਆ। ਜਦ ਅਸੀਂ ਜਾ ਕੇ ਵੇਖਿਆ ਤਾਂ ਦੋ ਪੁਲਿਸ ਵਾਲੇ ਘਰ ਅੱਗੇ ਬੈਠੇ ਸਨ ਅਤੇ ਇੱਕ ਲੜਕੀ ਕੁਰਾਨ ਪੜ੍ਹ ਰਹੀ ਸੀ ਤਾਂ ਮਨਜੀਤ ਸਿੰਘ ਸਰਪੰਚ ਨੇ ਪੁੱਛਿਆ ਕਿ ਸਰਦਾਰ ਸਾਹਿਬ ਕਿੱਥੇ ਹਨ ਤਾਂ ਉਸ ਲੜਕੀ ਨੇ ਕਿਹਾ ਕਿ ਅੱਬਾ ਬਾਹਰ ਕੋਈ ਮਿਲਣ ਆਇਆ ਹੈ ਤਾਂ ਉਸ ਨੇ ਦੱਸਿਆ ਕਿ ਉਹ ਤੁਹਾਨੂੰ ਬਹੁਤਾ ਸਮਾਂ ਨਹੀਂ ਮਿਲ ਸਕਦਾ ਕਿਉਂਕਿ ਉਸ 'ਤੇ ਬਿਪਤਾ ਖੜ੍ਹੀ ਹੋ ਜਾਵੇਗੀ। ਉਸ ਨੇ ਕਿਹਾ ਕਿ ਇਥੋਂ ਦੇ ਮਾੜੇ ਬੰਦੇ ਸਾਡੀਆਂ ਫਸਲਾਂ ਨੂੰ ਉਜਾੜ ਦਿੰਦੇ ਹਨ। ਅਸੀਂ ਕਿਹਾ ਕਿ ਕੱਲ ਨੂੰ ਗੁਰਦੁਆਰਾ ਸਾਹਿਬ ਆ ਜਾਈਂ ਅਸੀਂ ਤੈਨੂੰ ਉੱਥੇ ਮਿਲਾਂਗੇ ਪਰ ਉਹ ਡਰਦਾ ਮਾਰਾ ਗੁਰਦੁਆਰਾ ਸਾਹਿਬ ਵੀ ਨਹੀਂ ਆਇਆ।